PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
8th - 15th May 2025 • Issue No. 3079
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

# ਭਾਰਤ ਨੇ ਕਸ਼ਮੀਰ ਹਮਲੇ ਦੇ ਜਵਾਬ ਵਿੱਚ ਪਾਕਿਸਤਾਨ 'ਤੇ ਕੀਤਾ ਹਮਲਾ, ਜੰਗ ਦਾ ਖਤਰਾ ਵਧਿਆ

## ਭਾਰਤ ਵੱਲੋਂ ਨੌਂ ਦਹਿਸ਼ਤੀ ਕੈਂਪਾਂ ਉਪਰ ਹਮਲੇ ਦਾ ਦਾਅਵਾ, ਪਾਕਿ ਵਲੋਂ ਪੰਜ ਭਾਰਤੀ ਜਹਾਜ਼ ਡੇਗਣ ਦਾ ਦਾਅਵਾ

## ਪਾਕਿ ਅਧਿਕਾਰੀਆਂ ਅਨੁਸਾਰ ਅੱਠ ਨਾਗਰਿਕ ਮਾਰੇ ਗਏ ਤੇ 35 ਹੋਏ ਜ਼ਖਮੀ – ਇੰਟਰਨੈਸ਼ਨਲ ਅਖਬਾਰਾਂ ਦੇ ਆਧਾਰਿਤ

**ਵਿਸ਼ੇਸ਼ ਰਿਪੋਟ**

ਪੰਜਾਬ ਦੀ ਧਰਤੀ, ਜੋ ਸਦੀਆਂ ਤੋਂ ਸੂਫੀਆਂ ਦੀਆਂ ਬਾਣੀਆਂ ਅਤੇ ਸੂਰਮਿਆਂ ਦੀਆਂ ਸਦਾਵਾਂ ਨਾਲ ਗੂੰਜਦੀ ਰਹੀ, ਅੱਜ ਇੱਕ ਨਵੇਂ ਡਰ ਦੇ ਪਰਛਾਂਵੇ ਹੇਠ ਸਹਿਮੀ ਜਾਪਦੀ ਹੈ। ਭਾਰਤ ਅਤੇ ਪਾਕਿਸਤਾਨ, ਦੋ ਪ੍ਰਮਾਣੂ-ਹਥਿਆਰਬੰਦ ਗੁਆਂਢੀ, ਇੱਕ ਵਾਰ ਫਿਰ ਆਹਮੋ-ਸਾਹਮਣੇ ਖੜ੍ਹੇ ਹਨ। 22 ਅਪਰੈਲ ਨੂੰ ਭਾਰਤੀ-ਸੰਚਾਲਿਤ ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਨੇ 26 ਨਾਗਰਿਕਾਂ ਦੀ ਜਾਨ ਲਈ ਸੀ। ਇਸ ਦੇ ਜਵਾਬ ਵਿੱਚ, ਭਾਰਤ ਨੇ ਬੁੱਧਵਾਰ ਤੜਕੇ ਪਾਕਿਸਤਾਨ ਦੀ ਧਰਤੀ ’ਤੇ ਮਿਜ਼ਾਈਲ ਹਮਲੇ ਕੀਤੇ, ਜਿਸ ਨਾਲ ਇਹ ਪੁਰਾਣੀ ਦੁਸ਼ਮਣੀ ਨਵੇਂ ਸਿਰੇ ਤੋਂ ਸੁਰਖੀਆਂ ਵਿੱਚ ਆ ਗਈ।

ਭਾਰਤੀ ਫੌਜ ਨੇ ਐਲਾਨ ਕੀਤਾ ਕਿ ਉਸ ਨੇ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ, ਜਿੱਥੋਂ “ਭਾਰਤ ਵਿਰੁੱਧ ਹਮਲਿਆਂ ਦੀ ਸਾਜ਼ਿਸ਼” ਘੜੀ ਜਾਂਦੀ ਸੀ। ਅਧਿਕਾਰਤ ਸੂਤਰਾਂ ਮੁਤਾਬਕ ਇਨ੍ਹਾਂ ਨੌਂ ਟਿਕਾਣਿਆਂ ਵਿਚ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ (ਜੇਈਐਮ) ਦਾ ਮੁੱਖ ਦਫਤਰ ਵੀ ਸ਼ਾਮਲ ਹੈ, ਜੋ ਕੌਮਾਂਤਰੀ ਸਰਹੱਦ ਤੋਂ ਕਰੀਬ 100 ਕਿਲੋਮੀਟਰ ਦੂਰ ਇੱਕ ਡੂੰਘਾ ਪ੍ਰਤੀਕਾਤਮਕ ਨਿਸ਼ਾਨਾ ਸੀ। ਇਹ ਟਿਕਾਣਾ ਕਥਿਤ ਭਾਰਤੀ ਵਿਰੁੱਧ ਵੱਡੇ ਪੱਧਰ ’ਤੇ ਹਮਲਿਆਂ ਦੀ ਯੋਜਨਾ ਬਣਾਉਣ ਦਾ ਕੇਂਦਰ ਸੀ।

ਇੱਕ ਹੋਰ ਵੱਡਾ ਹਮਲਾ ਸਾਂਬਾ ਦੇ ਸਾਹਮਣੇ ਸਰਹੱਦ ਤੋਂ ਸਿਰਫ਼ 30 ਕਿਲੋਮੀਟਰ ਦੂਰ ਮੁਰੀਦਕੇ ਵਿੱਚ ਲਸ਼ਕਰ-ਏ-ਤਇਬਾ ਦੇ ਸਿਖਲਾਈ ਕੈਂਪ ’ਤੇ ਕੀਤਾ ਗਿਆ। 26/11 ਮੁੰਬਈ ਹਮਲੇ ਨੂੰ ਅੰਜਾਮ ਦੇਣ ਵਾਲੇ ਦਹਿਸ਼ਤਗਰਦਾਂ ਨੂੰ ਸਿਖਲਾਈ ਦੇਣ ਲਈ ਬਦਨਾਮ ਇਹ ਕੈਂਪ ਸਰਹੱਦ ਪਾਰੋਂ ਅਤਿਵਾਦ ਨੂੰ ਸਰਪ੍ਰਸਤੀ ਦੇ ਸਥਾਈ ਖ਼ਤਰੇ ਦੀ ਭਿਆਨਕ ਯਾਦ ਦਿਵਾਉਂਦਾ ਸੀ ਭਾਰਤੀ ਹਥਿਆਰਬੰਦ ਦਸਤਿਆਂ ਨੇ ਕੰਟਰੋਲ ਰੇਖਾ ਨੇੜੇ ਖਸਤਾ ਹਾਲਤ ਵਿੱਚ, ਪੁਣਛ-ਰਾਜੌਰੀ ਸੈਕਟਰ ਵਿੱਚ ਗੁਲਪੁਰ ਕੈਂਪ ਨੂੰ ਨਿਸ਼ਾਨਾ ਬਣਾਇਆ ਹੈ। ਇਸ ਟਿਕਾਣੇ ਨੂੰ 20 ਅਪਰੈਲ, 2023 ਨੂੰ ਪੁਣਛ ਵਿੱਚ ਹੋਏ ਘਾਤਕ ਹਮਲੇ ਦੇ ਨਾਲ ਜੂਨ 2024 ਵਿੱਚ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ’ਤੇ ਹਮਲੇ ਲਈ ਲਾਂਚਪੈਡ ਮੰਨਿਆ ਜਾਂਦਾ ਸੀ। ਭਾਰਤੀ ਲੜਾਕੂ ਜਹਾਜ਼ਾਂ ਨੇ ਹੋਰ ਉੱਤਰ ਵੱਲ ਪੀਓਕੇ ਦੇ ਤੰਗਧਾਰ ਸੈਕਟਰ ਅੰਦਰ ਲਸ਼ਕਰ-ਏ-ਤਇਬਾ ਵੱਲੋਂ ਚਲਾਏ ਜਾ ਰਹੇ ਸਵਾਈ ਕੈਂਪ ਨੂੰ ਨਿਸ਼ਾਨਾ ਬਣਾਇਆ। ਖੁਫੀਆ ਏਜੰਸੀਆਂ ਨੇ ਇਸ ਟਿਕਾਣੇ ਨੂੰ ਕਈ ਹਾਈ-ਪ੍ਰੋਫਾਈਲ ਹਮਲਿਆਂ 20 ਅਕਤੂਬਰ, 2024 ਨੂੰ ਸੋਨਮਰਗ, 24 ਅਕਤੂਬਰ ਨੂੰ ਗੁਲਮਰਗ ਅਤੇ 22 ਅਪਰੈਲ, 2025 ਨੂੰ ਪਹਿਲਗਾਮ ਨਾਲ ਜੋੜਿਆ ਹੈ। ਜੈਸ਼-ਏ-ਮੁਹੰਮਦ ਦੇ ਇਕ ਹੋਰ ਲਾਂਚਪੈਡ ਬਿਲਾਲ ਕੈਂਪ ਨੂੰ ਹਵਾਈ ਹਮਲਿਆਂ ਦੀ ਮਾਰ ਹੇਠ ਲਿਆਂਦਾ ਗਿਆ ਹੈ। ਘੁਸਪੈਠ ਦੀਆਂ ਕੋਸ਼ਿਸ਼ਾਂ ਤੋਂ ਪਹਿਲਾਂ ਇਹ ਅਤਿਵਾਦੀਆਂ ਲਈ ਇੱਕ ਮੁੱਖ ਪੜਾਅ ਖੇਤਰ ਵਜੋਂ ਜਾਣਿਆ ਜਾਂਦਾ ਸੀ, ਜੋ ਭਾਰਤੀ ਖੇਤਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਇੱਕ ਅੰਤਮ ਆਵਾਜਾਈ ਬਿੰਦੂ ਵਜੋਂ ਕੰਮ ਕਰਦਾ ਸੀ ਮੰਨਿਆ ਜਾਂਦਾ ਹੈ ਕਿ ਕੋਟਲੀ ਕੈਂਪ, ਜੋ ਰਾਜੌਰੀ ਦੇ ਸਾਹਮਣੇ ਲਸ਼ਕਰ-ਏ-ਤਇਬਾ ਦਾ ਟਿਕਾਣਾ ਹੈ, ਵਿੱਚ ਇੱਕ ਸਮੇਂ ਕਰੀਬ 50 ਕਾਰਕੁਨ ਰਹਿੰਦੇ ਸਨ, ਜੋ ਸਮਰਪਿਤ ਆਤਮਘਾਤੀ ਹਮਲਾਵਰ ਸਿਖਲਾਈ ਕੇਂਦਰ ਵਜੋਂ ਕੰਮ ਕਰਦੇ ਸਨ। ਇਸ ਦੇ ਨਾਲ ਹੀ ਕੰਟਰੋਲ ਰੇਖਾ ਤੋਂ ਸਿਰਫ਼ 10 ਕਿਲੋਮੀਟਰ ਦੂਰ ਬਰਨਾਲਾ ਕੈਂਪ ਨੂੰ ਵੀ ਤਬਾਹ ਕੀਤਾ ਗਿਆ ਹੈ, ਜੋ ਜੰਮੂ ਅਤੇ ਰਾਜੌਰੀ ਵਿੱਚ ਜਾਣ ਵਾਲੇ ਅਤਿਵਾਦੀਆਂ ਲਈ ਇੱਕ ਲੌਜਿਸਟਿਕ ਅਤੇ ਮੁੜ ਸੰਗਠਨ ਕੇਂਦਰ ਵਜੋਂ ਕੰਮ ਕਰਦਾ ਸੀ ਕੌਮਾਂਤਰੀ ਸਰਹੱਦ ਨੇੜੇ ਸਰਜਲ ਕੈਂਪ, ਜੋ ਸਾਂਬਾ-ਕਠੂਆ ਤੋਂ ਕਰੀਬ 8 ਕਿਲੋਮੀਟਰ ਦੂਰ ਜੈਸ਼-ਏ-ਮੁਹੰਮਦ ਦਾ ਇਕ ਹੋਰ ਟਿਕਾਣਾ ਹੈ, ਨੂੰ ਛੋਟੀ ਦੂਰੀ ਦੀ ਘੁਸਪੈਠ ਅਤੇ ਤੇਜ਼-ਹਮਲੇ ਦੇ ਮਿਸ਼ਨਾਂ ਵਿੱਚ ਭੂਮਿਕਾ ਲਈ ਨਿਸ਼ਾਨਾ ਬਣਾਇਆ ਗਿਆ ਅਤੇ ਅਖੀਰ ਵਿਚ ਭਾਰਤੀ ਜਹਾਜ਼ਾਂ ਨੇ ਸਿਆਲਕੋਟ ਨੇੜੇ ਮਹਿਮੂਨਾ ਕੈਂਪ ’ਤੇ ਹਮਲਾ ਕੀਤਾ, ਜੋ ਕਿ ਸਰਹੱਦ ਤੋਂ ਸਿਰਫ 15 ਕਿਲੋਮੀਟਰ ਦੂਰ ਹਿਜ਼ਬੁਲ ਮੁਜਾਹਿਦੀਨ ਦਾ ਸਿਖਲਾਈ ਕੇਂਦਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਦੇ ਫੌਜੀ ਟਿਕਾਣਿਆਂ ਨੂੰ ਛੂਹਿਆ ਨਹੀਂ ਗਿਆ ਅਤੇ ਇਹ ਹਮਲਾ “ਕੇਂਦਰਿਤ, ਸੰਜਮੀ ਅਤੇ ਗੈਰ-ਉਕਸਾਊ” ਸੀ। ਪਰ ਪਾਕਿਸਤਾਨ ਨੇ ਇਸ ਨੂੰ ਜੰਗੀ ਕਾਰਵਾਈ” ਕਰਾਰ ਦਿੱਤਾ। ਅਧਿਕਾਰੀਆਂ ਨੇ ਕਿਹਾ ਕਿ ਅੱਠ ਨਾਗਰਿਕ, ਜਿਨ੍ਹਾਂ ਵਿੱਚ ਇੱਕ ਬੱਚਾ ਅਤੇ ਦੋ ਨੌਜਵਾਨ ਸ਼ਾਮਲ ਸਨ, ਮਾਰੇ ਗਏ, ਅਤੇ 35 ਜ਼ਖ਼ਮੀ ਹੋਏ।

ਵਾਸ਼ਿੰਗਟਨ ਟਾਈਮਜ਼ ਦੀ ਰਿਪੋਟ ਅਨੁਸਾਰ ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਆਸਿਫ ਨੇ ਕੌਮੀ ਟੈਲੀਵਿਜ਼ਨ ’ਤੇ ਐਲਾਨ ਕੀਤਾ, “ਇਸ ਦਾ ਜਵਾਬ ਮੁਨਾਸਿਬ ਅਤੇ ਸਖ਼ਤ ਹੋਵੇਗਾ।”ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਕਿਹਾ, “ਭਾਰਤ ਨੇ ਸਾਡੀ ਸਰਜ਼ਮੀਂ ’ਤੇ ਜੰਗ ਥੋਪੀ ਹੈ, ਪਰ ਅਸੀਂ ਇਸ ਦਾ ਮੁਕਾਬਲਾ ਕਰਨ ਲਈ ਤਿਆਰ ਹਾਂ।” ਪਾਕਿਸਤਾਨੀ ਫੌਜ ਦੇ ਬੁਲਾਰੇ ਅਹਿਮਦ ਸ਼ਰੀਫ ਚੌਧਰੀ ਨੇ ਦਾਅਵਾ ਕੀਤਾ ਕਿ ਦੋ ਭਾਰਤੀ ਜਹਾਜ਼ ਮਾਰ ਸੁੱਟੇ ਗਏ, ਜਦਕਿ ਆਸਿਫ ਨੇ ਇਸ ਨੂੰ ਪੰਜ ਜਹਾਜ਼ਾਂ ਤੱਕ ਵਧਾ ਦਿੱਤਾ, ਜਿਨ੍ਹਾਂ ਵਿੱਚ ਫਰਾਂਸੀਸੀ ਰਾਫੇਲ ਵੀ ਸ਼ਾਮਲ ਸਨ। ਇਨ੍ਹਾਂ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਨਹੀਂ ਹੋ ਸਕੀ, ਅਤੇ ਭਾਰਤ ਨੇ ਚੁੱਪ ਵੱਟੀ ਰੱਖੀ। ਹਮਲਿਆਂ ਨੇ ਅਹਿਮਦਪੁਰ ਪੂਰਬੀ, ਮੁਰੀਦਕੇ, ਸਿਆਲਕੋਟ ਅਤੇ ਪਾਕਿਸਤਾਨੀ-ਸੰਚਾਲਿਤ ਕਸ਼ਮੀਰ ਦੇ ਕੋਟਲੀ, ਬਾਗ ਅਤੇ ਮੁਜ਼ੱਫਰਾਬਾਦ ਵਿੱਚ 24 “ਧਮਾਕੇ” ਕੀਤੇ।

ਖ਼ਬਰ ਦਾ ਬਾਕੀ ਹਿੱਸਾ ਅੰਦਰ

## ਦੇਸ਼ ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਵੱਲੋਂ ਇਹ ਜੰਗ ਨਾ ਲੜਨ ਦੀਆਂ ਅਪੀਲਾਂ









ਜੰਮੂ ਕਸ਼ਮੀਰ ਵਿੱਚ ਜੰਗ ਦੌਰਾਨ ਬੰਬਾਰੀ ਦੌਰਾਨ ਮਾਰੇ ਗਏ 3 ਸਿੱਖ




# ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਸੀਜ਼ਨ 2025 ਸਬੰਧੀ ਮੀਟਿੰਗ

## ਭਜੀ ਖੀਰਾਂ ਵਾਲੀ ਨੂੰ ਸਮਰਪਿਤ ਹੋਵੇਗਾ 2025 ਦਾ ਕਬੱਡੀ ਸੀਜ਼ਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਕਬੱਡੀ ਫੈਡਰੇਸ਼ਨ ਦੀ 11 ਮਈ ਤੋਂ ਹੇਜ਼ ਵਿਖੇ ਇੰਗਲੈਂਡ ਵਿੱਚ ਸ਼ੁਰੂ ਹੋਣ ਜਾ ਰਹੇ 2025 ਕਬੱਡੀ ਸੀਜ਼ਨ ਦੇ ਸਬੰਧ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੌਰਥਹੈਂਪਟਨ ਵਿਖੇ ਇੱਕ ਅਹਿਮ ਮੀਟਿੰਗ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਫੈਡਰੇਸ਼ਨ ਦੇ ਅਹੁਦੇਦਾਰਾਂ ਅਤੇ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸ ਮੌਕੇ ਕਬੱਡੀ ਟੂਰਨਾਮੈਂਟਾਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਸੁਰੱਖਿਅਤ ਢੰਗ ਨਾਲ ਟੂਰਨਾਮੈਂਟਾਂ ਨੂੰ ਨੇਪਰੇ ਚਾੜ੍ਹਨ ਲਈ ਵਿਚਾਰ ਚਰਚਾ ਕੀਤੀ। ਫੈਡਰੇਸ਼ਨ ਆਗੂਆਂ ਨੇ ਦੱਸਿਆ ਕਿ ਇਹ ਸੀਜ਼ਨ ਸਾਬਕਾ ਫੈਡਰੇਸ਼ਨ ਪ੍ਰਧਾਨ ਅਤੇ ਕਬੱਡੀ ਖਿਡਾਰੀ ਹਰਭਜਨ ਸਿੰਘ ਪੱਡਾ ਭਜੀ ਖੀਰਾਂ ਵਾਲੀ ਨੂੰ ਸਮਰਪਿਤ ਹੋਵੇਗਾ।

ਇਸ ਵਾਰ 8 ਟੀਮਾਂ ਹਿੱਸਾ ਲੈ ਰਹੀਆਂ ਹਨ, ਜਿਸ ਵਿੱਚ ਭਾਰਤ, ਪਾਕਿਸਤਾਨ ਅਤੇ ਕੈਨੇਡਾ ਤੋਂ ਖਿਡਾਰੀ ਹਿੱਸਾ ਲੈ ਰਹੇ ਹਨ। ਵੱਡੀ ਗਿਣਤੀ ਵਿੱਚ ਖਿਡਾਰੀਆਂ ਦੇ ਵੀਜ਼ੇ ਲੱਗ ਚੁੱਕੇ ਹਨ ਅਤੇ ਜਲਦੀ ਹੀ ਖਿਡਾਰੀ ਯੂ ਕੇ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਇੰਗਲੈਂਡ ਵਿੱਚ ਰਹਿੰਦੇ ਕਬੱਡੀ ਖਿਡਾਰੀਆਂ ਬਾਰੇ ਵੀ ਵਿਚਾਰਾਂ ਹੋਈਆਂ ਅਤੇ ਬੱਚਿਆਂ ਦੇ ਸ਼ੋਅ ਮੈਚ ਵੀ ਕਰਵਾਏ ਜਾਣਗੇ। ਇਸ ਮੌਕੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ ਜਨ: ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ, ਸਤਿੰਦਰ ਸਿੰਘ ਗੋਲਡੀ, ਖਜ਼ਾਨਚੀ ਸ਼ੀਰਾ ਸਿੰਘ ਔਲਖ, ਵਾਈਸ ਚੇਅਰਮੈਨ ਬਲਵਿੰਦਰ ਸਿੰਘ ਦੂਲੇ, ਮੀਤ ਪ੍ਰਧਾਨ ਜਸਜੀਤ ਸਿੰਘ ਰਾਣਾ ਪੱਡਾ, ਟੀਮ ਮੈਨੇਜਰ ਕੁਲਬੀਰ ਸਿੰਘ ਸੁੱਖਾ, ਟੀਮ ਕੋਚ ਬਲਜਿੰਦਰ ਭਿੰਡਰ, ਸਹਾਇਕ ਕੋਚ ਦਲਬੀਰ ਸਿੰਘ ਸੈਂਬੀ, ਪ੍ਰੈਸ ਸਕੱ: ਤਰਲੋਚਨ ਸਿੰਘ, ਸਹਾਇਕ ਪ੍ਰੈਸ ਸਕੱ ਜੋਗਿੰਦਰ ਸਿੰਘ ਦੁਸਾਂਝ, ਕਾਨੂੰਨੀ ਸਲਾਹਕਾਰ ਸੁਰਿੰਦਰ ਸਿੰਘ ਮਾਣਕ, ਸਲਾਹਕਾਰ ਰਸ਼ਪਾਲ ਸਿੰਘ ਪਾਲਾ ਸਹੋਤਾ, ਸਲਾਹਕਾਰ ਪਾਲਾ ਬਾਜਵਾ, ਹਰਜਿੰਦਰ ਸਿੰਘ ਬੋਈ, ਸੋਨਾ ਹੋਠੀਆਂ, ਭਿੰਦਰ ਭਲਵਾਨ, ਸਾਬੀ, ਸੁੱਖੀ ਬੈਂਸ, ਟੋਨੀ ਕੂਨਰ, ਕੱਥੂ ਪੱਤੋ, ਗੀਤਾ ਬਾਜਵਾ, ਅਮਰਜੀਤ ਖੰਗੂੜਾ, ਹਰਜਿੰਦਰ ਸਿੰਘ ਨਿੱਝਰ, ਅਵਤਾਰ ਸਿੰਘ ਤਾਰੀ ਸ਼ਾਮਿਲ ਹੋਏ।





ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਲੱਬਾਂ ਦੇ ਨੁਮਾਇੰਦੇ

ਜਿਕਰਯੋਗ ਹੈ ਕਿ ਇੰਗਲੈਂਡ ਵਿੱਚ 11 ਮਈ ਨੂੰ ਹੇਜ਼, 18 ਮਈ ਨੂੰ ਡਰਬੀ, 25 ਮਈ ਨੂੰ ਟੈਲਫੋਰਡ, 1 ਜੂਨ ਨੂੰ ਸਾਊਥਾਲ, 8 ਜੂਨ ਵੁਲਵਰਹੈਂਪਟਨ, 15 ਜੂਨ ਗ੍ਰੇਵਜ਼ੈਂਡ, 22 ਜੂਨ ਸਲੋਹ, 29 ਜੂਨ ਲੈਸਟਰ, 6 ਜੁਲਾਈ ਬਾਰਕਿੰਗ, 13 ਜੁਲਾਈ ਕਵੈਂਟਰੀ, 20 ਜੁਲਾਈ ਈਰਥ ਵੂਲਿਚ, 27 ਜੁਲਾਈ ਬਰਮਿੰਘਮ ਅਤੇ 3 ਅਗਸਤ ਨੂੰ ਬਰੈਡਫੋਰਡ ਵਿਖੇ ਟੂਰਨਾਮੈਂਟ ਹੋਣਗੇ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ ।




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

**ਆਓ ਚੌਥੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**



# ਪੰਜਾਬ ਨੂੰ BBMB ਦੇ ਕੰਮ 'ਚ ਦਖਲਅੰਦਾਜ਼ੀ ਤੋਂ ਰੋਕ, ਹਾਈ ਕੋਰਟ ਦਾ ਸਖ਼ਤ ਫੈਸਲਾ

## *ਹਰਿਆਣਾ ਨੂੰ ਪਾਣੀ ਸਪਲਾਈ ਦਾ ਹੁਕਮ, ਪੰਜਾਬ ਨੂੰ ਹਾਈ ਕੋਰਟ ਦੀ ਝਾੜ

ਚੰਡੀਗੜ੍ਹ- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭਾਖੜਾ ਨੰਗਲ ਡੈਮ ਅਤੇ ਲੋਹੰਡ ਕੰਟਰੋਲ ਰੂਮ ਦੇ ਸੰਚਾਲਨ ਵਿੱਚ ਪੰਜਾਬ ਸਰਕਾਰ ਦੀ ਦਖਲਅੰਦਾਜ਼ੀ 'ਤੇ ਰੋਕ ਲਗਾ ਦਿੱਤੀ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮਿਤ ਗੋਇਲ ਦੀ ਬੈਂਚ ਨੇ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਦੇ ਕੰਮਕਾਜ ਵਿੱਚ ਦਖਲਅੰਦਾਜ਼ੀ ਨਹੀਂ ਕਰ ਸਕਦੀ। ਅਦਾਲਤ ਨੇ ਹਰਿਆਣਾ ਨੂੰ 8,500 ਕਿਊਸਿਕ ਪਾਣੀ (ਜਿਸ ਵਿੱਚ ਦਿੱਲੀ ਅਤੇ ਰਾਜਸਥਾਨ ਦਾ ਹਿੱਸਾ ਸ਼ਾਮਲ) ਦੀ ਸਪਲਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।



BBMB ਨੇ ਦੋਸ਼ ਲਾਇਆ ਸੀ ਕਿ ਪੰਜਾਬ ਪੁਲਿਸ ਨੇ 1 ਮਈ ਨੂੰ ਡੈਮ ਅਤੇ ਕੰਟਰੋਲ ਰੂਮ 'ਤੇ ਕਬਜ਼ਾ ਕਰਕੇ ਪਾਣੀ ਦੀ ਵੰਡ ਰੋਕੀ। ਪੰਜਾਬ ਨੇ ਦਲੀਲ ਦਿੱਤੀ ਕਿ ਪੁਲਿਸ ਸੁਰੱਖਿਆ ਲਈ ਤਾਇਨਾਤ ਸੀ। ਅਦਾਲਤ ਨੇ ਕਿਹਾ ਕਿ ਪੰਜਾਬ ਸੁਰੱਖਿਆ ਵਧਾ ਸਕਦਾ ਹੈ, ਪਰ ਸੰਚਾਲਨ ਵਿੱਚ ਦਖਲ ਨਹੀਂ ਦੇ ਸਕਦਾ। ਜੇ ਅਸਹਿਮਤੀ ਹੈ, ਤਾਂ ਪੰਜਾਬ ਨੂੰ ਕੇਂਦਰ ਸਰਕਾਰ ਕੋਲ ਅਪੀਲ ਕਰਨੀ ਪਵੇਗੀ। ਅਦਾਲਤ ਨੇ 2 ਮਈ ਦੀ ਕੇਂਦਰੀ ਮੀਟਿੰਗ (ਜਿਸ ਵਿੱਚ 4,500 ਕਿਊਸਿਕ ਵਾਧੂ ਪਾਣੀ ਦਾ ਫੈਸਲਾ ਹੋਇਆ) ਦੀ ਪਾਲਣਾ ਦਾ ਹੁਕਮ ਦਿੱਤਾ। ਹਰਿਆਣਾ ਅਤੇ ਫਤਿਹਾਬਾਦ ਦੀ ਮਟਾਣਾ ਪੰਚਾਇਤ ਨੇ ਵੀ ਪਾਣੀ ਦੀ ਮੰਗ ਨੂੰ ਲੈ ਕੇ ਪਟੀਸ਼ਨਾਂ ਦਾਇਰ ਕੀਤੀਆਂ ਸਨ। ਅਦਾਲਤ ਨੇ ਸੁਝਾਅ ਦਿੱਤਾ ਕਿ ਡੈਮ ਦੀ ਸੁਰੱਖਿਆ ਨੀਮ-ਫੌਜੀ ਬਲਾਂ ਨੂੰ ਸੌਂਪੀ ਜਾਵੇ, ਪਰ ਇਸ 'ਤੇ ਕੋਈ ਹੁਕਮ ਨਹੀਂ ਦਿੱਤਾ।

**ਫੈਸਲੇ ਦਾ ਮਤਲਬ:**

ਹਾਈ ਕੋਰਟ ਨੇ BBMB ਦੇ ਸੰਘੀ ਅਧਿਕਾਰ ਨੂੰ ਮਾਨਤਾ ਦਿੱਤੀ, ਜੋ ਪੰਜਾਬ ਰੀਓਰਗਨਾਈਜ਼ੇਸ਼ਨ ਐਕਟ, 1966 ਅਧੀਨ ਕੰਮ ਕਰਦਾ ਹੈ। ਪੰਜਾਬ ਦੀ ਪੁਲਿਸ ਤਾਇਨਾਤੀ ਨੂੰ ਅਦਾਲਤ ਨੇ "ਗੈਰ-ਕਾਨੂੰਨੀ ਦਖਲ" ਮੰਨਿਆ, ਜਿਸ ਨਾਲ ਪੰਜਾਬ ਦੀ ਸਥਿਤੀ ਕਮਜ਼ੋਰ ਹੋਈ। ਇਹ ਫੈਸਲਾ ਸੰਘੀ ਅਤੇ ਸੂਬਾਈ ਅਧਿਕਾਰਾਂ ਦੀ ਖਿੱਚੋਤਾਣ ਨੂੰ ਦਰਸਾਉਂਦਾ ਹੈ।

ਪੰਜਾਬ ਦਾ ਦਾਅਵਾ ਹੈ ਕਿ ਸਤਲੁਜ ਦੇ ਪਾਣੀ 'ਤੇ ਉਸ ਦਾ ਪਹਿਲਾ ਹੱਕ ਹੈ, ਪਰ BBMB ਦੀ ਵੰਡ ਸਾਂਝੇ ਸੂਬਿਆਂ ਦੀਆਂ ਜ਼ਰੂਰਤਾਂ 'ਤੇ ਅਧਾਰਤ ਹੈ। ਅਦਾਲਤ ਦਾ ਫੈਸਲਾ ਰਿਪੇਰੀਅਨ ਕਾਨੂੰਨ ਦੀ ਸਿੱਧੀ ਉਲੰਘਣਾ ਨਹੀਂ, ਪਰ ਪੰਜਾਬ ਦੇ ਹੱਕਾਂ ਦੀ ਅਣਦੇਖੀ ਦਾ ਸਵਾਲ ਉਠਦਾ ਹੈ।

**ਪੰਜਾਬ ਵਿਧਾਨ ਸਭਾ ਦਾ ਮਤਾ:**

5 ਮਈ ਦਾ ਮਤਾ, ਜਿਸ ਵਿੱਚ BBMB ਦੇ ਫੈਸਲੇ ਨੂੰ "ਗੈਰ-ਕਾਨੂੰਨੀ" ਕਿਹਾ ਗਿਆ, ਸਿਆਸੀ ਤੌਰ 'ਤੇ ਮਜ਼ਬੂਤ ਸੀ, ਪਰ ਕਾਨੂੰਨੀ ਤੌਰ 'ਤੇ ਕਮਜ਼ੋਰ ਰਿਹਾ। ਭੰਭੰ ਦੇ ਸੰਘੀ ਅਧਿਕਾਰ ਕਾਰਨ ਮਤੇ ਦਾ ਅਸਰ ਸੀਮਤ ਰਿਹਾ।

**ਪੰਜਾਬ ਦਾ ਹਿੱਸਾ:**

ਪੰਜਾਬ ਦੀ ਚਿੰਤਾ ਹੈ ਕਿ ਵਾਧੂ ਪਾਣੀ ਦੀ ਵੰਡ ਨਾਲ ਉਸ ਦੀ ਖੇਤੀਬਾੜੀ ਅਤੇ ਪੀਣ ਵਾਲੇ ਪਾਣੀ ਦੀਆਂ ਜ਼ਰੂਰਤਾਂ ਨੂੰ ਨੁਕਸਾਨ ਪਹੁੰਚੇਗਾ। BBMB ਦੀ ਦਲੀਲ ਹੈ ਕਿ ਪਾਣੀ ਸਾਂਝੇ ਪੂਲ ਵਿੱਚੋਂ ਜਾ ਰਿਹਾ, ਪਰ ਘੱਟ ਬਰਫਬਾਰੀ ਕਾਰਨ ਪਾਣੀ ਦੀ ਕਮੀ ਪੰਜਾਬ ਦੀਆਂ ਮੁਸ਼ਕਲਾਂ ਵਧਾ ਸਕਦੀ ਹੈ।

**ਪੰਜਾਬ ਦੀ ਨੀਤੀ:ਕਾਨੂੰਨੀ ਲੜਾਈ:**

ਪੰਜਾਬ ਨੂੰ ਸੁਪਰੀਮ ਕੋਰਟ ਜਾਂ ਕੇਂਦਰ ਸਰਕਾਰ ਕੋਲ ਜਾਣਾ ਚਾਹੀਦਾ। ਪਾਣੀ ਦੀ ਖਪਤ ਅਤੇ ਜ਼ਰੂਰਤਾਂ ਦੇ ਅੰਕੜੇ ਪੇਸ਼ ਕਰਕੇ ਮਜ਼ਬੂਤ ਕੇਸ ਬਣਾਉਣਾ ਚਾਹੀਦਾ। ਹੋਰ ਸੂਬਿਆਂ ਨਾਲ ਗੱਲਬਾਤ ਨਾਲ ਸਮੱਸਿਆ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ॥ ਡਰਿੱਪ ਸਿੰਚਾਈ ਵਰਗੀਆਂ ਤਕਨੀਕਾਂ ਅਪਣਾਉਣੀਆਂ ਚਾਹੀਦੀਆਂ ਹਨ। ਪੰਜਾਬ ਨੂੰ ਕਾਨੂੰਨੀ ਅਤੇ ਸਿਆਸੀ ਰਾਹ ਅਪਣਾਉਣ ਦੀ ਲੋੜ ਹੈ, ਤਾਂ ਜੋ ਆਪਣੇ ਹੱਕ ਸੁਰੱਖਿਅਤ ਕਰ ਸਕੇ।

# ਭਾਰਤ ਪਾਕਿਸਤਾਨ ਜੰਗ ਦਾ ਖਤਰਾ ਵਧਿਆ

ਮੁੱਖ ਪੰਨੇ ਦੀ ਖਬਰ ਦਾ ਬਾਕੀ ਹਿੱਸਾ

ਯੇਲ ਯੂਨੀਵਰਸਿਟੀ ਦੇ ਸੁਸ਼ਾਂਤ ਸਿੰਘ, ਜੋ ਸਾਬਕਾ ਭਾਰਤੀ ਫੌਜੀ ਹਨ, ਨੇ ਕਿਹਾ, "1971 ਦੀ ਜੰਗ ਤੋਂ ਬਾਅਦ ਇਹ ਸਭ ਤੋਂ ਵੱਡਾ ਹਮਲਾ ਹੈ। ਇਹ ਸਿਰਫ਼ ਕਸ਼ਮੀਰ ਨਹੀਂ, ਸਗੋਂ ਪਾਕਿਸਤਾਨ ਦਾ ਦਿਲ ਹੈ।" ਉਨ੍ਹਾਂ ਅਨੁਸਾਰ, ਇਹ ਹਮਲਾ ਜੰਗ ਦੀ ਘੋਸ਼ਣਾ ਦੇ ਬਰਾਬਰ ਹੈ, ਅਤੇ ਪਾਕਿਸਤਾਨ ਦਾ ਜਵਾਬ ਅਗਲਾ ਪੜਾਅ ਤੈਅ ਕਰੇਗਾ। ਜੇ ਉਹ ਭਾਰਤੀ ਪੰਜਾਬ ਜਾਂ ਰਾਜਸਥਾਨ 'ਤੇ ਹਮਲਾ ਕਰਦੇ ਹਨ, ਤਾਂ ਸਭ ਪਾਗਲਪਣ ਦੀ ਹੱਦ 'ਤੇ ਪਹੁੰਚ ਜਾਵੇਗਾ,"

### ਅੰਤਰਰਾਸ਼ਟਰੀ ਅਖ਼ਬਾਰਾਂ ਦੀ ਨਜ਼ਰ ਵਿੱਚ ਇਹ ਹਮਲਾ

ਅਲ ਜਜ਼ੀਰਾ: ਅਲ ਜਜ਼ੀਰਾ ਨੇ ਇਸ ਨੂੰ "ਖੇਤਰੀ ਸ਼ਾਂਤੀ ਲਈ ਖਤਰਨਾਕ" ਕਦਮ ਦੱਸਿਆ। ਇਸ ਨੇ ਪਾਕਿਸਤਾਨੀ ਨਾਗਰਿਕਾਂ ਦੀਆਂ ਮੌਤਾਂ 'ਤੇ ਜ਼ੋਰ ਦਿੱਤਾ ਅਤੇ ਭਾਰਤ ਦੇ "ਇਕਪਾਸੜ" ਹਮਲਿਆਂ ਨੂੰ ਗਲਤ ਠਹਿਰਾਇਆ। ਚੀਨ ਦੀ "ਅਟੱਲ ਸਹਾਇਤਾ" ਅਤੇ ਅਮਰੀਕਾ ਦੀ "ਅਸਪਸ਼ਟ" ਨੀਤੀ 'ਤੇ ਸਵਾਲ ਉਠਾਏ। ਜੰਗ ਦੀ ਸੰਭਾਵਨਾ ਨੂੰ "ਗੰਭੀਰ" ਮੰਨਿਆ, ਜੋ ਪ੍ਰਮਾਣੂ ਸਮਰੱਥਾ ਕਾਰਨ ਵਿਸ਼ਵ ਨੂੰ ਹਿਲਾ ਸਕਦੀ ਹੈ।

ਬੀਬੀਸੀ: ਬੀਬੀਸੀ ਨੇ ਸੰਤੁਲਿਤ ਰੁਖ ਅਪਣਾਇਆ, ਭਾਰਤ ਦੇ "ਅੱਤਵਾਦ ਵਿਰੋਧੀ" ਦਾਅਵੇ ਅਤੇ ਪਾਕਿਸਤਾਨ ਦੀ "ਸੁਰੱਖਿਆ" ਦੀ ਗੱਲ ਨੂੰ ਪੇਸ਼ ਕੀਤਾ। ਚੀਨ ਦੀ ਸੀਮਤ ਸ਼ਮੂਲੀਅਤ, ਜਿਵੇਂ ਹਥਿਆਰ ਸਪਲਾਈ, 'ਤੇ ਟਿੱਪਣੀ ਕੀਤੀ, ਪਰ ਸਿੱਧੀ ਸੈਨਿਕ ਸਹਾਇਤਾ ਨੂੰ ਅਸੰਭਵ ਦੱਸਿਆ। ਜੰਗ ਦੀ ਸੰਭਾਵਨਾ ਨੂੰ "ਚਿੰਤਾਜਨਕ" ਮੰਨਿਆ, ਪਰ ਕੂਟਨੀਤੀ ਦੀ ਆਸ ਜਤਾਈ।



ਟਾਈਮਜ਼ ਆਫ ਇੰਡੀਆ: ਇਸ ਨੇ ਭਾਰਤ ਦੇ ਹਮਲਿਆਂ ਨੂੰ "ਜਾਇਜ਼" ਕਰਾਰ ਦਿੱਤਾ, ਪਾਕਿਸਤਾਨ 'ਤੇ "ਅੱਤਵਾਦ ਦੀ ਸਰਪ੍ਰਸਤੀ" ਦਾ ਦੋਸ਼ ਲਾਇਆ। ਸਿੰਧੂ ਜਲ ਸੰਧੀ ਰੱਦ ਕਰਨ ਅਤੇ ਵਾਹਗਾ ਸਰਹੱਦ ਬੰਦ ਕਰਨ ਦੀ ਸ਼ਲਾਘਾ ਕੀਤੀ। ਪਾਕਿਸਤਾਨ ਦੀ ਜਵਾਬੀ ਗੋਲੀਬਾਰੀ ਨੂੰ "ਉਕਸਾਊ" ਕਿਹਾ ਅਤੇ ਜੰਗ ਨੂੰ "ਪਾਕਿਸਤਾਨ ਦੀ ਚੋਣ" ਮੰਨਿਆ। ਗਲੋਬਲ ਟਾਈਮਜ਼ (ਚੀਨ): ਚੀਨ ਨੇ ਭਾਰਤ ਨੂੰ "ਗੈਰ-ਜ਼ਿੰਮੇਵਾਰ" ਦੱਸਦਿਆਂ ਪਾਕਿਸਤਾਨ ਨਾਲ "ਲੋਹੇ ਵਰਗੀ ਦੋਸਤੀ" ਦੀ ਪੁਸ਼ਟੀ ਕੀਤੀ। ਭਾਰਤ-ਚੀਨ ਸਬੰਧਾਂ ਦੇ ਸੁਧਾਰ ਦਾ ਹਵਾਲਾ ਦਿੰਦਿਆਂ ਸਿੱਧੀ ਸੈਨਿਕ ਸਹਾਇਤਾ ਨਕਾਰੀ, ਪਰ ਹਥਿਆਰ ਅਤੇ ਕੂਟਨੀਤਕ ਸਮਰਥਨ ਦੀ ਗੱਲ ਕੀਤੀ। ਜੰਗ ਨੂੰ "ਖਤਰਨਾਕ" ਮੰਨਿਆ, ਪਰ ਸੰਜਮ ਦੀ ਜ਼ਿੰਮੇਵਾਰੀ ਭਾਰਤ 'ਤੇ ਮੜ੍ਹੀ। ਦ ਨੇਸ਼ਨ (ਪਾਕਿਸਤਾਨ): ਇਸ ਨੇ ਭਾਰਤ ਨੂੰ "ਨਾਗਰਿਕਾਂ 'ਤੇ ਹਮਲਾਵਰ" ਦੱਸਿਆ ਅਤੇ ਪਾਕਿਸਤਾਨ ਦੀ ਜਵਾਬੀ ਸਮਰੱਥਾ 'ਤੇ ਜ਼ੋਰ ਦਿੱਤਾ। ਚੀਨ ਦੀ ਸਹਾਇਤਾ ਦੀ ਸ਼ਲਾਘਾ ਕੀਤੀ ਅਤੇ ਜੰਗ ਨੂੰ "ਅਸੰਭਵ ਨਹੀਂ" ਮੰਨਿਆ, ਪਰ ਅੰਤਰਰਾਸ਼ਟਰੀ ਦਖਲ ਦੀ ਉਮੀਦ ਜਤਾਈ।

### ਕੀ ਜੰਗ ਦੀ ਸੰਭਾਵਨਾ ਹੈ

ਇਹ ਤਣਾਅ ਪੰਜਾਬ ਦੀ ਧਰਤੀ 'ਤੇ ਜੰਗ ਦੇ ਕਾਲੇ ਪਰਛਾਵਿਆਂ ਵਰਗਾ ਹੈ। ਦੋਵੇਂ ਮੁਲਕ ਪ੍ਰਮਾਣੂ ਹਥਿਆਰਾਂ ਨਾਲ ਲੈਸ ਹਨ, ਅਤੇ ਇਤਿਹਾਸਕ ਦੁਸ਼ਮਣੀ ਨੇ ਹਮੇਸ਼ਾ ਛੋਟੀਆਂ ਝੜਪਾਂ ਨੂੰ ਵੀ ਵੱਡੇ ਟਕਰਾਅ ਵਿੱਚ ਬਦਲ ਦਿੱਤਾ। ਭਾਰਤ ਦੀ ਸਖ਼ਤ ਨੀਤੀ-ਸਿੰਧੂ ਜਲ ਸੰਧੀ ਰੱਦ ਕਰਨ, ਵਾਹਗਾ ਸਰਹੱਦ ਬੰਦ ਕਰਨ ਅਤੇ ਰਾਜਨੀਤਕ ਸਬੰਧ ਘਟਾਉਣ-ਅਤੇ ਪਾਕਿਸਤਾਨ ਦਾ ਜਵਾਬੀ ਰੁਖ-ਕੰਟਰੋਲ ਰੇਖਾ 'ਤੇ ਗੋਲੀਬਾਰੀ ਅਤੇ ਵਪਾਰਕ ਸਬੰਧ ਤੋੜਨ-ਤਣਾਅ ਨੂੰ ਹੋਰ ਗੰਭੀਰ ਕਰਦੇ ਹਨ। ਮਾਈਕਲ ਕੁਗਲਮੈਨ, ਵਾਸ਼ਿੰਗਟਨ ਟਾਈਮਜ ਅਖਬਾਰ ਦੇ ਵਿਸ਼ਲੇਸ਼ਕ, ਨੇ ਕਿਹਾ, "ਇੱਕ ਗਲਤ ਅੰਦਾਜ਼ਾ ਜੰਗ ਨੂੰ ਜਨਮ ਦੇ ਸਕਦਾ ਹੈ।" ਪਰ ਅੰਤਰਰਾਸ਼ਟਰੀ ਦਬਾਅ ਇਸ ਨੂੰ ਰੋਕ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ "ਜਲਦੀ ਅੰਤ" ਦੀ ਉਮੀਦ ਜਤਾਈ, ਜਦਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਤੇਰਸ ਨੇ "ਸੰਜਮ" ਦੀ ਅਪੀਲ ਕੀਤੀ। ਚੀਨ, ਪਾਕਿਸਤਾਨ ਦਾ ਸਮਰਥਕ, ਨੇ "ਆਹਮੋ-ਸਾਹਮਣੇ" ਤੋਂ ਬਚਣ ਦੀ ਸਲਾਹ ਦਿੱਤੀ, ਪਰ ਸੀਮਤ ਸੈਨਿਕ ਸਹਾਇਤਾ ਦੀ ਸੰਭਾਵਨਾ ਨਕਾਰੀ। ਭਾਰਤ-ਚੀਨ ਸਬੰਧਾਂ ਵਿੱਚ ਸੁਧਾਰ ਵੀ ਪੂਰਨ-ਪੈਮਾਨੇ ਦੀ ਜੰਗ ਨੂੰ ਰੋਕ ਸਕਦਾ ਹੈ।

### ਪੰਜਾਬ ਦੇ ਲੋਕਾਂ ਲਈ ਸੁਝਾਅ

ਪੰਜਾਬ, ਜੋ ਸਰਹੱਦ ਦੇ ਨੇੜੇ ਹੈ, ਨੂੰ ਅਜਿਹੇ ਸਮੇਂ ਵਿੱਚ ਸੁਚੇਤ ਅਤੇ ਸੰਜਮੀ ਰਹਿਣ ਦੀ ਲੋੜ ਹੈ। ਇਸ ਸੰਭਾਵੀ ਜੰਗ ਵਿੱਚ ਸੁਰੱਖਿਅਤ ਰਹਿਣ ਲਈ ਤਿਆਰੀ ਕਰਨੀ ਪਵੇਗੀ।

ਐਮਰਜੈਂਸੀ ਕਿੱਟ: ਹਰ ਘਰ ਵਿੱਚ 15 ਦਿਨਾਂ ਦਾ ਰਾਸ਼ਨ, ਸੁਕਾ ਦੁਧ,ਪਾਣੀ, ਦਵਾਈਆਂ, ਟਾਰਚ, ਬੈਟਰੀਆਂ ਤੇ ਮਹੱਤਵਪੂਰਨ ਦਸਤਾਵੇਜ਼ਾਂ ਦਾ ਭੰਡਾਰ ਹੋਣਾ ਚਾਹੀਦਾ।

ਸੁਰੱਖਿਅਤ ਟਿਕਾਣੇ: ਘਰ ਵਿੱਚ ਬੰਕਰ ਜਾਂ ਮਜ਼ਬੂਤ ਕਮਰੇ ਦਾ ਪ੍ਰਬੰਧ ਕਰੋ। ਸਰਕਾਰੀ ਸ਼ੈਲਟਰਾਂ ਦੀ ਸੂਚੀ ਪਤਾ ਕਰੋ।

ਸਰਕਾਰੀ ਸੂਚਨਾਵਾਂ: ਰੇਡੀਓ, ਟੀਵੀ ਤੇ ਸਥਾਨਕ ਅਧਿਕਾਰੀਆਂ ਦੀਆਂ ਅਪਡੇਟਸ 'ਤੇ ਨਜ਼ਰ ਰੱਖੋ। ਅਫਵਾਹਾਂ ਤੋਂ ਬਚੋ।

ਸੰਚਾਰ ਯੋਜਨਾ: ਪਰਿਵਾਰ ਨਾਲ ਸੰਪਰਕ ਦਾ ਤਰੀਕਾ ਤੇ ਮੁੜ-ਮਿਲਣ ਦਾ ਸਥਾਨ ਨਿਰਧਾਰਤ ਕਰੋ। ਮੋਬਾਈਲ ਫੋਨਾਂ ਨੂੰ ਚਾਰਜਡ ਰੱਖੋ।

ਇਹ ਸਮਾਂ ਪੰਜਾਬ ਦੀ ਧਰਤੀ ਲਈ ਇਮਤਿਹਾਨ ਦਾ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਇਹ ਤਣਾਅ ਜੰਗ ਦਾ ਕਾਲਾ ਪਰਛਾਵਾਂ ਲੈ ਕੇ ਆਇਆ ਹੈ, ਪਰ ਸੰਜਮ ਅਤੇ ਕੂਟਨੀਤੀ ਇਸ ਨੂੰ ਰੋਕ ਸਕਦੀ ਹੈ। ਅਮਰੀਕਾ, ਸੰਯੁਕਤ ਰਾਸ਼ਟਰ ਅਤੇ ਚੀਨ ਦਾ ਦਬਾਅ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

# ਉਸਰ ਰਹੀਆ ਉੱਚੀਆਂ ਇਮਾਰਤਾਂ ਨੇ ਦਰਬਾਰ ਸਾਹਿਬ ਦੀ ਆਭਾ ਨੂੰ ਲਗਾਈ ਢਾਹ

## ✪ ਨਗਰ ਨਿਗਮ 'ਤੇ ਕਨੂੰਨੀ ਉਲੰਘਣ ਦੇ ਲੱਗੇ ਦੋਸ਼ ✪ ਸਪੀਕਰ ਸੰਧਵਾਂ ਨੇ ਮੰਗੀ ਡੀ.ਸੀ. ਤੋਂ ਵਿਸਥਾਰਤ ਰਿਪੋਟ

ਅੰਮ੍ਰਿਤਸਰ-ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਸਥਾਨ ਦਰਬਾਰ ਸਾਹਿਬ ਦੇ ਨੇੜੇ ਉਸਾਰੀਆਂ ਜਾ ਰਹੀਆਂ ਉੱਚੀਆਂ ਇਮਾਰਤਾਂ ਦਾ ਮੁੱਦਾ ਇਕ ਵਾਰ ਫਿਰ ਸੁਰਖੀਆਂ ਵਿਚ ਹੈ। ਇਸ ਮੁੱਦੇ ਨੇ ਪੰਜਾਬ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਦੀਆਂ ਕਾਰਗੁਜ਼ਾਰੀਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ (ਡੀ.ਸੀ.) ਨੂੰ ਇਸ ਸੰਬੰਧੀ ਵਿਸਥਾਰਤ ਰਿਪੋਰਟ ਸੌਂਪਣ ਦੇ ਹੁਕਮ ਜਾਰੀ ਕੀਤੇ ਹਨ। ਸਪੀਕਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਜਾਣਕਾਰੀ ਮੰਗੀ ਜਾਵੇ ਕਿ ਇਹ ਉਸਾਰੀਆਂ ਕਿਹੜੇ ਨਿਯਮਾਂ ਅਧੀਨ ਹੋ ਰਹੀਆਂ ਹਨ ਅਤੇ ਕਿਸ ਅਥਾਰਿਟੀ ਨੇ ਇਨ੍ਹਾਂ ਨੂੰ ਮਨਜ਼ੂਰੀ ਦਿੱਤੀ ਹੈ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਵਿਰਾਸਤੀ ਅਤੇ ਧਾਰਮਿਕ ਮਹੱਤਤਾ ਨੂੰ ਕਿਸੇ ਵੀ ਕੀਮਤ 'ਤੇ ਨੁਕਸਾਨ ਨਹੀਂ ਪਹੁੰਚਣ ਦਿੱਤਾ ਜਾਵੇਗਾ।

ਦਰਬਾਰ ਸਾਹਿਬ ਦੀ ਪਰਿਕਰਮਾ ਵਿਚੋਂ ਦਿਖਾਈ ਦੇਣ ਵਾਲੀ ਇਕ ਇਮਾਰਤ ਦੀ ਉਸਾਰੀ ਦਾ ਮਾਮਲਾ ਅਦਾਲਤ ਵਿਚ ਵੀ ਪਹੁੰਚ ਚੁੱਕਾ ਹੈ, ਜਿੱਥੇ ਇਸ 'ਤੇ ਸਟੇਅ (ਰੋਕ) ਲੱਗਾ ਹੋਇਆ ਹੈ। ਨਗਰ ਨਿਗਮ ਦੇ ਮਿਊਂਸੀਪਲ ਟਾਊਨ ਪਲੈਨਰ (ਐੱਮ.ਟੀ.ਪੀ.) ਨਰਿੰਦਰ ਸ਼ਰਮਾ ਨੇ ਦੱਸਿਆ ਕਿ ਇਸ ਸੰਬੰਧੀ ਰਿਪੋਰਟ ਬਿਲਡਿੰਗ ਵਿਭਾਗ ਨੂੰ ਭੇਜ ਦਿੱਤੀ ਗਈ ਹੈ। ਪਰ ਸਵਾਲ ਇਹ ਹੈ ਕਿ ਕੀ ਨਗਰ ਨਿਗਮ ਨੇ ਸ਼ੁਰੂਆਤੀ ਪੜਾਅ 'ਤੇ ਇਨ੍ਹਾਂ ਉਸਾਰੀਆਂ ਦੀ ਜਾਂਚ ਨਹੀਂ ਕੀਤੀ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੇਂ-ਸਮੇਂ 'ਤੇ ਇਹ ਮੁੱਦਾ ਉਠਾਇਆ ਅਤੇ ਦੋਸ਼ ਲਗਾਇਆ ਕਿ ਅਜਿਹੀਆਂ ਉਸਾਰੀਆਂ ਨਾਲ ਸ੍ਰੀ ਦਰਬਾਰ ਸਾਹਿਬ ਦੀ ਵਿਰਾਸਤੀ ਅਤੇ ਧਾਰਮਿਕ ਮਹੱਤਤਾ ਨੂੰ ਨੁਕਸਾਨ ਪਹੁੰਚਦਾ ਹੈ। ਇਹ ਸੰਕੇਤ ਮਿਲਦੇ ਹਨ ਕਿ ਨਗਰ ਨਿਗਮ ਨੇ ਸੰਭਵ ਤੌਰ 'ਤੇ ਨਿਯਮਾਂ ਦੀ ਪਾਲਣਾ ਵਿਚ ਢਿੱਲ ਦਿਖਾਈ, ਜਿਸ ਕਾਰਨ ਅਜਿਹੀਆਂ ਇਮਾਰਤਾਂ ਦੀ ਉਸਾਰੀ ਸੰਭਵ ਹੋ ਸਕੀ। ਪਰ, ਅਦਾਲਤੀ ਸਟੇਅ ਦੇ ਬਾਵਜੂਦ, ਪੂਰਨ ਤੌਰ 'ਤੇ ਕਨੂੰਨੀ ਉਲੰਘਣ ਦਾ ਦੋਸ਼ ਸਾਬਤ ਨਹੀਂ ਹੋਇਆ, ਕਿਉਂਕਿ ਮਾਮਲਾ ਅਜੇ ਜਾਂਚ ਅਧੀਨ ਹੈ।





❛ ਪੰਜਾਬ ਟਾਈਮਜ ਅਨੁਸਾਰ ਦਰਬਾਰ ਸਾਹਿਬ ਨੇੜੇ ਉੱਚੀਆਂ ਇਮਾਰਤਾਂ ਦਾ ਮੁੱਦਾ ਸਿਰਫ਼ ਇਕ ਸਥਾਨਕ ਮਸਲਾ ਨਹੀਂ, ਸਗੋਂ ਸਿੱਖ ਪੰਥ ਦੀਆਂ ਭਾਵਨਾਵਾਂ ਅਤੇ ਵਿਰਾਸਤੀ ਮਹੱਤਤਾ ਨਾਲ ਜੁੜਿਆ ਹੈ। ਨਗਰ ਨਿਗਮ ਦੀ ਢਿੱਲ ਅਤੇ ਸਰਕਾਰ ਦੀ ਨਰਮੀ ਨੇ ਇਸ ਮੁੱਦੇ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਸਪੀਕਰ ਸੰਧਵਾਂ ਦੀ ਪਹਿਲਕਦਮੀ ਸਕਾਰਾਤਮਕ ਹੈ, ਪਰ ਇਸ ਦੇ ਨਤੀਜੇ ਤੱਕ ਪਹੁੰਚਣ ਲਈ ਸਮੇਂ ਦੀ ਲੋੜ ਹੈ। ਸਰਕਾਰ ਨੂੰ ਸਖ਼ਤ ਕਦਮ ਚੁੱਕਣ ਦੇ ਨਾਲ-ਨਾਲ ਸਥਾਨਕ ਪ੍ਰਸ਼ਾਸਨ ਅਤੇ ਸ਼ਰਧਾਲੂਆਂ ਦੇ ਸਹਿਯੋਗ ਨਾਲ ਇਕ ਸਥਾਈ ਹੱਲ ਕੱਢਣ ਦੀ ਜ਼ਰੂਰਤ ਹੈ। ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਅਤੇ ਸੁੰਦਰਤਾ ਨੂੰ ਬਰਕਰਾਰ ਰੱਖਣ ਲਈ ਸੰਵੇਦਨਸ਼ੀਲ ਅਤੇ ਪਾਰਦਰਸ਼ੀ ਪਹੁੰਚ ਅਪਣਾਉਣੀ ਹੋਵੇਗੀ।

### ਸਰਕਾਰ ਦੀ ਨਰਮੀ 'ਤੇ ਸਵਾਲ

ਸ੍ਰੀ ਦਰਬਾਰ ਸਾਹਿਬ ਦੇ ਨੇੜੇ ਉੱਚੀਆਂ ਇਮਾਰਤਾਂ ਦਾ ਮੁੱਦਾ ਕਈ ਸਾਲਾਂ ਤੋਂ ਚਰਚਾ ਵਿਚ ਹੈ, ਪਰ ਸਰਕਾਰ ਵੱਲੋਂ ਕੋਈ ਸਖ਼ਤ ਕਦਮ ਨਾ ਚੁੱਕਣ 'ਤੇ ਸਥਾਨਕ ਲੋਕਾਂ ਅਤੇ ਸ਼ਰਧਾਲੂਆਂ ਵਿਚ ਨਾਰਾਜ਼ਗੀ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ ਨੂੰ ਮੁੱਖ ਮੰਤਰੀ ਅਤੇ ਸੀਨੀਅਰ ਆਮ ਆਦਮੀ ਪਾਰਟੀ (ਆਪ) ਆਗੂਆਂ ਦੇ ਸਾਹਮਣੇ ਵਾਰ-ਵਾਰ ਉਠਾਇਆ, ਪਰ ਹੁਣ ਤੱਕ ਕੋਈ ਠੋਸ ਹੱਲ ਨਹੀਂ ਨਿਕਲਿਆ। ਸਪੀਕਰ ਸੰਧਵਾਂ ਦੀ ਰਿਪੋਰਟ ਮੰਗਣ ਦੀ ਪਹਿਲਕਦਮੀ ਨੂੰ ਸਕਾਰਾਤਮਕ ਮੰਨਿਆ ਜਾ ਰਿਹਾ ਹੈ, ਪਰ ਸਵਾਲ ਉੱਠਦਾ ਹੈ ਕਿ ਸਰਕਾਰ ਨੇ ਪਹਿਲਾਂ ਕਿਉਂ ਨਹੀਂ ਸਖ਼ਤੀ ਵਿਖਾਈ?

ਸੰਭਵ ਹੈ ਕਿ ਸਥਾਨਕ ਪ੍ਰਸ਼ਾਸਨ ਅਤੇ ਬਿਲਡਰਾਂ ਦੀ ਮਿਲੀਭੁਗਤ ਜਾਂ ਸਿਆਸੀ ਦਬਾਅ ਨੇ ਸਰਕਾਰ ਦੀ ਕਾਰਵਾਈ ਨੂੰ ਰੋਕਿਆ ਹੋਵੇ। ਇਸ ਦੇ ਨਾਲ ਹੀ, ਅਦਾਲਤੀ ਮਾਮਲੇ ਦੀ ਗੁੰਝਲਦਾਰਤਾ ਵੀ ਸਰਕਾਰ ਦੀ ਨਰਮੀ ਦਾ ਇਕ ਕਾਰਨ ਹੋ ਸਕਦੀ ਹੈ।

### ਦਰਬਾਰ ਸਾਹਿਬ ਦੀ ਸੁਰੱਖਿਆ ਅਤੇ ਸੁੰਦਰਤਾ ਲਈ ਸੁਝਾਅ

ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀ ਸੁਰੱਖਿਆ ਅਤੇ ਸੁੰਦਰਤਾ ਨੂੰ ਬਰਕਰਾਰ ਰੱਖਣ ਲਈ ਹੇਠ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ: ਸਖ਼ਤ ਨਿਯਮਾਂ ਦੀ ਪਾਲਣਾ: ਸ੍ਰੀ ਦਰਬਾਰ ਸਾਹਿਬ ਦੇ ਨੇੜੇ ਨਿਰਮਾਣ ਲਈ ਸਖ਼ਤ ਜ਼ੋਨਿੰਗ ਅਤੇ ਉਚਾਈ ਸੰਬੰਧੀ ਨਿਯਮ ਲਾਗੂ ਕੀਤੇ ਜਾਣ। ਵਿਰਾਸਤੀ ਸਥਾਨਾਂ ਦੀ ਸੁਰੱਖਿਆ ਲਈ ਯੂਨੈਸਕੋ ਅਤੇ ਭਾਰਤੀ ਪੁਰਾਤੱਤਵ ਸਰਵੇਖਣ ਦੀਆਂ ਗਾਈਡਲਾਈਨਜ਼ ਦੀ ਪਾਲਣਾ ਹੋਣੀ ਚਾਹੀਦੀ। ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੇ ਵਿਰਾਸਤੀ ਮਾਰਗ ਨੂੰ ਵਪਾਰਕੀਕਰਨ ਅਤੇ ਅਣਅਧਿਕਾਰਤ ਉਸਾਰੀਆਂ ਤੋਂ ਮੁਕਤ ਰੱਖਣ ਲਈ ਪ੍ਰਭਾਵੀ ਨੀਤੀਆਂ ਬਣਾਈਆਂ ਜਾਣ।

ਸਥਾਨਕ ਸ਼ਰਧਾਲੂਆਂ ਅਤੇ ਸ਼੍ਰੋਮਣੀ ਕਮੇਟੀ ਨੂੰ ਸ਼ਾਮਲ ਕਰਕੇ ਇਕ ਨਿਗਰਾਨੀ ਕਮੇਟੀ ਬਣਾਈ ਜਾਵੇ, ਜੋ ਅਜਿਹੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੇ। ਦਰਬਾਰ ਸਾਹਿਬ ਦੇ ਆਲੇ-ਦੁਆਲੇ ਹਰਿਆਲੀ ਵਧਾਉਣ ਅਤੇ ਸਫ਼ਾਈ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਪ੍ਰੋਜੈਕਟ ਸ਼ੁਰੂ ਕੀਤੇ ਜਾਣ। ਸਥਾਨਕ ਵਪਾਰੀਆਂ ਅਤੇ ਨਿਵਾਸੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਵਿਰਾਸਤੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਮੁਹਿੰਮਾਂ ਚਲਾਈਆਂ ਜਾਣ।

# ਸ਼੍ਰੋਮਣੀ ਕਮੇਟੀ ਨੇ ਰਾਜੋਆਣਾ ਦੀ ਪਟੀਸ਼ਨ ਵਾਪਸ ਲੈਣ ਲਈ ਸਿੱਖ ਜਥੇਬੰਦੀਆਂ ਨਾਲ ਕੀਤੀ ਮੀਟਿੰਗ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਮੁਆਫੀ ਸਬੰਧੀ 2012 ਦੀ ਪਟੀਸ਼ਨ ਵਾਪਸ ਲੈਣ ਲਈ ਸਿੱਖ ਜਥੇਬੰਦੀਆਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕੀਤਾ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਆਗੂਆਂ ਨਾਲ ਮੀਟਿੰਗ ਕਰਕੇ ਕੌਮੀ ਰਾਏ ਬਣਾਉਣ ਦੀ ਪ੍ਰਕਿਰਿਆ ਅਰੰਭੀ। ਰਾਜੋਆਣਾ ਸਬੰਧੀ ਪਟੀਸ਼ਨ ਵਾਪਸੀ ਦੇ ਫ਼ੈਸਲੇ ਲਈ ਕੌਮ ਦੀ ਆਮ ਰਾਏ ਲਾਜ਼ਮੀ ਹੈ। ਇਸ ਦੇ ਮੱਦੇਨਜ਼ਰ ਪੂਰੇ ਵਿਸ਼ਵ ਦਾ ਨੁਮਾਇੰਦਾ ਸਿੱਖ ਇਕੱਠ ਬੁਲਾਇਆ ਜਾਵੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਕੌਮੀ ਆਵਾਜ਼ ਦੇ ਮੱਦੇਨਜ਼ਰ ਪਟੀਸ਼ਨ ਦਾਇਰ ਕੀਤੀ ਸੀ ਪਰ ਦੁੱਖ ਦੀ ਗੱਲ ਹੈ ਕਿ ਲੰਬਾ ਸਮਾਂ ਬੀਤਣ ਮਗਰੋਂ ਵੀ ਸਰਕਾਰ ਦਾ ਇਸ 'ਤੇ ਨਕਾਰਾਤਮਕ ਰਵੱਈਆ ਹੈ।

# ਕਿਸਾਨ ਪੰਜਾਬ ਦੇ ਪਾਣੀਆਂ ਲਈ ਮੋਰਚੇ ਲਾਉਣਗੇ

## ✪ ਬਲਬੀਰ ਸਿੰਘ ਰਾਜੇਵਾਲ ਨੇ ਕੀਤਾ ਐਲਾਨ



ਚੰਡੀਗੜ੍ਹ-ਸੀਨੀਅਰ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ ਝੋਨੇ ਦੀ ਬਿਜਾਈ ਦਾ ਕੰਮ ਪੂਰਾ ਹੋਣ ਮਗਰੋਂ ਪੰਜਾਬ ਦੇ ਪਾਣੀਆਂ ਲਈ ਮੋਰਚੇ ਲਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਦੇ ਹੁਣ ਤਕ ਪਾਣੀ ਬਾਬਤ ਕੀਤੇ ਗਏ ਸਾਰੇ ਸਮਝੌਤਿਆਂ ਨੂੰ ਰੱਦ ਕਰਨ ਦੀ ਮੰਗ ਕਰਾਂਗੇ ਕਿਉਂਕਿ 25 ਸਾਲਾਂ ਤੋਂ ਬਾਅਦ ਹਰ ਸਮਝੌਤੇ 'ਤੇ ਮੁੜ-ਵਿਚਾਰ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਸਾਰੇ ਸਮਝੌਤੇ ਰੱਦ ਕਰ ਕੇ ਇਸ 'ਤੇ ਮੁੜ-ਵਿਚਾਰ ਕਰਨ ਦੀ ਮੰਗ ਕਰੇ। ਉਨ੍ਹਾਂ ਕਿਹਾ ਕਿ ਅਸੀਂ ਭਾਵੁਕ ਲੋਕ ਹਾਂ ਤੇ ਅਸੀਂ ਆਪਣੇ ਦੇਸ਼ ਦਾ ਅਨਾਜ ਸੰਕਟ ਖ਼ਤਮ ਕਰਨ ਲਈ ਆਪਣਾ ਸਾਰਾ ਪਾਣੀ ਮੁਫ਼ਤ 'ਚ ਦੇ ਦਿੱਤਾ, ਅੱਜ ਜਦੋਂ ਸੂਬੇ 'ਚ ਤੇਜ਼ੀ ਨਾਲ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ, ਇਸ ਲਈ ਸਾਡੇ ਲੋਕਾਂ ਦੇ ਜੀਵਨ ਦੀ ਇਕੋ- ਇਕ ਆਸ ਇਥੋਂ ਦੇ ਦਰਿਆਈ ਪਾਣੀ ਰਹਿ ਗਏ ਹਨ ਪਰ ਦੁਖ ਵਾਲੀ ਗੱਲ ਹੈ ਕਿ ਇਸ ਦੇਸ਼ 'ਚ ਜੋ ਵੀ ਸਰਕਾਰਾਂ ਰਹੀਆਂ ਹਨ, ਸਭ ਨੇ ਹਮੇਸ਼ਾ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਲਈ ਸਮਝੌਤੇ ਕੀਤੇ।

# ਸਿੱਖਾਂ ਬਾਰੇ ਬਣਦੀਆਂ ਫਿਲਮਾਂ ਨੂੰ ਰੋਕਣ ਬਾਰੇ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਚਿੰਤਕਾਂ ਦੀ ਮੀਟਿੰਗ

## ✪ ਮਨਮਰਜ਼ੀਆਂ ਕਰ ਰਹੇ ਲੋਕਾਂ ਉਪਰ ਕਨੂੰਨੀ ਤੇ ਧਾਰਮਿਕ ਕਾਰਵਾਈ ਹੋਵੇਗੀ-ਜਥੇਦਾਰ ਅਕਾਲ ਤਖਤ

ਅੰਮ੍ਰਿਤਸਰ-ਸਿੱਖ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਪੁਰਾਤਨ ਸਿੱਖ ਯੋਧਿਆਂ/ਸ਼ਹੀਦਾਂ ਅਤੇ ਸਿੱਖ ਇਤਿਹਾਸ ਦੇ ਵਿਭਿੰਨ ਪਹਿਲੂਆਂ ਉੱਪਰ ਬਣਦੀਆਂ ਫ਼ਿਲਮਾਂ/ਐਨੀਮੇਸ਼ਨ ਫ਼ਿਲਮਾਂ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵੀਡੀਓ ਸਬੰਧੀ ਵਿਚਾਰਾਂ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਸ਼ਖ਼ਸੀਅਤਾਂ, ਸਿੱਖ ਬੁੱਧੀਜੀਵੀਆਂ ਅਤੇ ਵਿਦਵਾਨਾਂ ਤੇ ਕੁਝ ਸਾਬਤ ਸੂਰਤ ਸਿੱਖ ਅਦਾਕਾਰਾਂ ਤੇ ਕਲਾਕਾਰਾਂ ਦੀ ਵਿਸ਼ੇਸ਼ ਇਕੱਤਰਤਾ ਹੋਈ। ਇਹ ਇਕੱਤਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿਚ ਹੋਈ। ਜਿਸ ਦੌਰਾਨ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਗਿਆਨੀ ਰਾਮ ਸਿੰਘ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਸਿੱਖ ਪਛਾਣ, ਸਿਧਾਂਤਾਂ ਅਤੇ ਰਵਾਇਤਾਂ ਨੂੰ ਤਕਨਾਲੋਜੀ ਦੇ ਯੁੱਗ ਵਿੱਚ ਸੰਭਾਲਣ 'ਤੇ ਜ਼ੋਰ ਦਿੱਤਾ ਗਿਆ ਸਮੂਹ ਸ਼ਖ਼ਸੀਅਤਾਂ, ਵਿਦਵਾਨਾਂ ਤੇ ਬੁੱਧੀਜੀਵੀਆਂ ਨੇ ਆਪਣੇ ਸੁਝਾਅ ਰੱਖੇ ਅਤੇ ਇਕੱਤਰਤਾ ਵਿਚ ਇਹ ਮਹਿਸੂਸ ਕੀਤਾ ਗਿਆ ਕਿ ਮੌਜੂਦਾ ਸੂਚਨਾ ਤਕਨਾਲੋਜੀ ਅਤੇ ਏਆਈ ਦੇ ਯੁੱਗ ਵਿਚ ਇਹ ਬਹੁਤ ਹੀ ਸੰਜੀਦਾ ਅਤੇ ਅਹਿਮ ਮਸਲਾ ਹੈ, ਜਿਸ ਸਬੰਧੀ ਠੋਸ ਨੀਤੀ ਬਣਾਉਂਣ ਦੀ ਲੋੜ ਹੈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੇਂ-ਸਮੇਂ ਧਾਰਮਿਕ ਤੇ ਪੰਥਕ ਵਿਦਵਾਨਾਂ ਦੀ ਰਾਏ ਅਨੁਸਾਰ ਸੰਨ 1934, 1940, 2003, 2015 ਅਤੇ 2022 ਵਿੱਚ ਫਿਲਮਾਂ ਬਾਰ ਲਏ ਗਏ ਫ਼ੈਸਲਿਆਂ ਦੀ ਪ੍ਰੋੜ੍ਹਤਾ ਕੀਤੀ ਗਈ ਅਤੇ ਇਨ੍ਹਾਂ ਦੀ ਰੋਸ਼ਨੀ ਵਿਚ ਹੀ ਅਗਾਂਹ-ਵਧੂ ਨੀਤੀ ਘੜਨ ਬਾਰੇ ਵਿਚਾਰ ਹੋਈ।



### ਪੰਥਕ ਜਥੇਬੰਦੀਆਂ ਕਿਉਂ ਕਰ ਰਹੀਆਂ ਨੇ ਵਿਰੋਧ ?

ਪੰਥਕ ਜਥੇਬੰਦੀਆਂ ਮੰਨਦੀਆਂ ਹਨ ਕਿ ਅਜਿਹੀਆਂ ਫਿਲਮਾਂ ਅਕਸਰ ਵਪਾਰਕ ਲਾਭ ਲਈ ਬਣਾਈਆਂ ਜਾਂਦੀਆਂ ਹਨ, ਜਿਸ ਵਿੱਚ ਸਿੱਖ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਮਿਸਾਲ ਵਜੋਂ, ਅਕਸ਼ੇ ਕੁਮਾਰ ਦੀ ਸਰਦਾਰ ਹਰੀ ਸਿੰਘ ਨਲੂਆ ਉੱਤੇ ਫਿਲਮ ਬਣਾਉਣ ਦੀ ਯੋਜਨਾ ਨੂੰ ਵਪਾਰਕ ਮਨੋਰਥ ਨਾਲ ਜੋੜਿਆ ਗਿਆ। ਪੰਥਕ ਜਥੇਬੰਦੀਆਂ ਮੰਨਦੀਆਂ ਹਨ ਕਿ ਅਜਿਹੀਆਂ ਫਿਲਮਾਂ ਸਿੱਖ ਨੌਜਵਾਨਾਂ ਵਿੱਚ ਆਪਣੀ ਵਿਰਾਸਤ ਪ੍ਰਤੀ ਗਲਤ ਸਮਝ ਪੈਦਾ ਕਰ ਸਕਦੀਆਂ ਹਨ। ਜਥੇਦਾਰ ਨੇ ਇਸ ਬਾਰੇ ਇੱਕ ਕਮੇਟੀ ਬਣਾਉਣ ਦੀ ਗੱਲ ਕਹੀ ਹੈ, ਜੋ ਠੋਸ ਨੀਤੀ ਘੜੇਗੀ। ਸਿੱਖ ਸੰਗਠਨ ਅਦਾਲਤਾਂ ਵਿੱਚ ਪਟੀਸ਼ਨਾਂ ਦਾਇਰ ਕਰਕੇ ਅਜਿਹੀਆਂ ਫਿਲਮਾਂ ਦੀ ਰਿਲੀਜ਼ ਨੂੰ ਰੋਕ ਸਕਦੇ ਹਨ। ਪਿਛਲੇ ਸਮੇਂ ਵਿੱਚ ਕਈ ਫਿਲਮਾਂ (ਜਿਵੇਂ "ਨਾਨਕਸ਼ਾਹੀ ਫਕੀਰ") ਨੂੰ ਅਦਾਲਤੀ ਸਟੇਅ ਰਾਹੀਂ ਰੋਕਿਆ ਗਿਆ ਸੀ। ਸਿੱਖ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਸੋਸ਼ਲ ਮੀਡੀਆ ਅਤੇ ਜਨਤਕ ਮੰਚਾਂ ਰਾਹੀਂ ਅਜਿਹੀਆਂ ਫਿਲਮਾਂ ਦਾ ਵਿਰੋਧ ਕਰਕੇ ਨਿਰਮਾਤਾਵਾਂ ਉੱਤੇ ਦਬਾਅ ਬਣਾ ਸਕਦੀਆਂ ਹਨ ਪਰ ਸਰਕਾਰਾਂ ਅਤੇ ਸੈਂਸਰਸ਼ਿਪ ਅਦਾਰਿਆਂ ਦੀ ਉਦਾਸੀਨਤਾ ਇੱਕ ਵੱਡੀ ਰੁਕਾਵਟ ਹੈ। ਇਸ ਸਮੱਸਿਆ ਨੂੰ ਹੱਲ ਕਰਨ ਲਈ ਸਿੱਖ ਸੰਸਥਾਵਾਂ ਨੂੰ ਆਪਣੀ ਨੀਤੀ ਨੂੰ ਮਜ਼ਬੂਤ ਕਰਨ, ਤਕਨੀਕੀ ਮਾਹਿਰਾਂ ਨੂੰ ਸ਼ਾਮਲ ਕਰਨ ਅਤੇ ਸਰਕਾਰਾਂ ਨਾਲ ਸੰਵਾਦ ਵਧਾਉਣ ਦੀ ਲੋੜ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪ੍ਰਾਪਤ ਕੀਤੇ ਗਏ ਸੁਝਾਵਾਂ ਉੱਤੇ ਵਿਚਾਰ ਤੇ ਮੰਥਨ ਕੀਤਾ ਜਾਵੇਗਾ ਅਤੇ ਇਸ ਮਾਮਲੇ ਉੱਤੇ ਅਗਾਂਹ ਵੀ ਵਿਚਾਰ ਜਾਰੀ ਰੱਖਦਿਆ ਗੁਰੂ ਸਿਧਾਂਤਾਂ, ਪੰਥਕ ਰਵਾਇਤਾਂ ਤੇ ਪਰੰਪਰਾਵਾਂ ਦੀ ਰੋਸ਼ਨੀ ਵਿਚ ਠੋਸ ਨੀਤੀ ਤੇ ਨਿਯਮ ਬਣਾਉਣ ਵੱਲ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਵਿਸ਼ੇ ਉੱਤੇ ਛੇਤੀ ਹੀ ਇਕ ਕਮੇਟੀ ਬਣਾ ਕੇ ਪੁੱਜੇ ਸੁਝਾਵਾਂ ਅਤੇ ਲੋੜ ਅਨੁਸਾਰ ਹੋਰ ਪਹਿਲੂਆਂ ਨੂੰ ਵਿਚਾਰ ਕੇ ਮਸੌਦਾ ਤਿਆਰ ਕੀਤਾ ਜਾਵੇਗਾ ਅਤੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਠੋਸ ਨੀਤੀ ਬਣਾਈ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਤਕਨਾਲੋਜੀ ਅਤੇ ਏਆਈ ਨਾਲ ਸਬੰਧਤ ਪਹਿਲੂਆਂ ਨੂੰ ਵਿਚਾਰਨ ਲਈ ਵੀ ਇਸ ਖਿੱਤੇ ਨਾਲ ਜੁੜੇ ਸਿੱਖ ਮਾਹਿਰਾਂ ਦੀ ਬੈਠਕ ਵੀ ਅਗਲੇ ਸਮੇਂ ਵੀ ਕੀਤੀ ਜਾ ਸਕਦੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਬੀਤੇ ਦਿਨੀਂ ਬਾਲੀਬੁੱਡ ਦੇ ਇੱਕ ਅਦਾਕਾਰ ਅਕਸ਼ੇ ਕੁਮਾਰ ਨੇ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਉਹ ਸਿੱਖ ਸ਼ਹੀਦ ਤੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਉੱਤੇ ਫਿਲਮ ਬਣਾਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਦੇ ਵਪਾਰਕ ਹਿੱਤਾਂ ਦਾ ਮਨੋਰਥ ਪੂਰਾ ਕਰਨ ਲਈ ਸਿੱਖ ਕੌਮ ਆਪਣੇ ਨਾਇਕਾਂ ਤੇ ਸ਼ਹੀਦਾਂ ਉੱਤੇ ਇਸ ਤਰ੍ਹਾਂ ਫ਼ਿਲਮਾਂ ਨਹੀਂ ਬਣਨ ਦੇ ਸਕਦੀ।

ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਸਿੱਖ ਸ਼ਹੀਦਾਂ, ਆਦਿ ਮਹਾਂਪੁਰਖਾਂ ਅਤੇ ਸਿੱਖ ਸੰਸਕਾਰਾਂ ਦੀਆਂ ਨਕਲਾਂ ਕਰਕੇ ਫ਼ਿਲਮਾਂ ਨਹੀਂ ਬਣਾਈਆਂ ਜਾ ਸਕਦੀਆਂ।

### ਅਜਿਹੀਆਂ ਫਿਲਮਾਂ ਨਾਲ ਸਿੱਖਾਂ ਦਾ ਕੀ ਨੁਕਸਾਨ ਹੋਵੇਗਾ ?

ਵਪਾਰਕ ਹਿੱਤਾਂ ਲਈ ਫਿਲਮ ਨਿਰਮਾਤਾ ਅਕਸਰ ਸਿੱਖ ਇਤਿਹਾਸ ਦੇ ਤੱਥਾਂ ਨੂੰ ਬਦਲ ਦਿੰਦੇ ਹਨ ਜਾਂ ਸਨਸਨੀਖੇਜ਼ ਬਣਾਉਂਦੇ ਹਨ। ਇਹ ਸਿੱਖ ਇਤਿਹਾਸ ਦੀ ਪਵਿੱਤਰਤਾ ਅਤੇ ਸੱਚਾਈ ਨੂੰ ਢਾਹ ਲਾਉਂਦਾ ਹੈ। ਸਿੱਖ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ, ਜਾਂ ਸਿੱਖ ਸੰਸਕਾਰਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਨਾਲ ਸਿੱਖ ਫਲਸਫੇ ਦੀ ਗਹਿਰਾਈ ਅਤੇ ਮੁੱਲਾਂ ਦਾ ਅਪਮਾਨ ਹੁੰਦਾ ਹੈ। ਮਿਸਾਲ ਵਜੋਂ, ਗੁਰੂ ਸਾਹਿਬਾਨ ਨੂੰ ਮਨੁੱਖੀ ਰੂਪ ਵਿੱਚ ਅਦਾਕਾਰਾਂ ਦੁਆਰਾ ਦਰਸਾਉਣਾ ਸਿੱਖ ਮਰਿਆਦਾ ਦੀ ਉਲੰਘਣਾ ਮੰਨਿਆ ਜਾਂਦਾ ਹੈ। ਅਜਿਹੀਆਂ ਫਿਲਮਾਂ ਜੋ ਸਿਖ ਸੰਵੇਦਨਸ਼ੀਲਤਾ ਨੂੰ ਨਜ਼ਰਅੰਦਾਜ਼ ਕਰਦੀਆਂ ਹਨ, ਸਿੱਖਾਂ ਵਿੱਚ ਰੋਹ ਅਤੇ ਅਸੰਤੁਸ਼ਟੀ ਪੈਦਾ ਕਰਦੀਆਂ ਹਨ। ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਨਾਲ ਸਿੱਖ ਇਤਿਹਾਸ ਜਾਂ ਪਾਤਰਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦਾ ਖਤਰਾ ਵਧਦਾ ਹੈ। ਏਆਈ ਵੀਡੀਓਜ਼ ਜਾਂ ਐਨੀਮੇਸ਼ਨ ਜੋ ਬਿਨਾਂ ਸੰਵੇਦਨਸ਼ੀਲਤਾ ਦੇ ਬਣਾਏ ਜਾਂਦੇ ਹਨ, ਨੌਜਵਾਨ ਪੀੜ੍ਹੀ ਨੂੰ ਗੁਮਰਾਹ ਕਰ ਸਕਦੇ ਹਨ।

# ਪੁਲਿਸ ਨੇ ਨਸ਼ਾ ਸਮੱਗਲਿੰਗ ਦੇ ਦੋਸ਼ ਵਿਚ 10 ਦੋਸ਼ੀਆਂ ਨੂੰ ਕੀਤਾ ਗ੍ਰਿਫ਼ਤਾਰ



ਬਠਿੰਡਾ-ਜ਼ਿਲ੍ਹਾ ਪੁਲਿਸ ਨੇ ਨਸ਼ਾ ਸਮੱਗਲਿੰਗ ਦੇ ਦੋਸ਼ ਵਿਚ 10 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਸਦਰ ਬਠਿੰਡਾ ਪੁਲਿਸ ਨੇ ਪਿੰਡ ਬਹਿਮਣ ਦੀਵਾਨਾ ਤੋਂ ਮੁਲਜ਼ਮ ਜੀਤ ਸਿੰਘ ਨੂੰ 80 ਨਸ਼ੇ ਦੀਆਂ ਗੋਲੀਆਂ ਅਤੇ 5000 ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਸੀਆਈਏ ਸਟਾਫ 2 ਦੀ ਟੀਮ ਨੇ ਪਿੰਡ ਬਲਾਹੜ ਵਿਞੂੰ ਤੋਂ ਮੁਲਜ਼ਮ ਸੁਰਿੰਦਰ ਕੁਮਾਰ ਅਤੇ ਪ੍ਰਿੰਸ ਕੁਮਾਰ ਵਾਸੀਆਨ ਗੋਨਿਆਣਾ ਮੰਡੀ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਬਾਲਿਆਂਵਾਲੀ ਪੁਲਿਸ ਨੇ ਨਵਨੀਤ ਕੁਮਾਰ ਵਾਸੀ ਰਾਮਪੁਰਾ ਮੰਡੀ ਅਤੇ ਜਗਮੀਤ ਸਿੰਘ ਵਾਸੀ ਖੋਖਰ ਨੂੰ ਪਿੰਡ ਭੂੰਦੜ ਤੋਂ 350 ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਥਾਣਾ ਮੌੜ ਪੁਲਿਸ ਨੇ ਪਿੰਡ ਸੰਦੋਹਾ ਤੋਂ ਮੁਲਜ਼ਮ ਸੁਖਵਿੰਦਰ ਸਿੰਘ ਨੂੰ 20 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਗ੍ਰਿਫ਼ਤਾਰ ਕੀਤਾ। ਇਸੇ ਤਰ੍ਹਾਂ ਥਾਣਾ ਤਲਵੰਡੀ ਸਾਬੋ ਪੁਲਿਸ ਨੇ ਅਰਜਨ ਸਿੰਘ ਵਾਸੀ ਪਿੰਡ ਭਾਗੀਵਾਂਦਰ ਨੂੰ 2.65 ਗ੍ਰਾਮ ਹੈਰੋਇਨ ਅਤੇ 50 ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਥਾਣਾ ਰਾਮਾ ਪੁਲਿਸ ਨੇ ਮੁਲਜ਼ਮ ਪਰਗਟ ਸਿੰਘ ਨੂੰ 120 ਕੈਪਸੂਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਨੰਦਗੜ੍ਹ ਪੁਲਿਸ ਨੇ ਪਿੰਡ ਚੁੱਘੇ ਕਲਾਂ ਤੋਂ ਮੁਲਜ਼ਮ ਗੁਰਪ੍ਰੀਤ ਸਿੰਘ ਨੂੰ 100 ਲੀਟਰ ਲਾਹਣ ਅਤੇ ਸ਼ਰਾਬ ਦੀ ਭੱਠੀ ਸਮੇਤ ਗ੍ਰਿਫ਼ਤਾਰ ਕਰ ਕੇ ਮਾਮਲਾ ਦਰਜ ਕਰ ਲਿਆ ਹੈ।

# ਅਰਸ਼ ਡੱਲਾ ਨਾਲ ਜੁੜੇ ਮਾਮਲੇ ਵਿਚ ਐੱਨਆਈਏ ਨੇ ਹਰਿਆਣਾ, ਦਿੱਲੀ, ਰਾਜਸਥਾਨ ਵਿੱਚ ਮਾਰੇ ਛਾਪੇ



ਦਿੱਲੀ-ਐੱਨਆਈਏ ਨੇ ਖਾਲਿਸਤਾਨੀ 2024 ਨੀਮਰਾਣਾ ਹੋਟਲ ਗੋਲੀਬਾਰੀ ਮਾਮਲੇ ਦੀ ਜਾਂਚ ਵਿੱਚ ਰਾਜਸਥਾਨ, ਹਰਿਆਣਾ ਅਤੇ ਦਿੱਲੀ ਵਿੱਚ 10 ਟਿਕਾਣਿਆਂ 'ਤੇ ਛਾਪੇ ਮਾਰੇ। ਇਲੈਕਟ੍ਰਾਨਿਕ ਉਪਕਰਨ ਅਤੇ ਸਮੱਗਰੀ ਜ਼ਬਤ ਕੀਤੀ ਗਈ। ਹਮਲਾਵਰ ਬੰਬੀਹਾ ਗੈਂਗ ਦੇ ਮੈਂਬਰ ਸਨ, ਜੋ ਡੱਲਾ ਦੇ ਅਤਿਵਾਦੀ-ਗੈਂਗਸਟਰ ਨੈੱਟਵਰਕ ਨਾਲ ਜੁੜੇ ਸਨ ਅਤੇ ਜਬਰੀ ਵਸੂਲੀ ਲਈ ਹਮਲਾ ਕੀਤਾ।

# ਕ੍ਰਿਸ਼ਨ ਕੁਮਾਰ: ਪੰਜਾਬ ਦਾ ਸੂਰਮਾ, ਜਿਸਨੇ ਪਾਣੀਆਂ ਦੀ ਲੜਾਈ ਲੜੀ

**ਖਾਸ ਖਬਰ**

## ✪ ਪਾਣੀ ਦੀ ਵੰਡ ਦੇ ਵਿਵਾਦ ਵਿੱਚ ਪੰਜਾਬ ਦੀ ਅਵਾਜ਼ ਨੂੰ ਕੀਤਾ ਮਜ਼ਬੂਤ

ਜਦੋਂ ਪੰਜਾਬ ਦੀ ਧਰਤੀ ਆਪਣੇ ਪਾਣੀਆਂ ਦੇ ਹੱਕ ਲਈ ਸੰਘਰਸ਼ ਕਰ ਰਹੀ ਸੀ, ਤਾਂ ਇੱਕ ਸੂਰਮਾ, ਕ੍ਰਿਸ਼ਨ ਕੁਮਾਰ, ਨੇ ਆਪਣੀ ਅਡੋਲ ਦ੍ਰਿੜਤਾ ਅਤੇ ਨਿਯਮਾਂ ਪ੍ਰਤੀ ਸਮਰਪਣ ਨਾਲ ਪੰਜਾਬ ਦਾ ਮਾਣ ਵਧਾਇਆ। ਪੰਜਾਬ ਦੇ ਪ੍ਰਿੰਸੀਪਲ ਸਕੱਤਰ (ਜਲ ਸਰੋਤ) ਵਜੋਂ, ਉਹ ਹਰਿਆਣੇ ਨਾਲ ਨਦੀਆਂ ਦੇ ਪਾਣੀ ਦੀ ਵੰਡ ਦੇ ਵਿਵਾਦ ਵਿੱਚ ਪੰਜਾਬ ਦੀ ਅਵਾਜ਼ ਨੂੰ ਨਾ ਸਿਰਫ਼ ਮਜ਼ਬੂਤ ਕਰ ਰਹੇ ਹਨ, ਸਗੋਂ ਇਤਿਹਾਸ ਦੇ ਪੰਨਿਆਂ 'ਤੇ ਅਮਿੱਟ ਛਾਪ ਛੱਡ ਰਹੇ ਹਨ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਭਭੰਬ) ਦੀਆਂ ਮੀਟਿੰਗਾਂ ਵਿੱਚ, ਜਿੱਥੇ ਹਰਿਆਣੇ ਅਤੇ ਕੇਂਦਰੀ ਦਬਾਅ ਪੰਜਾਬ ਨੂੰ "ਵਾਧੂ" ਪਾਣੀ ਛੱਡਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਦੇ ਹਨ, ਕ੍ਰਿਸ਼ਨ ਕੁਮਾਰ ਇੱਕ ਸੱਚੇ ਸਿਪਾਹੀ ਵਾਂਗ ਡਟ ਕੇ ਮੁਕਾਬਲਾ ਕਰਦੇ ਹਨ। ਉਹ ਨਿਯਮਾਂ, ਅੰਕੜਿਆਂ ਅਤੇ ਤਰਕ ਦੀ ਮਜ਼ਬੂਤ ਬੁਨਿਆਦ 'ਤੇ ਆਪਣੀਆਂ ਦਲੀਲਾਂ ਪੇਸ਼ ਕਰਦੇ ਹਨ, ਜਿਸ ਨਾਲ ਪੰਜਾਬ ਦੇ ਹਿੱਤਾਂ ਦੀ ਰਾਖੀ ਹੁੰਦੀ ਹੈ।

### 30 ਅਪ੍ਰੈਲ ਦੀ ਮੀਟਿੰਗ : ਇੱਕ ਇਤਿਹਾਸਕ ਜੰਗ

30 ਅਪ੍ਰੈਲ, 2025 ਦੀ ਭਭੰਬ ਮੀਟਿੰਗ ਵਿੱਚ, ਜਦੋਂ ਸਾਰੇ ਮੈਂਬਰ "ਵਾਧੂ" ਪਾਣੀ ਛੱਡਣ ਦੇ ਹੱਕ ਵਿੱਚ ਵੋਟ ਪਾ ਰਹੇ ਸਨ, ਕ੍ਰਿਸ਼ਨ ਕੁਮਾਰ ਨੇ ਇਕੱਲੇ ਹੀ ਇਸ ਜੰਗ ਨੂੰ 5.5 ਘੰਟਿਆਂ ਤੱਕ ਲੜਿਆ। ਉਨ੍ਹਾਂ ਨੇ ਪੰਜਾਬ ਦੇ ਇਤਰਾਜ਼ਾਂ ਨੂੰ ਮੀਟਿੰਗ ਦੌਰਾਨ ਹੀ ਤਿੰਨ ਪੰਨਿਆਂ ਦੇ ਦਸਤਾਵੇਜ਼ ਵਿੱਚ ਟਾਈਪ ਕਰਕੇ ਰਿਕਾਰਡ 'ਤੇ ਰੱਖਿਆ। ਭਭੰਬ ਦੀ ਇਤਰਾਜ਼ਾਂ ਨੂੰ ਈਮੇਲ ਰਾਹੀਂ ਲੈਣ ਦੀ ਕੋਸ਼ਿਸ਼ ਨੂੰ ਉਨ੍ਹਾਂ ਨੇ ਨਾਕਾਮ ਕਰ ਦਿੱਤਾ। ਇਹ ਸਿਰਫ਼ ਇੱਕ ਮੀਟਿੰਗ ਨਹੀਂ ਸੀ, ਸਗੋਂ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਇੱਕ ਇਤਿਹਾਸਕ ਲੜਾਈ ਸੀ, ਜਿਸ ਵਿੱਚ ਕ੍ਰਿਸ਼ਨ ਕੁਮਾਰ ਨੇ ਆਪਣੀ ਸੂਝਬੂਝ ਅਤੇ ਸਖ਼ਤ ਪਹੁੰਚ ਨਾਲ ਪੰਜਾਬ ਦੀ ਜਿੱਤ ਨੂੰ ਯਕੀਨੀ ਬਣਾਇਆ।

### ਕ੍ਰਿਸ਼ਨ ਕੁਮਾਰ ਦੀ ਮੁਹਾਰਤ ਅਤੇ ਪੰਜਾਬ ਪ੍ਰਤੀ ਸਮਰਪਣ

ਕ੍ਰਿਸ਼ਨ ਕੁਮਾਰ ਦੀ ਮੁਹਾਰਤ ਅਤੇ ਨਿਯਮਾਂ ਪ੍ਰਤੀ ਵਫ਼ਾਦਾਰੀ ਨੇ ਉਨ੍ਹਾਂ ਨੂੰ ਪੰਜਾਬ ਦੇ ਪਾਣੀ ਦੇ ਮਸਲੇ ਦਾ ਸਭ ਤੋਂ ਮਜ਼ਬੂਤ ਸਿਪਾਹੀ ਬਣਾਇਆ ਹੈ। ਉਨ੍ਹਾਂ ਦੀ ਵਿਹਾਰਕ ਅਤੇ ਸਖ਼ਤ ਪਹੁੰਚ ਨੇ ਪੰਜਾਬ ਦੀ ਅਵਾਜ਼ ਨੂੰ ਕੇਂਦਰੀ ਪੱਧਰ 'ਤੇ ਗੂੰਜਦਾਰ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਉਨ੍ਹਾਂ 'ਤੇ ਭਰੋਸਾ ਪੂਰੀ ਤਰ੍ਹਾਂ ਜਾਇਜ਼ ਹੈ, ਕਿਉਂਕਿ ਉਨ੍ਹਾਂ ਦਾ ਤਜਰਬਾ ਅਤੇ ਸਫਲਤਾ ਦਾ ਰਿਕਾਰਡ ਇਹ ਸਾਬਤ ਕਰਦਾ ਹੈ ਕਿ ਇਸ ਮਸਲੇ ਨੂੰ ਸੰਭਾਲਣ ਲਈ ਉਹ ਸਭ ਤੋਂ ਯੋਗ ਵਿਅਕਤੀ ਹਨ। ਇਸ ਮਸਲੇ ਨੂੰ ਕਿਸੇ ਹੋਰ ਨੂੰ ਸੌਂਪਣ ਦੀ ਕੋਈ ਲੋੜ ਨਹੀਂ, ਕਿਉਂਕਿ ਕ੍ਰਿਸ਼ਨ ਕੁਮਾਰ ਪਹਿਲਾਂ ਹੀ ਪੰਜਾਬ ਦੀ ਮਜ਼ਬੂਤੀ ਨਾਲ ਨੁਮਾਇੰਦਗੀ ਕਰ ਰਹੇ ਹਨ।

### ਪੰਜਾਬ ਲਈ ਅਹਿਮ ਪ੍ਰਾਪਤੀਆਂ

ਕ੍ਰਿਸ਼ਨ ਕੁਮਾਰ ਦੀ ਸੇਵਾ ਸਿਰਫ਼ ਪਾਣੀ ਦੇ ਮਸਲੇ ਤੱਕ ਸੀਮਤ ਨਹੀਂ। ਉਨ੍ਹਾਂ ਨੇ ਸਿੱਖਿਆ, ਸਮਾਜਿਕ ਸੁਧਾਰ ਅਤੇ ਪ੍ਰਸ਼ਾਸਨਿਕ ਸੁਧਾਰਾਂ ਵਿੱਚ ਵੀ ਅਹਿਮ ਯੋਗਦਾਨ ਪਾਇਆ ਹੈ।

### ਸਿੱਖਿਆ ਸੁਧਾਰ

ਡਾਇਰੈਕਟਰ ਜਨਰਲ (ਸਕੂਲ ਸਿੱਖਿਆ) ਅਤੇ ਸਕੱਤਰ (ਸਿੱਖਿਆ) ਵਜੋਂ, ਕ੍ਰਿਸ਼ਨ ਕੁਮਾਰ ਨੇ ਪੰਜਾਬ ਦੀ ਸਕੂਲੀ ਸਿੱਖਿਆ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। 2017 ਵਿੱਚ, ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਨੇ ਰਾਸ਼ਟਰੀ ਪਰਫਾਰਮੈਂਸ ਗ੍ਰੇਡਿੰਗ ਇੰਡੈਕਸ ਵਿੱਚ 22ਵੇਂ ਸਥਾਨ ਤੋਂ ਸਿਖਰ 'ਤੇ ਜਗ੍ਹਾ ਬਣਾਈ। ਉਨ੍ਹਾਂ ਨੇ ਤਬਾਦਲਿਆਂ ਵਿੱਚ ਮੈਰਿਟ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ, ਸਿਆਸੀ ਦਖ਼ਲਅੰਦਾਜ਼ੀ ਨੂੰ ਖਤਮ ਕੀਤਾ, ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਵੱਡੇ ਸੁਧਾਰ ਕੀਤੇ। ਇਸ ਤੋਂ ਇਲਾਵਾ, ਸਕੂਲਾਂ ਵਿੱਚ ਪੰਜਾਬੀ ਬੋਲਣ 'ਤੇ ਪਾਬੰਦੀ ਦੇ ਵਿਰੁੱਧ ਸਖ਼ਤ ਹਦਾਇਤਾਂ ਜਾਰੀ ਕਰਕੇ ਉਨ੍ਹਾਂ ਨੇ ਪੰਜਾਬੀ ਸਭਿਆਚਾਰ ਦੀ ਸੰਭਾਲ ਵਿੱਚ ਵੀ ਯੋਗਦਾਨ ਪਾਇਆ।



### ਕੁੜੀਆਂ ਦੀ ਭਰੂਣ ਹੱਤਿਆ ਵਿਰੁੱਧ ਮੁਹਿੰਮ

2005-2007 ਵਿੱਚ ਨਵਾਂਸ਼ਹਿਰ ਦੇ ਡਿਪਟੀ ਕਮਿਸ਼ਨਰ ਵਜੋਂ, ਕ੍ਰਿਸ਼ਨ ਕੁਮਾਰ ਨੇ 'ਨਵਾਂਸ਼ਹਿਰ ਮਾਡਲ' ਤਿਆਰ ਕੀਤਾ, ਜਿਸ ਨੇ ਕੁੜੀਆਂ ਦੀ ਭਰੂਣ ਹੱਤਿਆ ਨੂੰ ਰੋਕਣ ਲਈ ਸਮਾਜਿਕ ਅਤੇ ਮੈਡੀਕਲ ਆਡਿਟ ਦੀ ਵਿਵਸਥਾ ਕੀਤੀ। ਇਸ ਮਾਡਲ ਨੂੰ ਸੂਬਾਈ ਅਤੇ ਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ, ਅਤੇ ਕੇਂਦਰੀ ਸਿਹਤ ਮੰਤਰਾਲੇ ਨੇ ਸਾਰੇ ਰਾਜਾਂ ਨੂੰ ਇਸ ਨੂੰ ਅਪਣਾਉਣ ਦੀ ਸਿਫਾਰਸ਼ ਕੀਤੀ। ਇਹ ਮਾਡਲ ਅੱਜ ਵੀ ਸਮਾਜਿਕ ਸੁਧਾਰ ਦੀ ਇੱਕ ਮਿਸਾਲ ਹੈ।

### ਜਲ ਸਰੋਤ ਵਿਭਾਗ

2022 ਤੋਂ ਜਲ ਸਰੋਤ ਵਿਭਾਗ ਵਿੱਚ, ਕ੍ਰਿਸ਼ਨ ਕੁਮਾਰ ਪੰਜਾਬ ਦੇ ਪਾਣੀ ਦੇ ਹੱਕਾਂ ਦੀ ਰਾਖੀ ਲਈ ਅਣਥੱਕ ਸੰਘਰਸ਼ ਕਰ ਰਹੇ ਹਨ। ਭਭੰਬ ਵਿੱਚ ਉਹ ਪੰਜਾਬ ਦੇ ਹਿੱਤਾਂ ਨੂੰ ਨਿਯਮਾਂ ਅਤੇ ਅੰਕੜਿਆਂ ਦੇ ਆਧਾਰ 'ਤੇ ਮਜ਼ਬੂਤੀ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਦੀ ਇਸ ਮੁਹਿੰਮ ਨੇ ਪੰਜਾਬ ਦੇ ਪਾਣੀ ਦੇ ਹੱਕਾਂ ਨੂੰ ਕੇਂਦਰੀ ਦਬਾਅ ਦੇ ਸਾਮ੍ਹਣੇ ਸੁਰੱਖਿਅਤ ਰੱਖਿਆ ਹੈ। ਕ੍ਰਿਸ਼ਨ ਕੁਮਾਰ ਪੰਜਾਬ ਦੀ ਆਤਮਾ ਦਾ ਸੱਚਾ ਸੇਵਕ ਹੈ।

ਕ੍ਰਿਸ਼ਨ ਕੁਮਾਰ ਦੀ ਸੇਵਾ ਦਾ ਦਾਇਰਾ ਸਿਰਫ਼ ਪੰਜਾਬ ਦੇ ਪ੍ਰਸ਼ਾਸਨਿਕ ਅਹੁਦਿਆਂ ਤੱਕ ਸੀਮਤ ਨਹੀਂ। ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਪੰਜਾਬ ਦੀ ਸੇਵਾ ਕਰਦਿਆਂ ਨਿਯਮਬੱਧਤਾ ਅਤੇ ਪਾਰਦਰਸ਼ਤਾ ਦੀ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਦੀ ਅਗਵਾਈ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਨਾ ਸਿਰਫ਼ ਅਕਾਦਮਿਕ ਸੁਧਾਰ ਹੋਏ, ਸਗੋਂ ਸਭਿਆਚਾਰਕ ਮੁੱਲਾਂ ਨੂੰ ਵੀ ਮਜ਼ਬੂਤੀ ਮਿਲੀ। ਉਨ੍ਹਾਂ ਦੇ 'ਨਵਾਂਸ਼ਹਿਰ ਮਾਡਲ' ਨੂੰ ਅੱਜ ਵੀ ਸਮਾਜਿਕ ਸੁਧਾਰ ਦੇ ਖੇਤਰ ਵਿੱਚ ਇੱਕ ਮੀਲ ਪੱਥਰ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ, ਕ੍ਰਿਸ਼ਨ ਕੁਮਾਰ ਦੀ ਪ੍ਰਸ਼ਾਸਨਿਕ ਸੂਝਬੂਝ ਅਤੇ ਲੋਕ-ਹਿੱਤੈਸ਼ੀ ਨੀਤੀਆਂ ਨੇ ਉਨ੍ਹਾਂ ਨੂੰ ਪੰਜਾਬ ਦੇ ਸਭ ਤੋਂ ਸਤਿਕਾਰਤ ਅਫਸਰਾਂ ਵਿੱਚ ਸ਼ੁਮਾਰ ਕੀਤਾ ਹੈ। ਉਨ੍ਹਾਂ ਦੀ ਸਖ਼ਤ ਪਹੁੰਚ ਅਤੇ ਸਿਦਕ ਨਾਲ ਕੰਮ ਕਰਨ ਦੀ ਆਦਤ ਨੇ ਪੰਜਾਬ ਦੇ ਹਰ ਮਸਲੇ ਵਿੱਚ ਉਨ੍ਹਾਂ ਨੂੰ ਇੱਕ ਅਗਾਂਹਵਧੂ ਨੇਤਾ ਦੇ ਰੂਪ ਵਿੱਚ ਸਥਾਪਤ ਕੀਤਾ ਹੈ।

ਕ੍ਰਿਸ਼ਨ ਕੁਮਾਰ ਨੇ ਸਿੱਖਿਆ, ਸਮਾਜਿਕ ਸੁਧਾਰ ਅਤੇ ਪਾਣੀ ਦੇ ਮਸਲੇ ਵਿੱਚ ਪੰਜਾਬ ਦੀ ਅਣਥੱਕ ਸੇਵਾ ਕੀਤੀ ਹੈ। ਉਨ੍ਹਾਂ ਦੀ ਸਖ਼ਤ, ਨਿਯਮਬੱਧ ਅਤੇ ਅਗਾਂਹਵਧੂ ਸੋਚ ਨੇ ਪੰਜਾਬ ਦੇ ਹਿੱਤਾਂ ਨੂੰ ਨਾ ਸਿਰਫ਼ ਸੁਰੱਖਿਅਤ ਕੀਤਾ, ਸਗੋਂ ਉਨ੍ਹਾਂ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। ਉਹ ਸੱਚਮੁੱਚ ਪੰਜਾਬ ਦਾ ਮਾਣ ਹਨ, ਜਿਨ੍ਹਾਂ ਨੇ ਨਾ ਸਿਰਫ਼ ਡਾਢਿਆਂ ਅੱਗੇ ਗੋਡੇ ਟੇਕਣ ਤੋਂ ਇਨਕਾਰ ਕੀਤਾ, ਸਗੋਂ ਪੰਜਾਬ ਦੇ ਹੱਕਾਂ ਲਈ ਇਤਿਹਾਸਕ ਲੜਾਈ ਲੜੀ।

# ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ, ਕੈਬਨਿਟ ਮੰਤਰੀਆਂ ਨੇ ਕੀਤੀ ਅਗਵਾਈ

ਚੰਡੀਗੜ੍ਹ-ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੋਕ ਲਹਿਰ ਵਜੋਂ ਉਭਾਰਿਆ ਹੈ। ਸਮੂਹ ਕੈਬਨਿਟ ਮੰਤਰੀਆਂ ਨੇ ਜ਼ਿਲ੍ਹਾ ਪੱਧਰੀ ਪ੍ਰੋਗਰਾਮਾਂ ਅਤੇ ਪਿੰਡ ਰੱਖਿਆ ਕਮੇਟੀਆਂ ਰਾਹੀਂ ਜਾਗਰੂਕਤਾ ਫੈਲਾਉਣ ਦਾ ਬੀੜਾ ਚੁੱਕਿਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਸਮੇਤ ਕਈ ਮੰਤਰੀਆਂ ਨੇ ਪਟਿਆਲਾ, ਬਠਿੰਡਾ, ਅੰਮ੍ਰਿਤਸਰ ਅਤੇ ਹੋਰ ਸ਼ਹਿਰਾਂ 'ਚ ਸਮਾਗਮਾਂ 'ਚ ਹਿੱਸਾ ਲਿਆ। ਇਹ ਮੁਹਿੰਮ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਉਣ ਦੀ ਮਜ਼ਬੂਤ ਇਰਾਦੇ ਨੂੰ ਦਰਸਾਉਂਦੀ ਹੈ। ਮੰਤਰੀਆਂ ਨੇ ਸਪੱਸ਼ਟ ਕੀਤਾ ਕਿ ਸਰਕਾਰ ਨੇ ਨਸ਼ਾ ਤਸਕਰਾਂ ਦੇ ਹੌਂਸਲੇ ਪਸਤ ਕੀਤੇ ਹਨ ਅਤੇ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੈ। ਪਿਛਲੀਆਂ ਸਰਕਾਰਾਂ 'ਤੇ ਨਸ਼ਾ ਤਸਕਰਾਂ ਨੂੰ ਪਾਲਣ ਦਾ ਦੋਸ਼ ਲਗਾਉਂਦਿਆਂ ਮੰਤਰੀਆਂ ਨੇ ਕਿਹਾ ਕਿ ਕਿਸੇ ਵੀ ਸਿਆਸੀ ਜਾਂ ਅਫਸਰ ਨੂੰ ਬਖਸ਼ਿਆ ਨਹੀਂ ਜਾਵੇਗਾ।



# ਕਿਸਾਨ ਸੰਘਰਸ਼ ਉਪਰ ਪੰਜਾਬ ਸਰਕਾਰ ਵਲੋਂ ਰੋਕ

## ✪ ਕਿਸਾਨ ਆਗੂ ਡਲੇਵਾਲ ਗ੍ਰਿਫਤਾਰ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਨੇ ਕਿਸਾਨਾਂ ਦੇ ਸੜਕ ਅਤੇ ਰੇਲ ਆਵਾਜਾਈ ਰੋਕਣ ਦੇ ਐਲਾਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਜਿਹੇ ਪ੍ਰਦਰਸ਼ਨਾਂ ਨਾਲ ਲੋਕਾਂ ਨੂੰ ਪਰੇਸ਼ਾਨੀ ਅਤੇ ਸੂਬੇ ਦੇ ਵਿਕਾਸ ਨੂੰ ਨੁਕਸਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸੜਕਾਂ ਬੰਦ ਹੋਣ ਨਾਲ ਮਰੀਜ਼ਾਂ ਨੂੰ ਹਸਪਤਾਲ ਪਹੁੰਚਣ ਵਿੱਚ ਮੁਸ਼ਕਲ ਆਉਂਦੀ ਹੈ ਅਤੇ ਕਣਕ ਦੀ ਢੋਆ-ਢੁਆਈ ਲਈ ਰੇਲ ਸੇਵਾਵਾਂ ਦਾ ਚੱਲਣਾ ਜ਼ਰੂਰੀ ਹੈ। ਦੂਜੇ ਪਾਸੇ, ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਫ਼ਰੀਦਕੋਟ ਪੁਲਿਸ ਨੇ ਉਨ੍ਹਾਂ ਦੇ ਘਰ ਵਿੱਚ ਨਜ਼ਰਬੰਦ ਕਰ ਦਿੱਤਾ। ਡੱਲੇਵਾਲ ਨੇ ਸਰਕਾਰ 'ਤੇ ਕਿਸਾਨਾਂ ਨੂੰ ਡਰਾਉਣ-ਧਮਕਾਉਣ ਦਾ ਦੋਸ਼ ਲਗਾਇਆ। ਇਸ ਦੇ ਨਾਲ ਹੀ, ਬੀ.ਕੇ.ਯੂ. ਦੇ ਜਨਰਲ ਸਕੱਤਰ ਸਮੇਤ ਸੈਂਕੜੇ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਵੱਖ-ਵੱਖ ਥਾਣਿਆਂ ਵਿੱਚ ਲਿਜਾਇਆ ਗਿਆ। ਕਿਸਾਨ ਪੁਲਿਸ ਦੀ ਧੱਕੇਸ਼ਾਹੀ ਅਤੇ ਚੋਰੀ ਹੋਏ ਸਮਾਨ ਦਾ ਇਨਸਾਫ਼ ਮੰਗ ਰਹੇ ਹਨ।



# ਪਾਣੀਆਂ ਦੇ ਹੱਕ ਵਿਚ ਪੰਜਾਬ ਵਿਧਾਨ ਸਭਾ ਦਾ ਸਰਬਸੰਮਤੀ ਮਤਾ ਪਾਸ

## ✪ ਬੀਬੀਐਮਬੀ ਦੀ ਪੱਖਪਾਤੀ ਭੂਮਿਕਾ ’ਤੇ ਸਵਾਲ ਖੜ੍ਹੇ ਕੀਤੇ ✪ 2021 ਦਾ ਡੈਮ ਸੇਫਟੀ ਐਕਟ ਵੀ ਰਾਜਾਂ ਦੇ ਅਧਿਕਾਰਾਂ ’ਤੇ ਹਮਲਾ ਮੰਨਿਆ ✪ ਪਾਣੀਆਂ ਨੂੰ ਬਚਾਉਣ ਲਈ ਕੀ ਰਾਹ ਹਨ ਪੰਜਾਬੀਆਂ ਕੋਲ



ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਦੀ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੀ ਨੀਤੀ ਅਤੇ ਪੱਖਪਾਤੀ ਭੂਮਿਕਾ ’ਤੇ ਸਵਾਲ ਚੁੱਕਦਿਆਂ ਇੱਕ ਵਿਸ਼ੇਸ਼ ਸੈਸ਼ਨ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਇਸ ਮਤੇ ਵਿੱਚ ਕੇਂਦਰ ਸਰਕਾਰ ਦੇ 2021 ਦੇ ਡੈਮ ਸੇਫਟੀ ਐਕਟ ਨੂੰ ਰਾਜਾਂ ਦੇ ਅਧਿਕਾਰਾਂ ਵਿੱਚ ਦਖਲ ਅਤੇ ਸੰਘੀ ਢਾਂਚੇ ਦੀ ਉਲੰਘਣਾ ਕਰਾਰ ਦਿੰਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ। ਨਾਲ ਹੀ, ਬੀਬੀਐਮਬੀ ਨੂੰ ਕੇਂਦਰ ਅਤੇ ਭਾਜਪਾ ਦੀ ਕਠਪੁੱਤਲੀ ਦੱਸਦਿਆਂ ਇਸ ਦੇ ਪੁਨਰਗਠਨ ਅਤੇ 1981 ਦੇ ਪਾਣੀ ਵੰਡ ਸਮਝੌਤੇ ਨੂੰ ਮੌਜੂਦਾ ਸਥਿਤੀ ਅਨੁਸਾਰ ਸੋਧਣ ਦੀ ਮੰਗ ਵੀ ਉਠਾਈ ਗਈ। ਪੰਜਾਬ ਸਰਕਾਰ ਨੇ ਬੀਬੀਐਮਬੀ ਦੀ ਗੁਪਤ ਯੋਜਨਾ ਨੂੰ ਵੀ ਨਾਕਾਮ ਕਰਕੇ ਆਪਣਾ ਸਖਤ ਰੁਖ ਸਪਸ਼ਟ ਕੀਤਾ।

### ਵਿਧਾਨ ਸਭਾ ਦਾ ਮਤਾ: ਪਾਣੀਆਂ ਦੀ ਰਾਖੀ ਲਈ ਇਕਜੁੱਟਤਾ

ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਸੈਸ਼ਨ ਵਿੱਚ ਬੀਬੀਐਮਬੀ ਦੇ ਹਰਿਆਣਾ ਨੂੰ 4500 ਕਿਊਸਿਕ ਵਾਧੂ ਪਾਣੀ ਦੇਣ ਦੇ ਫੈਸਲੇ ’ਤੇ ਸਖਤ ਇਤਰਾਜ਼ ਜਤਾਇਆ। ਮੁੱਖ ਮੰਤਰੀ ਭਗਵੰਤ ਮਾਨ ਨੇ ਸਪਸ਼ਟ ਕੀਤਾ ਕਿ 20 ਮਈ ਤੱਕ ਹਰਿਆਣਾ ਨੂੰ ਪੰਜਾਬ ਦੇ ਹਿੱਸੇ ਵਿੱਚੋਂ 4000 ਕਿਊਸਿਕ ਤੋਂ ਵੱਧ ਪਾਣੀ ਨਹੀਂ ਦਿੱਤਾ ਜਾਵੇਗਾ। ਮਤੇ ਵਿੱਚ 1981 ਦੇ ਸਮਝੌਤੇ ਨੂੰ ਮੌਜੂਦਾ ਪਾਣੀ ਦੀ ਉਪਲਬਧਤਾ (17.17 ਐਮਏਐਫ ਤੋਂ ਘਟ ਕੇ 12.91 ਐਮਏਐਫ) ਦੇ ਅਧਾਰ ’ਤੇ ਨਵੇਂ ਸਿਰੇ ਤੋਂ ਵਿਚਾਰਨ ਦੀ ਮੰਗ ਕੀਤੀ ਗਈ।

ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੰਜਾਬ ਨੇ ਨਹਿਰੀ ਪਾਣੀ ਦੀ ਵਰਤੋਂ 22% ਤੋਂ ਵਧਾ ਕੇ 60% ਕਰ ਦਿੱਤੀ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਈ ਹੈ। ਸਾਰੀਆਂ ਸਿਆਸੀ ਪਾਰਟੀਆਂ, ਜਿਨ੍ਹਾਂ ਵਿੱਚ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ, ਅਕਾਲੀ ਦਲ ਅਤੇ ‘ਆਪ’ ਦੇ ਪ੍ਰਤੀਨਿਧ ਵਿਧਾਇਕ ਸ਼ਾਮਲ ਹਨ, ਨੇ ਪੰਜਾਬ ਦੇ ਹਿੱਤਾਂ ਲਈ ਇਕਜੁੱਟਤਾ ਦਿਖਾਈ

### ਬੀਬੀਐਮਬੀ ’ਤੇ ਪੱਖਪਾਤ ਦੇ ਦੋਸ਼ ਅਤੇ ਵਿੱਤੀ ਅਸੰਤੁਲਨ

ਪੰਜਾਬ ਸਰਕਾਰ ਨੇ ਬੀਬੀਐਮਬੀ ’ਤੇ ਪੰਜਾਬ ਦੇ ਅਧਿਕਾਰੀਆਂ ਨੂੰ ਹਟਾਉਣ ਅਤੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਦੋਸ਼ ਲਗਾਇਆ। ਮੰਤਰੀ ਗੋਇਲ ਨੇ ਕਿਹਾ ਕਿ ਬੀਬੀਐਮਬੀ ਦੇ 1200 ਕਰੋੜ ਰੁਪਏ ਦੇ ਸਾਲਾਨਾ ਬਜਟ ਵਿੱਚ ਪੰਜਾਬ 60% (700 ਕਰੋੜ ਤੋਂ ਵੱਧ) ਦਾ ਯੋਗਦਾਨ ਦਿੰਦਾ ਹੈ, ਜਦਕਿ ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਮਿਲ ਕੇ 40% ਦਿੰਦੇ ਹਨ। ਇਸ ਦੇ ਬਾਵਜੂਦ, ਬੀਬੀਐਮਬੀ ਵਿੱਚ ਪੰਜਾਬ ਦੀ ਵੋਟ ਸਿਰਫ ਇੱਕ ਹੈ, ਜੋ ਅਨੁਚਿਤ ਹੈ। ਮੁੱਖ ਮੰਤਰੀ ਨੇ ਬੀਬੀਐਮਬੀ ਦੀਆਂ ਮੀਟਿੰਗਾਂ ਨੂੰ ਨਿਯਮਾਂ ਦੀ ਉਲੰਘਣਾ ਕਰਾਰ ਦਿੰਦਿਆਂ ਇਨ੍ਹਾਂ ਦੇ ਫੈਸਲਿਆਂ ਨੂੰ ਗੈਰ-ਸੰਵਿਧਾਨਕ ਦੱਸਿਆ। 2021 ਦਾ ਡੈਮ ਸੇਫਟੀ ਐਕਟ ਵੀ ਰਾਜਾਂ ਦੇ ਅਧਿਕਾਰਾਂ ’ਤੇ ਹਮਲਾ ਮੰਨਿਆ ਗਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਅਤੇ ਬੰਗਾਲ ਵਰਗੇ ਰਾਜਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ।

### ਪੰਜਾਬ ਦੀਆਂ ਚੁਣੌਤੀਆਂ ਅਤੇ ਕਾਨੂੰਨੀ ਰੁਖ

ਪੰਜਾਬ ਦੇ 153 ਵਿੱਚੋਂ 120 ਬਲਾਕ ਡਾਰਕ ਜ਼ੋਨ ਵਿੱਚ ਹਨ, ਜਿਸ ਕਾਰਨ ਪਾਣੀ ਦੀ ਘਾਟ ਇੱਕ ਵੱਡੀ ਸਮੱਸਿਆ ਹੈ। ਸਰਕਾਰ ਨੇ ਸਪਸ਼ਟ ਕੀਤਾ ਕਿ ਹਰਿਆਣਾ ਨੂੰ ਪੰਜਾਬ ਦੇ ਹਿੱਸੇ ਵਿੱਚੋਂ ਵਾਧੂ ਪਾਣੀ ਨਹੀਂ ਦਿੱਤਾ ਜਾਵੇਗਾ, ਸਿਰਫ ਮਨੁੱਖਤਾ ਦੇ ਨਾਤੇ ਪੀਣ ਲਈ 4000 ਕਿਊਸਿਕ ਪਾਣੀ ਦੀ ਇਜਾਜ਼ਤ ਹੈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਬੀਬੀਐਮਬੀ ’ਤੇ ਪੰਜਾਬ ਦੀ ਸੈਂਕੜੇ ਏਕੜ ਜ਼ਮੀਨ ’ਤੇ ਨਾਜਾਇਜ਼ ਕਬਜ਼ੇ ਦਾ ਦੋਸ਼ ਲਗਾਇਆ। ‘ਆਪ’ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ 1966 ਵਿੱਚ ਗੈਰ-ਰਿਪੇਰੀਅਨ ਰਾਜ ਹਰਿਆਣਾ ਨੂੰ 50% ਪਾਣੀ ਦੇਣ ਦਾ ਫੈਸਲਾ ਗੈਰ-ਕਾਨੂੰਨੀ ਸੀ। ਕਾਂਗਰਸ ਨੇਤਾ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸੁਝਾਅ ਦਿੱਤਾ ਕਿ ਪੰਜਾਬ ਨੂੰ ਡੈਮ ਸੇਫਟੀ ਐਕਟ ਦੇ ਵਿਰੁੱਧ ਆਪਣਾ ਕਾਨੂੰਨ ਬਣਾਉਣਾ ਚਾਹੀਦਾ। ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਇਸ ਮੁੱਦੇ ’ਤੇ ਕੋਈ ਸਮਝੌਤਾ ਨਹੀਂ ਕਰੇਗੀ।

ਪੰਜਾਬ ਵਿਧਾਨ ਸਭਾ ਦਾ ਸਰਬਸੰਮਤੀ ਮਤਾ ਅਤੇ ਬੀਬੀਐਮਬੀ ਦੀ ਗੁਪਤ ਯੋਜਨਾ ਨੂੰ ਨਾਕਾਮ ਕਰਨਾ ਸੂਬੇ ਦੇ ਪਾਣੀਆਂ ਦੀ ਰਾਖੀ ਲਈ ਮਜ਼ਬੂਤ ਰੁਖ ਨੂੰ ਦਰਸਾਉਂਦਾ ਹੈ। ਸਾਰੀਆਂ ਸਿਆਸੀ ਪਾਰਟੀਆਂ ਦੀ ਇਕਜੁੱਟਤਾ ਅਤੇ ਸਰਕਾਰ ਦੀ ਮੁਸਤੈਦੀ ਨੇ ਬੀਬੀਐਮਬੀ ਅਤੇ ਕੇਂਦਰ ਸਰਕਾਰ ’ਤੇ ਦਬਾਅ ਵਧਾਇਆ ਹੈ। ਪੰਜਾਬ ਦੀਆਂ ਮੁੱਖ ਮੰਗਾਂ ਵਿੱਚ ਬੀਬੀਐਮਬੀ ਦਾ ਪੁਨਰਗਠਨ, 1981 ਦੇ ਸਮਝੌਤੇ ਦੀ ਸਮੀਖਿਆ ਅਤੇ ਡੈਮ ਸੇਫਟੀ ਐਕਟ ਨੂੰ ਵਾਪਸ ਲੈਣਾ ਸ਼ਾਮਲ ਹਨ। ਹਰਿਆਣਾ ਦੇ ਵਿਰੋਧ ਅਤੇ ਅਦਾਲਤੀ ਕਾਰਵਾਈ ਨੇ ਮੁੱਦੇ ਨੂੰ ਪੇਚੀਦਾ ਕੀਤਾ ਹੈ, ਪਰ ਪੰਜਾਬ ਸਰਕਾਰ ਦਾ ਸਟੈਂਡ ਸਪਸ਼ਟ ਹੈ ਕਿ ਉਹ ਆਪਣੇ ਪਾਣੀ ਦੇ ਹੱਕ ਦੀ ਰਾਖੀ ਕਰੇਗੀ।

### ਪੰਜਾਬ ਦੀ ਸਾਵਧਾਨੀ ਕਾਰਣ ਬੀਬੀਐਮਬੀ ਦੀ ਯੋਜਨਾ ਨਾਕਾਮ

ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਬੀਬੀਐਮਬੀ ਦੀ ਭਾਖੜਾ ਡੈਮ ਤੋਂ ਰਾਤ ਦੌਰਾਨ ਹਰਿਆਣਾ ਲਈ ਵਾਧੂ ਪਾਣੀ ਛੱਡਣ ਦੀ ਗੁਪਤ ਯੋਜਨਾ ਨੂੰ ਨਾਕਾਮ ਕਰ ਦਿੱਤਾ। ਜਲ ਸਰੋਤ ਵਿਭਾਗ ਨੂੰ ਸੂਚਨਾ ਮਿਲਣ ’ਤੇ ਤੁਰੰਤ ਤਾਰ ਜਾਰੀ ਕੀਤੀ ਗਈ, ਜਿਸ ਵਿੱਚ ਕਿਹਾ ਗਿਆ ਕਿ ਭਾਖੜਾ ਨਹਿਰ ਦੇ ਕਿਨਾਰੇ ਟੁੱਟਣ ਦਾ ਖਤਰਾ ਹੈ ਅਤੇ ਬਿਨਾਂ ਇਜਾਜ਼ਤ ਪਾਣੀ ਛੱਡਣ ਨਾਲ ਜਾਨ-ਮਾਲ ਦਾ ਨੁਕਸਾਨ ਹੋ ਸਕਦਾ ਹੈ। ਇਸ ਦੀ ਜ਼ਿੰਮੇਵਾਰੀ ਬੀਬੀਐਮਬੀ ਦੀ ਹੋਵੇਗੀ। ਇਸ ਤੋਂ ਬਾਅਦ ਬੀਬੀਐਮਬੀ ਨੇ ਆਪਣਾ ਫੈਸਲਾ ਵਾਪਸ ਲੈ ਲਿਆ। ਪੰਜਾਬ ਨੇ ਬੀਬੀਐਮਬੀ ਦੀ 5 ਮਈ ਦੀ ਮੀਟਿੰਗ ਦਾ ਵੀ ਬਾਈਕਾਟ ਕੀਤਾ, ਜਿਸ ਵਿੱਚ ਸਿਰਫ ਹਰਿਆਣਾ ਦੇ ਨੁਮਾਇੰਦੇ ਹਾਜ਼ਰ ਸਨ।

### ਪਾਣੀਆਂ ਦੇ ਮਸਲੇ ਦਾ ਹੱਲ ਅਤੇ ਕਾਨੂੰਨੀ ਬਦਲ

ਨਵਾਂ ਸਮਝੌਤਾ: 1981 ਦੇ ਸਮਝੌਤੇ ਨੂੰ ਮੌਜੂਦਾ ਪਾਣੀ ਦੀ ਉਪਲਬਧਤਾ (12.91 ਐਮਏਐਫ) ਦੇ ਅਧਾਰ ’ਤੇ ਸੋਧਣਾ।

ਬੀਬੀਐਮਬੀ ਦਾ ਪੁਨਰਗਠਨ: ਬੀਬੀਐਮਬੀ ਵਿੱਚ ਪੰਜਾਬ ਦੀ ਨੁਮਾਇੰਦਗੀ ਅਤੇ ਵੋਟਿੰਗ ਅਧਿਕਾਰ ਵਧਾਉਣਾ।

ਪਾਣੀ ਦੀ ਬੱਚਤ: ਨਹਿਰੀ ਪਾਣੀ ਦੀ ਵਰਤੋਂ ਵਧਾਉਣ ਅਤੇ ਧਰਤੀ ਹੇਠਲੇ ਪਾਣੀ ’ਤੇ ਨਿਰਭਰਤਾ ਘਟਾਉਣ ਲਈ ਸਾਂਝੀ ਨੀਤੀ।

ਅਦਾਲਤੀ ਹੱਲ: ਸੁਪਰੀਮ ਕੋਰਟ ਜਾਂ ਅੰਤਰਰਾਜੀ ਜਲ ਵਿਵਾਦ ਟ੍ਰਿਬਿਊਨਲ ਰਾਹੀਂ ਨਿਰਪੱਖ ਫੈਸਲਾ।

ਕਾਨੂੰਨੀ ਬਦਲ: ਸੁਪਰੀਮ ਕੋਰਟ: ਬੀਬੀਐਮਬੀ ਦੇ ਫੈਸਲਿਆਂ ਅਤੇ ਡੈਮ ਸੇਫਟੀ ਐਕਟ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣਾ।

ਰਾਜ ਦਾ ਕਾਨੂੰਨ: ਡੈਮ ਸੇਫਟੀ ਐਕਟ ਦੇ ਵਿਰੁੱਧ ਪੰਜਾਬ ਦਾ ਆਪਣਾ ਕਾਨੂੰਨ ਬਣਾਉਣਾ।

ਅੰਤਰਰਾਜੀ ਟ੍ਰਿਬਿਊਨਲ: ਅੰਤਰਰਾਜੀ ਜਲ ਵਿਵਾਦ ਐਕਟ 1956 ਦੇ ਤਹਿਤ ਟ੍ਰਿਬਿਊਨਲ ਦੀ ਮੰਗ। ਸੰਵਿਧਾਨਕ ਅਧਿਕਾਰ: ਸੰਵਿਧਾਨ ਦੀ ਸੱਤਵੀਂ ਸੂਚੀ (ਲਿਸਟ II, ਐਂਟਰੀ 17) ਅਨੁਸਾਰ ਜਲ ਸਰੋਤਾਂ ’ਤੇ ਰਾਜ ਦੇ ਅਧਿਕਾਰ ਦੀ ਵਰਤੋਂ। ਹਾਲਾਂਕਿ, ਪੰਜਾਬ ਹੈਲਿੰਸਕੀ ਰੂਲਜ (1966) ਜਾਂ ਯੂ ਐਨ ਕਨਵੈਨਸ਼ਨ (1997) ਵਰਗੇ ਅੰਤਰਰਾਸ਼ਟਰੀ ਸਿਧਾਂਤ ਦਾ ਹਵਾਲਾ ਦੇ ਕੇ ਰਿਪੇਰੀਅਨ ਅਧਿਕਾਰਾਂ ਦੀ ਵਕਾਲਤ ਕਰ ਸਕਦਾ ਹੈ।

ਰਿਪੇਰੀਅਨ ਕਾਨੂੰਨ ਲਾਗੂ ਨਾ ਹੋਣ ਦੇ ਕਾਰਨ: ਅੰਤਰਰਾਜੀ ਸਮਝੌਤੇ: 1966 ਦੇ ਪੰਜਾਬ ਪੁਨਰਗਠਨ ਐਕਟ ਅਤੇ 1981 ਦੇ ਸਮਝੌਤੇ ਨੇ ਰਿਪੇਰੀਅਨ ਸਿਧਾਂਤ ਨੂੰ ਨਜ਼ਰਅੰਦਾਜ਼ ਕੀਤਾ।

ਕੇਂਦਰੀ ਨਿਯੰਤਰਣ: ਬੀਬੀਐਮਬੀਅਤੇ ਡੈਮ ਸੇਫਟੀ ਐਕਟ ਨੇ ਕੇਂਦਰ ਨੂੰ ਜਲ ਸਰੋਤਾਂ ’ਤੇ ਵਧੇਰੇ ਅਧਿਕਾਰ ਦਿੱਤੇ। ਅੰਤਰਰਾਜੀ ਨਦੀਆਂ ਕੇਂਦਰ ਦੇ ਅਧਿਕਾਰ ਖੇਤਰ ਵਿੱਚ ਹਨ (ਲਿਸਟ1 , ਐਂਟਰੀ 56)। ਪਿਛਲੀਆਂ ਸਰਕਾਰਾਂ ਦੇ ਐਸਵਾਈਐਲ ਨਹਿਰ ਵਰਗੇ ਸਮਝੌਤਿਆਂ ਨੇ ਰਿਪੇਰੀਅਨ ਅਧਿਕਾਰ ਕਮਜ਼ੋਰ ਕੀਤੇ।

ਰਿਪੇਰੀਅਨ ਕਾਨੂੰਨ ਲਾਗੂ ਕਰਨ ਦੀਆਂ ਸੰਭਾਵਨਾਵਾਂ: ਸੁਪਰੀਮ ਕੋਰਟ ਵਿੱਚ ਸਤਲੁਜ, ਰਾਵੀ ਅਤੇ ਬਿਆਸ ’ਤੇ ਪੰਜਾਬ ਦੇ ਭੂਗੋਲਿਕ ਅਧਿਕਾਰ ਦੀ ਵਕਾਲਤ ਕੀਤੀ ਜਾ ਸਕਦੀ ਹੈ। ਅੰਤਰਰਾਸ਼ਟਰੀ ਸਿਧਾਂਤਾਂ ਦਾ ਹਵਾਲਾ ਦੇ ਕੇ ਨੈਤਿਕ ਦਬਾਅ ਪਾਇਆ ਜਾ ਸਕਦਾ ਹੈ।

ਪੰਜਾਬ ਵਿਧਾਨ ਸਭਾ ਦਾ ਮਤਾ ਅਤੇ ਬੀਬੀਐਮਬੀ ਦੀ ਗੁਪਤ ਯੋਜਨਾ ਨੂੰ ਨਾਕਾਮ ਕਰਨਾ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਮਹੱਤਵਪੂਰਨ ਕਦਮ ਹਨ। ਸੁਪਰੀਮ ਕੋਰਟ, ਅੰਤਰਰਾਜੀ ਟ੍ਰਿਬਿਊਨਲ ਅਤੇ ਰਾਜ ਦਾ ਕਾਨੂੰਨ ਮੁੱਖ ਕਾਨੂੰਨੀ ਬਦਲ ਹਨ। ਰਿਪੇਰੀਅਨ ਅਧਿਕਾਰਾਂ ਦੀ ਵਕਾਲਤ ਮਜ਼ਬੂਤੀ ਦੇ ਸਕਦੀ ਹੈ। ਸਥਾਈ ਹੱਲ ਲਈ ਨਵਾਂ ਸਮਝੌਤਾ, ਬੀਬੀਐਮਬੀ ਦਾ ਪੁਨਰਗਠਨ ਅਤੇ ਸਹਿਮਤੀ ਜ਼ਰੂਰੀ ਹੈ।

ਵਿਚਾਰ :– ਦਿਲ ਨੂੰ ਮਜਬੂਤ ਰੱਖੋ ਸਰੀਰ ਖੁਦ ਬ ਖੁਦ ਮਜਬੂਤ ਹੋਵੇਗਾ ।



ਰਜਿੰਦਰ ਸਿੰਘ ਪੁਰੇਵਾਲ

# ਰਾਹੁਲ ਦਾ ਬਿਆਨ: ਸਿੱਖਾਂ ਨਾਲ ਸੁਲ੍ਹਾ ਜਾਂ ਸਿਆਸੀ ਦਾਅਪੇਚ ?

ਰਾਹੁਲ ਗਾਂਧੀ ਦਾ ਤਾਜ਼ਾ ਬਿਆਨ, ਜਿਸ ਵਿੱਚ ਉਨ੍ਹਾਂ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਸਮੇਤ ਕਾਂਗਰਸ ਦੀਆਂ ਅੱਸੀਵਿਆਂ ਦੀਆਂ ਗਲਤੀਆਂ ਦੀ ਜ਼ਿੰਮੇਵਾਰੀ ਲਈ, ਸਿੱਖ ਭਾਈਚਾਰੇ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੈ। ਅਮਰੀਕਾ ਦੀ ਬਰਾਊਨ ਯੂਨੀਵਰਸਿਟੀ ਵਿਖੇ ਇੱਕ ਸਿੱਖ ਨੌਜਵਾਨ ਦੇ ਸਵਾਲ ਦੇ ਜਵਾਬ ਵਿੱਚ ਰਾਹੁਲ ਨੇ ਕਿਹਾ ਸੀ ਕਿ ਉਹ ਪਾਰਟੀ ਦੇ ਅਤੀਤ ਦੀਆਂ ਗਲਤੀਆਂ ਨੂੰ ਸਵੀਕਾਰ ਕਰਦੇ ਹਨ ਅਤੇ ਸਿੱਖ ਭਾਈਚਾਰੇ ਨਾਲ ਉਨ੍ਹਾਂ ਦਾ ਪਿਆਰ ਭਰਿਆ ਰਿਸ਼ਤਾ ਹੈ। ਪਰ, ਕੀ ਇਹ ਬਿਆਨ ਸਿੱਖਾਂ ਦੇ ਜ਼ਖਮਾਂ 'ਤੇ ਮੱਲ੍ਹਮ ਲਾਉਣ ਦੀ ਸੁਹਿਰਦ ਕੋਸ਼ਿਸ਼ ਹੈ, ਜਾਂ ਸਿਰਫ਼ ਸਿਆਸੀ ਲਾਹਾ ਲੈਣ ਦੀ ਚਾਲ ?

ਰਾਹੁਲ ਦੇ ਬਿਆਨ ਨੂੰ ਸਿੱਖ ਭਾਈਚਾਰੇ ਦੇ ਕੁਝ ਹਿੱਸਿਆਂ ਵੱਲੋਂ ਸਕਾਰਾਤਮਕ ਮੰਨਿਆ ਜਾ ਸਕਦਾ ਹੈ, ਕਿਉਂਕਿ ਇਹ 1984 ਦੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਸਵੀਕਾਰ ਕਰਨ ਦੀ ਪਹਿਲੀ ਸੁਹਿਰਦ ਕੋਸ਼ਿਸ਼ ਜਾਪਦੀ ਹੈ। ਸਿੱਖ ਭਾਈਚਾਰੇ ਦੇ ਜ਼ਖਮ, ਜੋ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਅਤੇ ਦਿੱਲੀ ਵਿੱਚ ਹੋਏ ਕਤਲੇਆਮ ਨਾਲ ਲੱਗੇ, ਅਜੇ ਵੀ ਤਾਜ਼ਾ ਹਨ। ਰਾਹੁਲ ਦਾ ਇਹ ਮੰਨਣਾ ਕਿ "ਅੱਸੀਵਿਆਂ ਵਿੱਚ ਜੋ ਹੋਇਆ, ਉਹ ਗਲਤ ਸੀ," ਸੁਲ੍ਹਾ ਦੀ ਦਿਸ਼ਾ ਵਿੱਚ ਇੱਕ ਕਦਮ ਹੋ ਸਕਦਾ ਹੈ। ਪਰ, ਸਿੱਖ ਭਾਈਚਾਰੇ ਦਾ ਵੱਡਾ ਹਿੱਸਾ ਇਸ ਬਿਆਨ ਨੂੰ ਅਧੂਰਾ ਮੰਨਦਾ ਹੈ, ਕਿਉਂਕਿ ਇਸ ਵਿੱਚ ਸਪਸ਼ਟ ਮੁਆਫੀ ਜਾਂ ਕਤਲੇਆਮ ਦੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਗੱਲ ਨਹੀਂ। ਜਦੋਂ ਤੱਕ ਰਾਹੁਲ ਜਾਂ ਕਾਂਗਰਸ ਸੰਸਦ ਵਿੱਚ ਖੁੱਲ੍ਹ ਕੇ ਮੁਆਫੀ ਨਹੀਂ ਮੰਗਦੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿਵਾਉਂਦੀ, ਇਹ ਬਿਆਨ ਸਿੱਖਾਂ ਦੇ ਦਿਲਾਂ ਨੂੰ ਪੂਰੀ ਤਰ੍ਹਾਂ ਨਹੀਂ ਜਿੱਤ ਸਕੇਗਾ। ਦੋਸ਼ੀਆਂ ਨੂੰ ਸੁਰੱਖਿਆ ਕਿਉਂ ?

ਨਾਨਾਵਤੀ ਕਮਿਸ਼ਨ ਦੀ ਰਿਪੋਰਟ ਨੇ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਵਰਗੇ ਕਾਂਗਰਸੀ ਆਗੂਆਂ 'ਤੇ ਉਂਗਲ ਚੁੱਕੀ ਸੀ, ਪਰ ਪਾਰਟੀ ਨੇ ਉਨ੍ਹਾਂ ਨੂੰ ਸਪਸ਼ਟ ਤੌਰ 'ਤੇ ਬਾਹਰ ਨਹੀਂ ਕੀਤਾ। ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ, ਕਮਲ ਨਾਥ, ਜਿਨ੍ਹਾਂ 'ਤੇ ਕਤਲੇਆਮ ਭੜਕਾਉਣ ਦੇ ਦੋਸ਼ ਸਨ, ਨੂੰ 2018 ਵਿੱਚ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਗਿਆ, ਜਦੋਂ ਰਾਹੁਲ ਖੁਦ ਪਾਰਟੀ ਦੇ ਪ੍ਰਧਾਨ ਸਨ। ਇਹ ਕਾਰਵਾਈਆਂ ਸਿੱਖ ਭਾਈਚਾਰੇ ਵਿੱਚ ਕਾਂਗਰਸ ਪ੍ਰਤੀ ਅਵਿਸ਼ਵਾਸ ਨੂੰ ਹੋਰ ਡੂੰਘਾ ਕਰਦੀਆਂ ਹਨ। ਜੇਕਰ ਕਾਂਗਰਸ ਸੱਚਮੁੱਚ ਸਿੱਖਾਂ ਨਾਲ ਸੁਲ੍ਹਾ ਕਰਨਾ ਚਾਹੁੰਦੀ ਹੈ, ਤਾਂ ਦੋਸ਼ੀਆਂ ਨੂੰ ਪਾਰਟੀ ਵਿੱਚੋਂ ਬਾਹਰ ਕਰਨ ਅਤੇ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਨੂੰ ਯਕੀਨੀ ਬਣਾਉਣ ਵਿੱਚ ਦੇਰੀ ਕਿਉਂ ?

ਇਹ ਅਕਸਰ ਮਹਿਸੂਸ ਹੁੰਦਾ ਹੈ ਕਿ ਕਾਂਗਰਸ ਦੀਆਂ ਅਜਿਹੀਆਂ ਕਾਰਵਾਈਆਂ ਸਿਆਸੀ ਸਮੀਕਰਨਾਂ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਹਨ, ਨਾ ਕਿ ਸੁਹਿਰਦਤਾ ਦਾ ਸੁਨੇਹਾ।

ਕਾਂਗਰਸ ਦੀ ਸਿੱਖਾਂ ਪ੍ਰਤੀ ਸੁਹਿਰਦਤਾ 'ਤੇ ਸਵਾਲ ਉਸ ਦੀਆਂ ਅਤੀਤ ਦੀਆਂ ਅਤੇ ਵਰਤਮਾਨ ਦੀਆਂ ਕਾਰਵਾਈਆਂ ਕਾਰਨ ਬਣੇ ਹੋਏ ਹਨ। 1984 ਦੀਆਂ ਘਟਨਾਵਾਂ ਤੋਂ ਬਾਅਦ, ਕਾਂਗਰਸ ਨੇ ਸਿੱਖਾਂ ਦੇ ਜ਼ਖਮਾਂ ਨੂੰ ਮੁਆਫੀ ਜਾਂ ਨਿਆਂ ਦੇ ਜ਼ਰੀਏ ਭਰਨ ਦੀ ਬਜਾਏ, ਅਕਸਰ ਸਿਆਸੀ ਲਾਹੇ ਲਈ ਇਸ ਮੁੱਦੇ ਨੂੰ ਵਰਤਣ ਦੀ ਕੋਸ਼ਿਸ਼ ਕੀਤੀ। ਰਾਹੁਲ ਦਾ ਬਿਆਨ, ਭਾਵੇਂ ਸਕਾਰਾਤਮਕ ਜਾਪੇ, ਅਜੇ ਵੀ ਅਧੂਰਾ ਹੈ, ਕਿਉਂਕਿ ਇਸ ਵਿੱਚ ਸਪਸ਼ਟ ਮੁਆਫੀ ਅਤੇ ਕਾਰਵਾਈ ਦੀ ਗੱਲ ਨਹੀਂ। ਦੂਜੇ ਪਾਸੇ, ਇਹ ਵੀ ਸੱਚ ਹੈ ਕਿ ਸਿੱਖ ਭਾਈਚਾਰੇ ਨਾਲ ਰਾਹੁਲ ਦੇ ਨਿੱਜੀ ਸੰਬੰਧ, ਜਿਵੇਂ ਦਰਬਾਰ ਸਾਹਿਬ ਦੀਆਂ ਫੇਰੀਆਂ, ਕੁਝ ਸਕਾਰਾਤਮਕ ਸੁਨੇਹੇ ਦਿੰਦੇ ਹਨ। ਪਰ, ਜਦੋਂ ਤੱਕ ਕਾਂਗਰਸ ਪਾਰਟੀ ਸੰਗਠਨਿਕ ਤੌਰ 'ਤੇ 1984 ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਸਿੱਖਾਂ ਨੂੰ ਨਿਆਂ ਦੇਣ ਵਿੱਚ ਸਰਗਰਮੀ ਨਹੀਂ ਵਿਖਾਉਂਦੀ, ਉਸ ਦੀ ਸੁਹਿਰਦਤਾ 'ਤੇ ਸਵਾਲ ਉੱਠਦੇ ਰਹਿਣਗੇ। ਰਾਹੁਲ ਗਾਂਧੀ ਦਾ ਬਿਆਨ ਸਿੱਖਾਂ ਨਾਲ ਸੁਲ੍ਹਾ ਦੀ ਦਿਸ਼ਾ ਵਿੱਚ ਇੱਕ ਛੋਟਾ ਜਿਹਾ ਕਦਮ ਹੈ, ਪਰ ਇਸ ਦੀ ਸਫਲਤਾ ਉਦੋਂ ਹੀ ਸਾਬਤ ਹੋਵੇਗੀ, ਜਦੋਂ ਕਾਂਗਰਸ 1984 ਦੇ ਦੋਸ਼ੀਆਂ ਨੂੰ ਪਾਰਟੀ ਵਿੱਚੋਂ ਬਾਹਰ ਕਰਕੇ ਅਤੇ ਨਿਆਂ ਦੀ ਪ੍ਰਕਿਰਿਆ ਨੂੰ ਤੇਜ਼ ਕਰਕੇ ਆਪਣੀ ਪ੍ਰਤੀਬੱਧਤਾ ਵਿਖਾਏ। ਸਿੱਖ ਭਾਈਚਾਰਾ ਸਿਰਫ਼ ਸ਼ਬਦਾਂ ਨਹੀਂ, ਸਗੋਂ ਕਾਰਵਾਈ ਦੀ ਉਡੀਕ ਕਰ ਰਿਹਾ ਹੈ। ਜੇਕਰ ਕਾਂਗਰਸ ਸੱਚਮੁੱਚ ਸਿੱਖਾਂ ਦਾ ਵਿਸ਼ਵਾਸ ਜਿੱਤਣਾ ਚਾਹੁੰਦੀ ਹੈ, ਤਾਂ ਉਸ ਨੂੰ ਅਤੀਤ ਦੀਆਂ ਗਲਤੀਆਂ ਨੂੰ ਸੁਧਾਰਨ ਲਈ ਠੋਸ ਕਦਮ ਚੁੱਕਣੇ ਹੋਣਗੇ। ਨਹੀਂ ਤਾਂ, ਰਾਹੁਲ ਦਾ ਇਹ ਬਿਆਨ ਸਿਰਫ਼ ਸਿਆਸੀ ਬਿਆਨਬਾਜ਼ੀ ਦੀ ਇੱਕ ਹੋਰ ਮਿਸਾਲ ਬਣ ਕੇ ਰਹਿ ਜਾਵੇਗਾ।

-ਰਜਿੰਦਰ ਸਿੰਘ ਪੁਰੇਵਾਲ

# ਪਾਕਿਸਤਾਨ ਦੀ ਭਾਰਤ ਨੂੰ ਪ੍ਰਮਾਣੂ ਹਮਲੇ ਦੀ ਧਮਕੀ



ਲਾਹੌਰ-ਪਾਕਿਸਤਾਨ ਦੇ ਰੂਸ 'ਚ ਰਾਜਦੂਤ ਮੁਹੰਮਦ ਖ਼ਾਲਿਦ ਜਮਾਲੀ ਨੇ ਭਾਰਤ ਨੂੰ ਪ੍ਰਮਾਣੂ ਹਮਲੇ ਦੀ ਧਮਕੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਜੰਗ ਦੀ ਸਥਿਤੀ 'ਚ ਪਾਕਿਸਤਾਨ ਪ੍ਰਮਾਣੂ ਹਥਿਆਰ ਵਰਤੇਗਾ, ਇਹ ਦਾਅਵਾ ਕਰਦਿਆਂ ਕਿ ਭਾਰਤ ਪਾਕਿਸਤਾਨ ਦੇ ਕੁਝ ਇਲਾਕਿਆਂ 'ਤੇ ਹਮਲੇ ਦੀ ਯੋਜਨਾ ਬਣਾ ਰਿਹਾ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਰੇਲ ਮੰਤਰੀ ਹਨੀਫ਼ ਅੱਬਾਸੀ ਨੇ ਵੀ ਭਾਰਤ 'ਤੇ 'ਸ਼ਾਹੀਨ' ਅਤੇ 'ਗੌਰੀ' ਮਿਜ਼ਾਈਲਾਂ ਨਾਲ ਹਮਲੇ ਦੀ ਧਮਕੀ ਦਿੱਤੀ ਸੀ। ਇਹ ਵਾਰ-ਵਾਰ ਦਿੱਤੀਆਂ ਜਾ ਰਹੀਆਂ ਧਮਕੀਆਂ ਪਾਕਿਸਤਾਨ ਦੀ ਹਮਲਾਵਰ ਨੀਤੀ ਅਤੇ ਘਰੇਲੂ ਸਿਆਸੀ ਦਬਾਅ ਨੂੰ ਦਰਸਾਉਂਦੀਆਂ ਹਨ, ਜੋ ਖੇਤਰੀ ਸਥਿਰਤਾ ਲਈ ਖਤਰਾ ਹਨ।

## NEWS & VIEWS

# PERFORMANCE OF SGPC, *MINI-PARLIAMENT* OF THE SIKHS



Gurmukh Singh O B E

Recent seismic events started by Sri Akal Takht Hukamnama of 2 December 2024 also brought into question the role of the Shromani Gurdwara Parbandhak Committee, called the *Mini-Parliament* of the Sikhs. That role needs clearer definition by the Sikhs themselves as the body controls vast *daswandh* funds donated by the sangats for Panthic Miri-Piri activism and Sarabt da bhalaa causes.

Over the decades, the SGPC has not done too well in preserving Sikh heritage, promoting Panjabi language, Sikh religion and culture. It has not been able to prevent beadbi (desecrations) of the Guru Granth Sahib. It has allowed large amounts of historical Sikh scriptural manuscripts to be systematically *cremated.* Such vandalism has been brought to our notice by Sikh heritage organisations.

Instead of influencing Panjab politics towards Panthic objectives and the welfare of the state in areas and agro-economics and the environment, it has allowed one family to take control of its own decision-making process. So far, the SGPC has been ineffective in implementing the Hukamnama of 2 December 2024 leaving a vacuum in global Sikh affairs. The credibility of the new Jathadar appointees continues to be questioned due to the highly irregular method of appointment, literally in total darkness! The question is if the directions given by these Jathedars would be acceptable to the Panth.

One of the main roles of SGPC is to preserve archaeologically rare and sacred artifacts. Yet, preservation of Sikh history, heritage and related powerful structural symbols of the rise of the Panth (Panth parkaash), for posterity, has not been considered by the SGPC. There have been recorded alleged corruption charges against the body. These charges may or may not have a bearing on the high cost demolition/re-building projects continually undertaken by SGPC.

Experts have not been consulted regarding the damage done to even Darbar Sahib building by installations of modern facilities like electricity wiring, TV and air-conditioning etc. The ignorance of those doing kar sewa about such matters, is appalling.

The latest controversy is about the new high-rise building structure near Sri Darbar Sahib. It is an eyesore which, according to many high-profile Sikhs including ex-MP and Minorities Commissioner, Sardar Tarlochan Singh, violates sanctity rules. From Sikh architectural symbolism aspect represented by Sri Darbar Sahib structure, a high-rise building visible in the skyline is certainly a sacrilege. The controversy is just one example of the lack of clear and visionary thinking in SGPC.

Many years ago, I went to Gurdwara Badshahi Baag just outside Ambala city. The gurdwara was under the jurisdiction of SGPC at the time. I went specifically to see an ancient *jamola* (jaman) tree associated with Guru Gobind Singh. In childhood we used to play under this huge green tree. The legend is that Guru Gobind Singh ji and Bahadur Shah stopped here. Much to my amazement, despite local protests, the tree had been cut down on the orders of a kar-sewa wala baba to make way for a building. The parbandhaks told me the whole story and confirmed that the centuries old tree was in good condition and at the centre of the Baag (garden).

Regrettably, the SGPC falls well short of its role when measured against most performance criteria. For too long the organisation has been controlled by one political family faction. A major overhaul of the SGPC is long overdue so that it can serve its Panthic role next to Sri Akal Takht Sahib.

Gurmukh Singh OBE, Ret'd Principal Civil Servant (UK) sewauk2005@yahoo.co.uk

# ਮੋਦੀ ਸਰਕਾਰ ਜਾਤ ਆਧਾਰਿਤ ਮਰਦਮਸ਼ੁਮਾਰੀ ਦੇ ਹੱਕ ਵਿਚ ਕਿਉਂ ?

ਖਾਸ ਖਬਰ

## ✪ ਇਹ ਜਾਤੀ ਏਜੰਡਾ ਸਿੱਖ ਪੰਥ ਵਿਚ ਪਾ ਸਕਦਾ ਹੈ ਵੰਡੀਆਂ ✪ ਅਕਾਲੀ ਦਲ ਨੂੰ ਵੀ ਕਰੇਗਾ ਕਮਜ਼ੋਰ ਮੋਦੀ ਦਾ ਟੀਚਾ ਇਸ ਸਾਲ ਹੋਣ ਵਾਲੀਆਂ ਬਿਹਾਰ ਵਿਧਾਨ ਸਭਾ ਚੋਣਾਂ ਜਿੱਤਣਾ

ਵਿਰੋਧੀ ਧਿਰਾਂ ਤੋਂ ਓਬੀਸੀ-ਪੱਖੀ ਹੋਣ ਦੀ ਪਹਿਲਕਦਮੀ ਖੋਹਣ ਦੀ ਕੋਸ਼ਿਸ਼ ਵਿਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਐਲਾਨ ਕੀਤਾ ਸੀ ਕਿ ਅਗਲੀ ਮਰਦਮਸ਼ੁਮਾਰੀ ’ਚ ਜਾਤ ਆਧਾਰਿਤ ਗਿਣਤੀ ਨੂੰ ਸ਼ਾਮਿਲ ਕੀਤਾ ਜਾਵੇਗਾ। ਬੀਤੇ ਦਿਨੀਂ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਸਿਆਸੀ ਮਾਮਲਿਆਂ ਦੀ ਕੈਬਨਿਟ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਸਰਕਾਰ ਦੇ ਇਸ ਫ਼ੈਸਲੇ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਸੀ ਕਿ ਜਾਤ ਅਧਾਰਿਤ ਜਨਗਣਨਾ ਅਗਲੀ ਮਰਦਮਸ਼ੁਮਾਰੀ ਦੇ ਨਾਲ ਹੀ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਾਂਗਰਸ, ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ ਸਣੇ ਕਈ ਵਿਰੋਧੀ ਪਾਰਟੀਆਂ ਦੇਸ਼ ਵਿੱਚ ਜਾਤੀ ਜਨਗਣਨਾ ਦੀ ਲਗਾਤਾਰ ਮੰਗ ਕਰ ਰਹੀਆਂ ਹਨ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਕਈ ਵਾਰ ਸਰਕਾਰ ਉੱਤੇ ਜਾਤੀ ਗਣਨਾ ਕਰਵਾਉਣ ਤੋਂ ਝਿਜਕਣ ਦੇ ਇਲਜ਼ਾਮ ਲਾਉਂਦੇ ਰਹੇ ਹਨ।

ਇਹ ਹੈਰਾਨੀਜਨਕ ਫ਼ੈਸਲਾ ਵਿਸਫੋਟਕ ਸਥਿਤੀ ਦੌਰਾਨ ਆਇਆ ਹੈ- ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਦੇਸ਼, ਸਰਕਾਰ ਤੋਂ ਪਾਕਿਸਤਾਨ ਵਿਰੁੱਧ ਤਿੱਖੀ ਕਾਰਵਾਈ ਦੀ ਉਮੀਦ ਕਰ ਰਿਹਾ ਹੈ। ਹਾਲਾਂਕਿ, ਭਾਜਪਾ ਨੇ ਦਿਖਾ ਦਿੱਤਾ ਹੈ ਕਿ ਰਾਸ਼ਟਰੀ ਸੁਰੱਖਿਆ ਦੇ ਹਿੱਤ ਵੀ ਇਸ ਨੂੰ ਚੁਣਾਵੀ ਤਰਜੀਹਾਂ ਭੁੱਲਣ ਲਈ ਮਜਬੂਰ ਨਹੀਂ ਕਰ ਸਕਦੇ ਅਤੇ ਫਿਲਹਾਲ ਇਸ ਦਾ ਟੀਚਾ ਇਸ ਸਾਲ ਹੋਣ ਵਾਲੀਆਂ ਬਿਹਾਰ ਵਿਧਾਨ ਸਭਾ ਚੋਣਾਂ ਜਿੱਤਣਾ ਹੈ; ਤੇ ਇੱਕ ਹੋਰ ਵੱਡਾ ਉਦੇਸ਼ ਕਾਂਗਰਸ ਤੇ ਬਾਕੀ ਵਿਰੋਧੀ ਪਾਰਟੀਆਂ ਨੂੰ ਪੂਰੇ ਮੁਲਕ ’ਚ ਜਾਤ ਰਾਜਨੀਤੀ ਦੇ ਮੈਦਾਨ ’ਚੋਂ ਖਦੇੜਨਾ ਹੈ। ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਕਾਫ਼ੀ ਚਿਰ ਤੋਂ ਜਾਤ ਆਧਾਰਿਤ ਮਰਦਮਸ਼ੁਮਾਰੀ ਦੀ ਮੰਗ ਜ਼ੋਰ-ਸ਼ੋਰ ਨਾਲ ਕਰ ਰਹੀਆਂ ਸਨ। ਹੁਣ ਵੀ ਉਨ੍ਹਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਰਕਾਰ ਨੇ ਵਿਰੋਧੀ ਧਿਰਾਂ ਦੇ ਦਬਾਅ ’ਚ ਆ ਕੇ ਇਹ ਫ਼ੈਸਲਾ ਕੀਤਾ ਹੈ। ਵਿਰੋਧੀ ਧਿਰਾਂ ਨੇ ਹੁਣ ਇਸ ਦੀ ਸਮਾਂ-ਸੀਮਾ ਤੈਅ ਕਰਨ ਦੀ ਮੰਗ ਰੱਖੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਸੰਬਰ 2023 ਵਿੱਚ ਇਹ ਕਹਿੰਦਿਆਂ ਮਾਮਲੇ ਦੇ ਸਰਲੀਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਸਿਰਫ਼ ਚਾਰ ‘ਵੱਡੀਆਂ’ ਜਾਤਾਂ ਹਨ- ਮਹਿਲਾਵਾਂ, ਨੌਜਵਾਨ, ਕਿਸਾਨ ਤੇ ਗ਼ਰੀਬ। ਧਰੁਵੀਕਰਨ ਦੀ ਤਾਕਤ ’ਤੇ ਪੂਰਾ ਭਰੋਸਾ ਰੱਖ ਕੇ ਚੱਲ ਰਹੀ ਭਾਜਪਾ ਨੇ ਵਿਰੋਧੀ ਧਿਰ ਨੂੰ ਜਾਤ ਦਾ ਪੱਤਾ ਖੇਡਣ ਦਿੱਤਾ; ਹਾਲਾਂਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਸ ਤੋਂ ਮਾੜੀ ਕਾਰਗੁਜ਼ਾਰੀ ਨੇ ਇਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ, ਜਦੋਂ ਨਿਤੀਸ਼ ਕੁਮਾਰ ਦੇ ਜਨਤਾ ਦਲ (ਯੂਨਾਈਟਡ) ਤੇ ਚੰਦਰਬਾਬੂ ਨਾਇਡੂ ਦੀ ਤੈਲਗੂ ਦੇਸਮ ਪਾਰਟੀ (ਟੀਡੀਪੀ) ਦਾ ਸਾਥ ਲੈ ਕੇ ਹੀ ਭਾਜਪਾ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਸਕੀ।



ਹੈਰਾਨੀ ਦੀ ਗੱਲ ਨਹੀਂ ਕਿ ਗੱਠਜੋੜ ਦੀਆਂ ਮਜਬੂਰੀਆਂ ਨੇ ਜਾਤੀ ਆਧਾਰਿਤ ਜਨਗਣਨਾ ਬਾਰੇ ਇਸ ਦੇ ਫ਼ੈਸਲੇ ’ਤੇ ਵੱਡਾ ਅਸਰ ਪਾਇਆ ਹੈ। ਕਾਂਗਰਸ ਤੇ ਬਾਕੀ ਵਿਰੋਧੀ ਪਾਰਟੀਆਂ ਦੇ ਦਬਾਅ ਨੇ ਵੀ ਵੱਡੀ ਭੂਮਿਕਾ ਨਿਭਾਈ ਹੈ। ਫਿਲਹਾਲ, ਮਰਦਮਸ਼ੁਮਾਰੀ ਦੀ ਸਮਾਂ-ਸੀਮਾ ਤੈਅ ਕਰਨਾ ਜ਼ਰੂਰੀ ਹੈ, ਜਿਸ ਵਿੱਚ ਪਹਿਲਾਂ ਹੀ ਵੱਡੀ ਦੇਰੀ ਹੋ ਚੁੱਕੀ ਹੈ।

### ਜਾਤ ਆਧਾਰਿਤ ਮਰਦਮਸ਼ੁਮਾਰੀ ਦਾ ਸਿੱਖਾਂ ਨੂੰ ਲਾਭ ਜਾਂ ਨੁਕਸਾਨ

ਜਾਤ ਆਧਾਰਿਤ ਮਰਦਮਸ਼ੁਮਾਰੀ ਸਿੱਖ ਭਾਈਚਾਰੇ ਦੀਆਂ ਵਿਸ਼ੇਸ਼ ਜਾਤੀਆਂ (ਜਿਵੇਂ ਜੱਟ ਸਿੱਖ, ਰਾਮਗੜ੍ਹੀਆ, ਮਜ਼੍ਹਬੀ ਸਿੱਖ, ਖੱਤਰੀ ਆਦਿ) ਦੀ ਸਹੀ ਗਿਣਤੀ ਅਤੇ ਸਮਾਜਿਕ-ਆਰਥਿਕ ਸਥਿਤੀ ਨੂੰ ਸਾਹਮਣੇ ਲਿਆ ਸਕਦੀ ਹੈ। ਇਸ ਨਾਲ ਸਰਕਾਰੀ ਸਕੀਮਾਂ, ਰਾਖਵਾਂਕਰਨ, ਅਤੇ ਸਮਾਜਿਕ ਭਲਾਈ ਪ੍ਰੋਗਰਾਮਾਂ ਨੂੰ ਵਧੇਰੇ ਟੀਚਾਗਤ ਢੰਗ ਨਾਲ ਸਿੱਖ ਸਮਾਜ ਦੇ ਹਾਸ਼ੀਏ ’ਤੇ ਪਏ ਵਰਗਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਸਿੱਖ ਭਾਈਚਾਰੇ ਦੀਆਂ ਵੱਖ-ਵੱਖ ਜਾਤੀਆਂ ਦੀ ਸਹੀ ਜਾਣਕਾਰੀ ਨਾਲ ਸਿਆਸੀ ਪਾਰਟੀਆਂ ਨੂੰ ਆਪਣੀਆਂ ਚੋਣ ਰਣਨੀਤੀਆਂ ਨੂੰ ਸੁਧਾਰਨ ਵਿੱਚ ਮਦਦ ਮਿਲ ਸਕਦੀ ਹੈ, ਜਿਸ ਨਾਲ ਸਿੱਖਾਂ ਦੀਆਂ ਮੰਗਾਂ (ਖੇਤੀਬਾੜੀ, ਸਿੱਖੀ ਸਭਿਆਚਾਰਕ ਮੁੱਦੇ, ਅਤੇ ਆਰਥਿਕ ਸਹਾਇਤਾ) ਨੂੰ ਵਧੇਰੇ ਪ੍ਰਮੁੱਖਤਾ ਮਿਲ ਸਕਦੀ ਹੈ। ਮਜ਼੍ਹਬੀ ਸਿੱਖਾਂ ਅਤੇ ਹੋਰ ਪਛੜੀਆਂ ਜਾਤੀਆਂ ਦੀ ਸਮਾਜਿਕ-ਆਰਥਿਕ ਸਥਿਤੀ ਦੇ ਅੰਕੜੇ ਸਰਕਾਰ ਨੂੰ ਉਨ੍ਹਾਂ ਦੀ ਉੱਨਤੀ ਲਈ ਵਿਸ਼ੇਸ਼ ਨੀਤੀਆਂ ਬਣਾਉਣ ਵਿੱਚ ਮਦਦ ਕਰ ਸਕਦੇ ਹਨ।

ਸਿੱਖ ਧਰਮ ਜਾਤੀਵਾਦ ਦਾ ਵਿਰੋਧ ਕਰਦਾ ਹੈ ਅਤੇ ਸਮਾਨਤਾ ’ਤੇ ਜ਼ੋਰ ਦਿੰਦਾ ਹੈ। ਜਾਤ ਆਧਾਰਿਤ ਮਰਦਮਸ਼ੁਮਾਰੀ ਸਿੱਖ ਭਾਈਚਾਰੇ ਵਿੱਚ ਜਾਤੀਗਤ ਵਿਤਕਰੇ ਜਾਂ ਵੰਡ ਨੂੰ ਵਧਾ ਸਕਦੀ ਹੈ, ਜੋ ਸਿੱਖੀ ਦੇ ਸਿਧਾਂਤਾਂ ਦੇ ਉਲਟ ਹੈ। ਸਿੱਖਾਂ ਦੀਆਂ ਜਾਤੀਆਂ ਦੇ ਅੰਕੜਿਆਂ ਦੀ ਸਿਆਸੀ ਪਾਰਟੀਆਂ ਵੱਲੋਂ ਦੁਰਵਰਤੋਂ ਹੋ ਸਕਦੀ ਹੈ, ਜਿਸ ਨਾਲ ਸਿੱਖ ਭਾਈਚਾਰੇ ਨੂੰ ਵੰਡ ਕੇ ਵੋਟ ਬੈਂਕ ਵਜੋਂ ਵਰਤਿਆ ਜਾ ਸਕਦਾ ਹੈ। ਜਾਤੀਗਤ ਅੰਕੜਿਆਂ ਦੇ ਸੰਗ੍ਰਹਿ ਦੌਰਾਨ ਸਿੱਖ ਭਾਈਚਾਰੇ ਦੇ ਕੁਝ ਵਰਗਾਂ ਨੂੰ ਆਪਣੀ ਪਛਾਣ ਜਨਤਕ ਹੋਣ ਦਾ ਡਰ ਸਤਾ ਸਕਦਾ ਹੈ, ਜਿਸ ਨਾਲ ਸਮਾਜਿਕ ਤਣਾਅ ਵਧ ਸਕਦਾ ਹੈ।

### ਮਰਦਮਸ਼ੁਮਾਰੀ ਦਾ ਕਿਸ ਰਾਜਨੀਤਕ ਧਿਰ ਨੂੰ ਫਾਇਦਾ ਹੋਵੇਗਾ ?

ਭਾਜਪਾ ਨੇ ਜਾਤ ਆਧਾਰਿਤ ਮਰਦਮਸ਼ੁਮਾਰੀ ਦਾ ਐਲਾਨ ਕਰਕੇ ਵਿਰੋਧੀ ਧਿਰਾਂ (ਖਾਸਕਰ ਕਾਂਗਰਸ) ਦੀ ਓਬੀਸੀ-ਪੱਖੀ ਰਣਨੀਤੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਫੈਸਲਾ ਖਾਸਕਰ ਬਿਹਾਰ ਵਰਗੇ ਰਾਜਾਂ ਵਿੱਚ, ਜਿੱਥੇ ਜਾਤੀਗਤ ਸਮੀਕਰਨ ਚੋਣਾਂ ਵਿੱਚ ਅਹਿਮ ਹੁੰਦੇ ਹਨ, ਭਾਜਪਾ ਨੂੰ ਵੋਟ ਬੈਂਕ ਮਜਬੂਤ ਕਰਨ ਵਿੱਚ ਮਦਦ ਕਰ ਸਕਦਾ ਹੈ। ਸਰਕਾਰ ਦੇ ਇਸ ਕਦਮ ਨੂੰ ਸਮਾਜਿਕ ਨਿਆਂ ਪ੍ਰਤੀ ਪ੍ਰਤੀਬੱਧਤਾ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਜੋ ਓਬੀਸੀ, ਐਸਸੀ, ਅਤੇ ਐਸਟੀ ਵਰਗਾਂ ਵਿੱਚ ਭਾਜਪਾ ਦੀ ਪਕੜ ਨੂੰ ਵਧਾ ਸਕਦਾ ਹੈ।

ਸੰਭਾਵੀ ਨੁਕਸਾਨ: ਜੇਕਰ ਮਰਦਮਸ਼ੁਮਾਰੀ ਦੇ ਅੰਕੜਿਆਂ ਦੀ ਪਾਰਦਰਸ਼ੀ ਵਰਤੋਂ ਨਾ ਹੋਈ ਜਾਂ ਜਾਤੀਗਤ ਤਣਾਅ ਵਧਿਆ, ਤਾਂ ਭਾਜਪਾ ਨੂੰ ਸਿਆਸੀ ਨੁਕਸਾਨ ਹੋ ਸਕਦਾ ਹੈ। ਖਾਸਕਰ ਪੰਜਾਬ ਅਤੇ ਹੋਰ ਸਿੱਖ ਬਹੁਗਿਣਤੀ ਖੇਤਰਾਂ ਵਿੱਚ, ਜਿੱਥੇ ਸਿੱਖੀ ਸਿਧਾਂਤ ਜਾਤੀਵਾਦ ਦਾ ਵਿਰੋਧ ਕਰਦੇ ਹਨ, ਭਾਜਪਾ ਦੀ ਇਸ ਪਹਿਲਕਦਮੀ ਨੂੰ ਜਾਤੀਵਾਦ ਨੂੰ ਉਤਸ਼ਾਹਿਤ ਕਰਨ ਵਜੋਂ ਦੇਖਿਆ ਜਾ ਸਕਦਾ ਹੈ, ਜਿਸ ਨਾਲ ਸਿੱਖ ਵੋਟਰਾਂ ਦਾ ਵਿਰੋਧ ਵਧ ਸਕਦਾ ਹੈ। ਇਸ ਤੋਂ ਇਲਾਵਾ, ਜੇਕਰ ਅੰਕੜੇ ਓਬੀਸੀ ਜਾਂ ਹੋਰ ਪਛੜੇ ਵਰਗਾਂ ਦੀ ਬਹੁਗਿਣਤੀ ਨੂੰ ਦਰਸਾਉਂਦੇ ਹਨ, ਤਾਂ ਭਾਜਪਾ ਦੀ ਰਵਾਇਤੀ ਉੱਚ-ਜਾਤੀ ਵੋਟ ਬੈਂਕ (ਜਿਵੇਂ ਰਾਜਪੂਤ, ਬ੍ਰਾਹਮਣ) ਵਿੱਚ ਨਾਰਾਜ਼ਗੀ ਪੈਦਾ ਹੋ ਸਕਦੀ ਹੈ।

### ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਨੂੰ ਕੀ ਫਾਇਦਾ ?

ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ (ਜਿਵੇਂ ਸਮਾਜਵਾਦੀ ਪਾਰਟੀ, ਆਰਜੇਡੀ) ਲੰਬੇ ਸਮੇਂ ਤੋਂ ਜਾਤ ਆਧਾਰਿਤ ਮਰਦਮਸ਼ੁਮਾਰੀ ਦੀ ਮੰਗ ਕਰ ਰਹੀਆਂ ਹਨ। ਉਹ ਇਸ ਫੈਸਲੇ ਨੂੰ ਆਪਣੇ ਦਬਾਅ ਦੀ ਜਿੱਤ ਵਜੋਂ ਪੇਸ਼ ਕਰ ਰਹੀਆਂ ਹਨ। ਜੇਕਰ ਅੰਕੜਿਆਂ ਦੀ ਵਰਤੋਂ ਸਮਾਜਿਕ ਨਿਆਂ ਅਤੇ ਰਾਖਵਾਂਕਰਨ ਦੀਆਂ ਨੀਤੀਆਂ ਨੂੰ ਮਜਬੂਤ ਕਰਨ ਲਈ ਹੁੰਦੀ ਹੈ, ਤਾਂ ਕਾਂਗਰਸ ਅਤੇ ਸਹਿਯੋਗੀ ਪਾਰਟੀਆਂ ਨੂੰ ਓਬੀਸੀ, ਐਸਸੀ, ਅਤੇ ਐਸਟੀ ਵੋਟਰਾਂ ਦਾ ਸਮਰਥਨ ਮਿਲ ਸਕਦਾ ਹੈ। ਖਾਸਕਰ ਉੱਤਰ ਪ੍ਰਦੇਸ਼, ਬਿਹਾਰ, ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਵਿੱਚ, ਜਿੱਥੇ ਜਾਤੀਗਤ ਸਮੀਕਰਨ ਅਹਿਮ ਹਨ, ਵਿਰੋਧੀ ਧਿਰਾਂ ਨੂੰ ਸਿਆਸੀ ਲਾਭ ਹੋ ਸਕਦਾ ਹੈ। ਜੇਕਰ ਭਾਜਪਾ ਇਸ ਮਰਦਮਸ਼ੁਮਾਰੀ ਨੂੰ ਆਪਣੀ ਸਮਾਜਿਕ ਨਿਆਂ ਦੀ ਪਹਿਲਕਦਮੀ ਵਜੋਂ ਸਫਲਤਾਪੂਰਵਕ ਪੇਸ਼ ਕਰ ਦਿੰਦੀ ਹੈ, ਤਾਂ ਕਾਂਗਰਸ ਅਤੇ ਵਿਰੋਧੀ ਧਿਰਾਂ ਦੀ ਜਾਤੀ ਰਾਜਨੀਤੀ ਦੀ ਰਣਨੀਤੀ ਕਮਜ਼ੋਰ ਪੈ ਸਕਦੀ ਹੈ।

ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪਾਰਟੀਆਂ, ਜੋ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦੀਆਂ ਹਨ, ਜਾਤੀਗਤ ਅੰਕੜਿਆਂ ਦੀ ਵਰਤੋਂ ਸਿੱਖਾਂ ਦੀਆਂ ਵਿਸ਼ੇਸ਼ ਜਾਤੀਆਂ (ਖਾਸਕਰ ਪਛੜੀਆਂ ਜਾਤੀਆਂ) ਦੀ ਭਲਾਈ ਲਈ ਨੀਤੀਆਂ ਮੰਗਣ ਲਈ ਕਰ ਸਕਦੀਆਂ ਹਨ। ਬਿਹਾਰ ਵਿੱਚ ਜੇਡੀਯੂ ਅਤੇ ਆਂਧਰਾ ਪ੍ਰਦੇਸ਼ ਵਿੱਚ ਟੀਡੀਪੀ ਵਰਗੀਆਂ ਪਾਰਟੀਆਂ ਨੂੰ ਵੀ ਓਬੀਸੀ ਅਤੇ ਪਛੜੇ ਵਰਗਾਂ ਦੀ ਸਿਆਸੀ ਮਜਬੂਤੀ ਨਾਲ ਲਾਭ ਹੋ ਸਕਦਾ ਹੈ, ਕਿਉਂਕਿ ਉਹ ਭਾਜਪਾ ਦੀ ਗੱਠਜੋੜ ਸਰਕਾਰ ਦਾ ਹਿੱਸਾ ਹਨ।

ਅਕਾਲੀ ਦਲ ਵਰਗੀਆਂ ਪਾਰਟੀਆਂ ਨੂੰ ਸਿੱਖੀ ਸਿਧਾਂਤਾਂ ਦੇ ਜਾਤੀਵਾਦ-ਵਿਰੋਧੀ ਸੁਨੇਹੇ ਨੂੰ ਸੰਤੁਲਿਤ ਕਰਨ ਦੀ ਚੁਣੌਤੀ ਹੋ ਸਕਦੀ ਹੈ। ਜੇਕਰ ਜਾਤੀਗਤ ਮਰਦਮਸ਼ੁਮਾਰੀ ਸਿੱਖ ਭਾਈਚਾਰੇ ਵਿੱਚ ਵੰਡ ਪੈਦਾ ਕਰਦੀ ਹੈ, ਤਾਂ ਅਕਾਲੀ ਦਲ ਦੀ ਸਿਆਸੀ ਸਾਖ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਭਾਜਪਾ ਨੂੰ ਬਿਹਾਰ ਵਰਗੇ ਰਾਜਾਂ ਵਿੱਚ ਓਬੀਸੀ ਵੋਟ ਬੈਂਕ ਮਜਬੂਤ ਕਰਨ ਦਾ ਮੌਕਾ ਮਿਲ ਸਕਦਾ ਹੈ, ਪਰ ਸਿੱਖ ਬਹੁਗਿਣਤੀ ਖੇਤਰਾਂ ਅਤੇ ਉੱਚ-ਜਾਤੀ ਵੋਟਰਾਂ ਵਿੱਚ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਾਂਗਰਸ ਅਤੇ ਵਿਰੋਧੀ ਧਿਰਾਂ ਨੂੰ ਸਮਾਜਿਕ ਨਿਆਂ ਦੀ ਲੜਾਈ ਵਿੱਚ ਮਜਬੂਤੀ ਮਿਲ ਸਕਦੀ ਹੈ, ਪਰ ਉਨ੍ਹਾਂ ਨੂੰ ਭਾਜਪਾ ਦੀ ਸਿਆਸੀ ਚਾਲਬਾਜ਼ੀ ਨੂੰ ਨਾਕਾਮ ਕਰਨ ਲਈ ਸੁਚੇਤ ਰਹਿਣਾ ਹੋਵੇਗਾ।

ਅਕਾਲੀ ਦਲ ਅਤੇ ਖੇਤਰੀ ਪਾਰਟੀਆਂ: ਇਹ ਪਾਰਟੀਆਂ ਜਾਤੀਗਤ ਅੰਕੜਿਆਂ ਦੀ ਵਰਤੋਂ ਆਪਣੇ ਵੋਟ ਬੈਂਕ ਨੂੰ ਮਜਬੂਤ ਕਰਨ ਲਈ ਕਰ ਸਕਦੀਆਂ ਹਨ, ਪਰ ਸਿੱਖ ਭਾਈਚਾਰੇ ਦੀ ਏਕਤਾ ਨੂੰ ਬਣਾਈ ਰੱਖਣ ਦੀ ਚੁਣੌਤੀ ਵੀ ਸਾਹਮਣੇ ਹੋਵੇਗੀ। ਇਸ ਮਰਦਮਸ਼ੁਮਾਰੀ ਦੀ ਸਫਲਤਾ ਅਤੇ ਸਿਆਸੀ ਪ੍ਰਭਾਵ ਅੰਕੜਿਆਂ ਦੀ ਪਾਰਦਰਸ਼ਤਾ, ਸਰਕਾਰੀ ਨੀਤੀਆਂ ਦੀ ਅਮਲ ਦਰਾਮਦ, ਅਤੇ ਸਮਾਜਿਕ ਜਾਗਰੂਕਤਾ ’ਤੇ ਨਿਰਭਰ ਕਰੇਗਾ।

# ਜੱਗੀਜੌਹਲ ਦੀ ਰਿਹਾਈ ਲਈ ਯੂਕੇ ਦੇ 119 ਸੰਸਦ ਮੈਂਬਰਾਂ ਨੇ ਵਿਦੇਸ਼ ਮੰਤਰੀ ਨੂੰ ਲਿਖੀ ਚਿੱਠੀ

## ○ ਸਿੱਖ ਫੈਡਰੇਸ਼ਨ ਨੇ ਜੌਹਲ ਦੀ ਰਿਹਾਈ ਲਈ ਡੱਟੀ ○ ਕੂਟਨੀਤਕ ਗੱਲਬਾਤ ਲਈ ਜੌਹਲ ਦੇ ਭਰਾ ਦੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਦੀ ਉਮੀਦ

ਲੰਡਨ-ਭਾਰਤ ਵਿੱਚ ਜੇਲ੍ਹਬੰਦ ਬਰਤਾਨਵੀ ਸਿੱਖ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਲਈ ਬਰਤਾਨੀਆ ਦੇ 119 ਸੰਸਦ ਮੈਂਬਰਾਂ ਨੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨੂੰ ਪੱਤਰ ਲਿਖ ਕੇ ਕੂਟਨੀਤਕ ਯਤਨ ਵਧਾਉਣ ਦੀ ਮੰਗ ਕੀਤੀ ਹੈ। ਜੌਹਲ, ਜਿਨ੍ਹਾਂ ਨੂੰ 2017 ਵਿੱਚ ਪੰਜਾਬ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਦਾ ਮਾਮਲਾ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਵਿੱਚ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਮੁੱਦੇ ਨੂੰ ਸੰਯੁਕਤ ਰਾਸ਼ਟਰ ਸਮੇਤ ਕਈ ਮੰਚਾਂ 'ਤੇ ਉਠਾਇਆ ਹੈ।

ਸੰਸਦ ਮੈਂਬਰਾਂ ਦੀ ਅਪੀਲ ਅਤੇ ਸਿਆਸੀ ਸਮਰਥਨ-119 ਸੰਸਦ ਮੈਂਬਰਾਂ, ਜਿਨ੍ਹਾਂ ਵਿੱਚ ਦਰਜਨ ਦੇ ਕਰੀਬ ਮੰਤਰੀ ਅਤੇ ਪੰਜ ਕੈਬਨਿਟ ਮੰਤਰੀ ਸ਼ਾਮਲ ਹਨ, ਨੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਜੌਹਲ ਦੀ ਰਿਹਾਈ ਲਈ ਭਾਰਤ ਸਰਕਾਰ ਨਾਲ ਸਖ਼ਤ ਗੱਲਬਾਤ ਦੀ ਮੰਗ ਕੀਤੀ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਇਹ ਸਮਰਥਨ ਜੌਹਲ ਦੀ ਤੁਰੰਤ ਰਿਹਾਈ ਅਤੇ ਪਰਿਵਾਰ ਨਾਲ ਮੁੜ ਮਿਲਾਪ ਦੀ ਉਮੀਦ ਜਗਾਉਂਦਾ ਹੈ। ਹਾਲਾਂਕਿ, ਦੋ ਲੇਬਰ ਸਿੱਖ ਸੰਸਦ ਮੈਂਬਰਾਂ ਨੇ ਪੱਤਰ 'ਤੇ ਦਸਤਖ਼ਤ ਕਰਨ ਤੋਂ ਬਾਅਦ ਆਪਣੇ ਨਾਮ ਵਾਪਸ ਲੈ ਲਏ, ਜਿਸ ਨੇ ਸਿਆਸੀ ਵਿਵਾਦ ਨੂੰ ਜਨਮ ਦਿੱਤਾ।

ਜੌਹਲ ਬਾਰੇ ਕਾਨੂੰਨੀ ਪ੍ਰਕਿਰਿਆ -ਜੌਹਲ 'ਤੇ ਖਾੜਕੂਵਾਦ ਅਤੇ ਕਤਲ ਦੀ ਸਾਜ਼ਿਸ਼ ਵਰਗੇ ਗੰਭੀਰ ਦੋਸ਼ ਹਨ, ਪਰ 4 ਮਾਰਚ 2025 ਨੂੰ ਉਨ੍ਹਾਂ ਨੂੰ ਇੱਕ ਮੁਕੱਦਮੇ ਵਿੱਚ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ। ਸਿੱਖ ਫੈਡਰੇਸ਼ਨ ਦਾ ਕਹਿਣਾ ਹੈ ਕਿ ਸੱਤ ਸਾਲਾਂ ਦੀ ਹਿਰਾਸਤ ਦੇ ਬਾਵਜੂਦ ਭਾਰਤੀ ਅਧਿਕਾਰੀਆਂ ਕੋਲ ਜੌਹਲ ਵਿਰੁੱਧ ਠੋਸ ਸਬੂਤ ਨਹੀਂ ਹਨ। ਹੋਰ ਮੁਕੱਦਮਿਆਂ ਦੀ ਪ੍ਰਕਿਰਿਆ ਜਾਰੀ ਹੈ, ਪਰ ਹੌਲੀ ਗਤੀ ਕਾਰਨ ਰਿਹਾਈ ਦਾ ਸਮਾਂ ਅਨਿਸ਼ਚਿਤ ਹੈ। ਜੌਹਲ ਦੇ ਭਰਾ ਦੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਜਲਦ ਹੋਣ ਦੀ ਸੰਭਾਵਨਾ ਹੈ, ਜਿੱਥੇ ਤਾਜ਼ਾ ਯਤਨਾਂ 'ਤੇ ਚਰਚਾ ਹੋਵੇਗੀ। ਸੰਯੁਕਤ ਰਾਸ਼ਟਰ ਦੇ ਵਰਕਿੰਗ ਗਰੁੱਪ ਆਨ ਆਰਬਿਟਰਰੀ ਡਿਟੈਂਸ਼ਨ ਨੇ ਜੌਹਲ ਦੀ ਗ੍ਰਿਫਤਾਰੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਅਤੇ ਉਨ੍ਹਾਂ ਰਿਹਾਈ ਦੀ ਮੰਗ ਕੀਤੀ। ਮਨੁੱਖੀ ਅਧਿਕਾਰ ਸੰਗਠਨ ਰੀਪ੍ਰੀਵ ਨੇ ਦਾਅਵਾ ਕੀਤਾ ਕਿ ਜੌਹਲ ਦੀ ਗ੍ਰਿਫਤਾਰੀ ਬਰਤਾਨਵੀ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਹੋਈ, ਜਿਸ ਨੇ ਯੂ.ਕੇ. ਸਰਕਾਰ ਦੀ ਭੂਮਿਕਾ 'ਤੇ ਸਵਾਲ ਉਠਾਏ। ਇਸ ਸਮਰਥਨ ਦੇ ਬਾਵਜੂਦ, ਭਾਰਤ ਸਰਕਾਰ ਨੇ ਅਜੇ ਤੱਕ ਕੋਈ ਸਪੱਸ਼ਟ ਕਦਮ ਨਹੀਂ ਚੁੱਕਿਆ, ਕਿਉਂਕਿ ਯੂ.ਐੱਨ. ਦੀਆਂ ਸਿਫਾਰਸ਼ਾਂ ਕਾਨੂੰਨੀ ਤੌਰ 'ਤੇ ਪ੍ਰਭਾਵਿਤ ਨਹੀਂ ਕਰਦੀਆਂ ਹਨ।



ਜੌਹਲ ਕੇਸ ਬਾਰੇ ਸਿੱਖ ਜਥੇਬੰਦੀਆਂ ਦੀ ਰਣਨੀਤੀ-ਸਿੱਖ ਫੈਡਰੇਸ਼ਨ (ਯੂ.ਕੇ.) ਨੇ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਰਾਹੀਂ ਸਮਰਥਨ ਜੁਟਾਇਆ ਅਤੇ ਅੰਤਰਰਾਸ਼ਟਰੀ ਮੁਹਿੰਮ ਤੇਜ਼ ਕਰਨ ਦੀ ਯੋਜਨਾ ਬਣਾਈ ਹੈ। ਜਥੇਬੰਦੀਆਂ ਨੂੰ ਸੋਸ਼ਲ ਮੀਡੀਆ, ਮੁੱਖਧਾਰਾ ਮੀਡੀਆ, ਅਤੇ ਕਾਨੂੰਨੀ ਸਹਾਇਤਾ ਦੁਆਰਾ ਜਨਤਕ ਜਾਗਰੂਕਤਾ ਵਧਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ। ਸਿੱਖ ਡਾਇਸਪੋਰਾ ਨੂੰ ਸਥਾਨਕ ਸਰਕਾਰਾਂ 'ਤੇ ਦਬਾਅ ਪਾਉਣ ਅਤੇ ਸੰਗਤ ਦੀ ਏਕਤਾ ਮਜ਼ਬੂਤ ਕਰਨ ਲਈ ਰੈਲੀਆਂ ਅਤੇ ਪੱਤਰ-ਪਤ੍ਰਿਕਾਵਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ ਹੈ। ਜੌਹਲ ਦੀ ਰਿਹਾਈ ਦੀ ਸੰਭਾਵਨਾ ਕਾਨੂੰਨੀ ਨਤੀਜਿਆਂ ਅਤੇ ਕੂਟਨੀਤਕ ਯਤਨਾਂ 'ਤੇ ਨਿਰਭਰ ਕਰੇਗੀ।

ਜੇਕਰ ਯੂ.ਕੇ. ਸਰਕਾਰ ਅਤੇ ਅੰਤਰਰਾਸ਼ਟਰੀ ਸੰਗਠਨ (ਜਿਵੇਂ ਯੂਐਨ ਜਾਂ ਮਨੁੱਖੀ ਅਧਿਕਾਰ ਸਮੂਹ) ਸਖ਼ਤ ਦਬਾਅ ਪਾਉਂਦੇ ਹਨ, ਤਾਂ ਰਿਹਾਈ ਦੀ ਸੰਭਾਵਨਾ ਵਧ ਸਕਦੀ ਹੈ। ਹਾਲਾਂਕਿ, ਭਾਰਤ ਸਰਕਾਰ ਦੀ ਸਿੱਖ ਮੁੱਦਿਆਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਅੰਦਰੂਨੀ ਸਿਆਸੀ ਮੁੱਦੇ ਇਸ ਨੂੰ ਜਟਿਲ ਬਣਾਉਂਦੇ ਹਨ। ਸਿਖ ਜਥੇਬੰਦੀਆਂ ਵਲੋਂ ਸੋਸ਼ਲ ਮੀਡੀਆ ਅਤੇ ਮੁੱਖਧਾਰਾ ਮੀਡੀਆ ਦੀ ਵਰਤੋਂ ਨਾਲ ਜਨਤਕ ਜਾਗਰੂਕਤਾ ਵਧਾਈ ਜਾਣੀ ਚਾਹੀਦੀ ਹੈ। ਸਿੱਖ ਡਾਇਸਪੋਰਾ, ਖਾਸਕਰ ਯੂ.ਕੇ., ਕੈਨੇਡਾ, ਅਤੇ ਅਮਰੀਕਾ ਵਿੱਚ, ਸਥਾਨਕ ਸੰਸਦ ਮੈਂਬਰਾਂ ਅਤੇ ਸਰਕਾਰਾਂ ਨੂੰ ਪੱਤਰ ਲਿਖ ਕੇ ਜਾਂ ਰੈਲੀਆਂ ਕਰਕੇ ਦਬਾਅ ਪਾ ਸਕਦਾ ਹੈ।

ਇਹ ਸਾਰਾ ਮਸਲਾ ਕੀ ਹੈ?-ਜਗਤਾਰ ਸਿੰਘ ਜੌਹਲ, ਇੱਕ ਬ੍ਰਿਟਿਸ਼ ਸਿੱਖ ਨਾਗਰਿਕ, ਨੂੰ ਨਵੰਬਰ 2017 ਵਿੱਚ ਪੰਜਾਬ, ਭਾਰਤ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਭਾਰਤੀ ਅਧਿਕਾਰੀਆਂ ਨੇ ਜੌਹਲ 'ਤੇ ਖਾਲਿਸਤਾਨ ਦੀ ਲਹਿਰ ਨੂੰ ਹਿੰਸਕ ਤੌਰ ਉਪਰ ਉਤਸ਼ਾਹਿਤ ਕਰਨ, ਖਾੜਕੂ ਸੰਗਠਨਾਂ ਨਾਲ ਸਬੰਧ, ਅਤੇ ਪੰਜਾਬ ਵਿੱਚ ਕਈ ਕਤਲਾਂ ਦੀ ਸਾਜ਼ਿਸ਼ ਦੇ ਦੋਸ਼ ਲਗਾਏ। ਇਹ ਦੋਸ਼ ਖਾਸਕਰ 2016-17 ਦੌਰਾਨ ਹਿੰਦੂ ਨੇਤਾਵਾਂ ਦੀਆਂ ਹੱਤਿਆਵਾਂ ਨਾਲ ਜੁੜੇ ਹਨ। ਜੌਹਲ ਅਤੇ ਉਸ ਦੇ ਪਰਿਵਾਰ ਨੇ ਸਾਰੇ ਦੋਸ਼ਾਂ ਨੂੰ ਝੂਠਾ ਅਤੇ ਸਿਆਸੀ ਤੌਰ 'ਤੇ ਪ੍ਰੇਰਿਤ ਕਿਹਾ ਹੈ। ਉਹ ਦਾਅਵਾ ਕਰਦੇ ਹਨ ਕਿ ਜੌਹਲ ਨੂੰ ਸਿੱਖ ਅੰਦੋਲਨ ਨਾਲ ਜੋੜ ਕੇ ਨਿਸ਼ਾਨਾ ਬਣਾਇਆ ਗਿਆ। ਮਨੁੱਖੀ ਅਧਿਕਾਰ ਸੰਗਠਨ ਰੀਪ੍ਰੀਵ ਨੇ ਦਸਤਾਵੇਜ਼ ਪੇਸ਼ ਕੀਤੇ, ਜੋ ਸੁਝਾਉਂਦੇ ਹਨ ਕਿ ਜੌਹਲ ਦੀ ਗ੍ਰਿਫਤਾਰੀ ਯੂ.ਕੇ. ਦੀ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਹੋਈ। ਇਸ ਨੇ ਯੂ.ਕੇ. ਸਰਕਾਰ 'ਤੇ ਸਵਾਲ ਉਠਾਏ ਹਨ। ਜੌਹਲ 'ਤੇ ਕਈ ਮੁਕੱਦਮੇ ਹਨ, ਜਿਨ੍ਹਾਂ ਵਿੱਚੋਂ ਇੱਕ ਵਿੱਚ ਉਹ ਬਰੀ ਹੋ ਚੁੱਕੇ ਹਨ, ਪਰ ਰਿਹਾਈ ਦਾ ਸਮਾਂ ਅਸਪੱਸ਼ਟ ਹੈ ਅਤੇ ਕਾਨੂੰਨੀ ਤੇ ਸਿਆਸੀ ਵਿਕਾਸ 'ਤੇ ਨਿਰਭਰ ਕਰਦਾ ਹੈ।

# ਭਾਰਤ ਤੇ ਬਰਤਾਨੀਆ ਵਿਚਾਲੇ ਮੁਕਤ ਵਪਾਰ ਸਮਝੌਤਾ ਸਿਰੇ ਚੜ੍ਹਿਆ

ਭਾਰਤ ਤੇ ਯੂਕੇ ਵਿਚਾਲੇ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਮੁਕਤ ਵਪਾਰ ਸਮਝੌਤੇ (ਐੱਫਟੀਏ) ਦੇ ਨਾਲ ਹੀ ਅੱਜ ਦੋਹਰਾ ਯੋਗਦਾਨ ਕਰਾਰ ਵੀ ਨੇਪਰੇ ਚੜ੍ਹ ਗਿਆ ਹੈ। ਇਨ੍ਹਾਂ ਸਮਝੌਤਿਆਂ ਨਾਲ ਦੋਵਾਂ ਮੁਲਕਾਂ ਚ ਵਪਾਰ, ਨਿਵੇਸ਼, ਵਿਕਾਸ ਤੇ ਰੁਜ਼ਗਾਰ ਨੂੰ ਹੁਲਾਰਾ ਮਿਲਣ ਦੀ ਉਮੀਦ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਨਾਲ ਫੋਨ ਤੇ ਗੱਲਬਾਤ ਮਗਰੋਂ ਇਹ ਸਮਝੌਤੇ ਸਿਰੇ ਚੜ੍ਹਨ ਦਾ ਐਲਾਨ ਕੀਤਾ।

ਇਨ੍ਹਾਂ ਸਮਝੌਤਿਆਂ ਮਗਰੋਂ ਭਾਰਤ ਚ ਬਰਤਾਨਵੀ ਸਕੌਚ ਵਿਸਕੀ ਤੇ ਕਾਰਾਂ ਸਸਤੀਆਂ ਹੋ ਜਾਣਗੀਆਂ ਜਦਕਿ ਕੱਪੜਿਆਂ ਤੇ ਚਮੜੇ ਦੇ ਉਤਪਾਦਾਂ ਜਿਹੀਆਂ ਭਾਰਤੀ ਦਰਾਮਦਾਂ ਤੇ ਟੈਕਸ ਘਟੇਗਾ। ਯੂਰਪੀ ਯੂਨੀਅਨ ਨਾਲੋਂ ਵੱਖ ਹੋਣ ਮਗਰੋਂ ਇਹ ਬਰਤਾਨੀਆ ਦਾ ਸਭ ਤੋਂ ਵੱਡਾ ਵਪਾਰਕ ਸਮਝੌਤਾ ਹੈ।




# ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਬ੍ਰੈਡਫੋਰਡ ਵਿਖੇ ਵਿਸਾਖੀ ਸਬੰਧੀ ਵਿਸ਼ੇਸ਼ ਸਮਾਗਮ ਹੋਣਗੇ- ਨਿਰਮਲ ਸਿੰਘ ਸੇਖੋਂ

ਬ੍ਰੈਡਫੋਰਡ - (ਪੰਜਾਬ ਟਾਈਮਜ਼) ਪੰਜਾਬੀਆਂ ਦਾ ਅਹਿਮ ਤਿਓਹਾਰ ਵਿਸਾਖੀ ਯੂ ਕੇ ਵੱਖ ਵੱਖ ਸ਼ਹਿਰਾਂ ਵਿੱਚ ਬੜੇ ਹੀ ਸਤਿਕਾਰ ਤੇ ਜੋਸ਼ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਸਬੰਧੀ ਯੂ ਕੇ ਦੇ ਉਘੇ ਬਿਜਨਸਮੈਨ ਤੇ ਯੌਰਕਸ਼ਾਇਰ ਸਿੱਖ ਫੋਰਮ ਦੇ ਚੇਅਰਮੈਨ ਡਾ: ਨਿਰਮਲ ਸਿੰਘ ਸੇਖੋਂ ਐਮ ਬੀ ਈ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਸੀਡਰ ਕੋਰਟ, ਬ੍ਰੈਡਫੋਰਡ ਵਿਖੇ ਸਿੱਖ ਭਾਈਚਾਰੇ ਵੱਲੋਂ ਵਿਸਾਖੀ ਦਾ ਖਾਸ ਦਿਹਾੜਾ 8 ਮਈ 2025 ਦਿਨ ਵੀਰਵਾਰ ਨੂੰ ਸ਼ਾਮ 6 ਵਜੇ ਤੋਂ 10 ਵਜੇ ਤੱਕ ਬੜੇ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸਿੱਖ ਭਾਈਚਾਰੇ ਦੇ ਇਲਾਵਾ ਬ੍ਰੈਡਫੋਰਡ ਤੇ ਲੀਡਜ਼ ਤੋਂ ਵੱਖ ਵੱਖ ਧਰਮਾਂ ਤੇ ਭਾਈਚਾਰੇ ਦੀਆਂ ਅਹਿਮ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਭੇਜਿਆ ਗਿਆ ਹੈ। ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਲੰਮੇ ਸਮੇਂ ਤੋਂ ਬ੍ਰੈਡਫੋਰਡ ਅਤੇ ਲੀਡਜ਼ ਦੇ ਸਾਰੇ ਭਾਈਚਾਰਿਆਂ ਨਾਲ ਬਹੁਤ ਵਧੀਆ ਸਬੰਧ ਬਨਾਉਣ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਲਈ ਉਦਮ ਉਪਰਾਲੇ ਕੀਤੇ ਜਾਂਦੇ ਹਨ। ਇਸ ਦੇ ਨਾਲ ਨਾਲ ਸਥਾਨਕ ਭਾਈਚਾਰੇ ਦੀਆਂ ਲੋੜਾਂ ਅਨੁਸਾਰ ਬਰਤਾਨਵੀ ਅਤੇ ਭਾਰਤੀ ਅਧਿਕਾਰੀਆਂ ਨਾਲ ਵੀ ਰਾਬਤਾ ਰੱਖ ਕੇ ਲੋਕਾਂ ਦੇ ਕੰਮਾਂ ਵਿੱਚ ਮਦਦ ਕੀਤੀ ਜਾਂਦੀ ਹੈ।



ਡਾ: ਨਿਰਮਲ ਸਿੰਘ ਸੇਖੋਂ

# ਬ੍ਰਿਟਿਸ਼ ਨਾਗਰਿਕਾਂ ਨੂੰ ਨਵੀਨਤਮ ਜਾਣਕਾਰੀ ਲਈ ਆਪਣੀ ਏਅਰਲਾਈਨ ਨਾਲ ਸੰਪਰਕ ਕਰਨਾ ਚਾਹੀਦਾ ਹੈ

ਯੂਕੇ ਦੇ ਫੌਰਨ ਵਿਭਾਗ ਵੱਲੋਂ ਭੇਜੀ ਗਈ ਜਾਣਕਾਰੀ ਮੁਤਾਬਕ 6 ਮਈ (ਯੂਕੇ ਸਮੇਂ ਅਨੁਸਾਰ) ਦੀ ਰਾਤ ਨੂੰ, ਭਾਰਤੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸਨੇ ਪਾਕਿਸਤਾਨ ਅਤੇ ਪਾਕਿਸਤਾਨ-ਪ੍ਰਸ਼ਾਸਿਤ ਕਸ਼ਮੀਰ ਵਿੱਚ ਨੌਂ ਥਾਵਾਂ 'ਤੇ ਹਮਲਾ ਕੀਤਾ ਹੈ। ਇਸ ਦੇ ਜਵਾਬ ਵਿੱਚ, ਕੰਟਰੋਲ ਰੇਖਾ ਦੇ ਪਾਰ ਪਾਕਿਸਤਾਨੀ ਤੋਪਖਾਨੇ ਦੀ ਗੋਲੀਬਾਰੀ ਦੀਆਂ ਰਿਪੋਰਟਾਂ ਹਨ। ਅਸੀਂ ਭਾਰਤ ਤੋਂ ਆਉਣ-ਜਾਣ ਵਾਲੀਆਂ ਉਡਾਣਾਂ ਵਿੱਚ ਸੰਭਾਵੀ ਵਿਘਨ ਤੋਂ ਜਾਣੂ ਹਾਂ ਅਤੇ ਨੇੜਿਓਂ ਨਿਗਰਾਨੀ ਕਰ ਰਹੇ ਹਾਂ। ਬ੍ਰਿਟਿਸ਼ ਨਾਗਰਿਕਾਂ ਨੂੰ ਨਵੀਨਤਮ ਜਾਣਕਾਰੀ ਲਈ ਆਪਣੀ ਏਅਰਲਾਈਨ ਨਾਲ ਸੰਪਰਕ ਕਰਨਾ ਚਾਹੀਦਾ ਹੈ। 6 ਮਈ ਨੂੰ ਮੀਡੀਆ ਰਿਪੋਰਟਾਂ ਦੇ ਅਨੁਸਾਰ, ਭਾਰਤ ਸਰਕਾਰ ਨੇ 7 ਮਈ ਨੂੰ ਭਾਰਤ ਭਰ ਦੇ ਕਈ ਰਾਜਾਂ ਵਿੱਚ ਇੱਕ ਸਿਵਲ ਡਿਫੈਂਸ ਮੌਕ ਡ੍ਰਿਲ ਦਾ ਐਲਾਨ ਕੀਤਾ। ਇਸ ਡ੍ਰਿਲ ਵਿੱਚ ਅਸਥਾਈ ਬਿਜਲੀ ਕੱਟ ਜਾਂ ਬਲੈਕਆਊਟ, ਉੱਚੀ ਹਵਾਈ ਹਮਲੇ ਦੇ ਸਾਇਰਨ, ਮੋਬਾਈਲ ਸਿਗਨਲਾਂ ਨੂੰ ਮੁਅੱਤਲ ਕਰਨਾ, ਜਾਂ ਟ੍ਰੈਫਿਕ ਡਾਇਵਰਸ਼ਨ ਸ਼ਾਮਲ ਹੋ ਸਕਦੇ ਹਨ। ਅਧਿਕਾਰੀ ਨਿਕਾਸੀ ਅਭਿਆਸ ਵੀ ਕਰ ਸਕਦੇ ਹਨ ਜਾਂ ਜਨਤਕ ਘੋਸ਼ਣਾਵਾਂ ਕਰ ਸਕਦੇ ਹਨ। ਅਸੀਂ ਸਥਿਤੀ ਦੀ ਨੇੜਿਓਂ ਨਿਗਰਾਨੀ ਕਰਨਾ ਜਾਰੀ ਰੱਖ ਰਹੇ ਹਾਂ। ਬ੍ਰਿਟਿਸ਼ ਨਾਗਰਿਕਾਂ ਨੂੰ ਸਾਡੀ ਯਾਤਰਾ ਸਲਾਹ ਨਾਲ ਅੱਪ ਟੂ ਡੇਟ ਰਹਿਣਾ ਚਾਹੀਦਾ ਹੈ ਅਤੇ ਸਥਾਨਕ ਅਧਿਕਾਰੀਆਂ ਦੀ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਟਰੱਸਟੀਆਂ ਦੀ ਚੋਣ ਅਤੇ ਸੰਵਿਧਾਨ ਬਦਲਣ ਦੇ ਮਾਮਲੇ ਸਬੰਧੀ ਸਿੱਖ ਮਿਸ਼ਨਰੀ ਸੁਸਾਇਟੀ ਵਿਖੇ ਵੱਡਾ ਇਕੱਠ

## ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ, ਮਨਜੀਤ ਸਿੰਘ ਅਤੇ ਸ਼ਰਨਬੀਰ ਸਿੰਘ ਸੰਘਾ ਨੇ ਪ੍ਰਬੰਧਕ ਕਮੇਟੀ ਤੇ ਸਵਾਲ ਚੁੱਕੇ



ਸ੍ਰੀ ਗੁਰੂ ਸਿੰਘ ਸਭਾ ਦੇ ਮੈਂਬਰਾਂ ਦਾ ਇਕੱਠ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਟਰੱਸਟੀਆਂ ਦੀ ਚੋਣ ਅਤੇ ਸੰਵਿਧਾਨ ਬਦਲਣ ਦੇ ਮਾਮਲੇ ਨੂੰ ਲੈ ਕੇ ਚੈਰਿਟੀ ਕਮਿਸ਼ਨ ਵੱਲੋਂ ਪ੍ਰਬੰਧਕ ਕਮੇਟੀ ਨੂੰ ਕਾਰਨ ਦੱਸੋ ਪੱਤਰ ਜਾਰੀ ਕੀਤਾ ਗਿਆ ਹੈ। ਜਿਸ ਤੋਂ ਬਾਅਦ ਸਾਬਕਾ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਅਤੇ ਸਾਥੀਆਂ ਦੇ ਸੱਦੇ ਤੇ ਸਿੱਖ ਮਿਸ਼ਨਰੀ ਸੁਸਾਇਟੀ ਵਿਖੇ ਸਭਾ ਦੇ ਮੈਂਬਰਾਂ ਦਾ ਵੱਡਾ ਇਕੱਠ ਸੱਦਿਆ। ਜਿਸ ਵਿੱਚ ਸੰਬੋਧਨ ਕਰਦਿਆਂ ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ, ਮਨਜੀਤ ਸਿੰਘ, ਗਿਆਨੀ ਬਲਵਿੰਦਰ ਸਿੰਘ ਪੱਟੀ ਅਤੇ ਸ਼ਰਨਬੀਰ ਸਿੰਘ ਸੰਘਾ ਨੇ ਪ੍ਰਬੰਧਕ ਕਮੇਟੀ ਤੇ ਬਹੁਤ ਸਾਰੇ ਮੁੱਦਿਆਂ ਵਿਚ ਘਾਟਾਂ ਬਾਰੇ ਦੱਸਿਆ । ਗਿਆਨੀ ਬਲਵਿੰਦਰ ਸਿੰਘ ਪੱਟੀ ਨੇ ਕਿਹਾ ਕਿ ਜੇ ਸਰਬ ਸੰਮਤੀ ਨਾਲ ਟਰੱਸਟੀ ਬਣਾਏ ਜਾਂਦੇ ਤਾਂ ਅਜੇਹੇ ਹਾਲਾਤ ਨਾ ਬਣਦੇ। ਉਹਨਾਂ ਦੱਸਿਆ ਕਿ ਬੀਤੇ ਸਮੇਂ ਦੌਰਾਨ ਪ੍ਰਬੰਧਕਾਂ ਨੇ ਗ੍ਰੰਥੀ ਸਿੰਘਾਂ ਨਾਲ ਵਧੀਕੀਆਂ ਕੀਤੀਆਂ ਅਤੇ ਨੌਕਰੀਆਂ ਤੋਂ ਵਾਂਝੇ ਕੀਤੇ ਗਏ।

ਸ: ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਨੇ ਈ ਜੀ ਐਮ ਦੀ ਮੀਟਿੰਗ ਵਿੱਚ ਗੈਰ ਸੰਵਿਧਾਨਿਕ ਤਰੀਕੇ ਨਾਲ ਸੰਵਿਧਾਨ ਬਦਲਿਆ ਗਿਆ ਅਤੇ ਆਪਣੇ ਪ੍ਰੀਵਾਰਾਂ ਦੇ ਲੋਕਾਂ ਨੂੰ ਟਰੱਸਟੀ ਬਣਾਇਆ। ਉਹਨਾਂ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ, ਕੁਲਵੰਤ ਸਿੰਘ ਭਿੰਡਰ ਆਦਿ ਦਾ ਨਾਮ ਲੈ ਕੇ ਕਿਹਾ ਕਿ ਉਹਨਾਂ ਨੇ ਫੈਸਲੇ ਠੀਕ ਨਹੀਂ ਕੀਤੇ। ਸ: ਮੱਲੀ ਨੇ ਸ੍ਰੀ ਗੁਰੂ ਸਿੰਘ ਸਭਾ ਦੀ ਜਾਇਦ-ਾਦ ਨੂੰ ਲੈ ਕੇ ਵੀ ਸਵਾਲ ਖੜ੍ਹੇ ਕੀਤੇ। ਉਹਨਾਂ ਕਿਹਾ ਕਿ ਅਸੀਂ ਅਜੇ ਵੀ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦੇ ਹਾਂ ਕਿ ਇਸ ਮਾਮਲੇ ਨੂੰ ਬੈਠ ਕੇ ਨਜਿੱਠ ਲਿਆ ਜਾਵੇ ਤਾਂ ਕਿ ਸਿੱਖ ਕੌਮ ਦਾ ਪੈਸਾ ਅਦਾਲਤੀ ਚੱਕਰਾਂ ਵਿੱਚ ਬੇਅਰਥ ਨਾ ਜਾਵੇ। ਉਸ ਪੈਸੇ ਨਾਲ ਸੰਗਤਾਂ ਦੇ ਭਲੇ ਲਈ ਬਹੁਤ ਕੁਝ ਕੀਤਾ ਜਾ ਸਕਦਾ ਹੈ। ਉਹਨਾਂ ਇਹ ਵੀ ਸ਼ੰਕਾ ਪ੍ਰਗਟ ਕੀਤਾ ਕਿ ਜੋ ਹਾਲਾਤ ਬਣਦੇ ਜਾ ਰਹੇ ਹਨ । ਇਸ ਤਰ੍ਹਾਂ ਲੱਗਦਾ ਕਿ ਪ੍ਰਬੰਧਕ ਕਮੇਟੀ ਅਗਲੀਆਂ ਚੋਣਾ ਕਰਵਾਉਣਾ ਹੀ ਨਹੀਂ ਚਾਹੁੰਦੀ ਜਾਂ ਚੋਣਾਂ ਲਈ ਸਾਰੀ ਜਿੰਮੇਂਵਾਰੀ ਆਪਣੇ ਚਹੇਤੇ ਟਰੱਸਟੀਆਂ ਨੂੰ ਦੇ ਕੇ ਹਮੇਸ਼ਾਂ ਲਈ ਕਾਬਜ਼ ਰਹਿਣਾ ਚਾਹੁੰਦੇ ਹਨ। ਉਹਨਾਂ ਇਸ ਮੌਕੇ ਸੰਗਤਾਂ ਪਾਸੋਂ ਜੈਕਾਰਾ ਲਗਾ ਕੇ ਪ੍ਰਵਾਨਗੀ ਲਈ ਕਿ ਜੇ ਪ੍ਰਬੰਧਕ ਕਮੇਟੀ ਮਿਲ ਬੈਠ ਕੇ ਹੱਲ ਨਹੀਂ ਕੱਢਦੀ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇ, ਜਿਸ ਲਈ ਸੰਗਤਾਂ ਨੇ ਹਾਂ ਵਿੱਚ ਜੈਕਾਰਾ ਛੱਡ ਕੇ ਪ੍ਰਵਾਨਗੀ ਦਿੱਤੀ। ਉਹਨਾਂ ਸਭਾ ਦੇ ਪੈਸੇ ਦੀ ਦੁਰਵਰਤੋਂ ਹੋਣ ਬਾਰੇ ਵੀ ਕਿਹਾ। ਸ: ਮੱਲੀ ਨੇ ਕਿਹਾ ਕਿ ਕਮੇਟੀ ਮੈਂਬਰ ਅਤੇ ਸਭਾ ਵਿੱਚ ਕੰਮ ਸੇਵਾ ਕਰਨ ਵਾਲੇ ਗਿਆਨੀ ਸਿੰਘ ਖੁਦ ਗੱਲਾਂ ਕਰ ਰਹੇ ਹਨ। ਇਸ ਦਾ ਮਤਲਬ ਜਰੂਰ ਬਹੁਤ ਕੁਝ ਠੀਕ ਨਹੀਂ ਹੋ ਰਿਹਾ ਹੈ। ਉਹਨਾਂ ਸਭਾ ਦੇ ਖਜ਼ਾਨਚੀ ਜੀਤਪਾਲ ਸਿੰਘ ਸਹੋਤਾ ਵੱਲੋਂ ਏ ਜੀ ਐਮ ਵਿੱਚ ਦਿੱਤੇ ਬਿਆਨ ਬਾਰੇ ਕਿਹਾ ਕਿ ਇਹ ਬਹੁਤ ਚਿੰਤਾਜਨਕ ਗੱਲ ਹੈ ਕਿ ਖਜ਼ਾਨਚੀ ਇਹ ਕਹੇ ਕਿ ਮੈਂ ਸਿਰਫ਼ ਪੈਸੇ ਗਿਣਨ ਦੀ ਜਿੰਮੇਵਾਰੀ ਲੈਂਦਾ ਹਾਂ। ਇਸ ਦਾ ਮਤਲਬ ਬਹੁਤ ਕੁਝ ਠੀਕ ਨਹੀਂ ਹੋ ਰਿਹਾ ।

ਕਮੇਟੀ ਮੈਂਬਰ ਸ: ਮਨਜੀਤ ਸਿੰਘ ਨੇ ਦੱਸਿਆ ਕਿ ਸਭਾ ਵਿੱਚ ਕਥਿਤ ਤੌਰ ਤੇ ਉਹ ਲੋਕ ਕੰਮ ਕਰ ਰਹੇ ਹਨ ਜਿਨ੍ਹਾਂ ਨੂੰ ਏਥੇ ਕੰਮ ਕਰਨ ਦਾ ਅਧਿਕਾਰ ਨਹੀਂ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਕੀਰਤਨੀ ਜੱਥੇ ਲਾਉਣ ਵੇਲੇ ਵੀ ਕਿਸੇ ਅਜੇਹੇ ਵਿਅਕਤੀ ਨੂੰ ਨਾਲ ਬਿਠਾ ਦਿੱਤਾ ਜਾਂਦਾ ਹੈ ਜਿਸ ਨੂੰ ਕੀਰਤਨ ਦਾ ਗਿਆਨ ਨਹੀਂ ਹੁੰਦਾ ਪਰ ਉਹ ਭੇਟਾ ਦਾ ਹਿੱਸਾ ਲੈ ਜਾਂਦਾ ਹੈ । ਉਹਨਾਂ ਸ੍ਰੀ ਦਰਬਾਰ ਸਾਹਿਬ ਦੇ ਇੱਕ ਕੀਰਤਨੀਏ ਨਾਲ ਹੋਈ ਘਟਨਾ ਨੂੰ ਸਾਂਝਾ ਕੀਤਾ।

ਇਸ ਮੌਕੇ ਬੋਲਦਿਆਂ ਸ਼ਰਨਬੀਰ ਸਿੰਘ ਸੰਘਾ ਨੇ ਜਨਰਲ ਸਕੱਤਰ ਹਰਮੀਤ ਸਿੰਘ ਬਾਰੇ ਦੱਸਿਆ ਕਿ ਸਭਾ ਵਿੱਚ ਉਹਨਾਂ ਨੇ ਕਥਿਤ ਤੌਰ ਤੇ ਇੱਕ ਅਜੇਹੇ ਵਿਅਕਤੀ ਨੂੰ ਗ੍ਰੰਥੀ ਵੀਜ਼ੇ ਤੇ ਸਪਾਂਸਰ ਕੀਤਾ ਹੈ ਜੋ ਪਤਿਤ ਹੈ। ਇਸ ਤੋਂ ਇਲਾਵਾ ਉਹਨਾਂ ਹੋਰ ਵੀ ਬਹੁਤ ਸਾਰੇ ਮੁੱਦੇ ਚੁੱਕੇ ।

ਸ: ਹਰਜੀਤ ਸਿੰਘ ਸਰਪੰਚ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਵੱਲੋਂ ਮਨਮਰਜ਼ੀਆਂ ਕੀਤੀਆਂ ਜਾ ਰਹੀਆਂ ਹਨ। ਸਿੱਖ ਪ੍ਰੰਪਰਾਵਾਂ ਅਤੇ ਸਭਾ ਦਾ ਨੁਕਸਾਨ ਕੀਤਾ ਜਾ ਰਿਹਾ ਹੈ । ਉਹਨਾਂ ਕਿਹਾ ਕਿ ਮੀਤ ਪ੍ਰਧਾਨ ਕੁਲਵੰਤ ਸਿੰਘ ਭਿੰਡਰ ਨੂੰ ਅਸੀਂ ਵਾਰ ਵਾਰ ਬੇਨਤੀਆਂ ਕੀਤੀਆਂ ਕਿ ਕੌਮ ਦੇ ਪੈਸੇ ਨੂੰ ਖਰਾਬ ਨਾ ਕੀਤਾ ਜਾਵੇ ਅਤੇ ਮਿਲ ਬੈਠ ਕੇ ਹੱਲ ਲੱਭਿਆ ਜਾਵੇ ਪਰ ਉਹਨਾਂ ਇੱਕ ਨਹੀਂ ਮੰਨੀ। ਜਦ ਕਿ ਅਸੀਂ ਅੱਜ ਵੀ ਗੱਲਬਾਤ ਨੂੰ ਤਿਆਰ ਹਾਂ। ਉਹਨਾਂ ਇਹ ਵੀ ਕਿਹਾ ਕਿ ਪ੍ਰਬੰਧਕ ਕਮੇਟੀ ਨੂੰ ਰੱਬ ਦਾ ਭੈਅ ਹੀ ਨਹੀਂ ਹੈ।

ਇਸ ਮੌਕੇ ਬੋਲਦਿਆਂ ਬੱਚਿਆਂ ਨੂੰ ਸੰਗੀਤ ਸਿਖਾਉਣ ਵਾਲੀ ਬੀਬੀ ਜਸਵਿੰਦਰ ਕੌਰ ਬੋਲਾ ਅਤੇ ਇੱਕ ਹੋਰ ਅਧਿਆਪਕਾ ਨੇ ਵੀ ਪ੍ਰਬੰਧਕਾਂ ਵੱਲੋਂ ਕੀਤੇ ਜਾਂਦੇ ਵਿਤਕਰੇ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਇਹ ਵੀ ਕਿਹਾ ਉਹ ਸੇਵਾ ਭਾਵਨਾ ਨਾਲ ਸੇਵਾ ਕਰਦੀਆਂ ਸਨ ਜਦ ਕਿ ਹੁਣ ਤਨਖਾਹ ਦਿੱਤੀ ਜਾਂਦੀ ਹੈ ।

ਜਿਕਰਯੋਗ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਨੂੰ ਚੈਰਿਟੀ ਕਮਿਸ਼ਨ ਵੱਲੋਂ 9 ਮਈ ਤੱਕ ਜਵਾਬ ਦੇਣ ਲਈ ਕਿਹਾ ਹੈ। ਜੇ ਚੈਰਿਟੀ ਕਮਿਸ਼ਨ ਸਭਾ ਦੇ ਪ੍ਰਬੰਧਕਾਂ ਤੋਂ ਸੰਤੁਸ਼ਟ ਨਹੀਂ ਹੋਈ ਅਤੇ ਕੋਈ ਮਿਲ ਬੈਠ ਕੇ ਹੱਲ ਨਾ ਨਿਕਲਿਆ ਤਾਂ ਇੱਕ ਵਾਰ ਫਿਰ ਸਿੱਖ ਕੌਮ ਦਾ ਲੱਖਾਂ ਪੌਂਡ ਅਦਾਲਤਾਂ ਵਿੱਚ ਬਰਬਾਦ ਹੋਵੇਗਾ। ਭਾਵੇਂ ਕਿ ਆਮ ਸਿੱਖ ਅਤੇ ਸਭਾ ਦੇ ਬਹੁ ਗਿਣਤੀ ਮੈਂਬਰ ਅਦਾਲਤੀ ਕੇਸਾਂ ਤੋਂ ਖੁਸ਼ ਨਹੀਂ ਹਨ । ਪਰ ਹੁਣ ਭਵਿੱਖ ਹੀ ਦੱਸੇਗਾ ਕਿ ਕੀ ਹੋਵੇਗਾ।

ਇਸ ਮੌਕੇ ਅਵਤਾਰ ਸਿੰਘ ਬੁਟਰ, ਬਲਜੀਤ ਸਿੰਘ ਮੱਲੀ, ਗੁਰਬਚਨ ਸਿੰਘ ਅਟਵਾਲ, ਅਮਰਜੀਤ ਸਿੰਘ ਢਿਲੋਂ, ਹਰਪਾਲ ਸਿੰਘ ਬਰਾੜ, ਜੋਗਿੰਦਰ ਸਿੰਘ, ਗੁਰਸ਼ਰਨ ਸਿੰਘ ਮੰਡ, ਉਂਕਾਰ ਸਿੰਘ, ਅਵਤਾਰ ਸਿੰਘ ਤਾਰੀ, ਪ੍ਰਤਾਪ ਸਿੰਘ ਮੋਮੀ, ਕਰਮਜੀਤ ਸਿੰਘ ਔਜਲਾ, ਜਸਵੰਤ ਸਿੰਘ ਗਰੇਵਾਲ, ਇਸ੍ਹਟਮੀਤ ਸਿੰਘ ਫੁੱਲ, ਪ੍ਰਮਜੀਤ ਸਿੰਘ ਧਾਲੀਵਾਲ, ਬਲਵਿੰਦਰ ਸਿੰਘ ਗਿੱਲ, ਸਾਬੀ, ਸੁਖਵਿੰਦਰ ਸਿੰਘ ਸੁੱਖਾ, ਭਰਪੂਰ ਸਿੰਘ, ਅਜੀਤ ਸਿੰਘ, ਸੁਖਦੇਵ ਸਿੰਘ ਗਰੇਵਾਲ, ਗੁਰਮੀਤ ਸਿੰਘ ਸਿੱਧੂ, ਹਰਜਿੰਦਰ ਸਿੰਘ, ਜੋਗਿੰਦਰ ਸਿੰਘ ਬੱਲ, ਉਂਕਾਰਜੀਤ ਸਿੰਘ ਸੰਧੂ, ਬੀਬੀ ਸੁਰਜੀਤ ਕੌਰ ਬਾਸੀ, ਕੁਲਵੰਤ ਕੌਰ ਢਿਲੋਂ, ਮਾਹੀਪਾਲ ਸਿੰਘ, ਹਰਬੰਸ ਸਿੰਘ ਕੁਲਾਰ ਆਦਿ ਸਮੇਤ ਵੱਡੀ ਗਿਣਤ ਵਿੱਚ ਸੰਗਤਾਂ ਹਾਜ਼ਰ ਸਨ।

ਬਾਕੀ ਹਿਸਾ ਸਫਾ 12 ਤੇ ਪੜ੍ਹੋ

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ, ਜਤਿੰਦਰ ਸਿੰਘ ਪ੍ਰਧਾਨ ਬਣੇ





ਪ੍ਰਧਾਨ ਜਤਿੰਦਰ ਸਿੰਘ ਅਤੇ ਨਵੀਂ ਚੁਣੀ ਪ੍ਰਬੰਧਕ ਕਮੇਟੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਬਰਤਾਨੀਆ ਦੇ ਪੁਰਾਤਨ ਗੁਰਦੁਆਰਾ ਸਾਹਿਬਾਨ ਵਿੱਚੋਂ ਜਾਣੇ ਜਾਂਦੇ ਸਿੱਖ ਸਿਆਸਤ ਦਾ ਵੱਡਾ ਗੜ੍ਹ ਮੰਨੇ ਜਾਂਦੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਕੀਤੀ ਗਈ ਅਤੇ ਭਾਈ ਜਤਿੰਦਰ ਸਿੰਘ ਨੂੰ ਮੁੱਖ ਸੇਵਾਦਾਰ ਵਜੋਂ ਸੇਵਾਵਾਂ ਸੌਂਪੀਆਂ ਗਈਆਂ।

ਇਸ ਤੋਂ ਇਲਾਵਾ ਬੀਬੀ ਪਰਵਿੰਦਰ ਕੌਰ ਮੀਤ ਪ੍ਰਧਾਨ, ਪਰਮਜੀਤ ਸਿੰਘ ਢਿੱਲੋਂ ਜਨਰਲ ਸਕੱਤਰ, ਇਕਬਾਲ ਸਿੰਘ ਮੀਤ ਜਨਰਲ ਸਕੱਤਰ, ਤਰਸੇਮ ਸਿੰਘ ਸ਼ੇਕਰ ਖਜ਼ਾਨਚੀ, ਜਸਵਿੰਦਰ ਸਿੰਘ ਬਾਂਕਾ ਮੀਤ ਖਜ਼ਾਨਚੀ, ਨਰਿੰਦਰ ਸਿੰਘ ਸਟੇਜ ਸਕੱਤਰ, ਕੁਲਦੀਪ ਸਿੰਘ ਦਿਓਲ ਸਿੱਖਿਆ, ਜਸਵੀਰ ਸਿੰਘ ਲੰਗਰ ਜਥੇਦਾਰ, ਮਹਿੰਦਰ ਸਿੰਘ ਨਾਗਰਾ ਅਤੇ ਸਾਧੂ ਸਿੰਘ ਲੰਗਰ ਮੈਂਬਰ, ਜਗਜੀਵਨ ਸਿੰਘ ਖੇਡ ਸਕੱਤਰ, ਬਲਬੀਰ ਸਿੰਘ ਮੈਰਿਜ ਰਜਿਸਟਰਾਰ ਤੋਂ ਇਲਾਵਾ ਸਰਬਜੀਤ ਸਿੰਘ, ਕੁਲਜਿੰਦਰ ਕੌਰ, ਰੇਸ਼ਮ ਕੌਰ, ਭਰਵਿੰਦਰ ਸਿੰਘ, ਹਰਵਿੰਦਰ ਸਿੰਘ ਹੀਰਾ, ਕਾਮਰਾਜ ਸਿੰਘ, ਹਮਰਾਜ ਸਿੰਘ, ਰਾਜਦੀਪ ਸਿੰਘ ਮੈਂਬਰ ਹੋਣਗੇ।

ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ ਨੇ ਕਿਹਾ ਕਿ ਸਾਡਾ ਮੁੱਖ ਮੰਤਵ ਸਿੱਖੀ ਪ੍ਰਚਾਰ ਦੇ ਨਾਲ ਨਾਲ ਸਿੱਖ ਕੌਮ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਅਤੇ ਉਹਨਾਂ ਦੇ ਹੱਲ ਲਈ ਮਿਲ ਕੇ ਕੰਮ ਕਰਨਾ ਹੋਵੇਗਾ। ਨੌਜਵਾਨਾਂ ਨੂੰ ਵੱਧ ਤੋਂ ਵੱਧ ਸਿੱਖੀ ਨਾਲ ਜੋੜਨ ਲਈ ਯਤਨ ਕੀਤੇ ਜਾਣਗੇ।

# ਪਹਿਲਗਾਮ ਹਮਲੇ ਦੇ ਪੀੜਤਾਂ ਲਈ ਲੰਡਨ ਦੇ ਲਕਸ਼ਮੀ ਨਾਰਾਇਣ ਮੰਦਿਰ ਹੰਸਲੋਂ ਵਿੱਚ ਪ੍ਰਾਰਥਨਾ ਸਭਾ ਦਾ ਆਯੋਜਨ





ਪਹਿਲਗਾਮ ਪੀੜਤਾਂ ਲਈ ਪ੍ਰਾਰਥਨਾ ਕਰਦੇ ਹੋਏ ਭਾਰਤੀ ਭਾਈਚਾਰੇ ਦੇ ਲੋਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਲਕਸ਼ਮੀ ਨਾਰਾਇਣ ਮੰਦਿਰ ਹੰਸਲੋ ਵਿੱਚ ਪਹਿਲਗਾਮ ਹਮਲੇ ਵਿੱਚ ਮਾਰੇ ਗਏ ਪੀੜਤਾਂ ਲਈ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ 300 ਤੋਂ ਵੱਧ ਲੋਕ ਸ਼ਾਮਲ ਹੋਏ। ਇਹ ਮੀਟਿੰਗ ਪ੍ਰਮੋਦ ਕੈਂਥ ਐਮ ਬੀ ਈ ਚੇਅਰਮੈਨ ਅਤੇ ਲਕਸ਼ਮੀ ਨਾਰਾਇਣ ਮੰਦਿਰ, ਹੰਸਲੋ ਦੇ ਟਰੱਸਟੀ ਬੋਰਡ ਦੁਆਰਾ ਆਯੋਜਿਤ ਕੀਤੀ ਗਈ ਸੀ।

ਸਾਬਕਾ ਮੇਅਰ ਦਰਸ਼ਨ ਸਿੰਘ ਗਰੇਵਾਲ ਵੇ ਅੱਤਵਾਦੀ ਹਮਲੇ ਦੀ ਨਿੰਦਾ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਕੀਤੀ। ਉਨ੍ਹਾਂ ਨੇ ਕਸ਼ਮੀਰ ਅਤੇ ਭਾਰਤ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਲਿਆਉਣ ਲਈ ਸਰਕਾਰ ਵੱਲੋਂ ਕੀਤੇ ਕੰਮਾਂ ਤੋਂ ਜਾਣੂ ਕਰਵਾਇਆ। ਇਸ ਤੋਂ ਇਲਾਵਾ ਪ੍ਰਮੋਦ ਕੈਂਥ ਅਤੇ ਹੋਰ ਆਗੂਆਂ ਨੇ ਕਸ਼ਮੀਰ ਘਾਟੀ ਵਿੱਚ ਛੁੱਟੀਆਂ ਮਨਾਉਣ ਆਏ ਮਾਸੂਮ ਲੋਕਾਂ 'ਤੇ ਹੋਏ ਇਸ ਭਿਆਨਕ ਹਮਲੇ ਦੀ ਆਲੋਚਨਾ ਕੀਤੀ। ਇਹ ਵੀ ਕਿਹਾ ਗਿਆ ਕਿ ਕਸ਼ਮੀਰ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਬਣਾਈ ਰੱਖਣ ਲਈ ਸਥਾਨਕ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਲੋੜ ਹੈ। ਪ੍ਰਮੋਦ ਕੈਂਥ ਨੇ ਕਿਹਾ ਕਿ ਬੀਤੇ ਕੁਝ ਸਾਲਾਂ ਤੋਂ ਕਸ਼ਮੀਰ ਵਿਕਾਸ ਦੇ ਰਾਹ ਚੱਲ ਰਿਹਾ ਸੀ, ਜਿਸ ਦੌਰਾਨ ਘਾਟੀ ਵਿੱਚ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿੱਚ 4 ਗੁਣਾ ਵਾਧਾ ਹੋਇਆ। ਪਰ ਇਸ ਬੇਰਹਿਮ ਹਮਲੇ ਨੇ ਹਾਲ ਹੀ ਦੇ ਸਾਲਾਂ ਵਿੱਚ ਭਾਰਤ ਸਰਕਾਰ ਦੁਆਰਾ ਕਸ਼ਮੀਰ ਵਿੱਚ ਕੀਤੇ ਗਏ ਸਾਰੇ ਚੰਗੇ ਕੰਮਾਂ ਨੂੰ ਤਬਾਹ ਕਰ ਦਿੱਤਾ ਹੈ। ਉਹਨਾਂ ਯੂ ਕੇ ਰਹਿੰਦੇ ਭਾਈਚਾਰੇ ਵੱਲੋਂ ਹਰ ਤਰ੍ਹਾਂ ਸਹਿਯੋਗ ਦੀ ਵਚਨਬੱਧਤਾ ਪ੍ਰਗਟ ਕੀਤੀ। ਹਾਜ਼ਰ ਲੋਕਾਂ ਨੇ ਪੀੜਤਾਂ ਨੂੰ ਇੱਕ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਵੀ ਭੇਂਟ ਕੀਤੀ।

## ਭਾਰਤ ਨੇ ਚਿਨਾਬ ਦਾ ਪਾਣੀ ਰੋਕਿਆ, ਬਗਲੀਹਾਰ ਡੈਮ ਬਾਰੇ ਕੀਤਾ ਫੈਸਲਾ

**ਦਿੱਲੀ-ਭਾਰਤ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸਿੰਧੂ ਜਲ ਸੰਧੀ ਮੁਅੱਤਲ ਕਰਕੇ ਚਿਨਾਬ ਨਦੀ 'ਤੇ ਬਗਲੀਹਾਰ ਡੈਮ ਤੋਂ ਪਾਣੀ ਦਾ ਪ੍ਰਵਾਹ ਰੋਕ ਦਿੱਤਾ। ਜੇਹਲਮ ਨਦੀ 'ਤੇ ਕਿਸ਼ਨਗੰਗਾ ਡੈਮ 'ਤੇ ਵੀ ਅਜਿਹੀ ਕਾਰਵਾਈ ਦੀ ਯੋਜਨਾ ਹੈ। ਇਹ ਫੈਸਲਾ ਪਾਕਿਸਤਾਨ ਨੂੰ ਸਖਤ ਸੰਦੇਸ਼ ਦੇਣ ਦੀ ਕੋਸ਼ਿਸ਼ ਹੈ, ਪਰ ਇਸ ਨਾਲ ਦੋਵਾਂ ਦੇਸ਼ਾਂ 'ਚ ਵਿਵਾਦ ਹੋਰ ਗੂੜ੍ਹਾ ਹੋ ਸਕਦਾ ਹੈ।**

# ਇੰਡੀਅਨ ਵਰਕਰਜ ਐਸੋਸੀਏਸ਼ਨ ਵੱਲੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦੀ ਨਿੰਦਾ

ਇੰਡੀਅਨ ਵਰਕਰਜ ਐਸੋਸੀਏਸ਼ਨ ਵੱਲੋਂ ਭੇਜੇ ਗਏ ਬਿਆਨ ਵਿੱਚ ਕਿਹਾ ਕਿ ਅਸੀਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦੀ ਨਿੰਦਾ ਕਰਦੇ ਹਾ। ਅਸੀਂ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੂੰ ਇੱਕ ਦੂਜੇ 'ਤੇ ਹਮਲਾ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦੇ ਹਾਂ। ਅਸੀਂ ਭਾਰਤ ਵਿੱਚ ਅੱਤਵਾਦੀ ਸਮੂਹਾਂ ਦੁਆਰਾ ਨਿਰਦੋਸ਼ ਲੋਕਾਂ 'ਤੇ ਕੀਤੇ ਗਏ ਹਮਲਿਆਂ ਦੀ ਵੀ ਨਿੰਦਾ ਕਰਦੇ ਹਾਂ। ਪਾਕਿਸਤਾਨ ਅਤੇ ਭਾਰਤ ਵਿਚਕਾਰ ਜੰਗ ਵਿੱਚ, ਦੋਵਾਂ ਪਾਸਿਆਂ ਦੇ ਆਮ ਲੋਕ ਮਾਰੇ ਜਾਣਗੇ, ਦੋਵਾਂ ਪਾਸਿਆਂ ਦੇ ਸਿਆਸਤਦਾਨਾਂ ਨੂੰ ਕੁਝ ਵੀ ਨਹੀਂ ਗੁਆਉਣਾ ਪਵੇਗਾ।

ਅਸੀਂ ਯੂਨਾਈਟਿਡ ਕਿੰਗਡਮ ਵਿੱਚ ਦੋਵਾਂ ਭਾਈਚਾਰਿਆਂ ਨੂੰ ਸ਼ਾਂਤ ਰਹਿਣ ਅਤੇ ਭੜਕਾਊ ਕਾਰਵਾਈਆਂ ਤੋਂ ਬਚਣ ਦੀ ਅਪੀਲ ਕਰਦੇ ਹਾਂ।ਪਾਕਿਸਤਾਨ ਅਤੇ ਭਾਰਤ ਸਰਕਾਰ ਦੋਵਾਂ ਨੂੰ ਗੱਲਬਾਤ ਰਾਹੀਂ ਮਾਮਲੇ ਦਾ ਹੱਲ ਕੱਢਣਾ ਚਾਹੀਦਾ ਹੈ।

## ਸਿੰਘ ਸਭਾ ਵਿੱਚ ਸਭ ਕੁਝ ਪਾਰਦਰਸ਼ਤਾ ਨਾਲ ਕੀਤਾ ਜਾਂਦਾ ਹੈ-ਸ:ਗਿੱਲ

11 ਸਫੇ ਦੀ ਬਾਕੀ

ਦੂਜੇ ਪਾਸੇ ਹਰਮੀਤ ਸਿੰਘ ਗਿੱਲ ਨੇ ਕਿਹਾ ਕਿ ਉਹ ਚੈਰਿਟੀ ਕਮਿਸ਼ਨ ਦੇ ਸਵਾਲਾਂ ਦੇ ਜਵਾਬ ਦੇ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਸ਼ਕਾਇਤ ਕਰਤਾਵਾਂ ਨੂੰ ਚੈਰਿਟੀ ਕਮਿਸ਼ਨ ਨੇ ਕੇਸ ਅਦਾਲਤ ਵਿੱਚ ਲਿਜਾਣ ਦੀ ਆਗਿਆ ਨਹੀਂ ਦਿੱਤੀ। ਸ: ਗਿੱਲ ਨੇ ਕਿਹਾ ਕਿ ਸਭਾ ਵਿੱਚ ਸਭ ਕੁਝ ਪਾਰਦਰਸ਼ਤਾ ਨਾਲ ਕੀਤਾ ਜਾਂਦਾ ਹੈ, ਜਿਸ ਨੂੰ ਕੋਈ ਵੀ ਆ ਕੇ ਵੇਖ ਸਕਦਾ ਹੈ। ਉਹਨਾਂ ਸਭਾ ਦੀਆਂ ਜਾਇਦਾਦਾਂ ਟਰੱਸਟੀਆਂ ਦੇ ਨਾਮ ਕਰਨ ਬਾਰੇ ਕਿਹਾ ਕਿ ਇਸ ਵਿੱਚ ਕੁਝ ਵੀ ਗਲਤ ਨਹੀਂ ਕੀਤਾ, ਸਭ ਕੁਝ ਨਿਯਮਾਂ ਤਹਿਤ ਹੈ ਕੀਤਾ ਹੈ।

ਚੈਰਿਟੀ ਕਮਿਸ਼ਨ ਵੱਲੋਂ ਸ਼ਿਕਾਇਤ ਕਰਤਾਵਾਂ ਨੂੰ ਅਦਾਲਤ ਵਿੱਚ ਕੇਸ ਲਿਜਾਣ ਤੋਂ ਨਾਂਹ ਕਰਨ ਬਾਰੇ ਸ੍ਪਸ਼ਟ ਕਰਦਿਆਂ ਸ: ਸੁਰਨਬੀਰ ਸਿੰਘ ਸੰਘਾ ਨੇ ਕਿਹਾ ਕਿ ਅਜੇਹਾ ਚੈਰਿਟੀ ਕਮਿਸ਼ਨ ਹਮੇਸ਼ਾਂ ਹੀ ਕਰਦਾ ਹੈ। ਉਹਨਾਂ 2010 ਦੇ ਕੇਸ ਦਾ ਹਵਾਲਾ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਚੈਰਿਟੀ ਕਮਿਸ਼ਨ ਨੇ ਉਕਤ ਮਾਮਲੇ ਬਾਰੇ 20 ਦਿਨ ਦਾ ਸਮਾਂ ਵੀ ਦਿੱਤਾ ਹੈ। ਇਹ ਮਾਮਲਾ ਅਦਾਲਤ ਵਿੱਚ ਜਾਣ ਦੇ ਅਸਾਰ ਬਣਦੇ ਨਜ਼ਰ ਆ ਰਹੇ ਹਨ।

# ਆਸਟਰੇਲੀਆ ਸੰਘੀ ਚੋਣਾਂ ਵਿੱਚ ਸਿੱਖ ਤੇ ਪੰਜਾਬੀ ਕਿਉਂ ਨਾ ਜਿੱਤ ਸਕੇ ?

**ਲੇਬਰ ਪਾਰਟੀ ਲਿਬਰਲ-ਨੈਸ਼ਨਲ ਗੱਠਜੋੜ ਨੂੰ ਹਰਾ ਕੇ ਜਿੱਤੀ ਚੋਣ ✪ ਮਹਿੰਗਾਈ, ਜੀਵਨ ਖਰਚਿਆਂ ਦਾ ਸੰਕਟ ਅਤੇ ਕੌਮਾਂਤਰੀ ਸਿਆਸੀ ਹਾਲਾਤ ਚੋਣ ਮੁੱਦਾ ਬਣੇ ✪ ਸਿੱਖਾਂ ਨੂੰ ਵੱਡੀਆਂ ਪਾਰਟੀਆਂ ਵਿਚ ਸ਼ਾਮਲ ਹੋਣ ਦੀ ਲੋੜ ਤੇ ਚੈਰਿਟੀ ਕੌਮੀ ਸੇਵਾਵਾਂ ਨੂੰ ਉਭਾਰਨ ਦੀ ਲੋੜ**






ਆਸਟਰੇਲੀਆ ਦੀਆਂ 2025 ਦੀਆਂ ਸੰਘੀ ਚੋਣਾਂ ਵਿੱਚ ਲੇਬਰ ਪਾਰਟੀ ਨੇ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਦੀ ਅਗਵਾਈ ਵਿੱਚ ਸਪੱਸ਼ਟ ਜਿੱਤ ਹਾਸਲ ਕੀਤੀ, ਜਿਸ ਨਾਲ ਉਹ ਦੂਜੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਵਿਰੋਧੀ ਧਿਰ, ਲਿਬਰਲ-ਨੈਸ਼ਨਲ ਗੱਠਜੋੜ, ਜਿਸ ਦੀ ਅਗਵਾਈ ਪੀਟਰ ਡਟਨ ਕਰ ਰਹੇ ਸਨ, ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ, ਅਤੇ ਡਟਨ ਖੁਦ ਆਪਣੀ ਸੀਟ ਹਾਰ ਗਏ। ਇਸ ਜਿੱਤ ਦੇ ਪਿੱਛੇ ਮੁੱਖ ਕਾਰਨ ਸਨ ਮਹਿੰਗਾਈ, ਜੀਵਨ ਖਰਚਿਆਂ ਦਾ ਸੰਕਟ, ਅਤੇ ਕੌਮਾਂਤਰੀ ਸਿਆਸੀ ਹਾਲਾਤ, ਜਿਨ੍ਹਾਂ ਨੇ ਵੋਟਰਾਂ ਦੇ ਮਨਾਂ ਨੂੰ ਪ੍ਰਭਾਵਿਤ ਕੀਤਾ। ਲੇਬਰ ਪਾਰਟੀ ਦੀ ਮੁਹਿੰਮ, ਜਿਸ ਵਿੱਚ ਵਿੱਤੀ ਰਾਹਤ, ਸਿਹਤ ਸਹੂਲਤਾਂ, ਅਤੇ ਟੈਕਸ ਰਾਹਤ ਵਰਗੇ ਵਾਅਦੇ ਸ਼ਾਮਲ ਸਨ, ਨੇ ਲੋਕਾਂ ਵਿੱਚ ਵਿਸ਼ਵਾਸ ਪੈਦਾ ਕੀਤਾ। ਇਸ ਦੇ ਉਲਟ, ਲਿਬਰਲ ਪਾਰਟੀ ਦੀਆਂ ਨੀਤੀਆਂ, ਜਿਵੇਂ ਕਿ ਸਰਕਾਰੀ ਖਰਚਿਆਂ ਵਿੱਚ ਕਟੌਤੀ ਅਤੇ "ਵੋਕ" ਵਿਰੋਧੀ ਏਜੰਡਾ, ਵੋਟਰਾਂ ਨੂੰ ਪ੍ਰਭਾਵਿਤ ਕਰਨ ਵਿੱਚ ਅਸਫਲ ਰਹੀਆਂ। ਹਾਲਾਂਕਿ, ਪੰਜਾਬੀ ਮੂਲ ਦੇ ਉਮੀਦਵਾਰਾਂ ਲਈ ਇਹ ਚੋਣ ਨਿਰਾਸ਼ਾਜਨਕ ਰਹੀ, ਕਿਉਂਕਿ ਕੋਈ ਵੀ ਸੀਟ ਜਿੱਤਣ ਵਿੱਚ ਕਾਮਯਾਬ ਨਹੀਂ ਹੋਇਆ।

ਪੰਜਾਬੀ ਅਤੇ ਸਿੱਖ ਭਾਈਚਾਰੇ ਦੀ ਆਸਟਰੇਲੀਆ ਵਿੱਚ ਮਹੱਤਵਪੂਰਨ ਮੌਜੂਦਗੀ ਹੈ, ਪਰ ਸਿਆਸੀ ਤੌਰ 'ਤੇ ਸੰਗਠਿਤ ਹੋਣ ਦੀ ਘਾਟ ਨੇ ਉਨ੍ਹਾਂ ਦੇ ਪ੍ਰਭਾਵ ਨੂੰ ਸੀਮਤ ਕੀਤਾ ਹੋਇਆ ਹੈ। ਸਥਾਨਕ ਪੱਧਰ 'ਤੇ ਪਾਰਟੀਆਂ ਦੀਆਂ ਮੁਹਿੰਮਾਂ ਵਿੱਚ ਸਰਗਰਮ ਸ਼ਮੂਲੀਅਤ ਅਤੇ ਪ੍ਰਮੁੱਖ ਅਹੁਦਿਆਂ ਤੱਕ ਪਹੁੰਚ ਦੀ ਕਮੀ ਕਾਰਨ ਪੰਜਾਬੀ ਉਮੀਦਵਾਰ ਮੁੱਖ ਧਾਰਾ ਵਿੱਚ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋ ਸਕੇ।ਬਹੁਤ ਸਾਰੇ ਪੰਜਾਬੀ ਉਮੀਦਵਾਰ ਸੁਤੰਤਰ ਜਾਂ ਛੋਟੀਆਂ ਪਾਰਟੀਆਂ ਵੱਲੋਂ ਖੜ੍ਹੇ ਹੋਏ ਸਨ, ਜਿਨ੍ਹਾਂ ਨੂੰ ਮੁੱਖ ਪਾਰਟੀਆਂ (ਲੇਬਰ ਅਤੇ ਲਿਬਰਲ) ਦੇ ਮੁਕਾਬਲੇ ਸੀਮਤ ਸਰੋਤ ਅਤੇ ਪ੍ਰਚਾਰ ਸਹੂਲਤਾਂ ਮਿਲੀਆਂ ਸਨ। 2025 ਦੀਆਂ ਚੋਣਾਂ ਵਿੱਚ ਮੁੱਖ ਮੁੱਦੇ ਸਨ ਮਹਿੰਗਾਈ, ਜੀਵਨ ਖਰਚੇ, ਸਿਹਤ ਸਹੂਲਤਾਂ, ਅਤੇ ਵਾਤਾਵਰਣ। ਪੰਜਾਬੀ ਅਤੇ ਸਿੱਖ ਭਾਈਚਾਰਿਆਂ ਨਾਲ ਸਬੰਧਤ ਮੁੱਦੇ, ਜਿਵੇਂ ਕਿ ਨਸਲੀ ਵਿਤਕਰੇ ਜਾਂ ਸੱਭਿਆਚਾਰਕ ਪਛਾਣ, ਮੁਹਿੰਮ ਦੇ ਕੇਂਦਰ ਵਿੱਚ ਨਹੀਂ ਸਨ। ਪੰਜਾਬੀ ਉਮੀਦਵਾਰ ਸ਼ਾਇਦ ਇਨ੍ਹਾਂ ਮੁੱਖਧਾਰਾ ਮੁੱਦਿਆਂ ਨੂੰ ਪ੍ਰਭਾਵੀ ਢੰਗ ਨਾਲ ਸੰਬੋਧਿਤ ਕਰਨ ਵਿੱਚ ਪਿੱਛੇ ਰਹੇ, ਜਿਸ ਕਾਰਨ ਵੋਟਰਾਂ ਵਿੱਚ ਉਨ੍ਹਾਂ ਦੀ ਅਪੀਲ ਸੀਮਤ ਰਹੀ। ਆਸਟਰੇਲੀਆ ਵਿੱਚ ਨਸਲਵਾਦ ਦੀਆਂ ਘਟਨਾਵਾਂ ਸਮੇਂ-ਸਮੇਂ 'ਤੇ ਸਾਹਮਣੇ ਆਉਂਦੀਆਂ ਰਹੀਆਂ ਹਨ। ਸਿੱਖ ਅਤੇ ਪੰਜਾਬੀ ਭਾਈਚਾਰੇ, ਜੋ ਅਕਸਰ ਪੱਗ ਅਤੇ ਸੱਭਿਆਚਾਰਕ ਪਛਾਣ ਕਾਰਨ ਪਛਾਣੇ ਜਾਂਦੇ ਹਨ, ਨੂੰ ਅਣਜਾਣੇ ਵਿੱਚ ਵੋਟਰ ਪੱਖਪਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਲਾਂਕਿ, ਇਸ ਚੋਣ ਵਿੱਚ ਸਿੱਧੇ ਨਸਲਵਾਦ ਜਾਂ ਫਿਰਕੂਵਾਦ ਦੇ ਸਬੂਤ ਨਹੀਂ ਮਿਲੇ, ਪਰ ਸੂਖਮ ਪੱਖਪਾਤ ਨੇ ਸੰਭਾਵੀ ਤੌਰ 'ਤੇ ਪ੍ਰਭਾਵ ਪਾਇਆ ਹੋ ਸਕਦਾ ਹੈ।

ਮੀਡੀਆ ਅਤੇ ਸਿਆਸੀ ਬਿਰਤਾਂਤ ਵਿੱਚ "ਟਰੰਪ-ਪ੍ਰੇਰਿਤ" ਸੱਜੇ-ਪੱਖੀ ਰੁਝਾਨਾਂ ਦੀ ਚਰਚਾ ਸੀ, ਜਿਸ ਨੇ ਗੈਰ-ਪੱਛਮੀ ਪਿਛੋਕੜ ਵਾਲੇ ਉਮੀਦਵਾਰਾਂ ਲਈ ਚੁਣੌਤੀਆਂ ਵਧਾਈਆਂ। ਪਾਰਟੀ ਨੇ ਇਸ "ਐਂਟੀ-ਟਰੰਪ" ਲਹਿਰ ਦਾ ਫਾਇਦਾ ਉਠਾਇਆ, ਜਦਕਿ ਲਿਬਰਲ ਪਾਰਟੀ ਦੀਆਂ ਸੱਜੇ-ਪੱਖੀ ਨੀਤੀਆਂ ਨੂੰ ਵੋਟਰਾਂ ਨੇ ਨਕਾਰ ਦਿੱਤਾ। ਪੰਜਾਬੀ ਉਮੀਦਵਾਰ, ਜੋ ਸ਼ਾਇਦ ਇਸ ਵਿਸ਼ਵਵਿਆਪੀ ਸਿਆਸੀ ਬਿਰਤਾਂਤ ਵਿੱਚ ਪੂਰੀ ਤਰ੍ਹਾਂ ਫਿੱਟ ਨਹੀਂ ਸਨ, ਨੂੰ ਵੋਟਰਾਂ ਦੀ ਤਰਜੀਹ ਪ੍ਰਾਪਤ ਕਰਨ ਵਿੱਚ ਮੁਸ਼ਕਲ ਆਈ।

ਸਿੱਖ ਅਤੇ ਪੰਜਾਬੀ ਭਾਈਚਾਰੇ ਨੂੰ ਸਥਾਨਕ ਅਤੇ ਰਾਸ਼ਟਰੀ ਪੱਧਰ 'ਤੇ ਸਿਆਸੀ ਸੰਗਠਨ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਇਸ ਵਿੱਚ ਸਿਆਸੀ ਪਾਰਟੀਆਂ ਦੀਆਂ ਸਥਾਨਕ ਸ਼ਾਖਾਵਾਂ ਵਿੱਚ ਸਰਗਰਮ ਸ਼ਮੂਲੀਅਤ, ਨੌਜਵਾਨਾਂ ਨੂੰ ਸਿਆਸਤ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨਾ, ਅਤੇ ਭਾਈਚਾਰਕ ਨੇਤਾਵਾਂ ਨੂੰ ਸਿਆਸੀ ਅਹੁਦਿਆਂ ਲਈ ਤਿਆਰ ਕਰਨਾ ਸ਼ਾਮਲ ਹੈ। ਗੁਰਦੁਆਰਿਆਂ ਅਤੇ ਭਾਈਚਾਰਕ ਸੰਸਥਾਵਾਂ ਨੂੰ ਸਿਆਸੀ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ, ਜੋ ਵੋਟਰ ਰਜਿਸਟ੍ਰੇਸ਼ਨ ਅਤੇ ਸਿਆਸੀ ਸਿੱਖਿਆ 'ਤੇ ਕੇਂਦਰਿਤ ਹੋਣ।

## ਮੁੱਖਧਾਰਾ ਮੁੱਦਿਆਂ ਨਾਲ ਜੁੜਨਾ

ਪੰਜਾਬੀ ਅਤੇ ਸਿੱਖ ਉਮੀਦਵਾਰਾਂ ਨੂੰ ਮੁੱਖਧਾਰਾ ਮੁੱਦਿਆਂ (ਜਿਵੇਂ ਮਹਿੰਗਾਈ, ਸਿਹਤ, ਅਤੇ ਵਾਤਾਵਰਣ) 'ਤੇ ਮਜ਼ਬੂਤ ਨੀਤੀਆਂ ਅਤੇ ਸਪੱਸ਼ਟ ਸੰਦੇਸ਼ ਦੇਣ ਦੀ ਲੋੜ ਹੈ। ਇਸ ਨਾਲ ਉਹ ਵਿਸ਼ਾਲ ਵੋਟਰ ਅਧਾਰ ਨੂੰ ਅਪੀਲ ਕਰ ਸਕਣਗੇ। ਭਾਈਚਾਰਕ ਮੁੱਦਿਆਂ (ਜਿਵੇਂ ਨਸਲੀ ਸੁਰੱਖਿਆ ਅਤੇ ਸੱਭਿਆਚਾਰਕ ਸਵੀਕ੍ਰਿਤੀ) ਨੂੰ ਮੁੱਖਧਾਰਾ ਮੁੱਦਿਆਂ ਨਾਲ ਜੋੜਨ ਦੀ ਰਣਨੀਤੀ ਅਪਣਾਈ ਜਾਣੀ ਚਾਹੀਦੀ।

## ਮੁੱਖ ਪਾਰਟੀਆਂ ਵਿੱਚ ਪ੍ਰਤੀਨਿਧਤਾ

ਪੰਜਾਬੀ ਅਤੇ ਸਿੱਖ ਨੌਜਵਾਨਾਂ ਨੂੰ ਲੇਬਰ, ਲਿਬਰਲ, ਜਾਂ ਗ੍ਰੀਨ ਪਾਰਟੀ ਵਰਗੀਆਂ ਮੁੱਖ ਪਾਰਟੀਆਂ ਵਿੱਚ ਸ਼ਾਮਲ ਹੋਣ ਅਤੇ ਅੰਦਰੂਨੀ ਤੌਰ 'ਤੇ ਪ੍ਰਭਾਵਸ਼ਾਲੀ ਅਹੁਦੇ ਹਾਸਲ ਕਰਨ 'ਤੇ ਜ਼ੋਰ ਦੇਣਾ ਚਾਹੀਦਾ। ਇਹ ਸੁਨਿਸ਼ਚਿਤ ਕਰੇਗਾ ਕਿ ਭਾਈਚਾਰਕ ਮੁੱਦੇ ਪਾਰਟੀ ਦੇ ਏਜੰਡੇ ਵਿੱਚ ਸ਼ਾਮਲ ਹੋਣ। ਮੁੱਖ ਪਾਰਟੀਆਂ ਵਿੱਚ ਸਰਗਰਮੀ ਨਾਲ ਪੰਜਾਬੀ ਤੇ ਸਿੱਖ ਉਮੀਦਵਾਰਾਂ ਨੂੰ ਸੁਰੱਖਿਅਤ ਸੀਟਾਂ 'ਤੇ

## ਟਿਕਟਾਂ ਮਿਲਣ ਦੀ ਸੰਭਾਵਨਾ ਵਧੇਗੀ

ਪੰਜਾਬੀ ਤੇ ਸਿੱਖ ਸੰਸਥਾਵਾਂ ਨੂੰ ਮੀਡੀਆ ਨਾਲ ਸੰਪਰਕ ਵਧਾਉਣ ਅਤੇ ਸਿੱਖ ਅਤੇ ਪੰਜਾਬੀ ਉਮੀਦਵਾਰਾਂ ਦੀਆਂ ਸਫਲਤਾਵਾਂ ਨੂੰ ਉਜਾਗਰ ਕਰਨ ਦੀ ਲੋੜ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਨੌਜਵਾਨ ਵੋਟਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਮੁਹਿੰਮਾਂ ਸ਼ੁਰੂ ਕਰਨੀਆਂ ਚਾਹੀਦੀਆਂ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ 2025 ਦੀਆਂ ਚੋਣਾਂ ਵਿੱਚ ਵੋਟਰਾਂ ਦਾ ਫੋਕਸ ਵਿੱਤੀ ਸੁਰੱਖਿਆ ਅਤੇ ਸਮਾਜਿਕ ਸਥਿਰਤਾ 'ਤੇ ਸੀ। ਸਿਡਨੀ ਯੂਨੀਵਰਸਿਟੀ ਦੇ ਮਾਹਿਰਾਂ ਨੇ ਜ਼ੋਰ ਦਿੱਤਾ ਕਿ ਮਹਿੰਗਾਈ, ਸਿਹਤ ਸਹੂਲਤਾਂ, ਅਤੇ ਜੀਵਨ ਖਰਚਿਆਂ ਨੇ ਵੋਟਰਾਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕੀਤਾ।

ਪੰਜਾਬੀ ਅਤੇ ਸਿੱਖ ਉਮੀਦਵਾਰਾਂ ਨੂੰ ਇਨ੍ਹਾਂ ਮੁੱਦਿਆਂ 'ਤੇ ਮਜ਼ਬੂਤ ਰਣਨੀਤੀ ਬਣਾਉਣ ਦੀ ਲੋੜ ਸੀ। ਜੋ ਉਹ ਲੋਕ ਹਿਤਾਂ ਤੇ ਲੋਕ ਸੰਕਟ ਵਿਚ ਚੈਰਿਟੀ ਕਰਦੇ ਹਨ, ਉਸਨੂੰ ਉਭਾਰਨ ਦੀ ਲੋੜ ਹੈ।

# 2 ਨਾਜਾਇਜ਼ ਪਿਸਟਲ ਸਮੇਤ ਪੰਜ ਸਮਗਲਰ ਗ੍ਰਿਫਤਾਰ



ਮੋਗਾ-ਮੋਗਾ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਥਾਣਾ ਕੋਟ ਇਸੇ ਖਾਂ ਦੀ ਪੁਲਸ ਨੇ 2 ਨਾਜਾਇਜ਼ ਪਿਸਟਲ ਤੇ ਜ਼ਿੰਦਾ ਕਾਰਤੂਸ ਸਣੇ 5 ਤਸਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਥਾਣਾ ਕੋਟ ਇਸੇ ਖਾਂ ਦੇ ਇੰਚਾਰਜ ਅਤੇ ਕਰਮਚਾਰੀ ਗਸ਼ਤ ਦੌਰਾਨ ਨਾਕਾਬੰਦੀ ਮੇਨ ਹਾਈਵੇ ਪਿੰਡ ਦੌਲੇ ਵਾਲਾ ਵਿਖੇ ਖੜੇ ਸਨ। ਉੱਥੋਂ ਆ ਰਹੀ ਇਕ ਵਰਨਾ ਕਾਰ ਨੂੰ ਰੋਕਿਆ ਅਤੇ ਜਦੋਂ ਉਸ ਦੀ ਤਲਾਸ਼ੀ ਲਈ ਤਾਂ ਕਾਰ ਵਿਚ ਪੰਜ ਵਿਅਕਤੀ ਸਵਾਰ ਸਨ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਦੋ ਨਾਜਾਇਜ਼ ਪਿਸਟਲ 30 ਬੋਰ ਅਤੇ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਮੌਕੇ 'ਤੇ ਕਾਰ ਸਮੇਤ ਪੰਜਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਐੱਸ.ਪੀ. ਡੀ. ਬਾਲ ਕ੍ਰਿਸ਼ਨ ਸਿੰਗਲਾ ਨੇ ਕਿਹਾ ਕਿ ਇਹ ਦੋਸ਼ੀ ਪਰਵਿੰਦਰ ਸਿੰਘ, ਸਾਰਜ ਸਿੰਘ ਆਛਿਕੇ ਜ਼ਿਲ੍ਹਾ ਫਿਰੋਜ਼ਪੁਰ , ਕਰਨਦੀਪ ਸਿੰਘ , ਲਵਪ੍ਰੀਤ ਸਿੰਘ , ਕਰਨਦੀਪ ਸਿੰਘ ਮਰਗਿੰਦਪੁਰਾ ਹਨ। ਪਰਵਿੰਦਰ ਸਿੰਘ ਅਤੇ ਕਰਨਦੀਪ ਸਿੰਘ ਉੱਪਰ ਪਹਿਲਾਂ ਵੀ ਮਾਮਲੇ ਦਰਜ ਹਨ।

ਮਾਮਲਾ ਮੰਡੌਰ ਪੁਲੀਸ ਮੁਕਾਬਲੇ ਦਾ

# ਹਾਈ ਕੋਰਟ ਵੱਲੋਂ ਪੰਜਾਬ ਸਰਕਾਰ, ਸੀਬੀਆਈ ਨੂੰ ਨੋਟਿਸ, ਝੂਠੇ ਮੁਕਾਬਲਿਆਂ ’ਤੇ ਸਵਾਲ ਖੜ੍ਹੇ ਹੋਏ

ਨਾਭਾ-ਪੰਜਾਬ ਦੇ ਨਾਭਾ ਵਿੱਚ ਮੰਡੌਰ ਪਿੰਡ ਵਿਖੇ ਹੋਏ ਕਥਿਤ ਪੁਲੀਸ ਮੁਕਾਬਲੇ ਦੇ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਕੇਂਦਰੀ ਜਾਂਚ ਏਜੰਸੀ (ਸੀਬੀਆਈ) ਨੂੰ ਨੋਟਿਸ ਜਾਰੀ ਕਰਕੇ 17 ਜੁਲਾਈ ਤੱਕ ਜਵਾਬ ਮੰਗਿਆ ਹੈ। ਇਸ ਕੇਸ ਵਿੱਚ ਖੰਨਾ ਦੇ ਸ਼ੀਹਾਂ ਦੌਦ ਪਿੰਡ ਦੀ ਵਸਨੀਕ ਬਲਜੀਤ ਕੌਰ ਨੇ ਪੰਜਾਬ ਪੁਲੀਸ ’ਤੇ ਆਪਣੇ 22 ਸਾਲਾ ਪੁੱਤਰ ਜਸਪ੍ਰੀਤ ਸਿੰਘ ਨੂੰ 13 ਮਾਰਚ 2025 ਨੂੰ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰਨ ਦਾ ਦੋਸ਼ ਲਗਾਇਆ ਹੈ।




> ਪੰਜਾਬ ਟਾਈਮਜ ਅਨੁਸਾਰ ਮੰਡੌਰ ਪੁਲੀਸ ਮੁਕਾਬਲੇ ਦਾ ਮਾਮਲਾ ਪੰਜਾਬ ਵਿੱਚ ਝੂਠੇ ਮੁਕਾਬਲਿਆਂ ਦੀ ਗੰਭੀਰ ਸਮੱਸਿਆ ਨੂੰ ਉਜਾਗਰ ਕਰਦਾ ਹੈ। ਹਾਈ ਕੋਰਟ ਦਾ ਦਖਲ ਇਨਸਾਫ ਦੀ ਆਸ ਜਗਾਉਂਦਾ ਹੈ, ਪਰ ਇਸ ਸਮੱਸਿਆ ਦੇ ਸਥਾਈ ਹੱਲ ਲਈ ਪੁਲੀਸ ਪ੍ਰਣਾਲੀ ਵਿੱਚ ਵਿਆਪਕ ਸੁਧਾਰ, ਸੁਤੰਤਰ ਜਾਂਚ, ਅਤੇ ਸਖਤ ਕਾਨੂੰਨੀ ਕਾਰਵਾਈ ਜ਼ਰੂਰੀ ਹੈ।

## ਕੀ ਹੈ ਮੰਡੌਰ ਮੁਕਾਬਲੇ ਦਾ ਮਾਮਲਾ?

ਪੰਜਾਬ ਪੁਲੀਸ ਦੇ ਦਾਅਵੇ ਅਨੁਸਾਰ, 12 ਮਾਰਚ 2025 ਨੂੰ ਸ਼ੀਹਾਂ ਦੌਦ ਤੋਂ 7 ਸਾਲ ਦੇ ਬੱਚੇ ਦੇ ਅਗਵਾ ਦੀ ਘਟਨਾ ਤੋਂ ਬਾਅਦ, ਅਗਲੇ ਦਿਨ ਜਸਪ੍ਰੀਤ ਸਿੰਘ ਅਤੇ ਉਸ ਦੇ ਦੋ ਸਾਥੀਆਂ, ਹਰਪ੍ਰੀਤ ਸਿੰਘ ਅਤੇ ਰਵੀ ਵਿੰਦਰ, ਨੂੰ ਨਾਭਾ ਦੇ ਮੰਡੌਰ ਪਿੰਡ ਵਿੱਚ ਘੇਰ ਲਿਆ ਗਿਆ। ਪੁਲੀਸ ਦਾ ਕਹਿਣਾ ਹੈ ਕਿ ਜਸਪ੍ਰੀਤ ਨੇ ਗੋਲੀਬਾਰੀ ਕੀਤੀ, ਜਿਸ ਦੇ ਜਵਾਬ ਵਿੱਚ ਪੁਲੀਸ ਨੂੰ ਕਾਰਵਾਈ ਕਰਨੀ ਪਈ, ਜਿਸ ਵਿੱਚ ਜਸਪ੍ਰੀਤ ਦੀ ਮੌਤ ਹੋ ਗਈ। ਹਾਲਾਂਕਿ, ਪੋਸਟਮਾਰਟਮ ਰਿਪੋਰਟ ਸਾਹਮਣੇ ਆਉਣ ਮਗਰੋਂ ਜਸਪ੍ਰੀਤ ਦੇ ਪਰਿਵਾਰ ਨੇ ਮੁਕਾਬਲੇ ਨੂੰ ਝੂਠਾ ਕਰਾਰ ਦਿੱਤਾ। ਪਰਿਵਾਰ ਨੇ 30 ਅਪਰੈਲ 2025 ਨੂੰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਮੁਕਾਬਲੇ ਦੀ ਨਿਆਂਇਕ ਨਿਗਰਾਨੀ ਹੇਠ ਸੀਬੀਆਈ ਜਾਂਚ ਦੀ ਮੰਗ ਕੀਤੀ। ਡੇਮੋਕ੍ਰੈਟਿਕ ਲਾਇਰਜ਼ ਐਸੋਸੀਏਸ਼ਨ ਵੀ ਇਸ ਮਾਮਲੇ ਦੀ ਖੋਜਬੀਨ ਕਰ ਰਹੀ ਹੈ ਅਤੇ ਜਲਦ ਹੀ ਆਪਣੀ ਰਿਪੋਰਟ ਜਨਤਕ ਕਰਨ ਦਾ ਦਾਅਵਾ ਕਰ ਰਹੀ ਹੈ।

## ਕਿਉਂ ਹੁੰਦੇ ਹਨ ਝੂਠੇ ਪੁਲੀਸ ਮੁਕਾਬਲੇ?

ਪੰਜਾਬ ਵਿੱਚ ਝੂਠੇ ਪੁਲੀਸ ਮੁਕਾਬਲਿਆਂ ਦਾ ਇਤਿਹਾਸ 1980 ਅਤੇ 1990 ਦੇ ਦਹਾਕਿਆਂ ਦੇ ਅੱਤਵਾਦੀ ਦੌਰ ਨਾਲ ਜੁੜਿਆ ਹੈ, ਜਦੋਂ ਪੁਲੀਸ ਨੇ ਖਾੜਕੂਵਾਦ ਨਾਲ ਨਜਿੱਠਣ ਦੇ ਨਾਂ ’ਤੇ ਅਜਿਹੀਆਂ ਕਾਰਵਾਈਆਂ ਨੂੰ ਅੰਜਾਮ ਦਿੱਤਾ। ਮਾਹਿਰਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਮੰਨਣਾ ਹੈ ਕਿ ਅਜਿਹੇ ਮੁਕਾਬਲੇ ਅਕਸਰ ਸਿਆਸੀ ਦਬਾਅ, ਪੁਲੀਸ ਅਧਿਕਾਰੀਆਂ ਦੀ ਤਰੱਕੀ ਦੀ ਚਾਹਤ, ਜਾਂ ਕੇਸਾਂ ਨੂੰ ਤੇਜ਼ੀ ਨਾਲ ‘ਹੱਲ’ ਕਰਨ ਦੀ ਮਜਬੂਰੀ ਕਾਰਨ ਹੁੰਦੇ ਹਨ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਸਿਮਰਨਜੀਤ ਸਿੰਘ ਦਾ ਕਹਿਣਾ ਹੈ, “ਪੁਲੀਸ ਅਕਸਰ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦੀ ਹੈ ਅਤੇ ਮੁਕਾਬਲਿਆਂ ਨੂੰ ਅਪਰਾਧੀਆਂ ਨੂੰ ਖਤਮ ਕਰਨ ਦਾ ਸੌਖਾ ਰਾਹ ਸਮਝਦੀ ਹੈ। ਇਹ ਸੰਵਿਧਾਨ ਦੇ ਅਨੁਛੇਦ 21 ਦੀ ਉਲੰਘਣਾ ਹੈ, ਜੋ ਹਰ ਨਾਗਰਿਕ ਦੇ ਜੀਵਨ ਦੇ ਅਧਿਕਾਰ ਦੀ ਗਾਰੰਟੀ ਦਿੰਦਾ ਹੈ।”

## ਭਗਵੰਤ ਮਾਨ ਸਰਕਾਰ ਦੌਰਾਨ ਪੁਲੀਸ ਮੁਕਾਬਲੇ

ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਮਾਰਚ 2022 ਤੋਂ ਸੱਤਾ ਵਿੱਚ ਹੈ। ਸੂਤਰਾਂ ਦੇ ਅਨੁਸਾਰ, 2022 ਤੋਂ 2025 ਤੱਕ ਪੰਜਾਬ ਵਿੱਚ ਕਈ ਪੁਲੀਸ ਮੁਕਾਬਲੇ ਹੋਏ, ਜਿਨ੍ਹਾਂ ਵਿੱਚ ਕਈ ਮੁਲਜ਼ਮ ਮਾਰੇ ਗਏ ਜਾਂ ਜਖਮੀ ਹੋਏ। ਉਦਾਹਰਣ ਵਜੋਂ, 2022 ਵਿੱਚ ਸਿੱਧੂ ਮੂਸੇਵਾਲਾ ਕਤਲਕਾਂਡ ਦੇ ਮੁੱਖ ਮੁਲਜ਼ਮ ਮੰਨੂ ਅਤੇ ਜਗਰੂਪ ਰੂਪ ਨੂੰ ਪੁਲੀਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ।

ਹਾਲਾਂਕਿ, ਸਰਕਾਰੀ ਅੰਕੜਿਆਂ ਅਨੁਸਾਰ ਸਰਕਾਰੀ ਅਧਿਕਾਰੀਆਂ ਨੇ ਸਪੱਸ਼ਟ ਤੌਰ ’ਤੇ ਅਜਿਹੇ ਮੁਕਾਬਲਿਆਂ ਦੀ ਸਹੀ ਸੰਖਿਆ ਜਨਤਕ ਨਹੀਂ ਕੀਤੀ। ਮੀਡੀਆ ਰਿਪੋਰਟਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਅਨੁਸਾਰ, ਭਗਵੰਤ ਮਾਨ ਸਰਕਾਰ ਦੇ ਸਮੇਂ ਵਿੱਚ ਪੁਲੀਸ ਮੁਕਾਬਲਿਆਂ ਵਿੱਚ ਵਾਧਾ ਹੋਇਆ ਹੈ, ਜਿਸ ਵਿੱਚ ਕਈ ਮਾਮਲਿਆਂ ਨੂੰ ਪਰਿਵਾਰਾਂ ਅਤੇ ਕਾਰਕੁਨਾਂ ਨੇ ਝੂਠਾ ਕਰਾਰ ਦਿੱਤਾ ਹੈ।

## ਕੀ ਅਦਾਲਤਾਂ ਨੇ ਇਨਸਾਫ ਦਿੱਤਾ?

ਪੰਜਾਬ ਵਿੱਚ ਝੂਠੇ ਪੁਲੀਸ ਮੁਕਾਬਲਿਆਂ ਦੇ ਮਾਮਲਿਆਂ ਵਿੱਚ ਇਨਸਾਫ ਦੀ ਪ੍ਰਕਿਰਿਆ ਹੌਲੀ ਅਤੇ ਜਟਿਲ ਰਹੀ ਹੈ। ਮਜੀਠਾ ਵਿੱਚ 1992 ਦੇ ਇੱਕ ਝੂਠੇ ਮੁਕਾਬਲੇ ਦੇ ਮਾਮਲੇ ਵਿੱਚ, ਮੁਹਾਲੀ ਦੀ ਸੀਬੀਆਈ ਅਦਾਲਤ ਨੇ 2025 ਵਿੱਚ ਦੋ ਸਾਬਕਾ ਪੁਲੀਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ, ਜੋ 33 ਸਾਲ ਬਾਅਦ ਇਨਸਾਫ ਦੀ ਮਿਸਾਲ ਸੀ। ਹਾਲਾਂਕਿ, ਅਜਿਹੇ ਮਾਮਲੇ ਅਪਵਾਦ ਹਨ।

ਜ਼ਿਆਦਾਤਰ ਮੁਕਾਬਲਿਆਂ ਦੀ ਜਾਂਚ ਜਾਂ ਤਾਂ ਪੁਲੀਸ ਖੁਦ ਕਰਦੀ ਹੈ ਜਾਂ ਲੰਮੀਆਂ ਕਾਨੂੰਨੀ ਕਾਰਵਾਈਆਂ ਕਾਰਨ ਇਨਸਾਫ ਮਿਲਣ ਵਿੱਚ ਦੇਰੀ ਹੁੰਦੀ ਹੈ। ਮੰਡੌਰ ਮੁਕਾਬਲੇ ਵਰਗੇ ਮਾਮਲਿਆਂ ਵਿੱਚ, ਹਾਈ ਕੋਰਟ ਦਾ ਨੋਟਿਸ ਜਾਰੀ ਕਰਨਾ ਸਕਾਰਾਤਮਕ ਕਦਮ ਹੈ, ਪਰ ਅਗਲੀ ਸੁਣਵਾਈ 17 ਜੁਲਾਈ 2025 ਨੂੰ ਹੋਣੀ ਹੈ, ਜੋ ਪਰਿਵਾਰ ਲਈ ਲੰਮਾ ਇੰਤਜ਼ਾਰ ਹੈ।

## ਕਿਵੇਂ ਰੋਕੇ ਜਾਣ ਝੂਠੇ ਮੁਕਾਬਲੇ?

ਝੂਠੇ ਪੁਲੀਸ ਮੁਕਾਬਲਿਆਂ ਨੂੰ ਰੋਕਣ ਲਈ ਮਾਹਿਰ ਅਤੇ ਕਾਰਕੁਨ ਸੁਝਾਅ ਦਿੰਦੇ ਹਨ ਕਿ ਸਾਰੇ ਪੁਲੀਸ ਮੁਕਾਬਲਿਆਂ ਦੀ ਜਾਂਚ ਸੁਤੰਤਰ ਏਜੰਸੀਆਂ ਜਿਵੇਂ ਸੀਬੀਆਈ ਜਾਂ ਨਿਆਂਇਕ ਕਮਿਸ਼ਨ ਦੁਆਰਾ ਹੋਣੀ ਚਾਹੀਦੀ। ਪੁਲੀਸ ਅਧਿਕਾਰੀਆਂ ਨੂੰ ਸੰਵਿਧਾਨਕ ਅਧਿਕਾਰਾਂ ਅਤੇ ਕਾਨੂੰਨੀ ਪ੍ਰਕਿਰਿਆਵਾਂ ਦੀ ਸਖਤ ਸਿਖਲਾਈ ਦਿੱਤੀ ਜਾਵੇ। ਝੂਠੇ ਮੁਕਾਬਲਿਆਂ ਵਿੱਚ ਸਾਮਲ ਪੁਲੀਸ ਵਾਲਿਆਂ ਨੂੰ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ, ਜਿਵੇਂ ਮਜੀਠਾ ਕੇਸ ਵਿੱਚ ਹੋਇਆ। ਮੁਕਾਬਲਿਆਂ ਦੀ ਵੀਡੀਓ ਰਿਕਾਰਡਿੰਗ ਅਤੇ ਜਨਤਕ ਰਿਪੋਰਟਿੰਗ ਨੂੰ ਲਾਜ਼ਮੀ ਕੀਤਾ ਜਾਵੇ। ਨਾਗਰਿਕਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਕਰਕੇ ਪੁਲੀਸ ਦੀ ਜਵਾਬਦੇਹੀ ਵਧਾਈ ਜਾਵੇ।

# ਚਿੱਟੇ ਸਣੇ ਛੋਟਾ ਥਾਣੇਦਾਰ ਗ੍ਰਿਫ਼ਤਾਰ

### ✪ ਵਰਦੀ ਵਿਚ ਲੁਕੋ ਕੇ ਲਿਜਾ ਰਿਹਾ ਸੀ ਕੇਂਦਰੀ ਜੇਲ੍ਹ ਅੰਦਰ ✪ ਸੀਆਰਪੀਐਫ਼ ਦੀ ਮਦਦ ਨਾਲ ਗ੍ਰਿਫਤਾਰ



ਬਠਿੰਡਾ-ਕੇਂਦਰੀ ਜੇਲ੍ਹ ਬਠਿੰਡਾ ਵਿਚ ਤਾਇਨਾਤ ਪੰਜਾਬ ਪੁਲਿਸ ਦੀ ਰਿਜ਼ਰਵ ਬਟਾਲੀਅਨ ਦੇ ਏਐਸਆਈ ਗੁਰਪ੍ਰੀਤ ਸਿੰਘ ਨੂੰ ਜੇਲ ਅਧਿਕਾਰੀਆਂ ਨੇ 45 ਗ੍ਰਾਮ ਚਿੱਟੇ ਸਮੇਤ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਏਐਸਆਈ ਆਪਣੀ ਵਰਦੀ ਵਿਚ ਚਿੱਟਾ ਲੁਕਾ ਕੇ ਅੰਦਰ ਲੈ ਜਾ ਰਿਹਾ ਸੀ। ਜੇਲ ਅਧਿਕਾਰੀਆਂ ਨੂੰ ਕਈ ਦਿਨਾਂ ਤੋਂ ਉਸ ’ਤੇ ਸ਼ੱਕ ਸੀ। ਜਿਸ ਕਾਰਨ ਜਦੋਂ ਬੀਤੇ ਸ਼ਨੀਵਾਰ ਡਿਊਟੀ ਤੋਂ ਪਹਿਲਾਂ ਉਸਦੀ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 45 ਗ੍ਰਾਮ ਚਿੱਟਾ ਬਰਾਮਦ ਹੋਇਆ। ਇਸ ਤੋਂ ਬਾਅਦ ਉਸਨੂੰ ਮੌਕੇ ’ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸਦੇ ਖਿਲਾਫ ਥਾਣਾ ਕੈਂਟ ਵਿਚ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਤੀਜੀ ਆਈਆਰਬੀ ਕਮਾਂਡੋ ਬਟਾਲੀਅਨ ਦੇ ਪੁਲਿਸ ਅਧਿਕਾਰੀ ਗੁਰਪ੍ਰੀਤ ਸਿੰਘ ਲੰਬੇ ਸਮੇਂ ਤੋਂ ਬਠਿੰਡਾ ਜੇਲ ਵਿਚ ਤਾਇਨਾਤ ਸਨ ਅਤੇ ਉਨ੍ਹਾਂ ਨੂੰ ਜੇਲ੍ਹ ਅਧਿਕਾਰੀਆਂ ਨੇ ਜੇਲ੍ਹ ਵਿਚ ਤਾਇਨਾਤ ਕੇਂਦਰੀ ਸੁਰੱਖਿਆ ਬਲਾਂ ਦੀ ਮਦਦ ਨਾਲ ਗ੍ਰਿਫ਼ਤਾਰ ਕਰ ਲਿਆ ਹੈ। ਉਸ ਤੋਂ ਬਰਾਮਦ ਕੀਤਾ ਗਿਆ 45 ਗ੍ਰਾਮ ਚਿੱਟਾ ਜੇਲ੍ਹ ਦੇ ਅੰਦਰ ਸਪਲਾਈ ਕੀਤਾ ਜਾਣਾ ਸੀ।

# ਅੰਮ੍ਰਿਤਸਰ ਏਅਰਪੋਰਟ ’ਤੇ ਕਸਟਮ ਵਿਭਾਗ ਵਲੋਂ 7 ਕਰੋੜ ਦਾ ਗਾਂਜਾ ਜ਼ਬਤ

ਅੰਮ੍ਰਿਤਸਰ-ਅੰਮ੍ਰਿਤਸਰ ਹਵਾਈ ਅੱਡੇ ’ਤੇ ਕਸਟਮ ਵਿਭਾਗ ਦੀ ਟੀਮ ਨੇ ਕੁਆਲਾਲੰਪੁਰ ਤੋਂ ਆਏ ਇੱਕ ਯਾਤਰੀ ਦੇ ਸਾਮਾਨ ਵਿੱਚੋਂ 7 ਕਰੋੜ ਰੁਪਏ ਦਾ ਗਾਂਜਾ ਜ਼ਬਤ ਕੀਤਾ ਹੈ। ਜਾਣਕਾਰੀ ਅਨੁਸਾਰ, ਯਾਤਰੀ ਨੇ ਬੜੀ ਚਲਾਕੀ ਨਾਲ ਗਾਂਜੇ ਦੀ ਖੇਪ ਆਪਣੇ ਸਾਮਾਨ ਵਿੱਚ ਲੁਕਾਈ ਹੋਈ ਸੀ ਅਤੇ ਕਸਟਮ ਵਿਭਾਗ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ।

# ਗੁਰਪ੍ਰਤਾਪ ਸਿੰਘ ਵਡਾਲਾ ਦਾ ਸਾਊਥਾਲ ਵਿਖੇ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ਼੍ਰੋਮਣੀ ਅਕਾਲੀ ਦਲ ਦੀ ਡਿੱਗਦੀ ਸ਼ਾਖ ਨੂੰ ਬਚਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਐਲਾਨੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਸ: ਗੁਰਪ੍ਰਤਾਪ ਸਿੰਘ ਵਡਾਲਾ ਦਾ ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਵਿਖੇ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸ: ਵਡਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੀ ਜੱਥੇਬੰਦੀ ਹੈ, ਜਿਸ ਨੂੰ ਮੁੜ ਲੀਹਾਂ ਤੇ ਲਿਆਉਣ ਲਈ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਾਨੂੰ ਨਵੀਂ ਭਰਤੀ ਕਰਨ ਲਈ ਹੁਕਮ ਹੋਇਆ ਸੀ, ਜਿਸ ਨੂੰ ਅਸੀਂ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਸੇ ਲੜੀ ਤਹਿਤ ਹੀ ਯੂ ਕੇ ਵਿੱਚ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਇੱਕ ਪ੍ਰੀਵਾਰ ਦੀ ਨਹੀਂ ਹੈ।

ਉਨ੍ਹਾਂ ਸੰਗਤਾਂ ਨੂੰ ਵੱਧ ਤੋਂ ਵੱਧ ਅਕਾਲੀ ਦਲ ਦੇ ਮੈਂਬਰ ਬਣਨ ਦੀ ਅਪੀਲ ਕੀਤੀ।

ਇਸ ਮੌਕੇ ਸ: ਗੁਰਪ੍ਰਤਾਪ ਸਿੰਘ ਵਡਾਲਾ ਦਾ ਸਿੱਖ ਆਗੂ ਸ: ਗੁਰਮੇਲ ਸਿੰਘ ਮੱਲੀ, ਅਵਤਾਰ ਸਿੰਘ ਬੁੱਟਰ, ਹਰਜੀਤ ਸਿੰਘ ਸਰਪੰਚ ਅਤੇ ਬਲਵਿੰਦਰ ਸਿੰਘ ਪੱਟੀ ਨੇ ਸਨਮਾਨ ਕੀਤਾ।



ਗੁਰਪ੍ਰਤਾਪ ਸਿੰਘ ਵਡਾਲਾ ਦਾ ਸਨਮਾਨ ਕਰਦੇ ਹੋਏ ਸਿੱਖ ਆਗੂ

ਇਸ ਮੌਕੇ ਸੁਖਬੀਰ ਸਿੰਘ ਬਾਸੀ, ਆਗਿਆਕਾਰ ਸਿੰਘ ਵਡਾਲਾ, ਡਾ: ਚਾਨਣ ਸਿੰਘ, ਕਰਮਜੀਤ ਸਿੰਘ ਔਜਲਾ, ਬਲਜੀਤ ਸਿੰਘ ਮੱਲੀ, ਸੁਖਵਿੰਦਰ ਸਿੰਘ ਸੁੱਖੀ, ਮਨਜੀਤ ਸਿੰਘ, ਸ਼ਰਨਬੀਰ ਸਿੰਘ ਸੰਘਾ, ਜੀਤਪਾਲ ਸਿੰਘ ਸਹੋਤਾ, ਜਤਿੰਦਰ ਕੌਰ ਬਾਸੀ, ਰਸ਼ਪਾਲ ਸਿੰਘ ਅਟਵਾਲ, ਰਸ਼ਪਾਲ ਸਿੰਘ ਸੰਘਾ, ਪ੍ਰਤਾਪ ਸਿੰਘ ਮੋਮੀ, ਸੁਖਵਿੰਦਰ ਸਿੰਘ ਸੁੱਖਾ, ਅੰਮ੍ਰਿਤਪਾਲ ਸਿੰਘ ਬਰਾੜ, ਹਰਪਾਲ ਸਿੰਘ ਬਰਾੜ, ਸਰਬਜੀਤ ਸਿੰਘ ਸਾਬੀ, ਜੋਗਿੰਦਰ ਸਿੰਘ ਦੁਸਾਂਝ, ਇਸ਼ਟਮੀਤ ਸਿੰਘ, ਕੁਲਵੰਤ ਕੌਰ ਢਿੱਲੋਂ, ਗੁਰਬਚਨ ਸਿੰਘ ਅਟਵਾਲ, ਪ੍ਰਮਿੰਦਰ ਸਿੰਘ ਮੰਡ, ਜਸਵੰਤ ਸਿੰਘ ਗਰੇਵਾਲ, ਬਲਦੇਵ ਔਜਲਾ ਬੁਲਟ, ਕਮਲ ਬਾਸੀ ਆਦਿ ਹਾਜ਼ਰ ਸਨ ।

# ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਨਹੀਂ ਰਹੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਦਾ ਦਿਨ ਮੰਗਲਵਾਰ ਸਵੇਰੇ ਦਿਹਾਂਤ ਹੋ ਗਿਆ, ਉਹ ਪਿਛਲੇ ਕਾਫ਼ੀ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ। ਉਹਨਾਂ ਦੇ ਬੇਟੇ ਹਰਜੋਤ ਸਿੰਘ ਅਤੇ ਬੇਟੀ ਜਗਜੋਤ ਕੌਰ ਨੇ ਦੱਸਿਆ ਕਿ ਉਹਨਾਂ ਨੇ ਬ੍ਰਮਿੰਘਮ ਦੇ ਗੁੱਡ ਹੋਪ ਹਸਪਤਾਲ ਵਿੱਚ ਆਖ਼ਰੀ ਸਾਹ ਲਏ। ਸ: ਭੱਕਨਾ ਲੰਮੇ ਸਮੇਂ ਤੋਂ ਯੂ ਕੇ ਵਿੱਚ ਰਹਿ ਰਹੇ ਸਨ ਅਤੇ ਟਰੱਕਿੰਗ ਕਾਰੋਬਾਰ ਨਾਲ ਜੁੜੇ ਹੋਏ ਸਨ ।



ਹਰਮੀਤ ਸਿੰਘ ਭੱਕਨਾ

ਉਹ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੇ ਸਨ। ਉਹ ਯੂ ਕੇ ਦੇ ਸਕੂਲਾਂ ਵਿੱਚ ਪੰਜਾਬੀ ਨੂੰ ਵਿਸ਼ੇ ਦੇ ਤੌਰ ਤੇ ਪੜ੍ਹਾਏ ਜਾਣ ਦੀ ਮੁਹਿੰਮ ਚਲਾ ਰਹੇ ਸਨ, ਜਿਸ ਵਿੱਚ ਬਾਅਦ ਵਿੱਚ ਭਾਰਤੀ ਭਾਸ਼ਾਵਾਂ ਨੂੰ ਸ਼ਾਮਿਲ ਕਰ ਲਿਆ ਗਿਆ ਸੀ। ਉਹਨਾਂ ਦੇ ਯਤਨਾਂ ਸਦਕਾ ਹੀ ਬਰਤਾਨੀਆ ਦੀ ਸੰਸਦ ਵਿੱਚ 70 ਸਾਲ ਬਾਅਦ ਪੁਰਾਤਨ ਢੰਗ ਨਾਲ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਮਨਾਈ ਗਈ ਸੀ। ਹਰਮੀਤ ਸਿੰਘ ਦੇ ਚਲੇ ਜਾਣ ਤੇ ਯੂ ਕੇ ਦੇ ਪੰਜਾਬੀ ਅਤੇ ਭਾਰਤੀ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੂਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

**KINGSWAY BANQUETING SUITE**

270-272 BATH ROAD, HOUNSLOW, MIDDLESEX, TW4 7DF.

*(OPP. HOUNSLOW WEST TUBE STATION)*

**TEL: 020 8570 8351**

*Email:* Kingswaylondon@icloud.com, *www.kingswaybanqueting.com*



**VACANCIES**

**JSR CONTRACTS LTD.**

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

**Contact Mr. Randhawa via email below:**
**Email: jsrcontractslimited@gmail.com**

# ਗੁਰਪ੍ਰਤਾਪ ਸਿੰਘ ਵਡਾਲਾ ਨੇ ਨੇ ਇੰਗਲੈਂਡ ਚ ਵੀ ਕੀਤੀ ਸ਼ੋ੍ਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਦੀ ਸ਼ੁਰੂਆਤ

***ਵੱਡੀ ਗਿਣਤੀ ਚ ਪ੍ਰਵਾਸੀ ਪੰਜਾਬੀ ਬਣੇ ਸ਼ੋ੍ਮਣੀ ਅਕਾਲੀ ਦਲ ਦੇ ਮੈਂਬਰ**

***ਸ ਵਡਾਲਾ ਨੇ ਸ਼ੋ੍ਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਪ੍ਰਵਾਸੀ ਪੰਜਾਬੀਆਂ ਤੇ ਸਹਿਯੋਗ ਦੀ ਕੀਤੀ ਮੰਗ**

***ਸ਼ੋ੍ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਚ ਵੀ ਪ੍ਰਵਾਸੀ ਪੰਜਾਬੀਆਂ ਤੋਂ ਮੰਗਿਆ ਸਹਿਯੋਗ**



ਇੰਗਲੈਂਡ ਚ ਸ਼ੋ੍ਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਆਰੰਭ ਕਰਦੇ ਹੋਏ ਗੁਰਪ੍ਰਤਾਪ ਸਿੰਘ ਵਡਾਲਾ। ਨਾਲ਼ ਹਨ ਰਾਜਮਨਵਿੰਦਰ ਸਿੰਘ ਰਾਜਾ ਕੰਗ, ਬਰਿੰਦਰ ਸਿੰਘ ਬਿੱਟੂ, ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਅਤੇ ਹੋਰ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ਼ੋ੍ਮਣੀ ਅਕਾਲੀ ਦਲ ਦੀ ਭਰਤੀ ਕਰਨ ਲਈ ਅਤੇ ਸ਼ੋ੍ਮਣੀ ਅਕਾਲੀ ਦਲ ਨੂੰ ਮੁੜ ਪੁਨਰ ਸੁਰਜੀਤ ਕਰਨ ਲਈ ਗਠਨ ਕੀਤੀ ਗਈ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਸ ਗੁਰਪ੍ਰਤਾਪ ਸਿੰਘ ਵਡਾਲਾ ਸ਼ੋ੍ਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਵਿਦੇਸ਼ਾਂ ਵਿੱਚ ਵੀ ਆਰੰਭ ਕਰਨ ਲਈ ਚਾਰ ਦਿਨ ਦੀ ਯੂ ਕੇ ਫੇਰੀ ਤੇ ਆਏ ਹੋਏ ਹਨ। ਇਸ ਸਬੰਧੀ ਲੈਸਟਰ ਵਿਖੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਈਸਟ ਪਾਰਕ ਰੋਡ ਵਿਖੇ ਵੱਡੀ ਗਿਣਤੀ ਚ ਪੁੱਜੀਆਂ ਸਿੱਖ ਸੰਗਤਾਂ ਨੂੰ ਸ਼ੋ੍ਮਣੀ ਅਕਾਲੀ ਦਲ ਦੇ ਮੈਂਬਰ ਬਣਨ ਦੀ ਅਪੀਲ ਕਰਦਿਆਂ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਭਲੇ ਲਈ ਖੇਤਰੀ ਪਾਰਟੀ ਸ਼ੋ੍ਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਸਹਿਯੋਗ ਦੀ ਮੰਗ ਕੀਤੀ। ਸ ਵਡਾਲਾ ਨੇ ਕਿਹਾ ਕਿ ਵਿਦੇਸ਼ਾਂ ਚ ਵੱਸਦੇ ਪੰਜਾਬੀ ਹਮੇਸ਼ਾ ਹੀ ਆਪਣੀ ਜਨਮ ਭੂਮੀ ਪੰਜਾਬ ਲਈ ਫਿਕਰਮੰਦ ਰਹਿੰਦੇ ਹਨ ਅਤੇ ਪੰਜਾਬ ਦੇ ਭਵਿੱਖ ਦਾ ਫੈਸਲਾ ਵਿਦੇਸ਼ਾਂ ਚ ਵੱਸਦੇ ਪੰਜਾਬੀ ਹੀ ਕਰਦੇ ਹਨ। ਸ ਵਡਾਲਾ ਨੇ ਕਿਹਾ ਕਿ ਜੋ ਕਾਰਜ ਵਿਦੇਸ਼ਾਂ ਚ ਵੱਸਦੇ ਪ੍ਰਵਾਸੀ ਪੰਜਾਬੀ ਪੰਜਾਬ ਦੇ ਭਲੇ ਲਈ ਕਰ ਸਕਦੇ ਹਨ, ਉਹ ਸਰਕਾਰਾਂ ਵੀ ਨਹੀਂ ਕਰ ਸਕਦੀਆਂ। ਉਹਨਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਫਖਰ ਵੀ ਹੈ, ਆਸਰਾ ਵੀ ਹੈ, ਵੱਡਾ ਮਾਣ ਵੀ ਹੈ, ਕੀ ਵਿਦੇਸ਼ਾਂ ਚ ਵਸਦੇ ਪੰਜਾਬੀ ਹਮੇਸ਼ਾ ਪੰਜਾਬ ਦੇ ਭਲੇ ਲਈ ਚਿੰਤਤ ਰਹਿੰਦੇ ਹਨ। ਸ ਵਡਾਲਾ ਨੇ ਕਿਹਾ ਕਿ ਜਦੋਂ ਵੀ ਪੰਜਾਬ ਤੇ ਕੋਈ ਆਫਤ ਆਉਂਦੀ ਹੈ,ਤਾਂ ਸੰਸਾਰ ਭਰ ਚ ਵੱਸਦੇ ਪੰਜਾਬੀ ਆਪਣਾ ਯੋਗਦਾਨ ਪਾਉਂਦੇ ਹਨ। ਸ ਵਡਾਲਾ ਨੇ ਕਿਹਾ ਕਿ ਅਸੀਂ ਤੁਹਾਨੂੰ ਬੇਨਤੀ ਕਰਨ ਲਈ ਉਚੇਚੇ ਤੌਰ ਤੇ ਇੱਥੇ ਆਏ ਹਾਂ ਕਿ ਤੁਸੀਂ ਵੱਧ ਚੜ ਕੇ ਸ਼ੋ੍ਮਣੀ ਅਕਾਲੀ ਦਲ ਦੇ ਮੈਂਬਰ ਬਣੋ। ਉਹਨਾਂ ਕਿਹਾ ਕਿ ਮੈਂਬਰ ਬਣਨ ਲਈ ਤੁਸੀਂ ਆਨਲਾਈਨ ਵੀ ਅਪਲਾਈ ਕਰ ਸਕਦੇ ਹੋ।

ਸ ਵਡਾਲਾ ਨੇ ਕਿਹਾ ਕਿ ਅਸੀਂ ਪੰਜ ਮੈਂਬਰਾਂ ਨੇ ਕੁਝ ਨਹੀਂ ਬਣਨਾ, ਗੁਰੂ ਸਾਹਿਬ ਦੀ ਕਿਰਪਾ ਨਾਲ ਜਿਹਨੂੰ ਪੰਥ ਨੇ ਪ੍ਰਵਾਨ ਕੀਤਾ ਉਹ ਸ਼ੋ੍ਮਣੀ ਅਕਾਲੀ ਦਲ ਦਾ ਆਗੂ ਹੋਵੇਗਾ। ਚਾਹੇ ਉਹ ਕੋਈ ਸੰਤ ਮਹਾਂਪੁਰਖ ਹੋਣ, ਵਿਦਵਾਨ ਹੋਣ, ਇਤਿਹਾਸਕਾਰ ਹੋਣ, ਜਾਂ ਕੋਈ ਐਸੀ ਸਿਆਸੀ ਸ਼ਖਸੀਅਤ ਹੋਵੇ ਜਿਸ ਤੇ ਸਮੁੱਚਾ ਪੰਥ ਮਾਣ ਕਰ ਸਕੇ ਅਤੇ ਜਿਸ ਤੇ ਕੋਈ ਉਗਲ ਨਾ ਚੁੱਕ ਸਕੇ, ਉਨ੍ਹਾਂ ਕਿਹਾ ਕਿ ਸਾਫ ਸੁਥਰੀ ਨੇਕ ਇਮਾਨਦਾਰ ਲੀਡਰਸ਼ਿਪ ਜਿਹਦੇ ਅੰਦਰ ਸੇਵਾ ਦੀ ਭਾਵਨਾ ਹੋਵੇ,ਅਜਿਹੀ ਸ਼ਖ਼ਸੀਅਤ ਨੂੰ ਹੀ ਸ਼ੋ੍ਮਣੀ ਅਕਾਲੀ ਦਲ ਦਾ ਆਗੂ ਥਾਪਿਆ ਜਾਵੇਗਾ। ਸ ਵਡਾਲਾ ਨੇ ਪ੍ਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਸ਼ੋ੍ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਉਣ ਵਾਲੀਆਂ ਚੋਣਾਂ ਚ ਵੀ ਵੱਧ ਚੜ ਕੇ ਸਾਫ ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਵੋਟ ਪਾਈ ਜਾਵੇ। ਇਸ ਮੌਕੇ ਤੇ ਸ: ਵਡਾਲਾ ਨੇ ਵੱਡੀ ਗਿਣਤੀ ਚ ਇੰਗਲੈਂਡ ਚ ਵਸਦੇ ਪੰਜਾਬੀਆਂ ਨੂੰ ਸ਼ੋ੍ਮਣੀ ਅਕਾਲੀ ਦਲ ਦਾ ਮੈਂਬਰ ਬਣਾਇਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਆਗਿਆਕਾਰ ਸਿੰਘ ਵਡਾਲਾ, ਰਾਜਮਨਵਿੰਦਰ ਸਿੰਘ ਰਾਜਾ ਕੰਗ, ਬਰਿੰਦਰ ਸਿੰਘ ਬਿੱਟੂ ਚੇਅਰਮੈਨ ਤੀਰ ਗਰੁੱਪ, ਗੁਰੂ ਘਰ ਦੇ ਪ੍ਰਧਾਨ ਸ: ਗੁਰਨਾਮ ਸਿੰਘ ਨਵਾਂ ਸ਼ਹਿਰ, ਕੁਲਦੀਪ ਸਿੰਘ ਚਹੇੜੂ, ਬਲਜਿੰਦਰ ਸਿੰਘ, ਤਜਿੰਦਰ ਸਿੰਘ ਲੰਬੜ, ਸਤਿੰਦਰ ਸਿੰਘ ਅਠਵਾਲ, ਰਘਬੀਰ ਸਿੰਘ ਮਾਲੜੀ, ਬਲਬੀਰ ਸਿੰਘ ਜੱਜ, ਸੁਖਦੇਵ ਸਿੰਘ ਹਾਂਗਕਾਂਗ, ਅੰਮ੍ਰਿਤ ਪਾਲ ਸਿੰਘ ਘੁਮਾਣ, ਪਲਵਿੰਦਰ ਸਿੰਘ ਕਠਾਰ, ਡਾ: ਚੰਨਨ ਸਿੰਘ ਸਿੱਧੂ,ਅਮਰੀਕ ਸਿੰਘ ਗਿੱਲ, ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ, ਕੌਂਸਲਰ ਕੁਲਵਿੰਦਰ ਸਿੰਘ ਜੋਹੜ, ਮੰਗਤ ਸਿੰਘ ਪਲਾਹੀ, ਹਰਮਿੰਦਰ ਸਿੰਘ, ਨਿਰਵੈਰ ਸਿੰਘ, ਸੁਖਵਿੰਦਰ ਸਿੰਘ ਢੇਸੀ, ਜਸਵਿੰਦਰ ਸਿੰਘ ਸੰਧੂ, ਸੁਖਜਿੰਦਰ ਸਿੰਘ ਮੀਤ ਪ੍ਰਧਾਨ, ਸੁਖਦੇਵ ਸਿੰਘ ਸੈਫਲਾਬਾਦ, ਜਤਿੰਦਰ ਸਿੰਘ ਅਦਿ ਆਗੂਆਂ ਸਮੇਤ ਵੱਡੀ ਗਿਣਤੀ ਚ ਸੰਗਤਾਂ ਹਾਜ਼ਿਰ ਸਨ।

## ਚਿੱਟੇ ਨਾਲ ਫੜੀ ਗਈ ਮਹਿਲਾ ਕਾਂਸਟੇਬਲ ਜੇਲ੍ਹ ਤੋਂ ਆਏਗੀ ਬਾਹਰ, ਅਦਾਲਤ ਨੇ ਦਿੱਤੀ ਜ਼ਮਾਨਤ

**ਥਾਰ ਵਿਚੋਂ ਚਿੱਟੇ ਨਾਲ ਫੜੀ ਗਈ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੂੰ ਵੀਰਵਾਰ ਵੱਡੀ ਅਦਾਲਤ ਵੱਲੋਂ ਵੱਡੀ ਰਾਹਤ ਮਿਲੀ। ਕੋਰਟ ਨੇ ਮਹਿਲਾ ਮੁਲਾਜ਼ਮ ਦੀ ਜ਼ਮਾਨਤ ਪਟੀਸ਼ਨ ਸਵੀਕਾਰ ਕਰ ਲਈ। ਪੰਜਾਬ ਪੁਲਿਸ ਦੀ ਬਠਿੰਡਾ ਵਿੱਚ ਤਾਇਨਾਤ ਤੇ ਇੰਸਟਾਕੁਈਨ ਦੇ ਨਾਂ ਨਾਲ ਮਸ਼ਹੂਰ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੂੰ ਪਿਛਲੇ ਮਹੀਨੇ ਨਸ਼ੇ ਦੇ ਨਾਲ ਗ੍ਰਿਫਤਾਰ ਕੀਤਾ ਸੀ।ਮਹਿਲਾ ਕਾਂਸਟੇਬਲ ਅਮਨਦੀਪ ਕੌਰ ਦੇ ਵਕੀਲ ਨੇ ਦੱਸਿਆ ਕਿ ਅਮਨਦੀਪ ਕੌਰ ਨੂੰ ਇੱਕ ਮਹੀਨੇ ਤੋਂ ਇੱਕ ਦਿਨ ਘੱਟ ਜ਼ਮਾਨਤ ਮਿਲੀ ਹੈ। ਬਠਿੰਡਾ ਦੇ ਅਦਾਲਤ ਵਿਖੇ ਦਲੀਲਾਂ ਪੇਸ਼ ਕਰਨ ਮਗਰੋਂ ਅਦਾਲਤ ਨੇ ਮਹਿਲਾ ਕਾਂਸਟੇਬਲ ਨੂੰ ਜ਼ਮਾਨਤ ਦੇ ਦਿੱਤੀ ਹੈ।ਵਕੀਲ ਵਿਸ਼ਵਦੀਪ ਸਿੰਘ ਨੇ ਕਿਹਾ ਹੈ ਕਿ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਦੀ ਜ਼ਮਾਨਤ ਬਠਿੰਡਾ ਕੋਰਟ ਕੰਪਲੈਕਸ ਦੇ 19 ਨੰਬਰ ਵਿੱਚੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਅਜੇ ਤੱਕ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਦਾ ਚਲਾਨ ਵੀ ਨਹੀਂ ਪੇਸ਼ ਕੀਤਾ, ਇਥੋਂ ਤੱਕ ਕਿ ਇਹ ਰਿਕਵਰੀ ਵੀ ਬਹੁਤੀ ਨਹੀਂ ਸੀ।ਦੱਸ ਦੇਈਏ ਕਿ ਅਮਨਦੀਪ ਕੌਰ ਨੂੰ ਪੁਲਿਸ ਨੇ 2 ਅਪ੍ਰੈਲ ਨੂੰ ਬਾਦਲ ਰੋਡ ਤੇ ਪੁਲ ਨੇੜਿਓਂ ਥਾਰ ਗੱਡੀ ਵਿਚੋਂ 17.71 ਗ੍ਰਾਮ ਹੈਰੋਇਨ ਸਣੇ ਹਿਰਾਸਤ ਚ ਲਿਆ ਸੀ। ਨਾਕੇ ਤੇ ਵਾਹਨਾਂ ਦੀ ਚੈਕਿੰਗ ਦੌਰਾਨ ਜਦੋਂ ਥਾਰ ਗੱਡੀ ਨੂੰ ਰੋਕਿਆ ਤਾਂ ਉਸ ਵਿਚੋਂ ਹੈਰੋਇਨ ਬਰਾਮਦ ਹੋਈ, ਜਿਸ ਮਗਰੋਂ ਪੁਲਿਸ ਨੂੰ ਮਹਿਲਾ ਮੁਲਾਜ਼ਮ ਦਾ ਰਿਮਾਂਡ ਹਾਸਲ ਕੀਤਾ। ਬਾਅਦ ਵਿਚ ਅਦਾਲਤ ਵੱਲੋਂ ਬਰਖਾਸਤ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੂੰ 22 ਅਪ੍ਰੈਲ ਤੱਕ ਜੁਡੀਸ਼ੀਅਲ ਰਿਮਾਂਡ ਤੇ ਭੇਜ ਦਿੱਤਾ ਗਿਆ ਸੀ।**

## ਮਾਰਕ ਕਰਨੀ ਦੀ ਅਗਵਾਈ ਚ ਨਵੀਂ ਸਰਕਾਰ ਦਾ ਗਠਨ 12 ਮਈ ਨੂੰ ਹੋਵੇਗਾ

***ਰਾਜਧਾਨੀ ਔਟਵਾ ਚ ਤਿਆਰੀਆਂ ਸ਼ੁਰੂ**

***ਟਰੰਪ ਸਮੇਤ ਕਈ ਉੱਘੀਆਂ ਹਸਤੀਆਂ ਦੇ ਪੁੱਜਣ ਦੀ ਸੰਭਾਵਨਾ**

ਵੈਨਕੂਵਰ-(ਮਲਕੀਤ ਸਿੰਘ)- ਹਾਲ ਹੀ ਚ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਚ ਜੇਤੂ ਰਹੀ ਲਿਬਰਲ ਪਾਰਟੀ ਮੁੜ ਸੱਤਾ 'ਚ ਆਉਣ ਜਾ ਰਹੀ ਹੈ। ਇਸ ਸੰਬੰਧ ਵਿੱਚ ਕੈਨੇਡਾ ਦੀ ਰਾਜਧਾਨੀ ਔਟਵਾ ਚ 12 ਮਈ ਨੂੰ ਲਿਬਰਲ ਆਗੂ ਮਾਰਕ ਕਾਰਨੀ ਦੀ ਅਗਵਾਈ ਚ ਨਵੀਂ ਸਰਕਾਰ ਦਾ ਗਠਨ ਹੋਣ ਸਬੰਧੀ ਰਸਮੀ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਪ੍ਰਾਪਤ ਵੇਰਵਿਆ ਮੁਤਾਬਕ ਇਸ ਮੌਕੇ ਤੇ ਅਮਰੀਕੀ ਰਾਸ਼ਟਰਪਤੀ ਡੋਨਾਲੰਪ ਟਰੰਪ, ਕਿੰਗ ਚਾਰਲਸ ਸਮੇਤ ਹੋਰਨਾ ਉੱਘੀਆਂ ਹਸਤੀਆਂ ਦੇ ਸ਼ਾਮਿਲ ਹੋਣ ਦਾ ਕਿਆਸ ਕੀਤਾ ਜਾ ਰਿਹਾ ਹੈ।



ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਚ ਲਿਬਰਲ ਪਾਰਟੀ ਵੱਲੋਂ 169 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਗਈ ਸੀ ਨਵੀਂ ਬਣਨ ਵਾਲੀ ਕੈਨੇਡੀਅਨ ਸਰਕਾਰ ਦੇ ਮੰਤਰੀ ਮੰਡਲ ਚ ਕੁਝ ਪੰਜਾਬੀ ਚਿਹਰਿਆਂ ਨੂੰ ਸ਼ਾਮਿਲ ਕੀਤੇ ਜਾਣ ਦੀ 'ਚੁੰਝ ਚਰਚਾ' ਵੀ ਚੱਲ ਰਹੀ ਹੈ।




# ਇੰਗਲੈਂਡ ਦੀ ਸਿਆਸਤ ਵਿੱਚ ਵੱਡਾ ਧਮਾਕਾ ਸਥਾਨਿਕ ਚੋਣਾਂ ਵਿੱਚ ਰਿਫੌਰਮ ਯੂ ਕੇ ਪਾਰਟੀ ਨੇ ਸੱਤਾਧਾਰੀ ਅਤੇ ਵਿਰੋਧੀ ਧਿਰਾਂ ਨੂੰ ਲਾਇਆ ਖੂੰਜੇ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜਦੋਂ ਰਿਵਾਇਤੀ ਪਾਰਟੀਆਂ ਲੋਕਾਂ ਦੀ ਨਬਜ਼ ਨੂੰ ਪਹਿਚਾਨਣਾ ਛੱਡ ਦੇਣ ਤਾਂ ਲੋਕ ਆਪਣੇ ਆਪ ਨਵੇਂ ਰਸਤੇ ਲੱਭਣੇ ਸ਼ੁਰੂ ਕਰ ਦਿੰਦੇ ਹਨ। ਅਜੇਹਾ ਹੀ ਇੰਗਲੈਂਡ ਵਿੱਚ ਹੁੰਦਾ ਨਜ਼ਰ ਆ ਰਿਹਾ ਹੈ। ਇਥੇ ਹੋਈਆਂ ਸਥਾਨਿਕ ਚੋਣਾਂ ਵਿੱਚ ਰੀਫੌਰਮ ਯੂ ਕੇ ਪਾਰਟੀ ਨੂੰ ਸਭ ਤੋਂ ਵੱਧ ਲੋਕਾਂ ਨੇ ਪਸੰਦ ਕੀਤਾ ਹੈ, ਜਿਸ ਦੇ 677 ਕੌਂਸਲਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ ਅਤੇ ਪਹਿਲੀ ਵਾਰ ਪਾਰਟੀ ਨੇ 10 ਕੌਂਸਲਾਂ ਤੇ ਕਬਜ਼ਾ ਕੀਤਾ ਹੈ।*




ਨਵੀਂ ਚੁਣੀ ਸੰਸਦ ਮੈਂਬਰ ਸਾਰਾਹ ਪੋਚਿਨ, ਮੇਅਰ ਲੂਕ ਕੈਮਬੈੱਲ ਮੇਅਰ ਐਂਡਰੇਆ ਜੈਨਕਿਨਸ ਅਤੇ ਪਾਰਟੀ ਆਗੂ ਪ੍ਰਭਦੀਪ ਸਿੰਘ ਪਾਰਟੀ ਲੀਡਰ ਨਾਈਜ਼ਲ ਫੈਰਾਜ਼ ਨੂੰ ਵਧਾਈ ਪੇਸ਼ ਕਰਦੇ ਹੋਏ

ਦੂਜੇ ਨੰਬਰ ਤੇ ਰਹੀ ਲਿਬਰਲ ਡੈਮੋਕ੍ਰੇਟਿਕ ਪਾਰਟੀ ਨੇ 3 ਕੌਂਸਲਾਂ ਤੇ ਜਿੱਤ ਪ੍ਰਾਪਤ ਕੀਤੀ ਹੈ ਅਤੇ ਕੁੱਲ 370 ਕੌਂਸਲਰ ਜਿੱਤੇ ਹਨ, ਜਿਸ ਨੂੰ 3 ਕੌਂਸਲਾਂ ਅਤੇ 163 ਕੌਂਸਲਰ ਸੀਟਾਂ ਦਾ ਫਾਈਦਾ ਹੋਇਆ ਹੈ, ਬਰਤਾਨੀਆਂ ਦੀ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਸਿਰਫ 319 ਕੌਂਸਲਰ ਸੀਟਾਂ ਤੇ ਜਿੱਤ ਦਰਜ ਕੀਤੀ ਹੈ, ਜਿਸ ਨੂੰ ਇਹਨਾਂ ਚੋਣਾਂ ਵਿੱਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ, ਉਸ ਨੂੰ 674 ਕੌਂਸਲਰ ਸੀਟਾਂ ਤੇ ਹਾਰ ਦਾ ਸਾਹਮਣਾ ਕਰਨਾ ਪਿਆ, ਇੱਕ ਵੀ ਕੌਂਸਲ ਤੇ ਕਬਜ਼ਾ ਨਹੀਂ ਕਰ ਸਕੀ ਅਤੇ 16 ਕੌਂਸਲਾਂ ਦਾ ਕਬਜ਼ਾ ਹੱਥੋਂ ਛੁੱਟ ਗਿਆ ਹੈ। ਇਸੇ ਤਰ੍ਹਾਂ ਸੱਤਾਧਾਰੀ ਪਾਰਟੀ ਲੇਬਰ ਨੂੰ ਇੱਕ ਕੌਂਸਲ ਤੋਂ ਪਿੱਛੇ ਹਟਣਾ ਪਿਆ ਹੈ, ਜਦ ਕਿ ਸਿਰਫ 98 ਕੌਂਸਲਰ ਸੀਟਾਂ ਤੇ ਹੀ ਜਿੱਤ ਦਰਜ਼ ਕੀਤੀ ਹੈ, ਕੁੱਲ 187 ਸੀਟਾਂ ਦਾ ਨੁਕਸਾਨ ਹੋਇਆ ਹੈ। ਇੰਡੀਪੈਂਡੈਂਟ ਪਾਰਟੀ ਨੂੰ 88 ਸੀਟਾਂ ਤੋਂ ਜਿੱਤ ਪ੍ਰਾਪਤ ਅਤੇ 11 ਸੀਟਾਂ ਦਾ ਨੁਕਸਾਨ ਹੋਇਆ ਹੈ। ਗਰੀਨ ਪਾਰਟੀ ਨੇ 79 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਹੈ ਅਤੇ 44 ਸੀਟਾਂ ਦਾ ਲਾਭ ਹੋਇਆ ਹੈ। ਇੰਗਲੈਂਡ ਦੀ ਸਿਆਸਤ ਵਿੱਚ ਆ ਰਹੀ ਤਬਦੀਲੀ ਅਗਲੇ ਸਾਲਾਂ ਲਈ ਨਵੀਂ ਰੂਪ ਰੇਖਾ ਤਿਆਰ ਕਰਦੀ ਨਜ਼ਰ ਆ ਰਹੀ ਹੈ। ਰੀਫੌਰਮ ਯੂ ਕੇ ਦੇ ਲੂਕ ਕੈਮਬੈੱਲ ਨੇ ਹੁੱਲ ਐਂਡ ਈਸਟ ਯੌਰਕਸ਼ਾਇਰ ਤੋਂ ਅਤੇ ਐਂਡਰੇਆ ਜੈਨਕਿਨਸ ਨੇ ਗ੍ਰੇਟਰ ਲਿੰਕੋਲਨਸ਼ਾਇਰ ਤੋਂ ਮੇਅਰ ਦੀ ਚੋਣ ਜਿੱਤੀ ਹੈ।

ਇਸ ਤੋਂ ਇਲਾਵਾ ਰਨਕੌਰਨ ਐਂਡ ਹੈਲਸਬੇਅ ਹਲਕੇ ਤੋਂ ਸਾਰਾਹ ਪੋਚਿਨ ਸੰਸਦ ਮੈਂਬਰ ਚੁਣੀ ਗਈ ਹੈ। ਰਿਫੌਰਮ ਯੂ ਕੇ ਦੇ ਆਗੂ ਪ੍ਰਭਦੀਪ ਸਿੰਘ ਨੇ ਕਿਹਾ ਕਿ ਇੰਗਲੈਂਡ ਦੇ ਲੋਕ ਰਿਵਾਇਤੀ ਪਾਰਟੀਆਂ ਤੋਂ ਅੱਕ ਚੁੱਕੇ ਹਨ ਅਤੇ ਭਵਿੱਖ ਵਿੱਚ ਬਹੁਤ ਕੁਝ ਬਦਲਣ ਜਾ ਰਿਹਾ ਹੈ।

## ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਭਾਰਤੀ ਭਾਈਚਾਰੇ ਵੱਲੋਂ ਸ਼ਰਧਾਜ਼ਲੀ



ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜ਼ਲੀ ਭੇਂਟ ਕਰਨ ਮੌਕੇ ਭਾਰਤੀ ਲੋਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀ ਹਮਲੇ ਦੌਰਾਨ ਮਾਰੇ ਗਏ ਬੇਕਸੂਰ ਲੋਕਾਂ ਦੀ ਯਾਦ ਵਿੱਚ ਭਾਰਤੀ ਭਾਈਚਾਰੇ ਦੇ ਲੋਕਾਂ ਵੱਲੋਂ ਕ੍ਰਿਸ਼ਮਾਂ ਹਾਲ ਹੰਸਲੋ ਵਿਖੇ ਸ਼ਰਧਾਜ਼ਲੀ ਭੇਂਟ ਕੀਤੀ ਗਈ। ਗੁਰਮਿੰਦਰ ਕੌਰ ਰੰਧਾਵਾ ਦੇ ਯਤਨਾਂ ਸਦਕਾ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਵੱਲੋਂ ਕਰਵਾਏ ਗਏ ਸ਼ਰਧਾਜ਼ਲੀ ਸਮਾਗਮ ਵਿੱਚ ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ, ਵੋਇਸ ਆਫ ਵੂਮੈਨ, ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ, ਅਸਲੀ ਬਹਾਰਾਂ ਪੰਜਾਬ ਦੀਆਂ ਦੇ ਨੁਮਾਇੰਦਿਆਂ ਸਮੇਤ ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੇ ਹਿੱਸਾ ਲਿਆ। ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਨਿਰਦੋਸ਼ ਲੋਕਾਂ ਦੀ ਹੱਤਿਆ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਣਾ ਚਾਹੀਦਾ ਹੈ। ਕਸ਼ਮੀਰ ਦਹਾਕਿਆਂ ਤੋਂ ਭਾਰਤ ਦਾ ਅਨਿੱਖੜਵਾਂ ਅੰਗ ਹੈ, ਇਸ ਖਿੱਤੇ ਦੇ ਲੋਕ ਲੰਮੇਂ ਸਮੇਂ ਤੋਂ ਅੱਤਵਾਦ ਦਾ ਸਾਹਮਣਾ ਕਰਦੇ ਆ ਰਹੇ ਹਨ। ਜੰਮੂ ਅਤੇ ਕਸ਼ਮੀਰ ਵਿੱਚ ਸ਼ਾਂਤੀ ਸਥਾਪਿਤ ਕਰਨ ਲਈ ਸਰਕਾਰਾਂ ਨੂੰ ਹੋਰ ਵੀ ਢੁਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ। ਇਸ ਮੌਕੇ ਗੁਰਮਿੰਦਰ ਕੌਰ ਰੰਧਾਵਾ, ਨਛੱਤਰ ਕਲਸੀ, ਵਿਕਰਮ ਦੁਹਾਨ, ਕੁਲਵੰਤ ਕੌਰ ਢਿਲੋਂ, ਕੌਂਸਲਰ ਰਾਜੂ ਸੰਸਾਰਪੁਰੀ, ਅਜਾਇਬ ਸਿੰਘ ਪਵਾਰ, ਸੁਰਿੰਦਰ ਕੌਰ ਕੈਂਥ, ਸ਼ਿਵਦੀਪ ਕੌਰ ਢੇਸੀ, ਮਨਜੀਤ ਭੰਵਰਾ, ਦਲਜੀਤ ਅਟਵਾਲ, ਸ਼ੱਬੋ ਬੋਪਾਰਾਏ, ਰਵਿੰਦਰ ਸਿੰਘ, ਕਿੱਕੀ ਗਰੇਵਾਲ, ਰਵੀ ਬੋਲੀਨਾ, ਸਤਵੰਤ ਨਾਗਪਾਲ, ਨਵਜੋਤ ਪਾਨਾਗ, ਸੁਰਜੀਤ ਅਟਵਾਲ, ਰੁਪਿੰਦਰ ਕੌਰ ਗਿੱਲ, ਸੰਦੀਪ ਸੋਨੀ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਪਹਿਲਗਾਮ ਹਮਲੇ ਦੇ ਪੀੜਤਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਕਸ਼ਮੀਰ ਵਿੱਚ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਨਿੰਦਾ ਕਰਦਿਆਂ ਮ੍ਰਿਤਕਾਂ ਦੀ ਆਤਮਿਕ ਸ਼ਾਤੀ ਲਈ ਅਰਦਾਸ ਕੀਤੀ। ਸਭਾ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਜਨਰਲ ਸੈਕਟਰੀ ਸ਼ਿਵ ਰੱਤੂ ਨੇ ਕਿਹਾ ਕਿ ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ, ਉਹ ਲੋਕ ਤਾਂ ਮਨੁੱਖਤਾ ਦੇ ਹਤਿਆਰੇ ਹੁੰਦੇ ਹਨ। ਪ੍ਰਬੰਧਕ ਕਮੇਟੀ ਨੇ ਕਿਹਾ ਕਿ ਭਾਰਤ ਬਹੁ ਧਰਮੀ ਅਤੇ ਬਹੁ ਸੱਭਿਆਚਾਰੀ ਦੇਸ਼ ਹੈ ਲੇਕਨ ਅਜੇਹੇ ਹਮਲੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਤੋੜ ਨਹੀਂ ਸਕਦੇ।*

ਇਸੇ ਤਰ੍ਹਾਂ ਵਰਿੰਦਰ ਚੰਦਰ, ਊਸ਼ਾ ਗੰਗੜ, ਸੁਰਿੰਦਰ ਸਿੰਘ ਬੰਗੜ, ਮੋਹਨ ਲਾਲ ਹੌਲੈਂਡ, ਸੁਰਜੀਤ ਸਿੰਘ ਕੌਲ, ਤਰਸੇਮ ਕੌਰ ਗੁਰੂ, ਹਰਦੇਵ ਕੌਰ ਪੁਆਰ, ਮਨਜੀਤ ਭੰਗੂ, ਵਿੱਦਿਆਵਤੀ ਮੱਲ੍ਹਣ, ਓਮ ਪ੍ਰਕਾਸ਼ ਸਰੋਇਆ, ਚਮਨ ਲਾਲ ਬੱਧਣ, ਦੁਰਯੋਧਨ ਖੁਤਣ, ਰਾਜ ਕੁਮਾਰ ਸੁੰਡ, ਅਮਰੀਸ਼ ਕੁਮਾਰ ਝੱਲੀ, ਸੰਦੀਪ ਸਿੰਘ ਲੋਈ, ਬਲਬੀਰ ਸਿੰਘ ਭਾਟੀਆ, ਗੁਰਦਿਆਲ ਮੈਹਮੀ, ਹਰਮੇਸ਼ ਗੰਗੜ, ਟਰੱਸਟ ਦੇ ਚੇਅਰਮੈਨ ਚੁੰਨੀ ਲਾਲ ਚੈਂਬਰ, ਹਰਬੰਸ ਵਿਰਦੀ, ਰਾਮ ਲਾਲ ਬਾਘਾ, ਜੋਗਿੰਦਰ ਬਾਘਾ, ਸ਼ਿੰਗਾਰਾ ਸਿੰਘ ਜੱਸਲ ਨੇ ਪੀੜਤ ਪ੍ਰੀਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਹਮਲੇ ਦੀ ਨਿੰਦਾ ਕੀਤੀ।

## ਵਰਲਡ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਦੀ ਯੂ ਕੇ ਵਿੱਚ ਮੀਟਿੰਗ ਹੋਈ ਧਰਮਜੀਤ ਸਿੰਘ ਘਟੋਰਾ ਨੂੰ ਆਲ ਇੰਡੀਆ ਦਾ ਪ੍ਰਧਾਨ ਨਿਯੁਕਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਰਲਡ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਦੀ ਇੱਕ ਅਹਿਮ ਮੀਟਿੰਗ ਯੂ ਕੇ ਵਿੱਚ ਕੀਤੀ ਗਈ ਜਿਸ ਸਬੰਧੀ ਜਾਣਕਾਰੀ ਦਿੰਦੇ ਹੋਏ ਯੂ ਕੇ ਦੇ ਪ੍ਰਧਾਨ ਕਰਨੈਲ ਸਿੰਘ



ਧਰਮਜੀਤ ਸਿੰਘ ਘਟੋਰਾ, ਕਰਨੈਲ ਸਿੰਘ ਚੀਮਾ ਅਤੇ ਸਰਦੂਲ ਸਿੰਘ ਮਰਵਾਹਾ

ਚੀਮਾ ਅਤੇ ਸੈਕਟਰੀ ਜਨਰਲ ਕੌਂਸਲਰ ਸਰਦੂਲ ਸਿੰਘ ਮਰਵਾਹਾ ਨੇ ਦੱਸਿਆ ਕਿ ਸਰਬ ਸੰਮਤੀ ਧਰਮਜੀਤ ਸਿੰਘ ਘਟੋਰਾ ਨੂੰ ਆਲ ਇੰਡੀਆ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਦਾ ਪ੍ਰਧਾਨ ਚੁਣਿਆ ਗਿਆ ਹੈ। ਉਹਨਾਂ ਦੱਸਿਆ ਕਿ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਦਾ ਮੁੱਖ ਮਕਸਦ ਭਾਈਚਾਰੇ ਦੇ ਮਸਲਿਆਂ ਨੂੰ ਉਭਾਰਨਾ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਯਤਨ ਕਰਨਾ ਹੈ। ਸ: ਚੀਮਾ ਨੇ ਕਿਹਾ ਕਿ ਭਵਿੱਖ ਵਿੱਚ ਵਿਸ਼ਵ ਭਰ ਵਿੱਚ ਵੱਸਦੇ ਭਾਈਚਾਰੇ ਅਤੇ ਹੋਰ ਰਾਮਗੜ੍ਹੀਆ ਸੰਸਥਾਵਾਂ ਨਾਲ ਮਿਲ ਕੇ ਭਾਈਚਾਰੇ ਦੀ ਬੇਹਤਰੀ ਲਈ ਯਤਨ ਕੀਤੇ ਜਾਣਗੇ।

## ਨਵਜੋਤ ਸਿੱਧੂ ਵੱਲੋਂ ਯੂ-ਟਿਊਬ ਚੈਨਲ ਦੀ ਸ਼ੁਰੂਆਤ

**ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਹੁਣ ਚਿੰਤਕ ਵਜੋਂ ਨਜ਼ਰ ਆਉਣਗੇ। ਉਨ੍ਹਾਂ ਆਪਣਾ ਨਵਾਂ ਯੂ-ਟਿਊਬ ਚੈਨਲ ਨਵਜੋਤ ਸਿੱਧੂ ਆਫੀਸ਼ੀਅਲ ਸ਼ੁਰੂ ਕੀਤਾ ਹੈ। ਇਸ ਚੈਨਲ ਤੇ ਉਹ ਲੋਕਾਂ ਨਾਲ ਪ੍ਰੇਰਨਾਦਾਇਕ ਤੇ ਹੌਸਲਾ ਵਧਾਊ, ਸਿਹਤ, ਸੁੰਦਰ ਕੱਪੜਿਆਂ ਤੇ ਜੀਵਨ ਜਾਚ, ਕ੍ਰਿਕਟ, ਮੈਡੀਟੇਸ਼ਨ ਬਾਰੇ ਗੱਲਾਂ ਕਰਦੇ ਨਜ਼ਰ ਆਉਣਗੇ। ਇਹ ਖੁਲਾਸਾ ਉਨ੍ਹਾਂ ਇੱਥੇ ਆਪਣੇ ਘਰ ਵਿੱਚ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਉਹ ਇੱਕ ਨਵਾਂ ਯੂ-ਟਿਊਬ ਚੈਨਲ ਨਵਜੋਤ ਸਿੱਧੂ ਆਫੀਸ਼ੀਅਲ ਸ਼ੁਰੂ ਕਰ ਰਹੇ ਹਨ, ਜਿਸ ਦਾ ਸੰਚਾਲਨ ਉਨ੍ਹਾਂ ਦੀ ਧੀ ਰਾਬੀਆ ਸਿੱਧੂ ਅਤੇ ਇੱਕ ਹੋਰ ਨੇੜਲੇ ਸਾਥੀ ਅਨੰਤ ਕਵਰ ਵੱਲੋਂ ਕੀਤਾ ਜਾਵੇਗਾ। ਇਹ ਚੈਨਲ ਸ਼ੁਰੂ ਹੋ ਗਿਆ ਹੈ ਅਤੇ ਇਸ ਤੇ ਰੋਜ਼ ਨਵਜੋਤ ਸਿੱਧੂ ਨਾਲ ਸਬੰਧਤ ਵੀਡੀਓ ਅਪਲੋਡ ਹੋਵੇਗੀ।**

# ਭਾਰਤ ਪਾਕਿ ਤਣਾਅ ਕਾਰਣ ਪੰਜਾਬ ਦੇ ਸਰਹੱਦੀ ਪਿੰਡਾਂ ਵਿੱਚ ਹੋਣ ਲੱਗਾ ਉਜਾੜਾ

**✪ ਕਈ ਪਿੰਡਾਂ ਵਿੱਚ ਲੋਕਾਂ ਨੇ ਆਪਣੇ ਘਰ ਛੱਡ ਕੇ ਰਿਸ਼ਤੇਦਾਰਾਂ ਕੋਲ ਲਈ ਪਨਾਹ ✪ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ, ਖੇਤਾਂ ਵਿੱਚ ਕੰਮ ਰੁਕਿਆ**

**ਖਾਸ ਖਬਰ**

ਭਾਰਤ-ਪਾਕਿਸਤਾਨ ਸਰਹੱਦ ’ਤੇ ਵਧਦੇ ਤਣਾਅ ਦੇ ਵਿਚਕਾਰ ਪੰਜਾਬ ਦੇ ਸਰਹੱਦੀ ਪਿੰਡਾਂ ਵਿੱਚ ਬੇਚੈਨੀ ਅਤੇ ਉਜਾੜਾ ਸਾਫ਼ ਦਿਖਾਈ ਦੇ ਰਿਹਾ ਹੈ। ਖਾਸ ਕਰਕੇ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਰਗੇ ਜ਼ਿਲ੍ਹਿਆਂ ਵਿੱਚ ਵਸੇ ਪਿੰਡਾਂ ਦੇ ਲੋਕ ਡਰ ਦੇ ਪਰਛਾਵੇਂ ਹੇਠ ਜੀ ਰਹੇ ਹਨ। ਸਰਹੱਦ ’ਤੇ ਗੋਲ਼ੀਬਾਰੀ ਦੀ ਸੰਭਾਵਨਾ ਅਤੇ ਹਾਲ ਹੀ ਦੇ ਅੱਤਵਾਦੀ ਹਮਲਿਆਂ ਨੇ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਆਪਣੇ ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ ’ਤੇ ਭੇਜਣ ਲਈ ਮਜਬੂਰ ਕਰ ਦਿੱਤਾ ਹੈ। ਕਈ ਪਿੰਡਾਂ ਵਿੱਚ ਲੋਕ ਆਪਣੇ ਘਰ ਛੱਡ ਕੇ ਰਿਸ਼ਤੇਦਾਰਾਂ ਕੋਲ ਜਾਂ ਸ਼ਹਿਰਾਂ ਵਿੱਚ ਪਨਾਹ ਲੈ ਰਹੇ ਹਨ, ਜਿਸ ਕਾਰਨ ਪਿੰਡਾਂ ਵਿੱਚ ਸੰਨਾਟਾ ਛਾਇਆ ਹੋਇਆ ਹੈ।

ਅਟਾਰੀ ਅਤੇ ਅਜਨਾਲਾ ਵਰਗੇ ਸਰਹੱਦੀ ਇਲਾਕਿਆਂ ਵਿੱਚ ਕਈ ਪਰਿਵਾਰ ਪਿੰਡ ਛੱਡ ਕੇ ਅੰਮ੍ਰਿਤਸਰ ਸ਼ਹਿਰ ਜਾਂ ਹੋਰ ਸੁਰੱਖਿਅਤ ਸਥਾਨਾਂ ’ਤੇ ਚਲੇ ਗਏ ਹਨ। ਪਿੰਡਾਂ ਵਿੱਚ ਸਿਰਫ਼ ਬਜ਼ੁਰਗ ਜਾਂ ਉਹ ਲੋਕ ਰਹਿ ਗਏ ਹਨ, ਜੋ ਆਪਣੀ ਜ਼ਮੀਨ ਅਤੇ ਪਸ਼ੂਆਂ ਦੀ ਦੇਖਭਾਲ ਲਈ ਮਜਬੂਰ ਹਨ। ਫਿਰੋਜ਼ਪੁਰ ਅਤੇ ਫਾਜ਼ਿਲਕਾ: ਇਨ੍ਹਾਂ ਜ਼ਿਲ੍ਹਿਆਂ ਦੇ ਪਿੰਡ, ਜੋ ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਹਨ, ਉੱਥੇ ਵੀ ਆਬਾਦੀ ਦਾ ਇੱਕ ਵੱਡਾ ਹਿੱਸਾ ਅਸਥਾਈ ਤੌਰ ’ਤੇ ਪਰਵਾਸ ਕਰ ਚੁੱਕਿਆ ਹੈ। ਖੇਤਾਂ ਵਿੱਚ ਕੰਮ ਰੁਕ ਗਿਆ ਹੈ, ਅਤੇ ਕਈ ਪਰਿਵਾਰਾਂ ਨੇ ਆਪਣੀਆਂ ਫਸਲਾਂ ਛੱਡ ਦਿੱਤੀਆਂ ਹਨ।ਫਸਲਾਂ ਨੂੰ ਬਜ਼ਾਰ ਤੱਕ ਪਹੁੰਚਾਉਣ ਵਿੱਚ ਮੁਸ਼ਕਲ ਹੋ ਰਹੀ ਹੈ, ਜਿਸ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਪਸ਼ੂਆਂ ਦੀ ਦੇਖਭਾਲ ਵੀ ਮੁਸ਼ਕਲ ਹੋ ਰਹੀ ਹੈ, ਕਿਉਂਕਿ ਚਾਰੇ ਅਤੇ ਪਾਣੀ ਦੀ ਵਿਵਸਥਾ ਪ੍ਰਭਾਵਿਤ ਹੋਈ ਹੈ।



**ਪੰਜਾਬ ਟਾਈਮਜ ਅਨੁਸਾਰ ਪੰਜਾਬ ਦੇ ਸਰਹੱਦੀ ਪਿੰਡਾਂ ਵਿੱਚ ਭਾਰਤ-ਪਾਕਿਸਤਾਨ ਤਣਾਅ ਨੇ ਨਾ ਸਿਰਫ਼ ਲੋਕਾਂ ਦੇ ਰੋਜ਼ਮਰ੍ਹਾ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਮਾਨਸਿਕ ਸਿਹਤ ’ਤੇ ਵੀ ਡੂੰਘਾ ਅਸਰ ਪਾਇਆ ਹੈ। ਸਰਕਾਰ ਦੇ ਯਤਨਾਂ ਦੇ ਬਾਵਜੂਦ, ਪਿੰਡ ਵਾਸੀਆਂ ਨੂੰ ਸਥਾਈ ਸ਼ਾਂਤੀ ਅਤੇ ਸੁਰੱਖਿਆ ਦੀ ਜ਼ਰੂਰਤ ਹੈ।**

ਸਰਹੱਦੀ ਪਿੰਡਾਂ ਵਿੱਚ ਸਕੂਲ ਬੰਦ ਹਨ, ਅਤੇ ਸਥਾਨਕ ਬਾਜ਼ਾਰਾਂ ਵਿੱਚ ਸੰਨਾਟਾ ਹੈ। ਗੋਲ਼ੀਬਾਰੀ ਦੀ ਸੰਭਾਵਨਾ ਕਾਰਨ ਲੋਕ ਰਾਤ ਨੂੰ ਘਰਾਂ ਤੋਂ ਬਾਹਰ ਨਿਕਲਣ ਤੋਂ ਡਰਦੇ ਹਨ।

## ਪੰਜਾਬ ਸਰਕਾਰ ਦੇ ਇੰਤਜ਼ਾਮ

ਪੰਜਾਬ ਸਰਕਾਰ ਨੇ ਸਰਹੱਦੀ ਇਲਾਕਿਆਂ ਵਿੱਚ ਸੁਰੱਖਿਆ ਅਤੇ ਰਾਹਤ ਲਈ ਕਈ ਕਦਮ ਚੁੱਕੇ ਹਨ। ਸਰਕਾਰ ਨੇ ਪਿੰਡਾਂ ਵਿੱਚ ਬੰਕਰਾਂ ਨੂੰ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਕਈ ਪਿੰਡਾਂ ਵਿੱਚ ਪੁਰਾਣੇ ਬੰਕਰਾਂ ਦੀ ਮੁਰੰਮਤ ਅਤੇ ਸਫਾਈ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਕੁਝ ਇਲਾਕਿਆਂ ਵਿੱਚ ਅਸਥਾਈ ਰਾਹਤ ਕੈਂਪ ਸਥਾਪਤ ਕੀਤੇ ਗਏ ਹਨ, ਜਿੱਥੇ ਜ਼ਰੂਰਤ ਪੈਣ ’ਤੇ ਲੋਕਾਂ ਨੂੰ ਪਨਾਹ ਦਿੱਤੀ ਜਾ ਸਕੇ। ਇਨ੍ਹਾਂ ਕੈਂਪਾਂ ਵਿੱਚ ਬੁਨਿਆਦੀ ਸਹੂਲਤਾਂ ਜਿਵੇਂ ਖਾਣਾ, ਪਾਣੀ ਅਤੇ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਪਿੰਡਾਂ ਵਿੱਚ ਸੁਰੱਖਿਆ ਬਲਾਂ ਦੀ ਗਸ਼ਤ ਵਧਾ ਦਿੱਤੀ ਗਈ ਹੈ, ਅਤੇ ਸ਼ੱਕੀ ਗਤੀਵਿਧੀਆਂ ’ਤੇ ਨਜ਼ਰ ਰੱਖੀ ਜਾ ਰਹੀ ਹੈ। ਸਥਾਨਕ ਪ੍ਰਸ਼ਾਸਨ ਪਿੰਡ ਵਾਸੀਆਂ ਨੂੰ ਐਮਰਜੈਂਸੀ ਸਥਿਤੀ ਵਿੱਚ ਬੰਕਰਾਂ ਦੀ ਵਰਤੋਂ ਅਤੇ ਸੁਰੱਖਿਅਤ ਨਿਕਾਸੀ ਦੇ ਤਰੀਕਿਆਂ ਬਾਰੇ ਜਾਗਰੂਕ ਕਰ ਰਿਹਾ ਹੈ। ਸਰਕਾਰ ਨੇ ਸ਼ਹਿਰੀ ਅਤੇ ਅਰਧ-ਸ਼ਹਿਰੀ ਇਲਾਕਿਆਂ ਵਿੱਚ ਸਕੂਲਾਂ, ਧਰਮਸ਼ਾਲਾਵਾਂ ਅਤੇ ਸਰਕਾਰੀ ਇਮਾਰਤਾਂ ਵਿੱਚ ਅਸਥਾਈ ਰਿਹਾਇਸ਼ ਦੀ ਵਿਵਸਥਾ ਕੀਤੀ ਹੈ। ਇਨ੍ਹਾਂ ਸਥਾਨਾਂ ’ਤੇ ਇਨ੍ਹਾਂ ਪਰਿਵਾਰਾਂ ਨੂੰ ਰਹਿਣ-ਸਹਿਣ ਦੀਆਂ ਮੁੱਢਲੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਸਰਕਾਰ ਨੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਮਨੋਵਿਗਿਆਨਕ ਸਲਾਹਕਾਰਾਂ ਦੀਆਂ ਟੀਮਾਂ ਤਾਇਨਾਤ ਕੀਤੀਆਂ ਹਨ, ਜੋ ਪਰਵਾਸੀਆਂ ਅਤੇ ਪਿੰਡ ਵਾਸੀਆਂ ਨੂੰ ਡਰ ਅਤੇ ਤਣਾਅ ਨਾਲ ਨਜਿੱਠਣ ਵਿੱਚ ਮਦਦ ਕਰ ਰਹੀਆਂ ਹਨ।

## ਪਿੰਡ ਵਾਸੀਆਂ ਦੀ ਆਵਾਜ਼

ਫਾਜ਼ਿਲਕਾ ਦੇ ਇੱਕ ਕਿਸਾਨ, 60 ਸਾਲ ਦੇ ਹਰਬੰਸ ਸਿੰਘ ਕਹਿੰਦੇ ਹਨ, “ਅਸੀਂ ਹਰ ਵਾਰ ਇਹੀ ਡਰ ਝੱਲਦੇ ਹਾਂ। ਨਾ ਫਸਲ ਸਮੇਂ ਸਿਰ ਵੱਢ ਸਕਦੇ ਹਾਂ, ਨਾ ਹੀ ਬੱਚਿਆਂ ਨੂੰ ਸਕੂਲ ਭੇਜ ਸਕਦੇ ਹਾਂ। ਸਰਕਾਰ ਬੰਕਰ ਤਾਂ ਦੇ ਰਹੀ ਹੈ, ਪਰ ਸ਼ਾਂਤੀ ਦਾ ਕੋਈ ਰਾਹ ਨਹੀਂ ਦਿਖਦਾ।”

ਇਸੇ ਤਰ੍ਹਾਂ, ਤਰਨਤਾਰਨ ਦੀ ਸਰਪੰਚ ਰਮਨਦੀਪ ਕੌਰ ਨੇ ਦੱਸਿਆ, “ਸਾਡੇ ਪਿੰਡ ਦੇ ਜ਼ਿਆਦਾਤਰ ਲੋਕ ਡਰੇ ਹੋਏ ਹਨ। ਅਸੀਂ ਬੰਕਰਾਂ ਦੀ ਜਾਂਚ ਕਰ ਰਹੇ ਹਾਂ, ਪਰ ਜੇ ਗੋਲ਼ੀਬਾਰੀ ਸ਼ੁਰੂ ਹੋਈ ਤਾਂ ਨੁਕਸਾਨ ਤੋਂ ਬਚਣਾ ਮੁਸ਼ਕਲ ਹੋਵੇਗਾ।”

# ਅੰਮ੍ਰਿਤਸਰ ਵਿਚ ਪਾਬੰਦੀਸ਼ੁਦਾ ਦਵਾਈਆਂ ਬਣਾਉਣ ਵਾਲੀ ਕੰਪਨੀ ’ਤੇ ਪਿਆ ਛਾਪਾ, ਮਾਲਕ ਗ੍ਰਿਫ਼ਤਾਰ

**✪ ਸੱਤ ਦੋਸ਼ੀਆਂ ’ਤੇ ਕੇਸ ਦਰਜ, 31, 700 ਪਾਬੰਦੀਸ਼ੁਦਾ ਗੋਲ਼ੀਆਂ ਬਰਾਮਦ ✪ ਕਈ ਹਸਪਤਾਲ ਦੇ ਮਾਲਕਾਂ ਉਪਰ ਕਸਿਆ ਕਨੂੰਨੀ ਸ਼ਿਕੰਜਾ**

ਅੰਮ੍ਰਿਤਸਰ-ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਨੇ ਇਕ ਪਾਬੰਦੀਸ਼ੁਦਾ ਦਵਾਈਆਂ ਬਣਾਉਣ ਵਾਲੀ ਕੰਪਨੀ ਤੇ ਛਾਪਾ ਮਾਰ ਕੇ ਕਾਰੋਬਾਰੀ ਅਮਿਤ ਭੰਡਾਰੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸਲਾਮਾਬਾਦ ਥਾਣੇ ਅਧੀਨ ਪੈਂਦੀ ਜਵਾਲਾ ਅਸਟੇਟ ’ਚ ਸਥਿਤ ਬਲਾਸਟਿਕ ਫਾਰਮਾ ’ਤੇ ਪਿਛਲੇ ਛੇ ਦਿਨ ਤੋਂ ਚੱਲ ਰਹੀ ਛਾਪੇਮਾਰੀ ਦੌਰਾਨ ਐੱਨਸੀਬੀ ਨੇ ਦੋ ਔਰਤਾਂ ਤੇ ਪੰਜ ਲੋਕਾਂ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਐੱਨਸੀਬੀ ਅਧਿਕਾਰੀਆਂ ਨੇ ਮੁਲਜ਼ਮਾਂ ਦੀ ਪਛਾਣ ਬਲਾਸਟਿਕ ਕੰਪਨੀ ਦੇ ਮਾਲਕ ਦੀਪਕ ਭੰਡਾਰੀ, ਅਮਿਤ ਭੰਡਾਰੀ, ਇਸੇ ਕੰਪਨੀ ਦੀਆਂ ਦੋ ਮਹਿਲਾ ਹਿੱਸੇਦਾਰ, ਕਾਰਪੋਰੇਟ ਹਸਪਤਾਲ ਦੇ ਮਾਲਕ ਜਤਿੰਦਰ ਮਲਹੋਤਰਾ, ਫਤਿਹਗੜ੍ਹ ਚੂੜੀਆਂ ਰੋਡ ’ਤੇ ਲਾਈਫ ਕੇਅਰ ਹਸਪਤਾਲ ਦੇ ਮਾਲਕ ਰਮੇਸ਼ ਕੁਮਾਰ ਤੇ ਪ੍ਰਵੀਨ ਕੁਮਾਰ ਵਜੋਂ ਕੀਤੀ ਹੈ, ਜਿਨ੍ਹਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਸੂਚਨਾ ਮਿਲੀ ਸੀ ਕਿ ਬਲਾਸਟਿਕ ਕੰਪਨੀ ਦੇ ਮਾਲਕ ਅਮਿਤ ਭੰਡਾਰੀ ਤੇ ਉਸ ਦਾ ਭਰਾ ਦੀਪਕ ਭੰਡਾਰੀ ਪਾਬੰਦੀਸ਼ੁਦਾ ਦਵਾਈਆਂ ਦੇ ਕਾਰੋਬਾਰ ’ਚ ਸ਼ਾਮਲ ਹਨ। ਇਸੇ ਆਧਾਰ ਤੇ ਛੇ ਦਿਨ ਪਹਿਲਾਂ ਐੱਨਸੀਬੀ ਟੀਮ ਨੇ ਬਲਾਸਟਿਕ ਕੰਪਨੀ ਤੇ ਛਾਪਾ ਮਾਰਿਆ ਸੀ। ਇਸ ਦੌਰਾਨ ਇਹ ਪਾਇਆ ਗਿਆ ਹੈ ਕਿ ਮੰਗ ਆਰਡਰ ਤੇ ਸਪਲਾਈ ਕੀਤੀਆਂ ਗਈਆਂ ਦਵਾਈਆਂ ਦੇ ਰਿਕਾਰਡ ’ਚ ਬਹੁਤ ਵੱਡਾ ਫਰਕ ਹੈ। ਕਾਰਵਾਈ ਪੂਰੀ ਕਰਨ ਤੋਂ ਬਾਅਦ ਐੱਨਸੀਬੀ ਨੇ ਅਮਿਤ ਭੰਡਾਰੀ ਨੂੰ ਗ੍ਰਿਫ਼ਤਾਰ ਕਰ ਲਿਆ। ਜਦਕਿ ਬਾਕੀ ਸਾਰੇ ਛੇ ਮੁਲਜ਼ਮ ਫ਼ਰਾਰ ਹਨ। ਐੱਨਸੀਬੀ ਛਾਪੇਮਾਰੀ ਕਰ ਰਹੀ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮਾਂ ਨੇ ਲਾਈਫ਼ ਕੇਅਰ ਹਸਪਤਾਲ ਤੇ ਕਾਰਪੋਰੇਟ ਹਸਪਤਾਲ ਨੂੰ ਬਿਨਾਂ ਆਰਡਰ ਦੇ ਦਵਾਈਆਂ ਸਪਲਾਈ ਕੀਤੀਆਂ ਹਨ। ਐੱਨਸੀਬੀ ਅਧਿਕਾਰੀ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਕਾਰਪੋਰੇਟ ਹਸਪਤਾਲ ਦੇ ਮਾਲਕ ਜਤਿੰਦਰ ਮਲਹੋਤਰਾ ਨੂੰ ਪਾਬੰਦੀਸ਼ੁਦਾ ਦਵਾਈ ਦੀਆਂ ਦੋ ਹਜ਼ਾਰ ਖੁਰਾਕਾਂ ਸਪਲਾਈ ਕੀਤੀਆਂ ਸਨ। ਜਦਕਿ ਇਸ ਹਸਪਤਾਲ ਕੋਲ ਇਸ ਨਾਮ ਵਾਲੀ ਕੰਪਨੀ ਰੱਖਣ ਦਾ ਕੋਈ ਲਾਇਸੈਂਸ ਵੀ ਨਹੀਂ ਹੈ।

ਦੂਜੇ ਪਾਸੇ ਲਾਈਫ ਕੇਅਰ ਹਸਪਤਾਲ ਦੇ ਮਾਲਕ ਰਾਕੇਸ਼ ਕੁਮਾਰ ਤੇ ਪ੍ਰਵੀਨ ਕੁਮਾਰ ਨੂੰ ਦੋ ਹਜ਼ਾਰ ਖੁਰਾਕਾਂ ਦੀ ਸਪਲਾਈ ਕੀਤੀ ਗਈ ਹੈ। ਇਸ ਹਸਪਤਾਲ ਕੋਲ ਪੰਜ ਸੌ ਖੁਰਾਕਾਂ ਸਟੋਰ ਕਰਨ ਦਾ ਲਾਇਸੈਂਸ ਹੈ। ਐੱਨਸੀਬੀ ਨੇ ਉਪਰੋਕਤ ਦੋਵੇਂ ਹਸਪਤਾਲਾਂ ਦਾ ਰਿਕਾਰਡ ਜ਼ਬਤ ਕਰ ਲਿਆ ਹੈ। ਬਲਾਸਟਿਕ ਫਾਰਮਾ ਦਾ ਰਿਕਾਰਡ ਹਿਰਾਸਤ ’ਚ ਲਿਆ ਐੱਨਸੀਬੀ ਨੇ ਕਿਹਾ ਕਿ ਉਸ ਨੇ ਬਲਾਸਟਿਕ ਫਾਰਮਾ ਕੰਪਨੀ ਦਾ ਰਿਕਾਰਡ ਜ਼ਬਤ ਕਰ ਲਿਆ ਹੈ। ਖਾਸ ਕਰ ਕੇ ਸਾਲ 2017 ਤੋਂ ਮਾਰਚ 2025 ਤੱਕ ਦੇ ਰਿਕਾਰਡਾਂ ’ਚ ਕਈ ਖਾਮੀਆਂ ਪਾਈਆਂ ਗਈਆਂ ਹਨ। ਜਿਨ੍ਹਾਂ ਤੇ ਐੱਨਸੀਬੀ ਜਾਂਚ ਕਰ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਕੇਂਦਰੀ ਏਜੰਸੀ ਨੂੰ ਸ਼ਹਿਰ ਦੇ ਕਈ ਵੱਡੇ ਹਸਪਤਾਲਾਂ, ਡਾਕਟਰਾਂ ਅਤੇ ਨੇਤਾਵਾਂ ਦੇ ਨਾਮ ਵੀ ਮਿਲੇ ਹਨ। ਹਿਮਾਚਲ ਤੇ ਉਤਰਾਖੰਡ ਤੋਂ ਬਾਅਦ ਅੰਮ੍ਰਿਤਸਰ ’ਚ ਵੱਡੀ ਕਾਰਵਾਈ ਦੱਸ ਦੇਈਏ ਕਿ ਇਸ ਸਾਲ ਹਿਮਾਚਲ ਪ੍ਰਦੇਸ਼ ਦੇ ਪਾਉਂਟਾ ਸਾਹਿਬ ਤੇ ਉਤਰਾਖੰਡ ਦੇ ਰਿਸ਼ੀਕੇਸ਼ ਅਤੇ ਹਰਿਦੁਆਰ ਤੋਂ ਬਾਅਦ ਐੱਨਸੀਬੀ ਨੇ ਅੰਮ੍ਰਿਤਸਰ ’ਚ ਇੱਕ ਡਰੱਗ ਡੀਲਿੰਗ ਕੰਪਨੀ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਇਸ ਤੋਂ ਪਹਿਲਾਂ ਐੱਨਸੀਬੀ ਨੇ 1.19 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਸਨ। ਇੰਨਾ ਹੀ ਨਹੀਂ ਕਰੋੜਾਂ ਰੁਪਏ ਦਾ ਕੋਡੀਨ ਸਿਰਪ ਵੀ ਬਰਾਮਦ ਕੀਤਾ ਜਾ ਚੁੱਕਾ ਹੈ।

# ਪਹਿਲਗਾਮ ਹਮਲੇ ਤੋਂ ਬਾਅਦ ਚੰਨੀ ਨੇ ਚੁੱਕੇ ਸਵਾਲ, ਕੀ ਸੱਚਮੁੱਚ ਹੋਈ ਸੀ ਸਰਜੀਕਲ ਸਟ੍ਰਾਈਕ ?

**✪ ਚੰਨੀ ਨੇ ਮੋਦੀ ਸਰਕਾਰ ਤੋਂ ਮੰਗੇ ਸਬੂਤ, ਵਿਰੋਧ ਹੋਣ ਤੋਂ ਬਾਅਦ ਮੋਦੀ ਸਰਕਾਰ ਨਾਲ ਪ੍ਰਗਟਾਈ ਸਹਿਮਤੀ ✪ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਪਹਿਲਾਂ ਹੀ ਉਠਾ ਚੁੱਕੇ ਨੇ ਇਹ ਸੁਆਲ ✪ ਭਾਜਪਾ ਦਾ ਪਲਟਵਾਰ, ਵਿਰੋਧੀਆਂ 'ਤੇ ਸੈਨਾ ਦਾ ਅਪਮਾਨ ਕਰਨ ਦਾ ਦੋਸ਼**

## ਦਰਪਣ ਝੂਠ ਨਹੀ ਬੋਲਦਾ

### ਪੰਜਾਬ ਟਾਈਮਜ਼ ਮੀਡੀਆ

ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਸਰਜੀਕਲ ਸਟ੍ਰਾਈਕ 'ਤੇ ਸਵਾਲ ਉਠਾ ਕੇ ਨਵਾਂ ਵਿਵਾਦ ਖੜਾ ਕਰ ਦਿੱਤਾ ਹੈ। ਇਹ ਬਿਆਨ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਸਾਹਮਣੇ ਆਇਆ, ਜਿਸ ਵਿੱਚ ਪਾਕਿਸਤਾਨ ਅਧਾਰਿਤ ਅੱਤਵਾਦੀਆਂ ਨੇ ਭਾਰਤੀ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਸੀ। ਚੰਨੀ ਨੇ ਕਿਹਾ ਕਿ ਕੋਈ ਸਰਜੀਕਲ ਸਟ੍ਰਾਈਕ ਨਹੀਂ ਹੋਈ। ਮੈਂ ਅੱਜ ਵੀ ਸਰਜੀਕਲ ਸਟ੍ਰਾਈਕ ਦੇ ਸਬੂਤ ਮੰਗ ਰਿਹਾ ਹਾਂ।

ਚੰਨੀ ਦਾ ਇਹ ਬਿਆਨ ਪੁਲਵਾਮਾ ਹਮਲੇ ਦੇ ਸੰਦਰਭ ਵਿੱਚ ਸੀ, ਜਿਸ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ ਵਿੱਚ ਸਰਜੀਕਲ ਸਟ੍ਰਾਈਕ ਕੀਤੀ ਸੀ। ਇਸ ਹਮਲੇ ਵਿੱਚ ਭਾਰਤ ਨੇ ਪੀਓਕੇ ਵਿੱਚ ਅੱਤਵਾਦੀ ਲਾਂਚ ਪੈਡਜ ਨੂੰ ਤਬਾਹ ਕੀਤਾ ਸੀ, ਪਰ ਚੰਨੀ ਨੇ ਇਸ ਦੀ ਸੱਚਾਈ 'ਤੇ ਸਵਾਲ ਉਠਾਏ। ਚੰਨੀ ਦੇ ਇਸ ਬਿਆਨ ਨੇ ਨਾ ਸਿਰਫ ਕਾਂਗਰਸ ਪਾਰਟੀ ਅੰਦਰ, ਸਗੋਂ ਪੂਰੇ ਦੇਸ਼ ਵਿੱਚ ਸਿਆਸੀ ਹਲਚਲ ਪੈਦਾ ਕਰ ਦਿੱਤੀ। ਇਸ ਬਿਆਨ ਨੇ ਭਾਜਪਾ ਵਿੱਚ ਰੋਸ ਪੈਦਾ ਕੀਤਾ, ਜਿਸ ਨੇ ਕਾਂਗਰਸ 'ਤੇ ਭਾਰਤੀ ਸੈਨਾ ਦਾ ਅਪਮਾਨ ਕਰਨ ਦਾ ਦੋਸ਼ ਲਗਾਇਆ।

ਭਾਜਪਾ ਦੇ ਬੁਲਾਰਿਆਂ ਨੇ ਕਿਹਾ ਕਿ ਕਾਂਗਰਸੀ ਨੇਤਾ ਵਾਰ-ਵਾਰ ਸੈਨਾ ਦੇ ਯਤਨਾਂ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਹਨ।

ਇਹ ਪਹਿਲੀ ਵਾਰ ਨਹੀਂ ਸੀ ਜਦੋਂ ਕਾਂਗਰਸ ਨੇਤਾਵਾਂ ਨੇ ਸਰਜੀਕਲ ਸਟ੍ਰਾਈਕ 'ਤੇ ਸਵਾਲ ਉਠਾਏ। ਇਸ ਤੋਂ ਪਹਿਲਾਂ ਵੀ ਪਾਰਟੀ ਦੇ ਕਈ ਨੇਤਾਵਾਂ ਨੇ ਇਸ ਮੁੱਦੇ 'ਤੇ ਵਿਵਾਦਿਤ ਬਿਆਨ ਦਿੱਤੇ ਸਨ। ਕਰਨਾਟਕ ਦੇ ਮੁੱਖ ਮੰਤਰੀ ਅਤੇ ਹੋਰ ਮੰਤਰੀ ਵੀ ਅਜਿਹੇ ਬਿਆਨ ਦੇ ਚੁੱਕੇ ਹਨ, ਜੋ ਪਾਰਟੀ ਦੀ ਸਥਿਤੀ ਤੋਂ ਵੱਖਰੇ ਸਨ। ਪਾਰਟੀ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼ ਨੇ ਪਹਿਲਾਂ ਹੀ ਨੇਤਾਵਾਂ ਨੂੰ ਵਿਵਾਦਿਤ ਬਿਆਨਾਂ ਤੋਂ ਬਚਣ ਦੀ ਸਲਾਹ ਦਿੱਤੀ ਸੀ, ਪਰ ਫਿਰ ਵੀ ਕਾਂਗਰਸ ਦੇ ਕਈ ਵੱਡੇ ਨੇਤਾ ਆਲੋਚਨਾ ਦਾ ਸਾਹਮਣਾ ਕਰ ਰਹੇ ਹਨ।

ਚੰਨੀ ਨੇ ਬਾਅਦ ਵਿੱਚ ਆਪਣੇ ਬਿਆਨ ਤੋਂ ਪਿੱਛੇ ਹਟਦਿਆਂ ਕਿਹਾ ਸੀ ਕਿ ਕਾਂਗਰਸ ਸਰਕਾਰ ਨਾਲ ਖੜ੍ਹੀ ਹੈ ਅਤੇ ਅੱਤਵਾਦ ਵਿਰੁੱਧ ਸਖਤ ਕਾਰਵਾਈ ਦੀ ਲੋੜ ਹੈ।

ਇਸ ਤਰ੍ਹਾਂ ਦੇ ਵਿਚਾਰ ਪਹਿਲਾਂ ਵੀ ਵਿਰੋਧੀ ਨੇਤਾਵਾਂ ਵੱਲੋਂ ਸਾਹਮਣੇ ਆਏ ਹਨ। ਕਾਂਗਰਸ ਦੇ ਸੀਨੀਅਰ ਨੇਤਾ ਦਿਗਵਿਜਯ ਸਿੰਘ ਨੇ ਵੀ ਸਰਜੀਕਲ ਸਟ੍ਰਾਈਕ ਦੇ ਸਬੂਤਾਂ 'ਤੇ ਸਵਾਲ ਉਠਾਏ ਸਨ। ਉਨ੍ਹਾਂ ਨੇ 2023 ਵਿੱਚ ਜੰਮੂ ਵਿੱਚ 'ਭਾਰਤ ਜੋੜੋ ਯਾਤਰਾ' ਦੌਰਾਨ ਕਿਹਾ ਸੀ ਕਿ ਸਰਜੀਕਲ ਸਟ੍ਰਾਈਕ ਬਾਰੇ ਅਜੇ ਤੱਕ ਸੰਸਦ ਜਾਂ ਜਨਤਾ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਤੋਂ ਬਾਅਦ ਕਾਂਗਰਸ ਨੇ ਦਿਗਵਿਜਯ ਸਿੰਘ ਤੋਂ ਦੂਰੀ ਬਣਾਈ ਅਤੇ ਇਸ ਨੂੰ ਉਨ੍ਹਾਂ ਦਾ ਨਿੱਜੀ ਵਿਚਾਰ ਦੱਸਿਆ।



ਪੰਜਾਬ ਟਾਈਮਜ ਦੀ ਰਾਇ ਹੈ ਕਿ ਮੋਦੀ ਸਰਕਾਰ ਨੂੰ ਸਬੂਤ ਜਨਤਕ ਕਰਨ ਦੀ ਬਜਾਏ ਸੰਸਦ ਜਾਂ ਸੁਰੱਖਿਆ ਨਾਲ ਜੁੜੀਆਂ ਸੰਸਥਾਵਾਂ, ਜਿਵੇਂ ਕਿ ਸੰਸਦੀ ਕਮੇਟੀਆਂ, ਨੂੰ ਗੁਪਤ ਰੂਪ ਵਿੱਚ ਜਾਣਕਾਰੀ ਦੇਣ 'ਤੇ ਵਿਚਾਰ ਕਰਨਾ ਚਾਹੀਦਾ। ਇਹ ਸੁਰੱਖਿਆ ਸੰਵੇਦਨਸ਼ੀਲਤਾ ਨੂੰ ਵੀ ਬਰਕਰਾਰ ਰੱਖੇਗਾ ਅਤੇ ਜਨਤਕ ਭਰੋਸੇ ਨੂੰ ਵੀ ਵਧਾਏਗਾ।

ਇਸ ਤੋਂ ਇਲਾਵਾ, ਕਾਂਗਰਸ ਨੇਤਾ ਰਾਸ਼ਿਦ ਅਲਵੀ ਨੇ ਵੀ ਸਰਜੀਕਲ ਸਟ੍ਰਾਈਕ ਦਾ ਵੀਡੀਓ ਮੰਗਿਆ ਸੀ, ਜਿਸ ਨਾਲ ਪਾਰਟੀ ਨੂੰ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ 2016 ਵਿੱਚ ਇਸ ਮੁੱਦੇ 'ਤੇ ਸਵਾਲ ਉਠਾਏ ਸਨ ਅਤੇ ਕਿਹਾ ਸੀ ਕਿ ਸਰਕਾਰ ਨੂੰ ਸਰਜੀਕਲ ਸਟ੍ਰਾਈਕ ਦੇ ਸਬੂਤ ਜਨਤਕ ਕਰਨੇ ਚਾਹੀਦੇ ਸਨ, ਹਾਲਾਂਕਿ ਉਨ੍ਹਾਂ ਨੇ ਭਾਰਤੀ ਸੈਨਾ ਦੀ ਬਹਾਦਰੀ 'ਤੇ ਸਵਾਲ ਨਹੀਂ ਉਠਾਇਆ।

ਯਾਦ ਰਹੇ ਕਿ ਪਹਿਲਗਾਮ ਅੱਤਵਾਦੀ ਹਮਲਾ, ਜਿਸ ਵਿੱਚ 26 ਲੋਕ ਮਾਰੇ ਗਏ, ਨੇ ਭਾਰਤ-ਪਾਕਿਸਤਾਨ ਸਬੰਧਾਂ ਨੂੰ ਹੋਰ ਤਣਾਅਪੂਰਨ ਕਰ ਦਿੱਤਾ। ਇਸ ਹਮਲੇ ਨੂੰ ਪਾਕਿਸਤਾਨ ਅਧਾਰਤ ਅੱਤਵਾਦੀ ਸੰਗਠਨਾਂ ਨਾਲ ਜੋੜਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪੁਲਵਾਮਾ ਹਮਲੇ (2019) ਵਿੱਚ 40 ਸੀਆਰਪੀਐਫ ਜਵਾਨ ਮਾਰੇ ਹੋਏ ਸਨ, ਜਿਸ ਦੇ ਜਵਾਬ ਵਿੱਚ ਭਾਰਤ ਨੇ ਬਾਲਾਕੋਟ ਵਿੱਚ ਹਵਾਈ ਹਮਲੇ ਕੀਤੇ ਸਨ। ਇਸ ਦੇ ਨਾਲ ਹੀ, 2016 ਦੇ ਉਰੀ ਹਮਲੇ, ਜਿਸ ਵਿੱਚ 19 ਜਵਾਨ ਮਾਰੇ ਗਏ, ਦੇ ਜਵਾਬ ਵਿੱਚ ਸਰਜੀਕਲ ਸਟ੍ਰਾਈਕ ਕੀਤੀ ਗਈ ਸੀ।

ਸਰਜੀਕਲ ਸਟ੍ਰਾਈਕ 29 ਸਤੰਬਰ 2016 ਨੂੰ ਹੋਈ, ਜਦੋਂ ਭਾਰਤੀ ਸੈਨਾ ਨੇ ਪੀਓਕੇ ਵਿੱਚ ਅੱਤਵਾਦੀ ਲਾਂਚ ਪੈਡਜ 'ਤੇ ਹਮਲਾ ਕੀਤਾ। ਇਹ 18 ਸਤੰਬਰ 2016 ਦੇ ਉਰੀ ਹਮਲੇ ਦੇ ਜਵਾਬ ਵਿੱਚ ਸੀ, ਜਿਸ ਵਿੱਚ 19 ਜਵਾਨ ਸ਼ਹੀਦ ਹੋਏ ਸਨ। ਭਾਰਤੀ ਸੈਨਾ ਨੇ ਸੱਤ ਅੱਤਵਾਦੀ ਲਾਂਚ ਪੈਡਜ ਨੂੰ ਤਬਾਹ ਕੀਤਾ ਅਤੇ 38 ਅੱਤਵਾਦੀਆਂ ਨੂੰ ਮਾਰਨ ਦਾ ਦਾਅਵਾ ਕੀਤਾ। ਭਾਰਤੀ ਸੈਨਾ ਦੇ ਡੀਜੀਐਮਓ, ਲੈਫਟੀਨੈਂਟ ਜਨਰਲ ਰਣਬੀਰ ਸਿੰਘ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਇਹ ਆਪ੍ਰੇਸ਼ਨ ਪੂਰੀ ਸਟੀਕਤਾ ਨਾਲ ਕੀਤਾ ਗਿਆ ਅਤੇ ਅੱਤਵਾਦੀਆਂ ਨੂੰ ਸਖਤ ਸੁਨੇਹਾ ਦਿੱਤਾ ਗਿਆ। ਬਾਲਾਕੋਟ ਹਵਾਈ ਹਮਲੇ (2019) ਪੁਲਵਾਮਾ ਹਮਲੇ ਦੇ ਜਵਾਬ ਵਿੱਚ ਕੀਤੇ ਗਏ, ਜਿਸ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਭਾਰਤ ਨੇ ਦਾਅਵਾ ਕੀਤਾ ਕਿ ਸੈਂਕੜੇ ਅੱਤਵਾਦੀ ਮਾਰੇ ਗਏ, ਪਰ ਪਾਕਿਸਤਾਨ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਭਾਰਤ ਸਰਕਾਰ ਅਤੇ ਸੈਨਾ ਨੇ ਸਰਜੀਕਲ ਸਟ੍ਰਾਈਕ ਅਤੇ ਬਾਲਾਕੋਟ ਹਮਲਿਆਂ ਨੂੰ ਅੱਤਵਾਦ ਵਿਰੁੱਧ ਜਰੂਰੀ ਕਦਮ ਦੱਸਿਆ। ਸਰਕਾਰ ਦਾ ਕਹਿਣਾ ਹੈ ਕਿ ਅਜਿਹੇ ਆਪ੍ਰੇਸ਼ਨ ਪਾਕਿਸਤਾਨ ਨੂੰ ਸੁਨੇਹਾ ਦਿੰਦੇ ਹਨ ਕਿ ਅੱਤਵਾਦ ਸਹਿਣ ਨਹੀਂ ਕੀਤਾ ਜਾਵੇਗਾ।

ਪਾਕਿਸਤਾਨ ਦਾ ਦ੍ਰਿਸ਼ਟੀਕੋਣ : ਪਾਕਿਸਤਾਨ ਨੇ ਸਰਜੀਕਲ ਸਟ੍ਰਾਈਕ ਅਤੇ ਬਾਲਾਕੋਟ ਹਮਲਿਆਂ ਦੀ ਸੱਚਾਈ ਨੂੰ ਰੱਦ ਕੀਤਾ ਅਤੇ ਦਾਅਵਾ ਕੀਤਾ ਕਿ ਕੋਈ ਵੱਡਾ ਨੁਕਸਾਨ ਨਹੀਂ ਹੋਇਆ। ਹਾਲਾਂਕਿ, ਭਾਜਪਾ ਨੇਤਾਵਾਂ ਨੇ ਕਿਹਾ ਕਿ ਪਾਕਿਸਤਾਨ ਦੇ ਮੰਤਰੀਆਂ ਨੇ ਅੰਦਰੂਨੀ ਤੌਰ 'ਤੇ ਨੁਕਸਾਨ ਦੀ ਪੁਸ਼ਟੀ ਕੀਤੀ ਸੀ।

ਚਰਨਜੀਤ ਸਿੰਘ ਚੰਨੀ ਦਾ ਸਰਜੀਕਲ ਸਟ੍ਰਾਈਕ 'ਤੇ ਸਵਾਲ ਉਠਾਉਣਾ ਅਤੇ ਬਾਅਦ ਵਿੱਚ ਬਿਆਨ ਤੋਂ ਪਿੱਛੇ ਹਟਣਾ ਸਿਆਸੀ ਵਿਵਾਦ ਦਾ ਕਾਰਨ ਬਣਿਆ। ਵਿਰੋਧੀ ਨੇਤਾਵਾਂ ਦੇ ਅਜਿਹੇ ਬਿਆਨਾਂ ਨੇ ਭਾਰਤ-ਪਾਕਿਸਤਾਨ ਤਣਾਅ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਸਰਜੀਕਲ ਸਟ੍ਰਾਈਕ ਦੀ ਸੱਚਾਈ 'ਤੇ ਸਵਾਲ ਉਠਾਉਣ ਵਾਲੇ ਨੇਤਾਵਾਂ ਦੀ ਸੂਚੀ ਵਿੱਚ ਚੰਨੀ ਇਕਲੇ ਨਹੀਂ, ਪਰ ਭਾਜਪਾ ਅਨੁਸਾਰ ਇਹ ਵਿਵਾਦ ਦੇਸ਼ ਦੀ ਸੁਰੱਖਿਆ ਅਤੇ ਸੈਨਾ ਦੇ ਮਨੋਬਲ 'ਤੇ ਡੂੰਘਾ ਪ੍ਰਭਾਵ ਪਾ ਸਕਦਾ ਹੈ। ਸੁਰੱਖਿਆ ਮਾਹਿਰਾਂ ਅਤੇ ਸਾਬਕਾ ਸੈਨਾ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਰਜੀਕਲ ਸਟ੍ਰਾਈਕ ਵਰਗੇ ਆਪ੍ਰੇਸ਼ਨਾਂ ਦੇ ਵੇਰਵੇ ਜਾਂ ਵੀਡੀਓ ਸਬੂਤ ਜਨਤਕ ਕਰਨ ਨਾਲ ਰਾਸ਼ਟਰੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ। ਅਜਿਹੇ ਸਬੂਤਾਂ ਵਿੱਚ ਸੈਨਾ ਦੀ ਰਣਨੀਤੀ, ਖੁਫੀਆ ਜਾਣਕਾਰੀ, ਅਤੇ ਆਪ੍ਰੇਸ਼ਨ ਦੀ ਤਕਨੀਕ ਸਾਹਮਣੇ ਆ ਸਕਦੀ ਹੈ, ਜਿਸ ਦੀ ਵਰਤੋਂ ਦੁਸ਼ਮਣ ਦੇਸ਼ ਕਰ ਸਕਦੇ ਹਨ।

## ਪਾਕਿ ਸਰਕਾਰ ਦੇ ਮਕਬੂਜ਼ਾ ਕਸ਼ਮੀਰ ਦੇ ਲੋਕਾਂ ਨੂੰ ਦਿੱਤੇ ਹੁਕਮ

# 'ਭਾਰਤ ਹਮਲਾ ਕਰੇਗਾ, ਦੋ ਮਹੀਨਿਆਂ ਲਈ ਰਾਸ਼ਨ ਦਾ ਭੰਡਾਰ ਇਕੱਠਾ ਕਰੋ'

ਕਰਾਚੀ-ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਮੋਦੀ ਸਰਕਾਰ ਪਾਕਿਸਤਾਨ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ। ਸ਼ਾਹਬਾਜ਼ ਸਰਕਾਰ ਨੂੰ ਡਰ ਹੈ ਕਿ ਭਾਰਤ ਪੀਓਕੇ (ਕਬਜ਼ੇ ਵਾਲਾ ਕਸ਼ਮੀਰ) ਵਿੱਚ ਫੌਜੀ ਕਾਰਵਾਈ ਕਰ ਸਕਦਾ ਹੈ। ਹਾਲ ਹੀ ਵਿੱਚ, ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਇਸ਼ਾਕ ਡਾਰ ਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਭਰੋਸੇਯੋਗ ਸਬੂਤ ਹਨ ਕਿ ਭਾਰਤ ਜਲਦੀ ਹੀ ਸਾਡੇ 'ਤੇ ਹਮਲਾ ਕਰ ਸਕਦਾ ਹੈ। ਇਸ ਦੌਰਾਨ, ਆਜ਼ਾਦ ਕਸ਼ਮੀਰ ਦੇ ਪ੍ਰਧਾਨ ਮੰਤਰੀ ਚੌਧਰੀ ਅਨਵਰ ਉਲ ਹੱਕ ਨੇ ਵਿਧਾਨ ਸਭਾ ਨੂੰ ਦੱਸਿਆ, "ਸਰਹੱਦ (ਐਲਓਸੀ) ਨਾਲ ਲੱਗਦੇ 13 ਹਲਕਿਆਂ ਵਿੱਚ ਦੋ ਮਹੀਨਿਆਂ ਲਈ ਭੋਜਨ ਸਪਲਾਈ ਸਟੋਰ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।"

# ਗੁਜਰਾਤ ਵਿਚ 'ਮਿੰਨੀ ਬੰਗਲਾਦੇਸ਼' ਵਸਾਉਣ ਵਾਲਾ ਲਾਲਾ ਬਿਹਾਰੀ ਗ਼ੈਰ-ਕਾਨੂੰਨੀ ਕਾਰੋਬਾਰ ਕਾਰਨ ਗ੍ਰਿਫ਼ਤਾਰ

## ✪ ਚਾਰ ਪਤਨੀਆਂ, ਪੰਜ ਘਰ, ਨੌਂ ਬੱਚੇ...ਹਨ ✪ ਚੰਦੋਲਾ ਤਲਾਅ ਦੀ ਇੱਕ ਲੱਖ ਵਰਗ ਮੀਟਰ ਤੋਂ ਵੱਧ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਸੀ ✪ 150 ਬੰਗਲਾਦੇਸ਼ੀ ਨਾਗਰਿਕਾਂ ਨੂੰ ਹਿਰਾਸਤ ਵਿੱਚ



ਅਹਿਮਦਾਬਾਦ-ਚੰਦੋਲਾ ਤਲਾਅ ਦੀ ਇੱਕ ਲੱਖ ਵਰਗ ਮੀਟਰ ਤੋਂ ਵੱਧ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਕੇ ਗ਼ੈਰ-ਕਾਨੂੰਨੀ ਕਾਰੋਬਾਰ ਦਾ ਸਾਮਰਾਜ ਖੜ੍ਹਾ ਕਰਨ ਵਾਲੇ ਮਹਿਮੂਦ ਪਠਾਨ ਉਰਫ਼ ਲਾਲਾ ਬਿਹਾਰੀ ਨੂੰ ਆਖ਼ਰਕਾਰ ਰਾਜਸਥਾਨ ਦੇ ਬਾਂਸਵਾੜਾ ਵਿੱਚ ਪੁਲਿਸ ਨੇ ਫੜ ਲਿਆ। ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਉਸ ਦੀਆਂ ਚਾਰ ਪਤਨੀਆਂ, ਪੰਜ ਘਰ, ਸੱਤ ਬੈਂਕਾਂ ਵਿੱਚ ਖਾਤੇ ਅਤੇ ਨੌਂ ਬੱਚੇ ਹਨ। ਪਠਾਨ ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦੇ ਕਾਸਗੰਜ ਜ਼ਿਲ੍ਹੇ ਦੀ ਪਟਿਆਲੀ ਤਹਿਸੀਲ ਦੇ ਦਰਿਆਵਨਗੰਜ ਥਾਣਾ ਖੇਤਰ ਦੇ ਭਾਰਗੇਨ ਪਿੰਡ ਦਾ ਵਸਨੀਕ ਹੈ। ਕ੍ਰਾਈਮ ਬ੍ਰਾਂਚ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ ਅਜੀਤ ਰਾਜੀਅਨ ਨੇ ਕਿਹਾ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਉਹ ਰਾਜਸਥਾਨ ਦੇ ਬਾਂਸਵਾੜਾ ਵਿੱਚ ਲੁਕਿਆ ਹੋਇਆ ਹੈ। ਉਹ ਰਾਜਸਥਾਨ ਤੋਂ ਉੱਤਰ ਪ੍ਰਦੇਸ਼ ਭੱਜਣ ਦੀ ਯੋਜਨਾ ਬਣਾ ਰਿਹਾ ਸੀ।

### ਚੰਦੋਲਾ ਤੋਂ ਇਲਾਵਾ, ਇਹਨਾਂ ਥਾਵਾਂ 'ਤੇ ਵੀ ਉਸਦੇ ਹਨ ਘਰ

ਪੁਲਿਸ ਮੋਤੀ ਝੇਰ ਪਿੰਡ ਪਹੁੰਚੀ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਪੁੱਛਗਿੱਛ ਦੌਰਾਨ, ਉਸਨੇ ਦੱਸਿਆ ਕਿ ਉਸਦੀਆਂ ਚਾਰ ਪਤਨੀਆਂ ਹਨ ਅਤੇ ਅਹਿਮਦਾਬਾਦ ਵਿੱਚ ਚੰਦੋਲਾ ਤੋਂ ਇਲਾਵਾ, ਉਸਦੇ ਚੌਕੀਦਾਰ ਬਾਬਾ ਕੀ ਦਰਗਾਹ, ਸ਼ਾਹ ਆਲਮ, ਅਹਿਮਦਾਬਾਦ ਸਿਟੀ, ਨੂਰ ਅਹਿਮਦ ਸੋਸਾਇਟੀ, ਦਾਨੀਲੀਮਡਾ ਵਿੱਚ ਘਰ ਹਨ। ਉਸਨੇ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਤੋਂ ਹੋਣ ਵਾਲੀ ਆਮਦਨ ਨੂੰ ਛੁਪਾਉਣ ਲਈ ਸੱਤ ਬੈਂਕ ਖਾਤੇ ਖੋਲ੍ਹੇ ਹਨ। ਉਸਦੇ ਚਾਰ ਪਤਨੀਆਂ ਤੋਂ ਨੌਂ ਬੱਚੇ ਹਨ। ਇਨ੍ਹਾਂ ਵਿੱਚੋਂ ਉਹ ਦੋ ਧੀਆਂ ਨੂੰ ਡਾਕਟਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਸਾਲ 2022 ਵਿੱਚ, ਪਠਾਨਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਅਤੇ ਤਲਾਅ ਦੀ ਜ਼ਮੀਨ 'ਤੇ ਕਬਜ਼ੇ ਬਾਰੇ ਰਾਜਪਾਲ ਅਤੇ ਮੁੱਖ ਮੰਤਰੀ ਨੂੰ ਸ਼ਿਕਾਇਤ ਕੀਤੀ ਗਈ ਸੀ, ਪਰ ਮੁੱਖ ਮੰਤਰੀ ਅਤੇ ਰਾਜਪਾਲ ਵੱਲੋਂ ਕਾਰਵਾਈ ਕਰਨ ਦੇ ਨਿਰਦੇਸ਼ ਦੇਣ ਦੇ ਬਾਵਜੂਦ, ਉਨ੍ਹਾਂ ਦਾ ਇੱਕ ਵੀ ਵਾਲ ਨਹੀਂ ਨੁਕਸਾਨਿਆ ਗਿਆ। 2023 ਵਿੱਚ, ਅਹਿਮਦਾਬਾਦ ਪੁਲਿਸ ਨੇ ਉਸ ਵਿਰੁੱਧ ਕਤਲ ਦੀ ਕੋਸ਼ਿਸ਼ ਸਮੇਤ ਵੱਖ-ਵੱਖ ਦੋਸ਼ਾਂ ਵਿੱਚ ਦੋ ਐਫਆਈਆਰ ਦਰਜ ਕੀਤੀਆਂ ਸਨ। 29 ਅਪ੍ਰੈਲ ਨੂੰ, ਪੁਲਿਸ ਨੇ ਉਸਦਾ ਗੈਰ-ਕਾਨੂੰਨੀ ਸਾਮਰਾਜ ਢਾਹ ਦਿੱਤਾ ਅਤੇ ਸਰਕਾਰੀ ਜ਼ਮੀਨ ਨੂੰ ਮੁਕਤ ਕਰਵਾ ਲਿਆ। ਪੁਲਿਸ ਨੇ ਮਹਿਮੂਦ ਪਠਾਨ ਵਿਰੁੱਧ ਚੋਰੀ, ਧੋਖਾਧੜੀ ਅਤੇ ਭਾਰਤੀ ਦੰਡ ਸੰਹਿਤਾ ਅਤੇ ਬਿਜਲੀ ਐਕਟ 138 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਾਲ 2003 ਵਿੱਚ, ਉਹ ਅਹਿਮਦਾਬਾਦ ਆਇਆ ਅਤੇ ਇੱਕ ਮਜ਼ਦੂਰ ਵਜੋਂ ਕੰਮ ਕੀਤਾ।

### ਚੰਦੋਲਾ ਤਲਾਅ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ

ਚੰਦੋਲਾ ਤਲਾਅ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਕੇ, ਉਸਨੇ ਹੌਲੀ-ਹੌਲੀ ਸਾਰਾ ਤਲਾਅ ਨਿਗਲ ਲਿਆ। ਗੈਰ-ਕਾਨੂੰਨੀ ਝੌਂਪੜੀਆਂ, ਕੱਚੇ ਅਤੇ ਪੱਕੇ ਘਰ, ਗੋਦਾਮ, ਪਾਰਕਿੰਗ ਲਾਟ ਆਦਿ ਬਣਾਉਣ ਅਤੇ ਉਨ੍ਹਾਂ ਨੂੰ ਕਿਰਾਏ 'ਤੇ ਦੇਣ ਤੋਂ ਇਲਾਵਾ, ਉਹ ਬੰਗਲਾਦੇਸ਼ ਤੋਂ ਮਨੁੱਖੀ ਤਸਕਰੀ ਕਰਕੇ ਅਤੇ ਪੁਰਸ਼ਾਂ ਅਤੇ ਔਰਤਾਂ ਨੂੰ ਅਹਿਮਦਾਬਾਦ ਲਿਆ ਕੇ ਉਨ੍ਹਾਂ ਤੋਂ ਮਜ਼ਦੂਰਾਂ ਵਜੋਂ ਕੰਮ ਕਰਵਾ ਕੇ ਅਤੇ ਔਰਤਾਂ ਨੂੰ ਵੇਸਵਾਗਮਨੀ ਲਈ ਮਜਬੂਰ ਕਰਕੇ ਗੈਰ-ਕਾਨੂੰਨੀ ਕਾਰੋਬਾਰਾਂ ਦਾ ਰਾਜਾ ਬਣ ਗਿਆ ਸੀ। ਉਹ ਬੰਗਲਾਦੇਸ਼ੀ ਮਰਦਾਂ ਅਤੇ ਔਰਤਾਂ ਨੂੰ ਸਰਹੱਦ ਪਾਰ ਕਰਨ ਅਤੇ ਉਨ੍ਹਾਂ ਨੂੰ ਭਾਰਤੀ ਨਾਗਰਿਕ ਸਾਬਤ ਕਰਨ ਲਈ ਦਸਤਾਵੇਜ਼ ਬਣਾਉਣ ਵਿੱਚ ਮਦਦ ਕਰਨ ਤੋਂ ਇਲਾਵਾ, ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਨੌਕਰੀਆਂ ਦੇ ਕੇ ਭਾਰੀ ਰਕਮ ਵਸੂਲਦਾ ਸੀ।

### ਸਾਮਰਾਜ ਹਾਲ ਹੀ 'ਚ ਹੋ ਗਿਆ ਸੀ ਤਬਾਹ

ਹਾਲ ਹੀ ਵਿੱਚ, ਚੰਦੋਲਾ ਝੀਲ 'ਤੇ ਚਲਾਈ ਗਈ ਸਭ ਤੋਂ ਵੱਡੀ ਨਾਜਾਇਜ਼ ਕਬਜ਼ੇ ਵਿਰੋਧੀ ਮੁਹਿੰਮ ਦੌਰਾਨ, ਉਸਦਾ ਸਾਮਰਾਜ ਤਬਾਹ ਹੋ ਗਿਆ ਸੀ ਪਰ ਉਹ ਉਸ ਤੋਂ ਪਹਿਲਾਂ ਹੀ ਭੱਜ ਗਿਆ ਸੀ। ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਪੁਲਿਸ ਨੇ ਇਲਾਕੇ ਵਿੱਚ ਛਾਪਾ ਮਾਰਿਆ ਸੀ ਅਤੇ ਚੰਦੋਲਾ ਤਾਲਾਬ ਇਲਾਕੇ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 150 ਬੰਗਲਾਦੇਸ਼ੀ ਨਾਗਰਿਕਾਂ ਨੂੰ ਹਿਰਾਸਤ ਵਿੱਚ ਲਿਆ ਸੀ। ਗੁਜਰਾਤ ਦੇ ਪਾਟਨ ਵਿੱਚ ਪਾਟਨ ਪੁਲਿਸ ਨੇ ਦੋ ਬੰਗਲਾਦੇਸ਼ੀ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ 2022 ਤੋਂ ਇੱਥੇ ਰਹਿ ਰਹੀਆਂ ਸਨ ਅਤੇ ਆਪਣੀ ਅਸਲ ਨਾਗਰਿਕਤਾ ਲੁਕਾ ਕੇ ਅਤੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਆਧਾਰ ਕਾਰਡ ਪ੍ਰਾਪਤ ਕਰ ਰਹੀਆਂ ਸਨ।

ਦੋਵੇਂ ਆਪਣੇ ਨਾਮ ਬਦਲ ਕੇ ਗੁਜ਼ਾਰਾ ਕਰ ਰਹੇ ਸਨ। ਉਨ੍ਹਾਂ ਦੀ ਪਛਾਣ ਸੁਲਤਾਨਾ (32) ਅਤੇ ਬਿਊਟੀ ਬੇਗਮ (37) ਵਜੋਂ ਹੋਈ ਹੈ। ਸੁਲਤਾਨਾ ਨੇ ਗੁਜਰਾਤ ਵਿੱਚ ਦੋ ਵਾਰ ਵਿਆਹ ਕੀਤਾ ਹੈ ਅਤੇ ਦੂਜੇ ਵਿਆਹ ਲਈ ਸਰਟੀਫਿਕੇਟ ਵੀ ਪ੍ਰਾਪਤ ਕਰ ਲਿਆ ਹੈ, ਜਦੋਂ ਕਿ ਉਸਦਾ ਵਿਆਹ ਬੰਗਲਾਦੇਸ਼ ਵਿੱਚ ਹੋਇਆ ਸੀ ਅਤੇ ਉਹ ਚਾਰ ਬੱਚਿਆਂ ਦੀ ਮਾਂ ਸੀ। ਜਦੋਂ ਕਿ ਬਿਊਟੀ ਬੇਗਮ ਉਰਫ਼ ਰੀਆ ਸ਼ਾਹ ਤੋਂ ਪੁੱਛਗਿੱਛ ਦੌਰਾਨ ਉਸਦਾ ਬੰਗਲਾਦੇਸ਼ ਜਨਮ ਸਰਟੀਫਿਕੇਟ ਮਿਲਿਆ।

# ਭਗਵਿਆਂ ਵਲੋਂ ਮੁਜ਼ੱਫਰਨਗਰ ਵਿੱਚ ਜਨਤਕ ਰੋਸ ਮਾਰਚ ਵਿਚ ਰਾਕੇਸ਼ ਟਿਕੈਤ ਦਾ ਬਾਈਕਾਟ

## ✪ ਵਾਪਸ ਜਾਓ' ਦੇ ਨਾਅਰੇ ਲਾਏ ਗਏ, 'ਪੱਗ ਵੀ ਉਤਾਰੀ, ਪੁਲਿਸ ਨੇ ਟਿਕੈਤ ਨੂੰ ਭੀੜ ਵਿਚੋਂ ਕੱਢਿਆ



ਮੁਜ਼ੱਫਰਨਗਰ-ਕਸ਼ਮੀਰ ਵਾਦੀ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਜਨਤਕ ਰੋਸ ਮਾਰਚ ਕੱਢਣ ਤੋਂ ਪਹਿਲਾਂ ਹੰਗਾਮਾ ਹੋਇਆ। ਟਾਊਨ ਹਾਲ ਦੇ ਮੈਦਾਨ ਵਿੱਚ ਕਾਰੋਬਾਰੀ ਅਤੇ ਹਿੰਦੂ ਸੰਗਠਨਾਂ ਦੇ ਵਰਕਰਾਂ ਦੀ ਭੀੜ ਇਕੱਠੀ ਹੋ ਗਈ। ਅੱਤਵਾਦ ਅਤੇ ਪਾਕਿਸਤਾਨ ਵਿਰੁੱਧ ਨਾਅਰਿਆਂ ਦੇ ਨਾਲ-ਨਾਲ ਸਰਕਾਰ ਤੋਂ ਬਦਲਾ ਲਓ ਦਾ ਨਾਅਰਾ ਵੀ ਗੂੰਜਿਆ। ਇਸ ਦੌਰਾਨ, ਜਦੋਂ ਬੀਕੇਯੂ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਵੀ ਇੱਥੇ ਪਹੁੰਚੇ, ਤਾਂ ਭਗਵਿਆਂ ਨੇ ਉਨ੍ਹਾਂ ਦਾ ਬਾਈਕਾਟ ਕਰ ਦਿੱਤਾ।

ਰਾਕੇਸ਼ ਟਿਕੈਤ ਨੂੰ ਵਾਪਸ ਜਾਣ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕੀਤੀ ਗਈ। ਜਿਵੇਂ ਹੀ ਉਹ ਜਾਣ ਲੱਗਾ, ਭੀੜ ਨੇ ਉਸਨੂੰ ਘੇਰ ਲਿਆ। ਜਦੋਂ ਪੁਲਿਸ ਨੇ ਉਨ੍ਹਾਂ ਨੂੰ ਸੁਰੱਖਿਅਤ ਕੱਢਣ ਦੀ ਕੋਸ਼ਿਸ਼ ਕੀਤੀ, ਤਾਂ ਝੜਪ ਹੋ ਗਈ, ਜਿਸ ਕਾਰਨ ਹਫੜਾ-ਦਫੜੀ ਮਚ ਗਈ। ਭੀੜ ਨਾਲ ਝਗੜੇ ਦੌਰਾਨ ਇੱਕ ਨੌਜਵਾਨ ਨੇ ਉਸ 'ਤੇ ਝੰਡਾ ਵੀ ਸੁੱਟਿਆ, ਜਿਸ ਕਾਰਨ ਰਾਕੇਸ਼ ਟਿਕੈਤ ਦੀ ਪੱਗ ਵੀ ਡਿੱਗ ਗਈ। ਇਸ 'ਤੇ ਰਾਕੇਸ਼ ਟਿਕੈਤ ਦੇ ਨਾਲ ਆਏ ਲੋਕਾਂ ਨੇ ਵਿਰੋਧ ਕੀਤਾ ਅਤੇ ਹੰਗਾਮਾ ਹੋਣ 'ਤੇ ਮਾਮਲਾ ਗਰਮਾ ਗਿਆ। ਹਾਲਾਂਕਿ, ਕੁਝ ਸਮੇਂ ਬਾਅਦ ਰਾਕੇਸ਼ ਟਿਕੈਤ ਅਤੇ ਉਨ੍ਹਾਂ ਦੇ ਸਮਰਥਕ ਵਾਪਸ ਆ ਗਏ।

ਇੱਥੇ ਯਸ਼ਵੀਰ ਮਹਾਰਾਜ, ਸਾਬਕਾ ਵਿਧਾਇਕ ਅਸ਼ੋਕ ਕਾਂਸਲ, ਕਾਰੋਬਾਰੀ ਆਗੂ ਸੰਜੇ ਮਿੱਤਲ, ਕ੍ਰਿਸ਼ਨ ਗੋਪਾਲ ਮਿੱਤਲ ਅਤੇ ਹੋਰਾਂ ਉਪਰ ਭੀੜ ਨੂੰ ਭੜਕਾਉਣ ਦੇ ਦੋਸ਼ ਲਗੇ ਹਨ। ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਅਜਿਹੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਲੋਕ ਅੱਤਵਾਦ ਦੇ ਮੁੱਦੇ 'ਤੇ ਵਿਰੋਧ ਪ੍ਰਦਰਸ਼ਨ ਕਰਨ ਆ ਰਹੇ ਹਨ, ਅਸੀਂ ਵੀ ਇਸੇ ਕਾਰਨ ਆਏ ਸੀ, ਪਰ ਕੁਝ ਲੋਕਾਂ ਨੇ ਹੰਗਾਮਾ ਕੀਤਾ ਅਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਇਹ ਸਹੀ ਨਹੀਂ ਹੈ। ਅਸੀਂ ਇੱਕ ਹੋਰ ਵੀ ਵੱਡਾ ਪ੍ਰਦਰਸ਼ਨ ਕਰਾਂਗੇ ਅਤੇ ਇੱਕ ਟਰੈਕਟਰ ਮਾਰਚ ਕੱਢਾਂਗੇ।

## ਭਾਰਤ ਤੇ ਪਾਕਿ ਵਲੋਂ ਇਕ ਦੂਸਰੇ ਮਨੋਰੰਜਨ ਤੇ ਚੈਨਲਾਂ 'ਤੇ ਲਗਾਈ ਪਾਬੰਦੀ

ਅੰਮ੍ਰਿਤਸਰ-ਭਾਰਤ ਵੱਲੋਂ ਪਾਕਿਸਤਾਨੀ ਕਲਾਕਾਰਾ ਅਤੇ ਮਨੋਰੰਜਨ ਚੈਨਲਾਂ 'ਤੇ ਪਾਬੰਦੀ ਲਗਾਉਣ ਤੋਂ ਬਾਅਦ ਹੁਣ ਪਾਕਿਸਤਾਨ ਨੇ ਵੀ ਵੱਡਾ ਕਦਮ ਚੁੱਕਿਆ ਹੈ। ਪਾਕਿਸਤਾਨ ਨੇ ਆਪਣੇ ਐਫ ਰੇਡੀਓ ਸਟੇਸ਼ਨਾਂ 'ਤੇ ਭਾਰਤੀ ਗਾਣੇ ਚਲਾਉਣ 'ਤੇ ਪਾਬੰਦੀ ਲੱਗਾ ਦਿੱਤੀ ਹੈ। ਇਹ ਫੈਸਲਾ ਪਾਕਿਸਤਾਨ ਬ੍ਰਾਡਕਾਸਟਰਸ ਐਸੋਸੀਏਸ਼ਨ ਵੱਲੋਂ ਲਿਆ ਗਿਆ ਹੈ। ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾਉਲਾਹ ਤਾਕੜ ਨੇ ਕਿਹਾ ਇਹ ਕੌਮੀ ਦੇ ਸਮੂਹਿਕ ਭਾਵਨਾਵਾਂ ਦੀ ਪ੍ਰਤੀਕ ਹੈ ਅਤੇ ਮੁਸ਼ਕਿਲ ਸਮੇਂ ਵਿੱਚ ਸਾਡੀ ਕੌਮੀ ਏਕਤਾ ਦਾ ਪ੍ਰਤੀਤ ਹੈ।

# ਡਰਬੀ ਦਾ ਕੌਮੀ ਸਿੱਖ ਅਜਾਇਬ ਘਰ ਤੇ ਸਰਕਾਰ-ਏ-ਖਾਲਸਾ ਆਰਟ ਗੈਲਰੀ ਕਾਬਿਲ ਏ ਤਰੀ.ਫ ਸ਼ਲਾਘਾਯੋਗ ਉਪਰਾਲਾ : ਗੁਰਚਰਨ ਸਿੰਘ ਗੁਰਾਇਆ

ਫਰੈਕਫੋਰਟ-ਪਿੱਛਲੇ ਦਿਨੀ ਇੰਗਲੈਂਡ ਦੇ ਸ਼ਹਿਰ ਡਰਬੀ ਦੇ ਕੌਮੀ ਸਿੱਖ ਅਜਾਇਬ ਘਰ ਅਤੇ ਸਰਕਾਰ ਦੇ ਖਾਲਸਾ ਅਰਟ ਭਾਈ ਮਨਪ੍ਰੀਤ ਸਿੰਘ ਜਨਰਲ ਸਕੱਤਰ ਵਰਲਡ ਸਿੱਖ ਪਾਰਲੀਮੈਂਟ ਤੇ ਭਾਈ ਰਜਿੰਦਰ ਸਿੰਘ ਪੁਰੇਵਾਲ ਨਾਲ ਦੇਖਣ ਦਾ ਸਬੱਬ ਬਣਿਆ ਉਹ ਦੇਖ ਕੇ ਜੇਕਰ ਕਹਿ ਲਈਏ ਕਿ ਵਿਦੇਸ਼ਾਂ ਦੀ ਧਰਤੀ ਤੇ ਇਹ ਪਹਿਲਾਂ ਸ਼ਲਾਘਾ ਯੋਗ ਉਪਰਾਲਾ ਹੈ ਕਿਉਂਕਿ ਸਿੱਖ ਕੌਮ ਨੇ ਆਪਣੀ ਹੋਂਦ ਤੋਂ ਹੀ ਸੁਨਹਿਰੀ ਇਤਿਹਾਸ ਸਿਰਜਿਆ ਹੈ । ਇਸ ਮਹਾਨ ਇਤਿਹਾਸ, ਅਤੇ ਰੂਹਾਨੀ ਵਿਰਸੇ ਨੂੰ ਸੰਭਾਲਣ ਲਈ ਵਿਦੇਸ਼ਾਂ ਦੀ ਧਰਤੀ ਉੱਤੇ ਇੰਗਲੈਂਡ ਦੇ ਸ਼ਹਿਰ ਡਰਬੀ ਵਿੱਚ ਭਾਈ ਰਜਿੰਦਰ ਸਿੰਘ ਪੁਰੇਵਾਲ ਦੀ ਅਗਵਾਈ ਵਿੱਚ ਕੌਮੀ ਸਿੱਖ ਅਜਾਇਬ ਘਰ ਅਤੇ ਸਰਕਾਰ ਏ ਖਾਲਸਾ ਅਰਟ ਗੈਲਰੀ ਡਰਬੀ ਦਾ ਜੋ ਉਪਰਾਲਾ ਕੀਤਾ ਗਿਆ ਉਹ ਬੇਹੱਦ ਕਾਬਿਲ-ਏ-ਤਾਰੀ.ਫ ਹੈ।

ਸਿੱਖ ਕੌਮ ਦੇ ਇਤਿਹਾਸ ਨੂੰ ਜਗਤ ਅੱਗੇ ਰੱਖਣ ਲਈ ਕੌਮੀ ਸਿੱਖ ਅਜਾਇਬ ਘਰ ਅਤੇ ਸਰਕਾਰ ਏ ਖਾਲਸਾ ਆਰਟ ਗੈਲਰੀ ਡਰਬੀ ਦੀ ਸਥਾਪਨਾ ਕਰਨ ਵਾਲਿਆਂ ਦਾ ਭਾਈ ਰਜਿੰਦਰ ਸਿੰਘ ਪੁਰੇਵਾਲ ਦੀ ਪੂਰੀ ਟੀਮ ਦਾ ਤਹਿ ਦਿਲੋਂ ਧੰਨਵਾਦ ਅਤੇ ਵਧਾਈ। ਅਜਾਇਬ ਘਰ ਵਿੱਚ ਗੁਰਇਤਿਹਾਸ, ਸਿੱਖ ਇਤਿਹਾਸ ਅਤੇ ਸਰਕਾਰ ਏ ਖਾਲਸਾ ਦੀਆਂ ਯਾਦਾਂ, ਨਿਸ਼ਾਨੀਆਂ, ਤਸਵੀਰਾਂ ਅਤੇ ਖਾਲਸਾ ਰਾਜ ਦੇ ਸ਼ਸਤਰਾਂ ਦੇ ਇਤਿਹਾਸ ਨੂੰ ਪੰਜਾਬੀ ਤੇ ਅੰਗਰੇਜ਼ੀ ਵਿੱਚ ਬਹੁਤ ਹੀ ਸੁੱਚਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਸਿੱਖ ਕੌਮ ਦੇ ਖੁੱਸੇ ਹੋਏ ਸਿੱਖ ਰਾਜ ਦੇ ਸੰਘਰਸ਼ ਦੇ ਸ਼ਹੀਦਾਂ ਦੀ ਤਸਵੀਰਾਂ, ਯਾਦਗਾਰੀ ਨਿਸ਼ਾਨੀਆਂ ਦੇ ਨਾਲ ਲਗਾਈਆਂ ਗਈਆਂ ਹਨ । ਜੋ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਰਨਾ ਚਾਹੀਦਾ ਸੀ ਤੇ ਉਹਨਾਂ ਨਹੀਂ ਕੀਤਾ, ਉਹ ਡਰਬੀ ਅਜਾਇਬ ਘਰ ਵਿੱਚ ਦੇਖਿਆ ਜਾ ਸਕਦਾ ਹੈ।



ਸ਼੍ਰੋਮਣੀ ਕਮੇਟੀ ਦਾ ਫਰਜ਼, ਭਾਰਤ ਦੀ ਹਿੰਦੂਤਵੀ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ ਉੱਤੇ ਜੂਨ 84 ਵਿੱਚ ਹਮਲਾ ਕਰਕੇ ਵਰਤਾਏ ਖੂਨੀ ਘੱਲੂਘਾਰੇ ਦੀਆਂ ਨਿਸ਼ਾਨੀਆਂ ਅਤੇ ਯਾਦਾਂ ਸੰਭਾਲਣਾ ਸੀ ਤਾਂ ਜੋ ਕਿ ਭਾਰਤੀ ਹਕੂਮਤ ਦੇ ਜ਼ਾਲਮਾਨਾ ਚਿਹਰਾ ਨੂੰ ਕਦੇ ਵੀ ਭੁਲਾਇਆ ਨਾਂ ਜਾ ਸਕੇ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਉਹ ਸਰੂਪ, ਜਿਸਨੂੰ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ ਢਹਿ ਢੇਰੀ ਕੀਤਾ ਗਿਆ ਤੇ ਫਿਰ ਕਾਹਲ਼ ਵਿੱਚ ਬਣਾਇਆ ਗਿਆ, ਉਸਦਾ ਮਾਡਲ ਅੱਜ ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਰੱਖਣ ਦੀ ਲੋੜ ਹੈ ਤਾਂ ਜੋ ਭਾਰਤੀ ਹਕੂਮਤ ਦੇ ਉਸ ਕਰੂਰ ਚੇਹਰੇ ਨੂੰ ਸ੍ਰੀ ਦਰਬਾਰ ਸਾਹਿਬ ਆਉਣ ਵਾਲੀਆਂ ਸੰਗਤਾਂ ਦੇਖ ਸਕਣ ਅਤੇ ਸਿੱਖ ਕੌਮ ਦੀਆਂ ਆਉਣ ਵਾਲੀਆਂ ਪੀੜੀਆਂ ਭਾਰਤੀ ਹਕੂਮਤ ਦੇ ਜ਼ੁਲਮਾਂ ਨੂੰ ਸਦਾ ਯਾਦ ਰੱਖ ਸਕਣ। ਭਾਰਤ ਸਰਕਾਰ ਵੱਲੋਂ ਢਹਿ ਢੇਰੀ ਕੀਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਾਡਲ, ਜੋ ਕਿ ਡਰਬੀ ਅਜਾਇਬ ਘਰ ਵਿੱਚ ਪਿਆ ਹੈ, ਨੂੰ ਯੂਰਪ ਦੇ ਸਿੱਖਾਂ ਨੂੰ ਆਪਣੇ ਬੱਚਿਆਂ ਨੂੰ ਜ਼ਰੂਰ ਦਿਖਾਉਣ ਲਈ ਲੈ ਕੇ ਜਾਣਾ ਚਾਹੀਦਾ ਹੈ।

"ਡਰਬੀ ਅਜਾਇਬ ਘਰ ਦਾ ਇਹ ਅਦਭੁੱਤ ਯਤਨ ਸਾਡੇ ਅਦਭੁਤ ਵਿਰਸੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੀ ਇਕ ਮਹਾਨ ਦਾਤ ਹੈ। ਇਨ੍ਹਾਂ ਯਤਨਾਂ ਰਾਹੀਂ ਸਿੱਖੀ ਦੀ ਮਹਾਨਤਾ ਅਤੇ ਇਤਿਹਾਸਕ ਜ਼ਖੀਰਿਆਂ ਨੂੰ ਸੰਜੋ ਕੇ ਰੱਖਣਾ ਸੱਚਮੁੱਚ ਕਾਬਿਲ-ਏ-ਸਿਰਾਹਣਾ ਕੰਮ ਹੈ।"

"ਸਿੱਖ ਕੌਮ ਵੱਲੋਂ ਪਹਿਲੇ ਸੰਸਾਰ ਤੇ ਦੂਜੇ ਸੰਸਾਰ ਯੁੱਧ ਵਿੱਚ ਨਿਭਾਈ ਭੂਮਿਕਾ ਅਤੇ ਬਲੀਦਾਨਾਂ ਦੀ ਇਤਿਹਾਸਕ ਮਹਿਮਾ ਨੂੰ ਵਿਸ਼ਵ ਪੱਧਰ 'ਤੇ ਉਜਾਗਰ ਕਰਨ ਵਾਲੇ ਇਨ੍ਹਾਂ ਯਤਨਾਂ ਲਈ ਅਸੀਂ ਆਪ ਜੀ ਦੇ ਰਿਣੀ ਹਾਂ। ਇਨ੍ਹਾਂ ਪ੍ਰੋਜੈਕਟਾਂ ਨੇ ਸਾਡੀ ਸ਼ਾਨਦਾਰ ਪਛਾਣ ਨੂੰ ਨਵੀਂ ਪਛਾਣ ਦਿੱਤੀ ਹੈ।"

"ਸਿਰਫ ਇਮਾਰਤਾਂ ਨਹੀਂ, ਇਹ ਅਜਾਇਬ ਘਰ ਅਤੇ ਆਰਟ ਗੈਲਰੀ ਸਾਡੀ ਰੂਹਾਨੀ ਅਤੇ ਇਤਿਹਾਸਕ ਸ਼ਨਾਖਤ ਦੀ ਜੀਂਦੀ-ਜਾਗਦੀ ਤਸਵੀਰ ਹਨ। ਭਾਈ ਰਜਿੰਦਰ ਸਿੰਘ ਪੁਰੇਵਾਲ ਨੇ ਜਿੱਥੇ ਇਸ ਕਾਰਜ ਨੂੰ ਬਣਾਉਣ ਦੀ ਪੂਰੀ ਜਾਣਕਾਰੀ ਦਿੱਤੀ ਉੱਥੇ ਸਤਿਕਾਰ ਸਾਹਿਤ ਇੱਕ ਗੁਰਮਤਿ ਦੀਆਂ ਕਿਤਾਬਾ ਦਾ ਸੈਟ ਭੇਟ ਕਰਕੇ ਸਤਿਕਾਰ ਦਿੱਤਾ ਯੂਰਪ ਨਿਵਾਸੀਆਂ ਨੂੰ ਅਪੀਲ ਹੈ ਜਦੋ ਵੀ ਇੰਗਲੈਂਡ ਜਾਣ ਇਹ ਅਜਾਇਬ ਘਰ ਤੇ ਸਰਕਾਰ ਏ ਖਾਲਸਾ ਅਰਟ ਆਪ ਤੇ ਆਪਣੇ ਬੱਚਿਆਂ ਨੂੰ ਜ਼ਰੂਰ ਦੇਖਾ ਕੇ ਲਿਆਉਣ।

# ਅਮਰੀਕੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਨਾ ਦੇਣ ਦੇ ਮੁੱਦੇ 'ਤੇ ਲਿਆਂਦੀ ਸੋਧ ਨੂੰ ਰਿਪਬਲੀਕਨਾਂ ਨੇ ਕੀਤਾ ਰੱਦ

## ✪ ਹਾਊਸ ਜੁਡੀਸ਼ੀਅਰੀ ਕਮੇਟੀ ਵਿਚ ਡੈਮੋਕਰੈਟਸ ਤੇ ਰਿਪਬਲੀਕਨਾਂ ਵਿਚਾਲੇ ਗਰਮਾ ਗਰਮ ਬਹਿਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਹਾਊਸ ਜੁਡੀਸ਼ੀਅਰੀ ਕਮੇਟੀ ਵਿਚ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮੁੱਦੇ 'ਤੇ ਹੋਈ ਗਰਮਾ ਗਰਮ ਬਹਿਸ ਤੋਂ ਬਾਅਦ ਡੈਮੋਕਰੈਟਸ ਵੱਲੋਂ ਲਿਆਂਦੀ ਇਕ ਅਹਿਮ ਸੋਧ ਨੂੰ ਰੱਦ ਕਰ ਦਿੱਤਾ ਗਿਆ । ਇਸ ਸੋਧ ਵਿਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਨੂੰ ਅਮਰੀਕੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਜਾਂ ਉਨਾਂ ਨੂੰ ਦੇਸ਼ ਨਿਕਾਲਾ ਦੇਣ ਲਈ ਸੰਘੀ ਫੰਡਾਂ ਦੀ ਵਰਤੋਂ ਨਾ ਕਰਨ ਦਿੱਤੀ ਜਾਵੇ। ਇਹ ਸੋਧ ਡੈਮੋਕਰੈਟਿਕ ਸਾਂਸੰਦ ਪ੍ਰਾਮਿਲਾ ਜੈਯਾਪਾਲ ਵੱਲੋਂ ਲਿਆਂਦੀ ਗਈ ਸੀ ਤੇ ਜਿਸ ਦਾ ਡੈਮੋਕਰੈਟਿਕ ਸਾਂਸੰਦਾਂ ਨੇ ਇਕ ਆਵਾਜ਼ ਵਿਚ ਸਮਰਥਨ ਕੀਤਾ ਜਦ ਕਿ ਸਮੁੱਚੇ ਰਿਪਬਲੀਕਨ ਸਾਂਸੰਦਾਂ ਨੇ ਇਸ ਵਿਰੁੱਧ ਵੋਟ ਪਾਈ।

ਇਹ ਸੋਧ ਇਮੀਗ੍ਰੇਸ਼ਨ ਇੰਟੈਗਰਿਟੀ, ਸਕਿਉਰਿਟੀ ਐਂਡ ਇਨਫੋਰਸਮੈਂਟ ਬਾਰੇ ਸਬ ਕਮੇਟੀ ਦੀ ਅਹਿਮ ਮੈਂਬਰ ਪ੍ਰਾਮਿਲਾ ਜੈਯਾਪਾਲ (ਡੈਮੋਕਰੈਟਸ ਪ੍ਰਤੀਨਿੱਧ) ਵੱਲੋਂ ਪੇਸ਼ ਕੀਤੀ ਗਈ ਸੀ। ਇਸ ਸੋਧ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਪ੍ਰਸ਼ਾਸਨ ਦੁਆਰਾ ਹਾਲ ਹੀ ਵਿਚ ਅਮਰੀਕੀ ਸ਼ਹਿਰੀਆਂ ਨੂੰ ਗਲਤ ਤਰੀਕੇ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਜੈਯਾਪਾਲ ਨੇ ਕਿਹਾ ਕਿ ਅਜਿਹਾ ਕਰਨਾ ਗੈਰ ਸੰਵਿਧਾਨਕ ਤੇ ਖਤਰਨਾਕ ਹੈ ਤੇ ਬੁਨਿਆਦੀ ਤੌਰ 'ਤੇ ਗਲਤ ਹੈ। ਇਹ ਸੋਧ ਰੱਦ ਹੋਣ ਤੋਂ ਬਾਅਦ ਡੈਮੋਕਰੈਟਿਕ ਮੈਂਬਰ ਨਿਰਾਸ਼ ਹਨ। ਕੈਲੀਫੋਰਨੀਆ ਤੋਂ ਡੈਮੋਕਰੈਟਿਕ ਸਾਂਸੰਦ ਟੈਡ ਲਿਊ ਨੇ ਕਿਹਾ ਹੈ ਕਿ ਡੈਮੋਕਰੈਟਸ ਤੇ ਮੇਰੇ ਸਾਥੀ ਮੈਂਬਰ ਪ੍ਰਾਮਿਲਾ ਜੈਯਾਪਾਲ ਚਹੁੰਦੇ ਹਨ ਕਿ ਘੱਟੋ ਘੱਟ ਅਮਰੀਕੀ ਸ਼ਹਿਰੀਆਂ ਨੂੰ ਦੇਸ਼ ਨਿਕਾਲਾ ਨਾ ਦਿੱਤਾ ਜਾਵੇ ਤੇ ਆਈ ਸੀ ਈ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਕਿਉਂਕਿ ਆਈ ਸੀ ਈ ਅਮਰੀਕੀ ਨਾਗਿਰਕਾਂ ਨੂੰ ਦੇਸ਼ ਨਿਕਾਲਾ ਨਹੀਂ ਦੇ ਸਕਦੀ। ਇਹ ਸਾਡਾ ਕਾਨੂੰਨ ਹੈ, ਇਹ ਸਾਡਾ ਸੰਵਿਧਾਨ ਹੈ। ਕੈਲੀਫੋਰਨੀਆ ਤੋਂ ਹੀ ਡੈਮੋਕਰੈਟਿਕ ਪ੍ਰਤੀਨਿੱਧ ਐਰਿਕ ਸਵਾਲਵੈਲ ਨੇ ਕਿਹਾ ਕਿ ਸੋਧ ਵਿਰੁੱਧ ਵੋਟ ਇਕ ਬਹੁਤ ਹੀ ਮੰਦਭਾਗੀ ਤੇ ਹੈਰਾਨੀਜਨਕ ਘਟਨਾ ਹੈ ਤੇ ਡੈਮੋਕਰੈਟਸ ਹੈਰਾਨ ਹਨ ਕਿ ਅਮਰੀਕੀ ਨਾਗਰਿਕਾਂ ਦੀ ਗੈਰ ਕਾਨੂੰਨੀ ਢੰਗ ਨਾਲ ਗ੍ਰਿਫਤਾਰੀ ਦੇ ਮੁੱਦੇ 'ਤੇ ਵੀ ਰਾਜਨੀਤੀ ਹੋ ਰਹੀ ਹੈ ਜੋ ਸਰਾਸਰ ਗਲਤ ਹੈ। ਡੈਮੋਕਰੈਟਸ ਵੱਲੋਂ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਵਿਰੁੱਧ ਹੁਣ ਤੱਕ ਕੀਤੀਆਂ ਗਈਆਂ ਕੋਸ਼ਿਸ਼ਾਂ ਕਾਰਗਰ ਸਾਬਤ ਨਹੀਂ ਹੋਈਆਂ ਕਿਉਂਕਿ ਰਿਪਬਲੀਕਨ ਪੂਰੀ ਤਰਾਂ ਰਾਸ਼ਟਰਪਤੀ ਟਰੰਪ ਦੀ ਪਿੱਠ 'ਤੇ ਖੜੇ ਹਨ। ਡੈਮੋਕਰੈਟਸ ਨੇ ਮੰਗ ਕੀਤੀ ਹੈ ਕਿ ਆਈ ਸੀ ਈ ਨੂੰ ਬਿਨਾਂ ਪ੍ਰਕ੍ਰਿਆ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਤੋਂ ਰੋਕਿਆ ਜਾਵੇ ਪਰੰਤੂ ਰਿਪਬਲੀਕਨ ਇਸ ਮੰਗ ਨਾਲ ਵੀ ਸਹਿਮਤ ਨਹੀਂ ਹਨ। ਡੈਮੋਕਰੈਟਸ ਦੀ ਚਿੰਤਾ ਹੈ ਕਿ ਟਰੰਪ ਪ੍ਰਸ਼ਾਸਨ ਆਈ ਸੀ ਈ ਨੂੰ ਰਾਜਸੀ ਹਥਿਆਰ ਦੇ ਤੌਰ 'ਤੇ ਵਰਤ ਰਿਹਾ ਹੈ ਤੇ ਬਿਨਾਂ ਦਸਤਾਵੇਜ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ ਦੇ ਨਾਲ ਨਾਲ ਵਿਦਿਆਰਥੀਆਂ ਤੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਵੀਜਾ ਰੁੱਤਬੇ ਨੂੰ ਖਤਮ ਕਰ ਦਿੱਤਾ ਗਿਆ ਹੈ।

ਬਹੁਤ ਸਾਰੇ ਵਿਦਿਆਰਥੀਆਂ ਨੂੰ ਸਮੈਸਟਰ ਤੋਂ ਬਾਅਦ ਅਮਰੀਕਾ ਆਉਣ ਤੋਂ ਮਨਾਂ ਕਰ ਦਿੱਤਾ ਗਿਆ ਹੈ ਕਿਉਂਕਿ ਵਿਦੇਸ਼ ਵਿਭਾਗ ਨੇ ਉਨਾਂ ਦੇ ਵੀਜੇ ਬਹਾਲ ਕਰਨ ਤੋਂ ਨਾਂਹ ਕਰ ਦਿੱਤੀ ਹੈ। ਜੈਯਾਪਾਲ ਤੇ ਕਾਂਗਰਸ ਦੇ 142 ਮੈਂਬਰਾਂ ਨੇ ਇਕ ਸਾਂਝੇ ਪੱਤਰ ਵਿਚ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦੀ ਇਸ ਕਾਰਵਾਈ ਦਾ ਰਾਸ਼ਟਰੀ ਸੁਰੱਖਿਆ ਨਾਲ ਕੋਈ ਸਬੰਧ ਨਹੀਂ ਹੈ ਤੇ ਆਈ ਸੀ ਈ ਨੂੰ ਰਾਜਸੀ ਵਿਰੋਧੀਆਂ ਵਿਰੁੱਧ ਹਥਿਆਰ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ।

# ਫਲੋਰਿਡਾ ਵਿਚ ਵੱਡੇ ਆਪਰੇਸ਼ਨ ਦੌਰਾਨ 4 ਦਿਨਾਂ ਵਿੱਚ 800 ਪ੍ਰਵਾਸੀਆਂ ਨੂੰ ਕੀਤਾ ਗ੍ਰਿਫਤਾਰ

## ✪ ਰਾਜ ਤੇ ਕੇਂਦਰੀ ਏਜੰਸੀਆਂ ਨੇ ਆਪਸੀ ਸਹਿਯੋਗ ਲਈ ਸਮਝੌਤੇ ਉਪਰ ਕੀਤੇ ਦਸਤਖਤ



*ਫਲੋਰਿਡਾ ਵਿਚ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੌਰਾਨ ਨਜਰ ਆ ਰਹੇ ਅਫਸਰ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫਲੋਰਿਡਾ ਵਿਚ ਸਟੇਟ ਲਾਅ ਇਨਫੋਰਸਮੈਂਟ ਅਫਸਰਾਂ ਦੇ ਸਹਿਯੋਗ ਨਾਲ ਇਕ ਵੱਡੀ ਕਾਰਵਾਈ ਦੌਰਾਨ 4 ਦਿਨਾਂ ਵਿੱਚ ਤਕਰੀਬਨ 800 ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।

ਮਿਆਮੀ ਵਿਚਲੇ ਆਈ ਸੀ ਈ ਦਫਤਰ ਨੇ ਆਪਰੇਸ਼ਨ ਨੂੰ ਇਕ ਵੱਡੀ ਸਫਲਤਾ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਰਾਜ ਤੇ ਸੰਘ ਦੇ ਸਹਿਯੋਗ ਨਾਲ ਕੀਤੀ ਇਹ ਕਾਰਵਾਈ ਆਪਣੀ ਕਿਸਮ ਦੀ ਹੈ। ਫਲੋਰਿਡਾ ਦੇ ਗਵਰਨਰ ਰੌਨ ਡੀਸੈਨਟਿਸ ਨੇ ਕਾਰਵਾਈ ਦੀ ਪ੍ਰਸੰਸਾ ਕੀਤੀ ਹੈ। ਉਨਾਂ ਨੇ ਐਕਸ ਉਪਰ ਪਾਏ ਇਕ ਬਿਆਨ ਵਿਚ ਕਿਹਾ ਹੈ ਕਿ ਫਲੋਰਿਡਾ ਤੇ ਡਿਪਾਰਟਮੈਂਟ ਆਫ ਹੋਮ ਲੈਂਡ ਸਕਿਊਰਿਟੀ ਵੱਲੋਂ ਸਾਂਝੇ ਤੌਰ 'ਤੇ ਕੀਤੀ ਕਾਰਵਾਈ ਸਫਲਤਾ ਦੀ ਇਕ ਵੱਡੀ ਉਦਾਹਰਣ ਹੈ। ਰਾਜ ਤੇ ਸੰਘ ਵਿਚਾਲੇ ਸਹਿਯੋਗ ਨਾਲ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੇ ਚੰਗੇ ਨਤੀਜੇ ਨਿਕਲਣਗੇ। ਉਨਾਂ ਇਕ ਵੱਖਰੀ ਪੋਸਟ ਵਿਚ ਲਿਖਿਆ ਹੈ ਕਿ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਵਿੱਚ ਟਰੰਪ ਪ੍ਰਸ਼ਾਸਨ ਦੇ ਯਤਨ ਵਿੱਚ ਫਲੋਰਿਡਾ ਅਗਵਾਈ ਕਰ ਰਿਹਾ ਹੈ।

ਫਲੋਰਿਡਾ ਦੇ ਰਿਪਬਲੀਕਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੋ ਅਫਸਰ ਸੰਘੀ ਸਰਕਾਰ ਦੀਆਂ ਇਮੀਗ੍ਰੇਸ਼ਨ ਕੋਸ਼ਿਸ਼ਾਂ ਵਿਚ ਸਹਿਯੋਗ ਕਰਨ ਤੋਂ ਨਾਂਹ ਕਰਨਗੇ ਉਨਾਂ ਵਿਰੁੱਧ ਕਾਰਵਾਈ ਹੋਵੇਗੀ ਤੇ ਰਾਜ ਦਾ ਕਾਨੂੰਨ ਅਜਿਹੇ ਅਫਸਰਾਂ ਨੂੰ ਅਹੁੱਦੇ ਤੋਂ ਹਟਾਉਣ ਦੀ ਇਜ਼ਾਜਤ ਦਿੰਦਾ ਹੈ।

ਗਵਰਨਰ ਅਨੁਸਾਰ ਫਲੋਰਿਡ ਹਾਈਵੇਅ ਪਟਰੋਲ, ਦ ਫਲੋਰਿਡਾ ਡਿਪਾਰਟਮੈਂਟ ਆਫ ਲਾਅ ਇਨਫੋਰਸਮੈਂਟ, ਦ ਫਲੋਰਿਡਾ ਸਟੇਟ ਗਾਰਡ, ਦ ਫਲੋਰਿਡਾ ਡਿਪਾਰਟਮੈਂਟ ਆਫ ਐਗਰੀਕਲਚਰਲ ਲਾਅ ਇਨਫੋਰਮੈਂਟ ਤੇ ਫਲੋਰਿਡਾ ਫਿਸ਼ ਐਂਡ ਵਾਈਲਡ ਲਾਈਫ ਕੰਜਰਵੇਸ਼ਨ ਕਮਿਸ਼ਨ ਸਮੇਤ ਰਾਜ ਦੀਆਂ ਸਮੁੱਚੀਆਂ ਏਜੰਸੀਆਂ ਨੇ ਆਈ ਸੀ ਈ ਨਾਲ ਸਹਿਯੋਗ ਕਰਨ ਲਈ ਇਕ ਸਮਝੌਤੇ ਉਪਰ ਦਸਤਖਤ ਕੀਤੇ ਹਨ।

## ਨਾਰਥ ਕੈਰੋਲੀਨਾ ਯੂਨੀਵਰਸਿਟੀ ਵਿਚ ਹੋਈ ਗੋਲੀਬਾਰੀ ਵਿੱਚ ਇਕ ਵਿਅਕਤੀ ਦੀ ਮੌਤ ਤੇ 6 ਹੋਰ ਜ਼ਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਾਰਥ ਕੈਰੋਲੀਨਾ ਵਿਚ ਐਲਿਜ਼ਾਬਥ ਸਿਟੀ ਸਟੇਟ ਯੂਨੀਵਰਸਿਟੀ ਵਿਚ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ 6 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਯੂਨੀਵਰਸਿਟੀ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਬੀਤੇ ਦਿਨ ਤੜਕਸਾਰ ਵਾਪਰੀ। ਬਿਆਨ ਵਿਚ ਕਿਹਾ ਗਿਆ ਹੈ ਕਿ 24 ਸਾਲਾ ਮ੍ਰਿਤਕ ਯੂਨੀਵਰਸਿਟੀ ਦਾ ਵਿਦਿਆਰਥੀ ਨਹੀਂ ਹੈ। ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ 6 ਲੋਕਾਂ ਵਿਚ 3 ਯੂਨੀਵਰਸਿਟੀ ਦੇ ਵਿਦਿਆਰਥੀ ਹਨ। ਯੂਨੀਵਰਸਿਟੀ ਨੇ ਕਿਹਾ ਹੈ ਕਿ ਜ਼ਖਮੀਆਂ ਵਿਚੋਂ ਕਿਸੇ ਦੇ ਵੀ ਜ਼ਖਮ ਜਾਨ ਲੇਵਾ ਨਹੀਂ ਹਨ ਤੇ ਉਨਾਂ ਨੂੰ ਇਲਾਜ ਲਈ ਸਥਾਨਕ ਹਸਪਤਾਲ ਵਿਚ ਲਿਜਾਇਆ ਗਿਆ ਹੈ। ਯੂਨੀਵਰਸਿਟੀ ਨੇ ਘਟਨਾ ਉਪਰ ਅਫਸੋਸ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਲੈਸਟਰ ਵਿੱਚ ਵੱਖ-ਵੱਖ ਭਾਈਚਾਰਿਆਂ ਵੱਲੋਂ ਸਾਂਝੇ ਤੌਰ ਤੇ ਕਰਵਾਇਆ ਗਿਆ ਭਾਈਚਾਰਕ ਸਮਾਰੋਹ


*ਫੋਟੋ ਵਿੱਚ (ਖੱਬੇ ਤੋਂ): ਸੀਤਲ ਸਿੰਘ ਗਿੱਲ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ; ਕੌਂਸਲਰ ਭੂਪੇਨ ਡੇਵ, ਲੈਸਟਰ ਦੇ ਲਾਰਡ ਮੇਅਰ; ਡਾ. ਵੈਂਕਟਾਚਲਮ ਮੁਰੂਗਨ, ਕੌਂਸਲ ਜਨਰਲ ਆਫ਼ ਇੰਡੀਆ (ਬਰਮਿੰਘਮ); ਅਤੇ ਸ਼੍ਰੀਮਤੀ ਊਸ਼ਾ ਡੇਵ, ਲੇਡੀ ਮੇਅਰੈਸ।*

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਦਿ ਰਾਈਟ ਵਰਸ਼ਫੁੱਲ ਦੇ ਸੱਦੇ 'ਤੇ, ਲੈਸਟਰ ਦੇ ਲਾਰਡ ਮੇਅਰ, ਕੌਂਸਲਰ ਭੂਪੇਨ ਡੇਵ, ਵੱਲੋਂ ਇੱਕ ਵਪਾਰਕ ਅਤੇ ਭਾਈਚਾਰਕ ਨਾਗਰਿਕ ਸਵਾਗਤ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਚ ਪੁੱਜੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਇਸ ਸਮਾਰੋਹ ਚ ਲੈਸਟਰ ਦੇ ਲਾਰਡ ਮੇਅਰ, ਕੌਂਸਲਰ ਭੂਪੇਨ ਡੇਵ; ਲੈਸਟਰ ਦੀ ਲੇਡੀ ਮੇਅਰੈਸ, ਸ਼੍ਰੀਮਤੀ ਊਸ਼ਾ ਡੇਵ; ਡਾ. ਵੈਂਕਟਾਚਲਮ ਮੁਰੂਗਨ, ਕੌਂਸਲ ਜਨਰਲ ਆਫ਼ ਇੰਡੀਆ (ਬਰਮਿੰਘਮ); ਸਰ ਪੀਟਰ ਸੋਲਸਬੀ, ਲੈਸਟਰ ਦੇ ਸਿਟੀ ਮੇਅਰ; ਰੂਪਰਟ ਮੈਥਿਊਜ਼, ਪੁਲਿਸ ਅਤੇ ਅਪਰਾਧ ਕਮਿਸ਼ਨਰ, ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ; ਹਿੰਦੂ, ਸਿੱਖ ਅਤੇ ਮੁਸਲਿਮ ਭਾਈਚਾਰਿਆਂ ਦੇ ਆਗੂਆਂ ਨੇ ਸਿਰਕਤ ਕੀਤੀ।

ਇਸ ਸਮਾਰੋਹ ਚ ਵਿਸ਼ੇਸ਼ ਤੌਰ ਤੇ ਪੁੱਜੇ ਇੰਡੀਅਨ ਵਰਕਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਉਕਤ ਆਗੂਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੇ ਸ਼ਹਿਰ ਅਤੇ ਵਿਆਪਕ ਯੂਕੇ ਦੇ ਭਾਈਚਾਰੇ ਦੀ ਬਿਹਤਰੀ ਲਈ ਇੱਕ ਮਜ਼ਬੂਤ ਕਾਰਜਸ਼ੀਲ ਭਾਈਵਾਲੀ ਬਣਾਉਣ ਦੇ ਤਰੀਕਿਆਂ 'ਤੇ ਜ਼ੋਰ ਦਿੱਤਾ।

## ਵਾਸ਼ਿੰਗਟਨ ਸਮੇਤ ਸਮੁੱਚੇ ਅਮਰੀਕਾ ਵਿਚ ਟਰੰਪ ਦੀਆਂ ਨੀਤੀਆਂ ਵਿਰੁੱਧ ਜਬਰਦਸਤ ਪ੍ਰਦਰਸ਼ਨ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਵਾਸ਼ਿੰਗਟਨ, ਡੀ ਸੀ ਸਮੇਤ ਸਮੁੱਚੇ ਅਮਰੀਕਾ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਅਤੇ ਉਸ ਦਾ ਸਮਰਥਨ ਕਰ ਰਹੇ ਅਰਬਪਤੀਆਂ ਵਿਰੁੱਧ ਜਬਰਦਸਤ ਪ੍ਰਦਰਸ਼ਨ ਕੀਤੇ ਗਏ। ਬੁਲਾਰਿਆਂ ਨੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਕੰਮਕਾਜ਼ੀ ਲੋਕਾਂ ਵਿਰੁਧ ਜੰਗ ਕਰਾਰ ਦਿੱਤਾ। ਇਤਿਹਾਸਕ ਮਈ ਦਿਵਸ ਜਾਂ ਕਿਰਤੀਆਂ ਦੇ ਕੌਮਾਂਤਰੀ ਦਿਵਸ ਮੌਕੇ ਕੀਤੇ ਗਏ ਇਨਾਂ ਪ੍ਰਦਰਸ਼ਨਾਂ ਵਿਚ ਲੱਖਾਂ ਲੋਕਾਂ ਨੇ ਹਿੱਸਾ ਲਿਆ ਤੇ ਟਰੰਪ ਪ੍ਰਸ਼ਾਸਨ ਵਿਰੁੱਧ ਆਪਣੇ ਵਿਰੋਧ ਦਾ ਪ੍ਰਗਟਾਵਾ ਕੀਤਾ। ਹਰੇਕ ਰਾਜ ਵਿਚ 1000 ਤੋਂ ਵਧ ਪ੍ਰਦਰਸ਼ਨ ਤੇ ਰੈਲੀਆਂ ਹੋਈਆਂ ਜਿਨਾਂ ਵਿਚ ਕਿਰਤੀ ਯੂਨੀਅਨਾਂ, ਵਿਦਿਆਰਥੀ ਸੰਗਠਨਾਂ ਤੇ ਹੋਰ ਸਮਾਜਿਕ ਸੰਸਥਾਵਾਂ ਨਾਲ ਜੁੜੇ ਲੋਕਾਂ ਨੇ ਹਿੱਸਾ ਲਿਆ। ਵਾਸ਼ਿੰਗਟਨ , ਡੀ ਸੀ ਵਿਚ ਨੈਸ਼ਨਲ ਮਾਲ 'ਤੇ "ਮੇ ਡੇਅ ਮੂਵਮੈਂਟ ਯੂ ਐਸ ਏ" ਦੇ ਨਾਂ ਹੇਠ ਇਕ ਵੱਡਾ ਇਕੱਠਾ ਹੋਇਆ। ਨਿਊਯਾਰਕ ਵਿਚ ਰੈਲੀ ਨੂੰ ਅਲੈਗਜੰਡਰੀਆ ਓਕੈਸੀਓ ਕੋਰਟਜ਼ ਨੇ ਸੰਬੋਧਨ ਕੀਤਾ ਜਦ ਕਿ ਫਿਲਾਡੈਲਫੀਆ ਵਿਚ ਸੈਨੇਟਰ ਬਰਨੀ ਸੈਂਡਰਜ ਕਾਮਿਆਂ ਦੇ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਿਲ ਹੋਏ। ਸੈਂਡਰਜ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਡੇ ਇਤਿਹਾਸ ਵਿਚ ਕਦੀ ਵੀ ਏਦਾਂ ਨਹੀਂ ਹੋਇਆ ਕਿ ਕੁਝ ਲੋਕਾਂ ਦੀ ਮੁੱਠੀ ਵਿਚ ਰਾਜਸੀ ਸੱਤਾ ਬੰਦ ਹੋਈ ਹੋਵੇ। ਆਮ ਅਮਰੀਕੀਆਂ ਲਈ ਜੀਣਾ ਮੁਸ਼ਕਿਲ ਹੋ ਗਿਆ ਹੈ ਤੇ ਉਹ ਬੇਰੁਜ਼ਗਾਰੀ ਦੇ ਆਲਮ ਵਿਚ ਇਧਰ ਉਧਰ ਫਿਰ ਰਹੇ ਹਨ। ਰੈਲੀਆਂ ਦੇ ਪ੍ਰਬੰਧਕਾਂ ਨੇ ਦੋਸ਼ ਲਾਇਆ ਕਿ ਟਰੰਪ ਪ੍ਰਸ਼ਾਸਨ, ਮਸਕ ਤੇ ਉਨਾਂ ਦੇ ਅਮੀਰ ਜੋਟੀਦਾਰਾਂ ਨੇ ਆਮ ਅਮਰੀਕੀਆਂ ਦਾ ਜੀਣਾ ਮੁਸ਼ਕਿਲ ਕਰ ਦਿੱਤਾ ਹੈ। ਉਹ ਕਿਰਤੀਆਂ ਦੇ ਹੱਕਾਂ ਨੂੰ ਖਤਮ ਕਰ ਰਹੇ ਹਨ, ਕਿਰਤੀਆਂ ਦੀਆਂ ਯੂਨੀਅਨਾਂ ਨੂੰ ਤੋੜਨ ਦੇ ਯਤਨ ਵਿਚ ਹਨ ਤੇ ਪ੍ਰਵਾਸੀਆਂ ਦੀ ਆਵਾਜ਼ ਬੰਦ ਕਰ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿਚ ਟਰੰਪ ਪ੍ਰਸ਼ਾਸਨ ਵਿਰੁੱਧ ਬੈਨਰ ਫੜੇ ਹੋਏ ਸਨ ਜਿਨਾਂ ਉਪਰ ਨੌਕਰੀਆਂ ਵਿੱਚ ਕਟੌਤੀ ਤੇ ਪ੍ਰਵਾਸੀਆਂ ਦੇ ਗਲਤ ਢੰਗ ਨਾਲ ਦੇਸ਼ ਨਿਕਾਲੇ ਦੇ ਵਿਰੁੱਧ ਨਾਅਰੇ ਲਿਖੇ ਹੋਏ ਸਨ। ਕਈ ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਝੰਡਾ ਉਲਟਾ ਲਹਿਰਾਇਆ ਹੋਇਆ ਸੀ ਜਿਸ ਦਾ ਅਰਥ ਹੈ ਕਿ ਦੇਸ਼ ਵਿਚ ਸੰਕਟ ਹੈ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਮਈ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਪਰਿਵਾਰਕ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਅਤੇ ਉਚਾਟ ਰਹੇਗਾ। ਅੜਚਨਾਂ ਹੁੰਦੇ ਹੋਏ ਵੀ ਗੁਜ਼ਾਰੇ ਲਈ ਧਨ ਪ੍ਰਾਪਤ ਹੋਵੇਗਾ। ਪੜ੍ਹਾਈ ਵਿੱਚ ਮਿਹਨਤ ਅਤੇ ਸੰਘਰਸ਼ ਤੋਂ ਬਾਅਦ ਉੱਨਤੀ ਦੇ ਮੌਕੇ ਮਿਲਣਗੇ। ਮਹੀਨੇ ਦੇ ਅਖੀਰ ਵਿੱਚ ਸੰਤਾਨ ਵੱਲੋਂ ਸ਼ੁੱਭ ਖ਼ਬਰ ਮਿਲੇਗੀ। ਅਚਾਨਕ ਸਫਰ ਵਿੱਚ ਧਨ ਦੇ ਨੁਕਸਾਨ ਦਾ ਡਰ ਹੈ। ਚੰਗਾ ਹੋਵੇਗਾ ਜੇ ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰੋ, ਘਰ ਵਿੱਚ ਲੰਬਾ ਸਮਾਂ ਸ਼ਾਂਤੀ ਆਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਸਿਹਤ ਕੁਝ ਢਿੱਲੀ ਰਹੇਗੀ। ਸੁਭਾਅ ਵਿੱਚ ਤੇਜ਼ੀ ਰਹੇਗੀ। ਫਜ਼ੂਲ ਦੀ ਭੱਜ-ਦੌੜ ਜ਼ਿਆਦਾ ਹੋਵੇਗੀ। ਵਿਰੋਧੀ ਨੁਕਸਾਨ ਦੇਣ ਦੀ ਕੋਸ਼ਿਸ਼ ਕਰਨਗੇ। ਮੁਸ਼ਕਿਲਾਂ ਦੇ ਬਾਅਦ ਗੁਜ਼ਾਰੇ ਲਾਇਕ ਧਨ ਮਿਲਦਾ ਰਹੇਗਾ। ਕਿਸੇ ਨਵੇਂ ਕੰਮ ਦੀ ਸਲਾਹ ਬਣੇਗੀ, ਪਰ ਆਮਦਨ ਦੇ ਸਾਧਨ ਸੀਮਤ ਰਹਿਣਗੇ। ਬਹੁਤ ਜ਼ਿਆਦਾ ਸੰਘਰਸ਼ ਕਰਨ 'ਤੇ ਗੁਜ਼ਾਰੇ ਯੋਗ ਹੀ ਧਨ ਮਿਲਣ ਦੇ ਸਾਧਨ ਬਣਨਗੇ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਕੋਲੋਂ ਸਲਾਹ ਲੈਣ ਦੀ ਲੋੜ ਨਹੀਂ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਇਸ ਮਹੀਨੇ ਮਿਲੇ-ਜੁਲੇ ਫਲ ਮਿਲਣਗੇ। ਸਿਹਤ ਵਿੱਚ ਖਰਾਬੀ ਅਤੇ ਪਰਿਵਾਰ ਵਿੱਚ ਮੁਸ਼ਕਿਲਾਂ ਪੈਦਾ ਹੋਣਗੀਆਂ। ਪਰਿਵਾਰਕ ਕਲੇਸ਼ ਦੇ ਕਾਰਨ ਦੁੱਖ ਰਹੇਗਾ। ਆਮਦਨ ਦੇ ਸਾਧਨਾਂ ਵਿੱਚ ਵਿਘਨ ਪੈਦਾ ਹੋਣਗੇ। ਪਰ ਗੁਜ਼ਾਰੇ ਲਈ ਧਨ ਮਿਲਣ ਦੇ ਯੋਗ ਹਨ। ਖਰਚ ਸਾਵਧਾਨੀ ਨਾਲ ਕਰਨਾ ਚੰਗਾ ਰਹੇਗਾ। ਫਜ਼ੂਲ ਦੀ ਦੌੜ-ਭੱਜ ਵੀ ਬਣੀ ਰਹੇਗੀ। ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ,

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਕਾਰੋਬਾਰ ਵਿੱਚ ਗੁਜ਼ਾਰੇ ਯੋਗ ਧਨ ਪ੍ਰਾਪਤ ਹੋਵੇਗਾ। ਇਸਤਰੀ ਅਤੇ ਮਿੱਤਰ ਵਰਗ ਦੇ ਸਹਿਯੋਗ ਸਦਕਾ ਖੁਸ਼ਖਬਰੀ ਮਿਲੇਗੀ। ਵਿਘਨਾਂ ਦੇ ਬਾਵਜੂਦ ਰੋਜ਼ਾਨਾ ਦੇ ਕੰਮਾਂ ਵਿੱਚ ਤਰੱਕੀ ਹੋਵੇਗੀ। ਆਮਦਨ ਨਾਲੋਂ ਖਰਚ ਜ਼ਿਆਦਾ ਹੋਵੇਗਾ। ਨੌਕਰੀ ਵਿੱਚ ਉਲਝਣਾਂ ਅਤੇ ਅਫਸਰਾਂ ਨਾਲ ਤਣਾਅ ਰਹੇਗਾ। ਪਰਿਵਾਰ ਵਿੱਚ ਸ਼ੁੱਭ ਕਾਰਜਾਂ 'ਤੇ ਖਰਚਾ ਹੋਵੇਗਾ। ਵਿੱਦਿਆਰਥੀਆਂ ਨੂੰ ਉਤਸ਼ਾਹ ਅਤੇ ਮਿਹਨਤ ਨਾਲ ਕੰਮ ਕਰਨ ਨਾਲ ਲਾਭ ਹੋਵੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਵਪਾਰ ਅਤੇ ਨੌਕਰੀ ਦੀ ਹਾਲਤ ਮੱਧਮ ਰਹੇਗੀ। ਅਫਸਰ ਲੋਕਾਂ ਨਾਲ ਮਨ-ਮੁਟਾਵ ਅਤੇ ਫਜ਼ੂਲ ਦਾ ਤਣਾਅ ਰਹੇਗਾ। ਉਲਝਣ ਭਰੇ ਹਾਲਾਤ ਹੋਣ ਨਾਲ ਅਸ਼ਾਂਤੀ ਦਾ ਮਾਹੌਲ ਹੋਵੇਗਾ। ਦੋਸਤਾਂ ਅਤੇ ਸਬੰਧੀਆਂ ਨਾਲ ਮੇਲ ਲਾਭਕਾਰੀ ਹੋਵੇਗਾ। ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਖਰਚ ਵੀ ਵੱਧ-ਚੜ੍ਹ ਕੇ ਹੋਣਗੇ। ਨਸ਼ਿਆਂ ਦੀ ਦਲ-ਦਲ ਵਿੱਚੋਂ ਸਮਾਜ ਨੂੰ ਬਾਹਰ ਕੱਢਣ ਲਈ ਆਪਣਾ ਭਰਪੂਰ ਯੋਗਦਾਨ ਪਾਉ ਅਤੇ ਆਪਣੇ ਬੱਚਿਆਂ ਨੂੰ ਵੀ ਇਸ ਨੇਕ ਕਾਰਜ ਲਈ ਪ੍ਰੇਰਿਤ ਕਰੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਸੰਘਰਸ਼ ਭਰੇ ਹਾਲਾਤਾਂ ਮਗਰੋਂ ਅਚਾਨਕ ਧਨ ਲਾਭ ਹੋਵੇਗਾ। ਸ਼ੁੱਭ ਕਾਰਜਾਂ 'ਤੇ ਧਨ ਦਾ ਖਰਚਾ ਜ਼ਿਆਦਾ ਹੋਵੇਗਾ। ਪਰਿਵਾਰਕ ਸੁੱਖ ਵਿੱਚ ਵਾਧਾ ਹੋਵੇਗਾ। ਕੁਝ ਵਿਗੜੇ ਕੰਮਾਂ ਵਿੱਚ ਕਾਮਯਾਬੀ ਮਿਲੇਗੀ। ਮਾਨਸਿਕ ਤਣਾਅ, ਗੁੱਸਾ ਅਤੇ ਗੁਪਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਮਹੀਨੇ ਦੇ ਅਖੀਰ ਵਿੱਚ ਸੰਤਾਨ ਸਬੰਧੀ ਚਿੰਤਾ ਅਤੇ ਧਨ ਦਾ ਖਰਚ ਵੀ ਜ਼ਿਆਦਾ ਹੋਵੇਗਾ। ਮਾਤਾ-ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਓ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਖਾਸ ਮਿਹਨਤ ਨਾਲ ਹੀ ਇਸ ਮਹੀਨੇ ਕੋਈ ਰੁਕਿਆ ਕੰਮ ਬਣਨ ਦੇ ਯੋਗ ਹਨ। ਆਮਦਨ ਖਰਚ ਬਰਾਬਰ ਰਹਿਣਗੇ। ਧਰਮ-ਕਰਮ ਵੱਲ ਰੁਝਾਨ ਵਧੇਗਾ। ਪਰਿ-ਵਾਰ ਵਿੱਚ ਅਚਾਨਕ ਕਿਸੇ ਸ਼ੁੱਭ ਕੰਮ 'ਤੇ ਖਰਚ ਹੋਵੇਗਾ। ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਘਰੇਲੂ ਮਾਹੌਲ ਸੁਖਦ ਰਹੇਗਾ। ਖਰਚ ਜ਼ਿਆਦਾ ਅਤੇ ਕੰਮ ਵਿੱਚ ਰੁਕਾਵਟਾਂ ਆਉਣਗੀਆਂ। ਹਮੇਸ਼ਾ ਚਾਦਰ ਦੇਖ ਕੇ ਹੀ ਪੈਰ ਪਸਾਰੋ, ਉਲਝਣਾਂ ਤੋਂ ਬਚੇ ਰਹੋਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਮਹੀਨੇ ਦੇ ਸ਼ੁਰੂ ਵਿੱਚ ਸੰਘਰਸ਼ ਵਾਲੇ ਹਾਲਾਤਾਂ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਦੀ ਪ੍ਰਾਪਤੀ ਹੁੰਦੀ ਰਹੇਗੀ। ਮਨ ਪ੍ਰੇਸ਼ਾਨ ਰਹੇਗਾ। ਵਪਾਰ ਅਤੇ ਨੌਕਰੀ ਵਿੱਚ ਕੁਝ ਤਬਦੀਲੀ ਦੇ ਯੋਗ ਹਨ। ਆਮਦਨ ਘੱਟ ਅਤੇ ਧਨ ਦਾ ਫਜ਼ੂਲ ਖਰਚ ਜ਼ਿਆਦਾ ਹੋਵੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ, ਜਲਦਬਾਜ਼ੀ ਕਰਨ ਨਾਲ ਨੁਕਸਾਨ ਹੋਣ ਦਾ ਡਰ ਹੈ। ਜ਼ਮੀਨ ਅਤੇ ਸਵਾਰੀ ਸੁੱਖ ਮਿਲੇਗਾ। ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂ-ਬਾਤਾਂ ਸਾਂਝੀਆਂ ਕਰੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਧਾਰਮਿਕ ਕਾਰਜਾਂ ਵਿੱਚ ਰੁਚੀ ਵਧੇਗੀ। ਦਾਨ-ਪੁੰਨ ਦੇ ਕੰਮਾਂ ਵਿੱਚ ਸਮਾਂ ਬਤੀਤ ਹੋਵੇਗਾ। ਫਜ਼ੂਲ ਦੀਆਂ ਪ੍ਰੇਸ਼ਾਨੀਆਂ ਰਹਿਣਗੀਆਂ। ਵਿੱਦਿਆਰਥੀਆਂ ਨੂੰ ਮਿਹਨਤ ਅਤੇ ਸੰਘਰਸ਼ਪੂਰਨ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਸਿਹਤ ਸਬੰਧੀ ਖਾਸ ਸਾਵਧਾਨੀ ਵਰਤੋ। ਆਪਣੇ ਨਜ਼ਦੀਕੀਆਂ 'ਤੇ ਵਿਸ਼ਵਾਸ ਤਾਂ ਕਰੋ, ਪਰ ਅੰਧਵਿਸ਼ਵਾਸ ਨਹੀਂ। ਮਨ ਨੂੰ ਸ਼ਾਂਤ ਰੱਖਣ ਲਈ ਗੁਰੂ-ਘਰ ਜਰੂਰ ਹਾਜ਼ਰੀ ਭਰੋ, ਗੁਰਬਾਣੀ ਦਾ ਸਿਰਫ਼ ਸਰਵਣ ਹੀ ਨਹੀਂ, ਬਲਕਿ ਉਸ 'ਤੇ ਅਮਲ ਵੀ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਇਸ ਮਹੀਨੇ ਕੁਝ ਸ਼ੁੱਭ ਸਮਾਚਾਰ ਮਿਲਣਗੇ। ਧਨ ਲਾਭ ਅਤੇ ਤਰੱਕੀ ਦੇ ਰਸਤੇ ਖੁੱਲ੍ਹਣਗੇ। ਖਰਚੇ ਜ਼ਿਆਦਾ ਹੋਣ ਨਾਲ ਦਿਮਾਗੀ ਤਣਾਅ ਹੋਵੇਗਾ। ਨਜ਼ਦੀਕੀ ਬੰਧੂਆਂ ਨਾਲ ਮਨ-ਮੁਟਾਵ ਰਹੇਗਾ। ਸੁਭਾਅ ਵਿੱਚ ਤੇਜ਼ੀ ਅਤੇ ਗੁੱਸਾ ਜ਼ਿਆਦਾ ਆਵੇਗਾ। ਕਿਸੇ ਨਾਲ ਬੇਵਜ੍ਹਾ ਤਕਰਾਰ ਦੀ ਸਥਿਤੀ ਪੈਦਾ ਹੋਵੇਗੀ। ਐਸ਼ੋ-ਆਰਾਮ ਦੀਆਂ ਚੀਜ਼ਾਂ 'ਤੇ ਧਨ ਦਾ ਖਰਚ ਹੋਵੇਗਾ। ਮਹੀਨੇ ਦੇ ਅਖੀਰ ਵਿੱਚ ਫਜ਼ੂਲ ਦੀ ਯਾਤਰਾ ਦੇ ਯੋਗ ਹਨ। ਗੁਰੂ ਘਰ ਜਾ ਕੇ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਰੁਕਾਵਟਾਂ ਅਤੇ ਮੁਸ਼ਕਿਲਾਂ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਲਾਭ ਦੇ ਮੌਕੇ ਮਿਲਣਗੇ। ਕਿਸੇ ਉੱਚ-ਪੱਧਰੀ ਲੋਕਾਂ ਨਾਲ ਮੇਲ-ਜੋਲ ਵਧੇਗਾ। ਇਸਤਰੀ ਸੁੱਖ ਅਤੇ ਘਰ-ਪਰਿਵਾਰ ਵੱਲੋਂ ਖੁਸ਼ੀ ਦੀ ਸੂਚਨਾ ਮਿਲੇਗੀ। ਮਹੀਨੇ ਦੇ ਅਖੀਰ ਵਿੱਚ ਕਿਸੇ ਨਜ਼ਦੀਕੀ ਰਿਸ਼ਤੇਦਾਰ ਨਾਲ ਲੜਾਈ-ਝਗੜਾ ਹੋਣ ਦਾ ਡਰ ਹੈ। ਧਨ ਦਾ ਖਰਚ ਸੋਚ-ਸਮਝ ਕੇ ਕਰੋ। ਪਰ ਸੰਤਾਨ ਦੇ ਕੈਰੀਅਰ ਸਬੰਧੀ ਹਾਲਾਤਾਂ ਵਿੱਚ ਅਸਥਿਰਤਾ ਰਹੇਗੀ। ਹਮੇਸ਼ਾ ਪ੍ਰਮਾਤਮਾ ਉੱਤੇ ਵਿਸ਼ਵਾਸ ਰੱਖੋ ਅਤੇ ਉਸ ਦੀ ਰਜ਼ਾ ਵਿੱਚ ਹੀ ਆਪਣੇ ਆਪ ਨੂੰ ਸੰਤੁਸ਼ਟ ਰੱਖੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਆਸ ਮੁਤਾਬਕ ਸਫਲਤਾ ਥੋੜ੍ਹੀ ਮਿਲੇਗੀ। ਧਨ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਨਵੇਂ ਕੰਮ ਨੂੰ ਕਾਰਜਰੂਪ ਦੇਣ ਲਈ ਯਤਨ ਕਰਨਾ ਲਾਭਕਾਰੀ ਰਹੇਗਾ। ਹਿੰਮਤ ਅਤੇ ਉਤਸ਼ਾਹ ਨਾਲ ਕੰਮ ਕਰਨ ਨਾਲ ਕੋਈ ਵਿਗੜਿਆ ਕੰਮ ਬਣੇਗਾ। ਵਿੱਦਿਆਰਥੀ ਵਰਗ ਨੂੰ ਇਸ ਸਮੇਂ ਵਿੱਚ ਪੂਰੀ ਮਿਹਨਤ ਕਰਕੇ ਲਾਭ ਲੈਣਾ ਚਾਹੀਦਾ ਹੈ। ਰੋਜ਼ਾਨਾ ਗੁਰੂ ਘਰ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕਰੋ ਅਤੇ ਕਰਮ ਅਜਿਹੇ ਕਰੋ ਕਿ ਤੁਹਾਡੇ ਕਾਰਨ ਕਿਸੇ ਦੇ ਦਿਲ ਨੂੰ ਠੇਸ ਨਾ ਪੁੱਜੇ।

* * * * * * *


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................................
ADDRESS....................................................................................
.............................................................POST CODE.................................
TEL.............................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*


# ਅਮਰੀਕਾ ਦੇ 10 ਸੂਬਿਆਂ ਚ ਬੀਮਾਰੀ ਦਾ ਪ੍ਰਕੋਪ, 900 ਤੋਂ ਵੱਧ ਮਾਮਲੇ ਆਏ ਸਾਹਮਣੇ

ਅਮਰੀਕਾ ਦੇ ਕਈ ਰਾਜ ਖਸਰੇ ਦੇ ਪ੍ਰਕੋਪ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਵਿਚ ਮਾਮਲਿਆਂ ਦੀ ਗਿਣਤੀ 900 ਤਕ ਪਹੁੰਚਣ ਦੀ ਉਮੀਦ ਹੈ। ਇਹ ਜਾਣਕਾਰੀ ਅਮਰੀਕੀ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਵਿਚ ਦਿਤੀ ਗਈ ਹੈ। ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਸੀਡੀਸੀ) ਦੇ ਅਨੁਸਾਰ, ਖਸਰੇ ਦੇ ਪੁਸ਼ਟੀ ਕੀਤੇ ਮਾਮਲਿਆਂ ਦੀ ਗਿਣਤੀ 884 ਹੈ, ਜੋ ਕਿ 2024 ਵਿਚ ਇਸ ਬਿਮਾਰੀ ਤੋਂ ਪੀੜਤ ਹੋਣ ਦੀ ਉਮੀਦ ਕੀਤੇ ਗਏ ਲੋਕਾਂ ਦੀ ਗਿਣਤੀ ਤੋਂ ਤਿੰਨ ਗੁਣਾ ਹੈ। ਟੈਕਸਾਸ ਵਿਚ ਇਹ ਪ੍ਰਕੋਪ ਤਿੰਨ ਮਹੀਨਿਆਂ ਤੋਂ ਚੱਲ ਰਿਹਾ ਹੈ ਅਤੇ ਮੰਗਲਵਾਰ ਤਕ 663 ਪੁਸ਼ਟੀ ਕੀਤੇ ਕੇਸਾਂ ਦੇ ਨਾਲ ਸਭ ਤੋਂ ਵੱਧ ਕੇਸ ਇੱਥੇ ਹਨ। ਇਹ ਬਿਮਾਰੀ ਨਿਊ ਮੈਕਸੀਕੋ, ਓਕਲਾਹੋਮਾ ਅਤੇ ਕੰਸਾਸ ਵਿਚ ਵੀ ਫੈਲ ਗਈ ਹੈ। ਪੱਛਮੀ ਟੈਕਸਾਸ ਵਿੱਚ ਦੋ ਬੱਚਿਆਂ ਦੀ ਮੌਤ ਹੋਣ ਦੀ ਵੀ ਖ਼ਬਰ ਹੈ। ਇਸ ਦੇ ਨਾਲ ਹੀ ਨਿਊ ਮੈਕਸੀਕੋ ਵਿਚ ਵੀ ਇਕ ਵਿਅਕਤੀ ਦੀ ਖਸਰੇ ਨਾਲ ਮੌਤ ਹੋ ਗਈ। ਇੰਡੀਆਨਾ, ਮਿਸ਼ੀਗਨ, ਮੋਂਟਾਨਾ, ਓਹੀਓ, ਪੈਨਸਿਲਵੇਨੀਆ ਅਤੇ ਟੈਨੇਸੀ ਵਿਚ ਵੀ ਖਸਰੇ ਦਾ ਪ੍ਰਕੋਪ ਫੈਲਿਆ ਹੋਇਆ ਹੈ।

## ਕਰਾਈਮ ਨਿਊਜ਼

## ਪਾਕਿਸਤਾਨੀ ਫ਼ੌਜ ਅਯੁੱਧਿਆ ਵਿਚ ਰੱਖੇਗੀ ਬਾਬਰੀ ਮਸਜਿਦ ਦੀ ਪਹਿਲੀ 'ਇੱਟ'

✪ ਪਲਵਾਸ਼ਾ ਖਾਨ ਮਹਿਲਾ ਪਾਕਿਸਤਾਨੀ ਸੰਸਦ ਮੈਂਬਰ ਨੇ ਭਾਰਤ ਨੂੰ ਅੱਖਾਂ ਦਿਖਾਈਆਂ



ਨਵੀਂ ਦਿੱਲੀ-ਪਾਕਿਸਤਾਨੀ ਮਹਿਲਾ ਸੰਸਦ ਮੈਂਬਰ ਨੇ ਪਾਕਿਸਤਾਨੀ ਸੰਸਦ ਵਿਚ ਬਾਬਰੀ ਮਸਜਿਦ ਦਾ ਜ਼ਿਕਰ ਕੀਤਾ ਹੈ। ਮਹਿਲਾ ਸੰਸਦ ਮੈਂਬਰ ਪਲਵਾਸ਼ਾ ਜ਼ਈ ਖਾਨ ਨੇ ਭੜਕਾਊ ਬਿਆਨ ਦੇ ਕੇ ਇਕ ਨਵੇਂ ਵਿਵਾਦ ਨੂੰ ਜਨਮ ਦਿੱਤਾ ਹੈ। ਉਹ ਕਹਿੰਦੀ ਹੈ ਕਿ "ਪਾਕਿ ਫ਼ੌਜ ਅਯੁੱਧਿਆ ਵਿਚ ਬਣਨ ਵਾਲੀ ਨਵੀਂ ਬਾਬਰੀ ਮਸਜਿਦ ਦੀ ਪਹਿਲੀ ਇੱਟ ਰੱਖੇਗੀ ਅਤੇ ਪਹਿਲੀ ਅਜ਼ਾਨ ਫ਼ੌਜ ਮੁਖੀ ਅਸੀਮ ਮੁਨੀਰ ਵੱਲੋਂ ਦਿੱਤੀ ਜਾਵੇਗੀ। ਅਸੀਂ ਚੂੜੀਆਂ ਨਹੀਂ ਪਹਿਨੀਆਂ।"

ਪਲਵਾਸ਼ਾ ਖਾਨ ਨੇ ਇਹ ਵੀ ਦਾਅਵਾ ਕੀਤਾ ਕਿ ਸਿੱਖ ਸੈਨਿਕ ਪਾਕਿਸਤਾਨ 'ਤੇ ਹਮਲਾ ਨਹੀਂ ਕਰਨਗੇ ਕਿਉਂਕਿ ਇਹ ਗੁਰੂ ਨਾਨਕ ਦੇਵ ਜੀ ਦੀ ਧਰਤੀ ਹੈ।

ਪਾਕਿਸਤਾਨ ਪੀਪਲਜ਼ ਪਾਰਟੀ ਦੀ ਡਿਪਟੀ ਸੂਚਨਾ ਸਕੱਤਰ ਤੇ 2021 ਤੋਂ ਸੈਨੇਟ ਦੀ ਮੈਂਬਰ ਪਲਵਾਸ਼ਾ ਮੁਹੰਮਦ ਜ਼ਈ ਖਾਨ 2008 ਤੋਂ 2013 ਤੱਕ ਰਾਸ਼ਟਰੀ ਅਸੈਂਬਲੀ ਦੀ ਮੈਂਬਰ ਵੀ ਰਹੀ ਹੈ। ਉਹ ਪਾਕਿਸਤਾਨ ਦੇ ਸਿੰਧ ਸੂਬੇ ਤੋਂ ਮਹਿਲਾ ਰਾਖਵੀਂ ਸੀਟ ਤੋਂ ਚੁਣੀ ਗਈ ਹੈ।

ਪਲਵਾਸ਼ਾ ਖਾਨ ਨੇ ਆਪਣੇ ਬਿਆਨ 'ਚ ਹਥਿਆਰ ਚੁੱਕਣ ਦਾ ਸੱਦਾ ਦਿੰਦੇ ਹੋਏ ਕਿਹਾ, "ਸਾਡੀ ਫ਼ੌਜ ਕੋਲ ਸਿਰਫ਼ 6-7 ਲੱਖ ਸੈਨਿਕ ਨਹੀਂ ਹਨ, ਸਾਡੇ ਕੋਲ 250 ਮਿਲੀਅਨ ਲੋਕ ਹਨ, ਜੋ ਹਥਿਆਰਬੰਦ ਫ਼ੌਜਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣਗੇ ਅਤੇ ਸਮਾਂ ਆਉਣ 'ਤੇ ਖੁਦ ਸੈਨਿਕ ਬਣ ਜਾਣਗੇ।"

ਪਲਵਾਸ਼ਾ ਖਾਨ ਨੇ ਇਹ ਭੜਕਾਊ ਭਾਸ਼ਣ ਅਜਿਹੇ ਸਮੇਂ ਦਿੱਤਾ ਹੈ, ਜਦੋਂ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਦਾ ਭਾਸ਼ਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ, ਜਿਸ 'ਤੇ ਤਿੱਖੀਆਂ ਪ੍ਰਤੀਕਿਰਿਆਵਾਂ ਮਿਲ ਰਹੀਆਂ ਹਨ।

# ਕਾਰ ਨਾ ਮਿਲਣ ਕਾਰਣ ਪਤੀ ਵਲੋਂ ਵਿਆਹੁਤਾ ਦੀ ਗਲ ਘੁੱਟ ਕੇ ਕੀਤਾ ਕਤਲ

## ✪ ਪਤੀ ਸਮੇਤ ਚਾਰ ਖਿਲਾਫ਼ ਮਾਮਲਾ ਦਰਜ, ਸਹੁਰਾ ਪਰਿਵਾਰ ਫਰਾਰ

ਬਠਿੰਡਾ-ਜ਼ਿਲ੍ਹੇ ਦੇ ਜੇਠੂਕੇ ਪਿੰਡ ਵਿੱਚ ਦਾਜ 'ਚ ਕਾਰ ਨਾ ਦਿੱਤੇ ਜਾਣ ਤੋਂ ਭੜਕੇ ਸਹੁਰਿਆਂ ਨੇ ਆਪਣੀ ਹੀ ਨੂੰਹ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਪਤੀ ਅਤੇ ਉਸਦਾ ਪੂਰਾ ਪਰਿਵਾਰ ਮੌਕੇ ਤੋਂ ਫ਼ਰਾਰ ਹੋ ਗਿਆ। ਮ੍ਰਿਤਕ ਵਿਆਹੁਤਾ ਔਰਤ ਦੇ ਪਿਤਾ ਦੀ ਸ਼ਿਕਾਇਤ 'ਤੇ ਸਦਰ ਰਾਮਪੁਰਾ ਥਾਣਾ ਪੁਲਿਸ ਨੇ ਦੋਸ਼ੀ ਪਤੀ, ਸੱਸ, ਸਹੁਰਾ ਅਤੇ ਭਰਜਾਈ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਨੂੰ ਸ਼ਿਕਾਇਤ ਦਿੰਦੇ ਹੋਏ ਪਿੰਡ ਹਰਨਾਮ ਸਿੰਘ ਵਾਲਾ ਦੇ ਵਸਨੀਕ ਰਾਮੂ ਰਾਮ ਨੇ ਦੱਸਿਆ ਕਿ ਉਸਨੇ ਆਪਣੀ 20 ਸਾਲਾ ਧੀ ਮਾਇਆ ਦੇਵੀ ਦਾ ਵਿਆਹ 11 ਅਪ੍ਰੈਲ 2024 ਨੂੰ ਪਿੰਡ ਜੇਠੂਕੇ ਦੇ ਰਹਿਣ ਵਾਲੇ ਦੋਸ਼ੀ ਹੈਪੀ ਰਾਮ ਨਾਲ ਕੀਤਾ ਸੀ। ਉਸਨੇ ਵਿਆਹ 'ਤੇ ਲਗਭਗ 7 ਲੱਖ ਰੁਪਏ ਖਰਚ ਕੀਤੇ, ਜਦੋਂ ਕਿ ਆਪਣੇ ਜਵਾਈ ਨੂੰ ਵਿਆਹ ਦੇ ਦਾਜ ਵਜੋਂ ਇੱਕ ਬੁਲੇਟ ਮੋਟਰਸਾਈਕਲ ਦਿੱਤਾ ਸੀ।

ਵਿਆਹ ਤੋਂ ਲਗਭਗ ਇਕ ਮਹੀਨੇ ਬਾਅਦ ਉਸਦੀ ਧੀ ਦੇ ਸਹੁਰੇ ਪਰਿਵਾਰ ਨੇ ਉਸਨੂੰ ਦਾਜ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਉਸਨੂੰ ਪਤਾ ਲੱਗਾ ਕਿ




ਉਸਦਾ ਜਵਾਈ ਨਸ਼ੇ ਦਾ ਆਦੀ ਹੈ, ਜਿਸ ਕਾਰਨ ਉਹ ਦਾਜ ਵਿੱਚ ਦਿੱਤਾ ਗਿਆ ਬੁਲੇਟ ਮੋਟਰਸਾਈਕਲ ਆਪਣੇ ਘਰ ਲੈ ਆਇਆ ਤਾਂ ਜੋ ਉਹ ਉਕਤ ਮੋਟਰਸਾਈਕਲ ਨੂੰ ਨਸ਼ਿਆਂ ਲਈ ਨਾ ਵੇਚੇ। ਇਸ ਤੋਂ ਬਾਅਦ ਉਸਦੀ ਧੀ ਦੇ ਸਹੁਰੇ ਉਸਨੂੰ ਹੋਰ ਤੰਗ ਕਰਨ ਲੱਗ ਪਏ ਅਤੇ ਹੁਣ ਦਾਜ ਵਿੱਚ ਕਾਰ ਦੀ ਮੰਗ ਕਰਨ ਲੱਗ ਪਏ। ਇਸ ਕਾਰਨ ਉਸਨੇ ਕਈ ਵਾਰ ਪੰਚਾਇਤੀ ਸਮਝੌਤਾ ਕਰਕੇ ਆਪਣੀ ਧੀ ਨੂੰ ਉਸਦੇ ਸਹੁਰੇ ਘਰ ਛੱਡ ਦਿੱਤਾ ਸੀ।

ਪੀੜਤ ਦੇ ਅਨੁਸਾਰ ਉਕਤ ਲੋਕਾਂ ਨੇ ਉਸਨੂੰ ਧਮਕੀ ਦਿੱਤੀ ਸੀ ਕਿ ਜੇਕਰ ਉਸਨੇ ਕਾਰ ਦੀ ਉਨ੍ਹਾਂ ਦੀ ਮੰਗ ਪੂਰੀ ਨਾਂ ਕੀਤੀ ਤਾਂ ਉਹ ਉਸਦੀ ਧੀ ਨੂੰ ਆਪਣੇ ਘਰ ਨਹੀਂ ਰੱਖਣਗੇ। ਉਨ੍ਹਾਂ ਕਿਹਾ ਕਿ 30 ਅਪ੍ਰੈਲ ਦੀ ਸ਼ਾਮ ਨੂੰ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਨ੍ਹਾਂ ਦੀ ਧੀ ਮਾਇਆ ਕੌਰ ਦੀ ਸਹੁਰੇ ਘਰ ਮੌਤ ਹੋ ਗਈ ਹੈ। ਜਦੋਂ ਉਹ ਆਪਣੇ ਪਰਿਵਾਰ ਨਾਲ ਉਸਦੇ ਸਹੁਰੇ ਪਿੰਡ ਜੇਠੂਕੇ ਪਹੁੰਚਿਆ, ਤਾਂ ਉਸਨੇ ਦੇਖਿਆ ਕਿ ਉਸਦੀ ਧੀ ਦੀ ਲਾਸ਼ ਘਰ ਵਿੱਚ ਇਕ ਮੰਜੇ 'ਤੇ ਪਈ ਸੀ, ਜਦੋਂ ਕਿ ਨਾ ਤਾਂ ਉਸਦਾ ਪਤੀ ਅਤੇ ਨਾ ਹੀ ਉਸਦੇ ਸਹੁਰੇ ਘਰ ਹੋਰ ਪਰਿਵਾਰ ਮੌਜੂਦ ਸੀ।

ਕੁੜੀ ਦੇ ਸਹੁਰੇ ਪਰਿਵਾਰ ਦੇ ਮੈਂਬਰ ਉੱਥੋਂ ਭੱਜ ਗਏ ਸਨ, ਜਦੋਂ ਕਿ ਉਸਦੀ ਧੀ ਦੀ ਗਰਦਨ 'ਤੇ ਨਿਸ਼ਾਨ ਸਨ। ਇਸ ਤੋਂ ਇਹ ਜਾਪਦਾ ਹੈ ਕਿ ਉਸਦੇ ਸਹੁਰਿਆਂ ਨੇ ਉਸਦੀ ਧੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਹੈ, ਜਿਸ ਤੋਂ ਬਾਅਦ ਸਦਰ ਰਾਮਪੁਰਾ ਥਾਣਾ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਘਟਨਾ ਵਾਲੀ ਥਾਂ ਦਾ ਮੁਆਇਨਾ ਕਰਨ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ। ਮਾਮਲੇ ਦੇ ਜਾਂਚ ਅਧਿਕਾਰੀ ਐਸਆਈ ਜੋਗਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਦੋਸ਼ੀ ਪਤੀ ਹੈਪੀ ਰਾਮ, ਸਹੁਰਾ ਗੁਰਤੇਜ ਸਿੰਘ, ਸੱਸ ਰਾਣੀ ਕੌਰ ਅਤੇ ਭਰਜਾਈ ਅੰਜੂ ਕੌਰ ਵਾਸੀ ਪਿੰਡ ਜੇਠੂਕੇ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

# ਡਰਗ ਸਮਗਲਰ 3 ਲੱਖ ਰੁਪਏ ਡਰੱਗ ਮਨੀ ਸਮੇਤ ਕਾਬੂ



ਅੰਮ੍ਰਿਤਸਰ-ਥਾਣਾ-ਡੀ ਡਵੀਜ਼ਨ ਦੀ ਪੁਲਿਸ ਪਾਰਟੀ ਵੱਲੋਂ ਪਹਿਲਾਂ ਦੋ ਨਸ਼ਾਂ ਤਸਕਰਾਂ ਨੂੰ ਕਾਬੂ ਕਰ ਕੇ 1 ਕਿੱਲੋ 62 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਮੁਕਦਮਾ ਦੇ ਲਿੰਕ ਦੀ ਜਾਂਚ ਕਰਦੇ ਹੋਏ 1 ਹੋਰ ਨਸ਼ਾ ਤਸਕਰ ਸੁਰਜੀਤ ਸਿੰਘ ਪਿੰਡ ਬੱਲ ਸਚੰਦਰ ਅੰਮ੍ਰਿਤਸਰ ਨੂੰ ਕਾਬੂ ਕਰ ਕੇ 3 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਏਸੀਪੀ ਕੇਂਦਰੀ ਜਸਪਾਲ ਸਿੰਘ ਨੇ ਦੱਸਿਆ ਕਿ ਇਸ ਨੇ 1 ਕਿੱਲੋ 12 ਗ੍ਰਾਮ ਹੈਰੋਇਨ ਕੁਲਬੀਰ ਸਿੰਘ ਨੂੰ ਦੇਣੀ ਸੀ ਤੇ ਇਹ ਹੈਰੋਇਨ ਪਵਨਦੀਪ ਸਿੰਘ ਪਾਸੋਂ ਲੈ ਕੇ ਆਇਆ ਸੀ। ਏਸੀਪੀ ਨੇ ਦੱਸਿਆ ਕਿ ਪੁਲਿਸ ਪਾਰਟੀ ਵੱਲੋਂ ਕੁਲਬੀਰ ਸਿੰਘ ਪਿੰਡ ਬੱਲ ਸਚੰਦਰ ਹਾਲ ਵਾਸੀ ਕਿਰਾਏ ਦਾ ਮਕਾਨ ਨੇੜੇ ਸੁਖਦੇਵ ਪੈਚਰਾਂ ਵਾਲੀ ਦੁਕਾਨ ਪਿੰਡ ਰਾਜਾਸਾਂਸੀ ਨੂੰ 18 ਮਾਰਚ 2025 ਨੂੰ ਗ੍ਰਿਫਤਾਰ ਕਰ ਕੇ ਇਸ ਪਾਸੋ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਮੁਕੱਦਮੇ ਦੀ ਅੱਗੋਂ ਤਫਤੀਸ਼ ਦੌਰਾਨ 25 ਅਪ੍ਰੈਲ 2025 ਨੂੰ ਇੰਸਪੈਕਟਰ ਨੀਰਜ ਕੁਮਾਰ ਦੀ ਪੁਲਿਸ ਪਾਰਟੀ ਨੇ ਮੁਕੱਦਮੇ ਦੇ ਤੀਸਰੇ ਮੁਲਜ਼ਮ ਪਵਨਦੀਪ ਸਿੰਘ ਪਿੰਡ ਭਿੱਟੇਵੱਡ ਨੂੰ ਗ੍ਰਿਫ਼ਤਾਰ ਕਰ ਕੇ ਇਸ ਪਾਸੋ 3 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ।

# ਮੁਲਜ਼ਮ ਅਮਰੀਕੀ ਕੁੜੀਆਂ ਨੂੰ ਚੈਟ ਦੌਰਾਨ ਸੈਕਸ ਬਾਰੇ ਗੱਲ ਕਰਨ ਲਈ ਕਰਦੇ ਸਨ ਪ੍ਰੇਰਿਤ

## ✪ ਸੀਬੀਆਈ ਨੇ ਦੋ ਬਲੈਕ ਮੇਲਰਾਂ ਨੂੰ ਕੀਤਾ ਗ੍ਰਿਫ਼ਤਾਰ, ਮਾਮਲਾ ਦਰਜ

ਨਵੀਂ ਦਿੱਲੀ-ਸੀਬੀਆਈ ਨੇ ਅਮਰੀਕਾ ਵਿਚ ਰਹਿਣ ਵਾਲੀਆਂ ਕੁੜੀਆਂ ਨੂੰ ਉਨ੍ਹਾਂ ਦੀਆਂ ਅਸ਼ਲੀਲ ਤਸਵੀਰਾਂ ਤੇ ਵੀਡੀਓ ਆਨਲਾਈਨ ਪਲੇਟਫਾਰਮ 'ਤੇ ਸਾਂਝੀਆਂ ਕਰਨ ਲਈ ਧਮਕਾਉਣ ਦੇ ਦੋਸ਼ ਵਿਚ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਮਰੀਕੀ ਏਜੰਸੀਆਂ ਵੱਲੋਂ ਮੁਹੱਈਆ ਕਰਾਈ ਗਈ ਜਾਣਕਾਰੀ ਦੇ ਆਧਾਰ 'ਤੇ ਜਨਵਰੀ ਵਿਚ ਸ਼ੁਰੂ ਕੀਤੇ ਗਏ ਆਪ੍ਰੇਸ਼ਨ ਹਾਕ ਦਾ ਵੇਰਵਾ ਦਿੰਦੇ ਹੋਏ ਅਧਿਕਾਰੀਆਂ ਨੇ ਕਿਹਾ ਕਿ ਸੀਬੀਆਈ ਦੇ ਕੌਮਾਂਤਰੀ ਆਪ੍ਰੇਸ਼ਨ ਵਿਭਾਗ ਨੇ ਵੱਖ-ਵੱਖ ਮਾਮਲਿਆਂ ਵਿਚ ਮੰਗਲੋਰ ਵਾਸੀ ਸ਼ੇਖ ਮੁਇਜ਼ ਅਹਿਮਦ ਤੇ ਦਿੱਲੀ ਵਾਸੀ ਮੁਕੁਲ ਸੈਨੀ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵਾਂ 'ਤੇ ਆਈਪੀਸੀ, ਆਈਟੀ ਐਕਟ ਤੇ ਪੋਕਸੋ ਐਕਟ ਦੀਆਂ



ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਅਧਿਕਾਰੀਆਂ ਨੇ ਕਿਹਾ ਕਿ ਸੀਬੀਆਈ ਨੇ ਇਸ ਸਾਲ ਦੇ ਸ਼ੁਰੂ 'ਚ ਉਨ੍ਹਾਂ ਦੇ ਕੰਪਲੈਕਸਾਂ 'ਤੇ ਛਾਪੇਮਾਰੀ ਕੀਤੀ ਸੀ। ਇਸ ਦੌਰਾਨ ਮੁਲਜ਼ਮਾਂ ਦੇ ਡਿਜੀਟਲ ਉਪਕਰਨਾਂ ਤੋਂ ਬਾਲ ਜਿਨਸੀ ਸ਼ੋਸ਼ਣ ਸਮੱਗਰੀ ਬਰਾਮਦ ਹੋਈ ਸੀ ਜਿਹੜੀ ਕਥਿਤ ਤੌਰ 'ਤੇ ਅਮਰੀਕਾ ਤੋਂ ਕੁੜੀਆਂ ਨੂੰ ਝਾਂਸਾ ਦੇ ਕੇ ਪ੍ਰਾਪਤ ਕੀਤੀ ਸੀ।

ਸੀਬੀਆਈ ਦੇ ਇਕ ਬੁਲਾਰੇ ਨੇ ਕਿਹਾ ਕਿ ਮਾਰਚ 2024 ਦੌਰਾਨ ਮੰਗਲੋਰ ਵਾਸੀ ਮੁਲਜ਼ਮ ਸ਼ੇਖ ਮੁਇਜ਼ ਅਹਿਮਦ ਹਾਈਜੈਨਬਰਗ ਯੂਜ਼ਰ ਨਾਂ ਨਾਲ ਇੰਟਰਨੈੱਟ ਮੀਡੀਆ ਪਲੇਟਫਾਰਮ ਡਿਸਕਾਰਡ ਜ਼ਰੀਏ ਕੰਮ ਕਰਦਾ ਸੀ ਤੇ ਅਮਰੀਕਾ ਦੀ ਇਕ ਨਾਬਾਲਿਗ ਕੁੜੀ ਨਾਲ ਆਨਲਾਈਨ ਚੈਟ ਕਰਦਾ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਕੁੜੀਆਂ ਨੂੰ ਆਨਲਾਈਨ ਚੈਟ ਦੌਰਾਨ ਸੈਕਸ ਬਾਰੇ ਗੱਲ ਕਰਨ ਲਈ ਪ੍ਰੇਰਿਤ ਕਰਦੇ ਸਨ ਤੇ ਉਨ੍ਹਾਂ ਨੂੰ ਪਲੇਟਫਾਰਮ 'ਤੇ ਆਪਣੀਆਂ ਅਸ਼ਲੀਲ ਤਸਵੀਰਾਂ ਤੇ ਵੀਡੀਓ ਸਾਂਝੀਆ ਕਰਨ ਲਈ ਦਬਾਅ ਪਾਉਂਦੇ ਸਨ।

# ਪੰਜਾਬ ਵਿਚ ਕਾਲਾ ਕੱਛਾ ਗਿਰੋਹ ਦਾ ਕਹਿਰ

## ✪ ਪ੍ਰਵਾਸੀ ਪੰਜਾਬੀ ਦੇ ਘਰ ਲੱਖਾਂ ਦੀ ਚੋਰੀ, ਸੀਸੀਟੀਵੀ ਨੇ ਖੋਲ੍ਹਿਆ ਰਾਜ਼ !

ਅੰਮ੍ਰਿਤਸਰ-ਪੰਜਾਬ ਵਿੱਚ ਇੱਕ ਵਾਰ ਫਿਰ “ਕਾਲਾ ਕੱਛਾ ਗਿਰੋਹ” ਨੇ ਆਤੰਕ ਮਚਾਇਆ ਹੈ। ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਨੇੜੇ ਪਿੰਡ ਨਿੱਜਰਪੁਰਾ ਵਿੱਚ ਇਸ ਗਿਰੋਹ ਨੇ ਇੱਕ ਪ੍ਰਵਾਸੀ ਪੰਜਾਬੀ ਦੇ ਘਰ ਨੂੰ ਨਿਸ਼ਾਨਾ ਬਣਾਇਆ। 2 ਮਈ ਦੀ ਰਾਤ, ਜਦੋਂ ਪਿੰਡ ਸੁੱਤਾ ਪਿਆ ਸੀ, ਇਹ ਚੋਰ ਦੱਬੇ ਪੈਰੀਂ ਘਰ ਵਿੱਚ ਦਾਖਲ ਹੋਏ ਅਤੇ ਲੱਖਾਂ ਰੁਪਏ ਦੀ ਨਕਦੀ, ਸੋਨੇ ਦੇ ਗਹਿਣੇ, ਐਲ.ਈ.ਡੀ. ਟੀਵੀ ਅਤੇ ਹੋਰ ਘਰੇਲੂ ਸਮਾਨ ਚੋਰੀ ਕਰਕੇ ਫਰਾਰ ਹੋ ਗਏ। ਪਰ ਇਸ ਵਾਰ ਚੋਰਾਂ ਦੀ ਚਾਲ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ, ਜਿਸ ਨੇ ਪੂਰੇ ਇਲਾਕੇ ਵਿੱਚ ਹਾਹਾਕਾਰ ਮਚਾ ਦਿੱਤੀ। ਕੀ ਹੋਇਆ ਸੀ ਉਸ ਰਾਤ ?

ਜਾਣਕਾਰੀ ਮੁਤਾਬਕ, ਪੀੜਤ ਪਰਿਵਾਰ ਪਿਛਲੇ 10 ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ ਅਤੇ ਹਰ ਸਾਲ ਆਪਣੇ ਪਿੰਡ ਨਿੱਜਰਪੁਰਾ ਆਉਂਦਾ-ਜਾਂਦਾ ਰਹਿੰਦਾ ਹੈ। ਚੋਰਾਂ ਨੇ ਘਰ ਦੇ ਸਾਰੇ ਕਮਰਿਆਂ ਦੇ ਤਾਲੇ ਤੋੜੇ ਅਤੇ ਇੱਕ ਲੱਖ ਰੁਪਏ ਦੀ ਨਕਦੀ ਸਮੇਤ ਕੀਮਤੀ ਸਮਾਨ ਚੁਰਾ ਲਿਆ। ਪਿੰਡ ਦੇ ਸਰਪੰਚ ਜੱਜ ਸਿੰਘ ਅਤੇ ਪੀੜਤ ਪਰਿਵਾਰ ਦੇ ਰਿਸ਼ਤੇਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਘਰ ਨੂੰ ਬੁਰੀ ਤਰ੍ਹਾਂ ਲੁੱਟਿਆ। ਪਰਿਵਾਰ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚੋਰਾਂ ਨੂੰ ਜਲਦ ਫੜਿਆ ਜਾਵੇ ਅਤੇ ਉਨ੍ਹਾਂ ਦਾ ਸਮਾਨ ਵਾਪਸ ਦਿਵਾਇਆ ਜਾਵੇ। ਪੁਲਿਸ ਦੀ ਕਾਰਵਾਈ

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ ’ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਪੀੜਤ ਪਰਿਵਾਰ ਦੀ ਸ਼ਿਕਾਇਤ ’ਤੇ ਮਾਮਲਾ ਦਰਜ ਕਰ ਲਿਆ ਗਿਆ ਹੈ। ਘਰ ਅਤੇ ਆਸ-ਪਾਸ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ ਹੈ। ਅਧਿਕਾਰੀਆਂ ਨੇ ਵਾਅਦਾ ਕੀਤਾ ਹੈ ਕਿ ਚੋਰਾਂ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ। ਕੀ ਹੈ ਕਾਲਾ ਕੱਛਾ ਗਿਰੋਹ ?



❛ਪੰਜਾਬ ਟਾਈਮਜ ਅਨੁਸਾਰ ਇਸ ਗਿਰੋਹ ਦੀ ਮੁੜ ਸਰਗਰਮੀ ਨੇ ਪੰਜਾਬ ਦੇ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪੁਲਿਸ ਨੂੰ ਸੀਸੀਟੀਵੀ ਫੁਟੇਜ ਦੇ ਆਧਾਰ ’ਤੇ ਜਾਂਚ ਤੇਜ਼ ਕਰਨ ਅਤੇ ਸੁਰੱਖਿਆ ਵਧਾਉਣ ਦੀ ਲੋੜ ਹੈ। ਨਾਲ ਹੀ, ਲੋਕਾਂ ਨੂੰ ਵੀ ਸੁਚੇਤ ਰਹਿਣ ਅਤੇ ਆਪਣੇ ਘਰਾਂ ਵਿੱਚ ਸੀਸੀਟੀਵੀ, ਅਲਾਰਮ ਸਿਸਟਮ, ਅਤੇ ਮਜਬੂਤ ਤਾਲੇ ਲਗਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ। ਇਹ ਘਟਨਾ ਸਿਰਫ ਇੱਕ ਚੋਰੀ ਨਹੀਂ, ਸਗੋਂ ਪੰਜਾਬ ਦੀ ਸੁਰੱਖਿਆ ਵਿਵਸਥਾ ’ਤੇ ਸਵਾਲ ਖੜ੍ਹਾ ਕਰਦੀ ਹੈ। ਕੀ ਪੁਲਿਸ ਇਸ ਗਿਰੋਹ ਨੂੰ ਫੜ ਸਕੇਗੀ, ਜਾਂ ਇਹ ਚੋਰ ਹੋਰ ਘਰਾਂ ਨੂੰ ਲੁੱਟਦੇ ਰਹਿਣਗੇ ? ਸਮਾਂ ਹੀ ਦੱਸੇਗਾ।

“ਕਾਲਾ ਕੱਛਾ ਗਿਰੋਹ” ਉਹ ਚੋਰਾਂ ਦਾ ਸਮੂਹ ਹੈ, ਜੋ ਰਾਤ ਦੇ ਹਨੇਰੇ ਵਿੱਚ ਅੰਡਰਵੀਅਰ (ਕੱਛੇ) ਜਾਂ ਘੱਟ ਕੱਪੜਿਆਂ ਵਿੱਚ ਚੋਰੀਆਂ ਕਰਦਾ ਹੈ। ਇਹ ਗਿਰੋਹ ਆਮ ਤੌਰ ’ਤੇ ਸਰੀਰ ’ਤੇ ਤੇਲ ਜਾਂ ਗਰੀਸ ਲਗਾ ਕੇ ਘਰਾਂ ਵਿੱਚ ਦਾਖਲ ਹੁੰਦਾ ਹੈ, ਤਾਂ ਜੋ ਪਕੜੇ ਜਾਣ ’ਤੇ ਆਸਾਨੀ ਨਾਲ ਨਿਕਲ ਸਕੇ। ਇਹ ਗਿਰੋਹ ਆਪਣੀ ਤੇਜ਼ੀ ਅਤੇ ਚੁੱਪ-ਚਾਪ ਕੰਮ ਕਰਨ ਦੀ ਤਕਨੀਕ ਲਈ ਮਸ਼ਹੂਰ ਹੈ। ਕਾਲਾ ਕੱਛਾ ਗਿਰੋਹ ਦਾ ਇਤਿਹਾਸ ਅਤੇ ਪਿਛੋਕੜਕਬੀਲੇ ਅਤੇ ਮੂਲ

ਕਾਲਾ ਕੱਛਾ ਗਿਰੋਹ ਦਾ ਸਬੰਧ ਅਕਸਰ ਭਾਰਤ ਦੇ ਕੁਝ ਖਾਸ ਭਾਈਚਾਰਿਆਂ ਜਾਂ ਗੁੰਡਾ ਗਿਰੋਹਾਂ ਨਾਲ ਜੋੜਿਆ ਜਾਂਦਾ ਹੈ, ਜਿਨ੍ਹਾਂ ਵਿੱਚੋਂ ਕੁਝ ਦਾ ਮੂਲ ਮੱਧ ਪ੍ਰਦੇਸ਼, ਰਾਜਸਥਾਨ, ਅਤੇ ਉੱਤਰ ਪ੍ਰਦੇਸ਼ ਦੇ ਨੋਮੈਡਿਕ ਜਾਂ ਘੁੰਮੰਤੂ ਭਾਈਚਾਰਿਆਂ ਨਾਲ ਮੰਨਿਆ ਜਾਂਦਾ ਹੈ। ਹਾਲਾਂਕਿ, ਪੰਜਾਬ ਵਿੱਚ ਇਸ ਗਿਰੋਹ ਦੀ ਸਰਗਰਮੀ ਦਾ ਸਬੰਧ ਸਥਾਨਕ ਅਪਰਾਧੀ ਸਮੂਹਾਂ ਨਾਲ ਵੀ ਹੋ ਸਕਦਾ ਹੈ, ਜੋ ਇਸ ਨਾਮ ਅਤੇ ਤਕਨੀਕ ਨੂੰ ਅਪਣਾਉਂਦੇ ਹਨ। ਮੀਡੀਆ ਅਤੇ ਪੁਲਿਸ ਸੂਤਰਾਂ ਮੁਤਾਬਕ, ਇਹ ਗਿਰੋਹ ਕਿਸੇ ਖਾਸ ਕਬੀਲੇ ਨਾਲ ਸੀਮਤ ਨਹੀਂ ਹੈ, ਸਗੋਂ ਵੱਖ-ਵੱਖ ਇਲਾਕਿਆਂ ਦੇ ਅਪਰਾਧੀਆਂ ਦਾ ਸਮੂਹ ਹੈ, ਜੋ ਇਸ ਤਰ੍ਹਾਂ ਦੀਆਂ ਚੋਰੀਆਂ ਲਈ ਇਕੱਠੇ ਕੰਮ ਕਰਦੇ ਹਨ।

### ਕੀ ਹੈ ਕਾਲਾ ਕੱਛਾ ਗਿਰੋਹ ਦਾ ਇਤਿਹਾਸਕ ਪਿਛੋਕੜ

ਕਾਲਾ ਕੱਛਾ ਗਿਰੋਹ ਦੀ ਸਰਗਰਮੀ ਦੀਆਂ ਰਿਪੋਰਟਾਂ ਪਿਛਲੇ ਕਈ ਦਹਾਕਿਆਂ ਤੋਂ ਸੁਣੀਆਂ ਜਾ ਰਹੀਆਂ ਹਨ। 1980 ਅਤੇ 1990 ਦੇ ਦਹਾਕੇ ਵਿੱਚ, ਇਸ ਗਿਰੋਹ ਨੇ ਉੱਤਰੀ ਭਾਰਤ ਦੇ ਕਈ ਸ਼ਹਿਰਾਂ ਵਿੱਚ ਚੋਰੀਆਂ ਨੂੰ ਅੰਜਾਮ ਦਿੱਤਾ ਸੀ। ਇਸ ਦੀ ਮੁੱਖ ਵਿਸ਼ੇਸ਼ਤਾ ਸੀ ਰਾਤ ਨੂੰ ਘੱਟ ਕੱਪੜਿਆਂ ਵਿੱਚ, ਸਰੀਰ ’ਤੇ ਤੇਲ ਲਗਾ ਕੇ ਘਰਾਂ ਵਿੱਚ ਦਾਖਲ ਹੋਣਾ। ਪੰਜਾਬ ਵਿੱਚ ਇਸ ਗਿਰੋਹ ਦੀ ਸਰਗਰਮੀ ਸਮੇਂ-ਸਮੇਂ ’ਤੇ ਵਧਦੀ-ਘਟਦੀ ਰਹੀ ਹੈ। 2000 ਦੇ ਦਹਾਕੇ ਵਿੱਚ, ਪੁਲਿਸ ਨੇ ਕਈ ਅਜਿਹੇ ਗਿਰੋਹਾਂ ਨੂੰ ਫੜਿਆ ਸੀ, ਜੋ ਇਸ ਨਾਮ ਅਤੇ ਤਰੀਕੇ ਨਾਲ ਕੰਮ ਕਰਦੇ ਸਨ। ਹਾਲੀਆ ਸਾਲਾਂ ਵਿੱਚ, ਸੀਸੀਟੀਵੀ ਅਤੇ ਸੁਰੱਖਿਆ ਪ੍ਰਬੰਧਾਂ ਦੇ ਵਧਣ ਦੇ ਬਾਵਜੂਦ, ਇਹ ਗਿਰੋਹ ਮੁੜ ਸਰਗਰਮ ਹੋਇਆ ਹੈ, ਜਿਸ ਨੇ ਪੁਲਿਸ ਅਤੇ ਪ੍ਰਸ਼ਾਸਨ ਲਈ ਚੁਣੌਤੀ ਪੈਦਾ ਕਰ ਦਿੱਤੀ ਹੈ। ਅਕਸਰ ਪ੍ਰਵਾਸੀ ਪੰਜਾਬੀ ਜਾਂ ਅਮੀਰ ਪਰਿਵਾਰਾਂ ਦੇ ਘਰ, ਜੋ ਜਿਆਦਾਤਰ ਸੁੰਨਸਾਨ ਜਾਂ ਘੱਟ ਸੁਰੱਖਿਅਤ ਹੁੰਦੇ ਹਨ, ਇਨ੍ਹਾਂ ਦਾ ਨਿਸ਼ਾਨਾ ਹੁੰਦੇ ਹਨ।ਪੰਜਾਬ ਦੇ ਸਰਹੱਦੀ ਇਲਾਕਿਆਂ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ, ਅਤੇ ਫਿਰੋਜ਼ਪੁਰ ਵਿੱਚ ਇਸ ਗਿਰੋਹ ਦੀਆਂ ਘਟਨਾਵਾਂ ਜਿਆਦਾ ਸਾਹਮਣੇ ਆਈਆਂ ਹਨ। ਮੰਨਿਆ ਜਾਂਦਾ ਹੈ ਕਿ ਇਹ ਗਿਰੋਹ ਸਥਾਨਕ ਅਪਰਾਧੀਆਂ ਦੇ ਨਾਲ-ਨਾਲ ਬਾਹਰੀ ਰਾਜਾਂ ਤੋਂ ਆਏ ਗੁੰਡਿਆਂ ਦਾ ਸੁਮੇਲ ਹੋ ਸਕਦਾ ਹੈ।

# ਦੋ ਸਕੇ ਫੌਜੀ ਭਰਾਵਾਂ ਕੋਲੋਂ ਫੋਨ ਕਾਲ ਜ਼ਰੀਏ ਪਹਿਲਾ ਫਿਰੌਤੀ ਮੰਗੀ ਫਿਰ ਬੱਚਾ ਅਗਵਾ ਕਰਨ ਦੀ ਦਿੱਤੀ ਧਮਕੀ

## ✪ ਪੀੜਿਤ ਪਰਿਵਾਰ ਵੱਲੋਂ ਪੁਲਿਸ ਦੀ ਢਿੱਲੀ ਕਾਰਵਾਈ ਕਰਨ ਦੇ ਲਗਾਏ ਦੋਸ਼

ਧਿਆਨਪੁਰ-ਪੁਲਿਸ ਥਾਣਾ ਕੋਟਲੀ ਸੂਰਤ ਮੱਲ੍ਹੀ ਅਧੀਨ ਪੈਂਦੇ ਪਿੰਡ ਡੇਰਾ ਪਠਾਣਾ ਵਿਖੇ ਦੋ ਸਕੇ ਫੌਜੀ ਭਰਾਵਾਂ ਨੂੰ ਫੋਨ ਕਾਲ ਜ਼ਰੀਏ ਪਹਿਲਾ ਫਿਰੌਤੀ ਮੰਗੀ ਗਈ ਤੇ ਫਰੌਤੀ ਨਾ ਦੇਣ ’ਤੇ ਸਕੂਲ ਜਾਂਦੇ ਬੱਚਿਆਂ ਨੂੰ ਅਗਵਾ ਕਰਨ ਲਈ ਧਮਕੀ ਮਿਲਣ ਤੋਂ ਬਾਅਦ ਪੂਰੇ ਪਰਿਵਾਰ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੇਵਾ ਮੁਕਤ ਫੌਜੀ ਲਖਵਿੰਦਰ ਸਿੰਘ ਅਤੇ ਆਰਮੀ ਵਿੱਚ ਸੇਵਾ ਨਿਭਾ ਰਹੇ ਉਸਦੇ ਛੋਟੇ ਭਰਾ ਪ੍ਰਗਟ ਸਿੰਘ ਨੇ ਕਿਹਾ ਕਿ ਬੀਤੀ 2 ਮਈ ਰਾਤ ਦੌਰਾਨ ਇੱਕ ਸਵਿਫਟ ਕਾਰ ’ਤੇ ਸਵਾਰ 4 ਤੋਂ 5 ਅਣਪਛਾਤੇ ਵਿਅਕਤੀ ਉਨ੍ਹਾਂ ਦੇ ਘਰ ਆਏ ਘਰ ਦੇ ਬਾਹਰ ਲੱਗੇ ਗੇਟ ਨਾਲ ਖਿੱਚ ਧੂਹ ਕਰਕੇ ਧਮਕੀਆਂ ਦਿੰਦੇ ਹੋਏ ਚਲੇ ਗਏ।

ਉਨ੍ਹਾਂ ਕਿਹਾ ਕਿ ਅਗਲੇ ਦਿਨ ਫਿਰ ਉਨ੍ਹਾਂ ਨੂੰ ਇੱਕ ਲੋਕਲ ਮੋਬਾਇਲ ਨੰਬਰ ਤੋਂ ਫੋਨ ਆਇਆ, ਜਿਸ ’ਤੇ ਉਨ੍ਹਾਂ ਦੇ ਸਕੂਲ ਗਏ ਬੱਚਿਆਂ ਨੂੰ ਰਸਤੇ ਵਿੱਚੋਂ ਅਗਵਾ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ 3 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਜਦੋਂ ਉਹ ਪੁਲਿਸ ਥਾਣਾ ਕੋਟਲੀ ਸੂਰਤ ਮੱਲ੍ਹੀ ਵਿਖੇ ਲਿਖਤੀ ਦਰਖਾਸਤ ਦੇਣ ਪਹੁੰਚੇ ਤਾਂ ਉਸ ਟਾਇਮ ਉਨ੍ਹਾਂ ਨੂੰ ਉਸੇ ਨੰਬਰ ਤੋਂ ਫਿਰ ਫੋਨ ਆ ਗਿਆ। ਉਨ੍ਹਾਂ ਵੱਲੋਂ ਆਪਣਾ ਮੋਬਾਈਲ ਫੋਨ ਦਰਖਾਸਤ ਲਿਖ ਰਹੇ ਪੁਲਿਸ ਅਧਿਕਾਰੀ ਨੂੰ ਦੇ ਦਿੱਤਾ ਪੁਲਿਸ ਅਧਿਕਾਰੀ ਵੱਲੋਂ ਜਦੋਂ ਉਨ੍ਹਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਉਨ੍ਹਾਂ ਨੂੰ ਪਿੰਡ ਰਸੀਕੇ ਤਲਾ ਵਿਖੇ ਮਿਲਣ ਲਈ ਕਿਹਾ ਗਿਆ ਤੇ ਉਨ੍ਹਾਂ ਵੱਲੋਂ ਆਪਣੀ ਪ੍ਰਾਈਵੇਟ ਗੱਡੀ ’ਤੇ ਪੁਲਿਸ ਅਧਿਕਾਰੀਆਂ ਨੂੰ ਨਾਲ ਲੈ ਕੇ ਮੋਬਾਈਲ ਫੋਨ ਕਰ ਰਹੇ ਨੌਜਵਾਨ ਕੋਲ ਪਹੁੰਚੇ ਤਾਂ ਪੁਲਿਸ ਵੱਲੋਂ ਉਕਤ ਨੌਜਵਾਨਾਂ ਨੂੰ ਕਾਬੂ ਕਰ ਲਿਆ ਗਿਆ, ਪਰ ਪੀੜਿਤ ਪਰਿਵਾਰ ਵੱਲੋਂ ਪੁਲਿਸ ਦੀ ਢਿੱਲੀ ਕਾਰਵਾਈ ਕਰਨ ਉੱਪਰ ਸਵਾਲ ਖੜੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਜੇਕਰ ਉਹਨਾਂ ਦੇ ਬੱਚਿਆਂ ਦੇ ਨਾਲ ਕੋਈ ਵੀ ਘਟਨਾ ਵਾਪਰਦੀ ਹੈ ਤਾਂ ਉਸਦਾ ਕੌਣ ਜ਼ਿੰਮੇਵਾਰ ਹੋਵੇਗਾ। ਇਸ ਮੌਕੇ ਪੀੜ੍ਹਤ ਪਰਿਵਾਰ ਵੱਲੋਂ ਪੰਜਾਬ ਸਰਕਾਰ ਅਤੇ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਫੜੇ ਗਏ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਜਦੋਂ ਪੱਤਰਕਾਰਾਂ ਵੱਲੋਂ ਪੁਲਿਸ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਐੱਸਐੱਚਓ ਹਰਮੀਕ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਜਾਂਚ ਵਿੱਚ ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਪੰਜਾਬ ਸਰਕਾਰ ਨੇ ਸਕੂਲਾਂ ਵਿੱਚ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਗਾਈ

**ਪੂਰਨ ਪਾਬੰਦੀ ਅਜੇ ਵੀ ਸਵਾਲਾਂ ਦੇ ਘੇਰੇ ਵਿਚ ਕਿਉਂ ? ਸਿਹਤ ਮਾਹਿਰਾਂ ਅਨੁਸਾਰ ਕਿਡਨੀ, ਦਿਲ ਤੇ ਮਾਨਸਿਕਤਾ ਲਈ ਹਾਨੀਕਾਰਕ ਐਨਰਜੀ ਡਰਿੰਕ**

## ਨਿਊਜ਼ ਵਿਸ਼ਲੇਸ਼ਣ

ਪੰਜਾਬ ਸਰਕਾਰ ਨੇ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਸਕੂਲਾਂ ਅਤੇ ਉਨ੍ਹਾਂ ਦੇ ਆਸ-ਪਾਸ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਫੈਸਲੇ ਨੂੰ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦਾ ਹਿੱਸਾ ਦੱਸਿਆ ਹੈ, ਜਿਸ ਦਾ ਮਕਸਦ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਸੰਭਾਵੀ ਸ਼ੁਰੂਆਤ ਤੋਂ ਬਚਾਉਣਾ ਹੈ। ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਸਕੂਲਾਂ ਵਿੱਚ ਐਨਰਜੀ ਡਰਿੰਕਸ ’ਤੇ ਇਸ ਤਰ੍ਹਾਂ ਦੀ ਪਾਬੰਦੀ ਲਗਾਈ ਹੈ। ਸਕੂਲਾਂ ਵਿੱਚ ਪਾਬੰਦੀ ਅਤੇ ਸਰਕਾਰ ਦੀ ਕਾਰਵਾਈ ਪੰਜਾਬ ਦੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਵਧਅ) ਨੇ 23 ਅਪ੍ਰੈਲ 2025 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਸਕੂਲਾਂ ਦੀਆਂ ਕੈਂਟੀਨਾਂ, ਟਕ-ਸ਼ਾਪਾਂ ਅਤੇ ਸਕੂਲਾਂ ਦੇ 100 ਮੀਟਰ (ਪੇਂਡੂ ਖੇਤਰ) ਤੇ 50 ਮੀਟਰ (ਸ਼ਹਿਰੀ ਖੇਤਰ) ਦੇ ਦਾਇਰੇ ਵਿੱਚ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਇੱਕ ਸਾਲ ਲਈ ਪਾਬੰਦੀ ਲਗਾਈ ਸੀ। ਇਹ ਫੈਸਲਾ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਦੀ ਧਾਰਾ 30(2)(ੳ) ਅਧੀਨ ਲਿਆ ਗਿਆ। ਪੰਜਾਬ ਦੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕਮਿਸ਼ਨਰ ਦਿਲਰਾਜ ਸਿੰਘ ਸੰਧਾਵਾਲੀਆ ਨੇ ਕਿਹਾ ਕਿ ਇਹ ਕਦਮ ਜਨ ਸਿਹਤ, ਖਾਸ ਕਰਕੇ ਬੱਚਿਆਂ ਨੂੰ ਉੱਚ ਕੈਫੀਨ ਵਾਲੇ ਪਦਾਰਥਾਂ ਦੇ ਸੰਪਰਕ ਤੋਂ ਬਚਾਉਣ ਲਈ “ਜ਼ਰੂਰੀ ਅਤੇ ਨਿਆਂਪੂਰਨ” ਹੈ।

ਸਿਹਤ ਵਿਭਾਗ ਨੇ ਸਕੂਲਾਂ ਦੇ ਨੇੜੇ ਵਿਕਰੀ ’ਤੇ ਨਿਗਰਾਨੀ ਲਈ ਸਿਹਤ ਟੀਮਾਂ ਨੂੰ ਨਿਯੁਕਤ ਕੀਤਾ ਹੈ ਅਤੇ ਦੁਕਾਨਦਾਰਾਂ ਨੂੰ ਐਨਰਜੀ ਡਰਿੰਕਸ ਦੇ ਵਿਗਿਆਪਨ ਪ੍ਰਦਰਸ਼ਿਤ ਨਾ ਕਰਨ ਦੀ ਹਦਾਇਤ ਦਿੱਤੀ ਗਈ ਹੈ। ਸਕੂਲ ਪ੍ਰਬੰਧਕਾਂ ਨੂੰ ਵੀ ਇਸ ਪਾਬੰਦੀ ਨੂੰ ਸਖਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਸਰਕਾਰ ਨੇ ਐਨਰਜੀ ਡਰਿੰਕਸ ਦੇ




ਬੱਚਿਆਂ ’ਤੇ ਪੈਣ ਵਾਲੇ ਸਿਹਤ ਪ੍ਰਭਾਵਾਂ ਦਾ ਅਧਿਐਨ ਕਰਨ ਲਈ ਵੀ ਇੱਕ ਵਿਗਿਆਨਕ ਅਧਿਐਨ ਸ਼ੁਰੂ ਕੀਤਾ ਹੈ, ਜਿਸ ਦੇ ਨਤੀਜੇ ਸੂਬੇ ਵਿੱਚ ਨਾਬਾਲਗਾਂ ਨੂੰ ਇਨ੍ਹਾਂ ਡਰਿੰਕਸ ਦੀ ਵਿਕਰੀ ’ਤੇ ਪੂਰਨ ਪਾਬੰਦੀ ਦਾ ਅਧਾਰ ਬਣ ਸਕਦੇ ਹਨ। ਸਰਕਾਰ ਨੇ ਸਕੂਲਾਂ ਵਿੱਚ ਪਾਬੰਦੀ ਲਗਾਉਣ ਤੋਂ ਪਹਿਲਾਂ ਕਾਨੂੰਨੀ ਸਲਾਹ ਲਈ, ਕਿਉਂਕਿ ਜ਼ਿਆਦਾਤਰ ਐਨਰਜੀ ਡਰਿੰਕਸ ਦੇ ਲੇਬਲ ’ਤੇ ਪਹਿਲਾਂ ਹੀ ਲਿਖਿਆ ਹੁੰਦਾ ਹੈ ਕਿ ਇਹ “ਬੱਚਿਆਂ ਲਈ ਸਿਫਾਰਸ਼ ਨਹੀਂ”। ਪੂਰਨ ਪਾਬੰਦੀ ਲਈ ਮਜ਼ਬੂਤ ਕਾਨੂੰਨੀ ਅਤੇ ਵਿਗਿਆਨਕ ਸਬੂਤਾਂ ਦੀ ਲੋੜ ਹੋ ਸਕਦੀ ਹੈ, ਜਿਸ ਲਈ ਸਰਕਾਰ ਅਧਿਐਨ ਕਰਵਾ ਰਹੀ ਹੈ।

### ਪੂਰਨ ਪਾਬੰਦੀ ਕਿਉਂ ਨਹੀਂ ?

ਹਾਲਾਂਕਿ ਪੰਜਾਬ ਸਰਕਾਰ ਨੇ ਸਕੂਲਾਂ ਅਤੇ ਉਨ੍ਹਾਂ ਦੇ ਆਸ-ਪਾਸ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਗਾਈ ਹੈ, ਪਰ ਸੂਬੇ ਭਰ ਵਿੱਚ ਪੂਰਨ ਪਾਬੰਦੀ ਅਜੇ ਲਾਗੂ ਨਹੀਂ ਕੀਤੀ ਗਈ।

ਇਸ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ: ਕਾਨੂੰਨੀ ਅਤੇ ਵਪਾਰਕ ਦਬਾਅ: ਐਨਰਜੀ ਡਰਿੰਕਸ ਦਾ ਬਜ਼ਾਰ ਭਾਰਤ ਵਿੱਚ 2024 ਵਿੱਚ 0.74 ਬਿਲੀਅਨ ਡਾਲਰ ਦਾ ਸੀ ਅਤੇ 2030 ਤੱਕ ਇਸ ਦੇ 1.01 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ। ਇਸ ਉਦਯੋਗ ਦੀ ਵੱਡੀ ਵਿੱਤੀ ਤਾਕਤ ਅਤੇ ਵਪਾਰਕ ਹਿੱਤ ਸੂਬਾਈ ਸਰਕਾਰਾਂ ’ਤੇ ਦਬਾਅ ਪਾ ਸਕਦੇ ਹਨ।

ਅੰਤਰਰਾਸ਼ਟਰੀ ਤਜ਼ਰਬਿਆਂ ਅਨੁਸਾਰ, ਕਈ ਦੇਸ਼ਾਂ ਵਿੱਚ ਪਾਬੰਦੀਆਂ ਨੂੰ ਉਦਯੋਗਕ ਵਿਰੋਧ ਅਤੇ ਜਨਤਕ ਅਸਹਿਮਤੀ ਦਾ ਸਾਹਮਣਾ ਕਰਨਾ ਪਿਆ। ਉਦਾਹਰਣ ਵਜੋਂ, ਨਿਊਯਾਰਕ ਸਿਟੀ ਦੀ 2012 ਦੀ ਪਾਬੰਦੀ 2014 ਵਿੱਚ ਅਦਾਲਤ ਨੇ ਰੱਦ ਕਰ ਦਿੱਤੀ ਸੀ।ਵਿਕਲਪਕ ਨੀਤੀਆਂ: ਸਰਕਾਰ ਸਿੱਧੀ ਪਾਬੰਦੀ ਦੀ ਬਜਾਏ ਜਾਗਰੂਕਤਾ ਮੁਹਿੰਮਾਂ, ਸਿਹਤਮੰਦ ਵਿਕਲਪਾਂ (ਜਿਵੇਂ ਲੱਸੀ, ਨਿੰਬੂ ਪਾਣੀ) ਅਤੇ ਸਖਤ ਲੇਬਲਿੰਗ ਨਿਯਮਾਂ ’ਤੇ ਜ਼ੋਰ ਦੇ ਰਹੀ ਹੈ।

> ਪੰਜਾਬ ਸਰਕਾਰ ਦਾ ਸਕੂਲਾਂ ਵਿੱਚ ਐਨਰਜੀ ਡਰਿੰਕਸ ’ਤੇ ਪਾਬੰਦੀ ਲਗਾਉਣ ਦਾ ਕਦਮ ਸੁਆਗਤਯੋਗ ਹੈ, ਪਰ ਇਸ ਦੀ ਸਫਲਤਾ ਸਮਾਜਿਕ ਅਤੇ ਸਰਕਾਰੀ ਸਹਿਯੋਗ ’ਤੇ ਨਿਰਭਰ ਕਰਦੀ ਹੈ। ਅੰਤਰਰਾਸ਼ਟਰੀ ਮਾਹਿਰਾਂ ਅਤੇ ਰਿਪੋਰਟਾਂ ਤੋਂ ਸਪਸ਼ਟ ਹੈ ਕਿ ਐਨਰਜੀ ਡਰਿੰਕਸ ਦਾ ਸੇਵਨ ਬੱਚਿਆਂ ਅਤੇ ਨੌਜਵਾਨਾਂ ਦੀ ਸਿਹਤ ਲਈ ਖਤਰਨਾਕ ਹੈ। ਸਕੂਲਾਂ ਵਿੱਚ ਪਾਬੰਦੀ ਇੱਕ ਮਹੱਤਵਪੂਰਨ ਸ਼ੁਰੂਆਤ ਹੈ, ਪਰ ਪੂਰਨ ਪਾਬੰਦੀ ਦੀ ਘਾਟ ਅਤੇ ਉਦਯੋਗਕ ਦਬਾਅ ਚੁਣੌਤੀਆਂ ਪੈਦਾ ਕਰ ਸਕਦੇ ਹਨ। ਸਮਾਜਿਕ ਪੱਧਰ ’ਤੇ, ਮਾਪਿਆਂ, ਅਧਿਆਪਕਾਂ ਅਤੇ ਮੀਡੀਆ ਨੂੰ ਜਾਗਰੂਕਤਾ ਮੁਹਿੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ। ਸਿਹਤਮੰਦ ਵਿਕਲਪਾਂ ਜਿਵੇਂ ਕਸਰਤ, ਗਤਕਾ, ਖੇਡਾਂ ਅਤੇ ਪੌਸ਼ਟਿਕ ਭੋਜਨ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਮੀਡੀਆ ਅਤੇ ਵਿਗਿਆਪਨ ਉਦਯੋਗ ਨੂੰ ਵੀ ਨੈਤਿਕ ਜ਼ਿੰਮੇਵਾਰੀ ਨਿਭਾਉਂਦਿਆਂ ਐਨਰਜੀ ਡਰਿੰਕਸ ਨੂੰ “ਕੂਲ” ਜਾਂ “ਰੌਮਾਂਚਕ” ਦਿਖਾਉਣ ਦੀ ਬਜਾਏ ਉਨ੍ਹਾਂ ਦੇ ਸਿਹਤ ਜੋਖਮਾਂ ਨੂੰ ਉਜਾਗਰ ਕਰਨਾ ਚਾਹੀਦਾ। ਅੰਤ ਵਿੱਚ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਨਸ਼ਾ ਮੁਕਤ ਸੂਬੇ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਪਰ ਅਸਲ ਤਬਦੀਲੀ ਤਦੋਂ ਆਵੇਗੀ ਜਦੋਂ ਸਮਾਜ ਦਾ ਹਰ ਵਰਗ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਸ਼ਾਮਲ ਹੋਵੇਗਾ।

### ਸਿਹਤ ਲਈ ਖਤਰੇ ਐਨਰਜੀ ਡਰਿੰਕਸ ਦੇ

ਐਨਰਜੀ ਡਰਿੰਕਸ ਵਿੱਚ ਉੱਚ ਮਾਤਰਾ ਵਿੱਚ ਕੈਫੀਨ (80-160 ਮਿਲੀਗ੍ਰਾਮ ਪ੍ਰਤੀ 250-500 ਮਿਲੀਲੀਟਰ), ਸ਼ੂਗਰ, ਅਤੇ ਹੋਰ ਸਟਿਮੁਲੈਂਟਸ ਜਿਵੇਂ ਗੁਆਰਾਨਾ, ਟੌਰੀਨ ਅਤੇ ਜਿੰਸੈਂਗ ਹੁੰਦੇ ਹਨ। ਸਿਹਤ ਮਾਹਿਰਾਂ ਅਨੁਸਾਰ, ਇਹ ਬੱਚਿਆਂ ਅਤੇ ਨੌਜਵਾਨਾਂ ਵਿੱਚ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:ਦਿਲ ਦੀਆਂ ਸਮੱਸਿਆਵਾਂ, ਮਾਨਸਿਕ ਸਿਹਤ : ਬੇਚੈਨੀ, ਚਿੰਤਾ, ਅਨੀਂਦਰਾ, ਅਤੇ ਅਜਿਹੇ ਪਦਾਰਥਾਂ ਦੀ ਲਤ। ਡੀਹਾਈਡ੍ਰੇਸ਼ਨ, ਲਿਵਰ ਅਤੇ ਕਿਡਨੀ ਨੁਕਸਾਨ, ਅਤੇ ਪਾਚਨ ਸੰਬੰਧੀ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ। ਧਿਆਨ ਦੀ ਕਮੀ ਅਤੇ ਸਹੀ ਫੈਸਲੇ ਲੈਣ ਦੀ ਸਮਰੱਥਾ ’ਤੇ ਮਾੜਾ ਅਸਰ ਪੈਂਦਾ ਹੈ। ਪੰਜਾਬ ਸਰਕਾਰ ਦੇ ਅਨੁਸਾਰ, ਇਹ ਡਰਿੰਕਸ ਨੌਜਵਾਨਾਂ ਨੂੰ ਨਸ਼ਿਆਂ ਵੱਲ ਲੈ ਜਾਣ ਵਾਲੀ ਪਹਿਲੀ ਸੀੜ੍ਹੀ ਵਜੋਂ ਕੰਮ ਕਰ ਸਕਦੇ ਹਨ।

## ਅੰਤਰਰਾਸ਼ਟਰੀ ਸਿਹਤ ਮਾਹਿਰਾਂ ਦੀ ਰਾਇ

ਅੰਤਰਰਾਸ਼ਟਰੀ ਸਿਹਤ ਮਾਹਿਰ ਐਨਰਜੀ ਡਰਿੰਕਸ ਨੂੰ ਬੱਚਿਆਂ ਲਈ ਖਤਰਨਾਕ ਮੰਨਦੇ ਹਨ। ਵਿਸ਼ਵ ਸਿਹਤ ਸੰਗਠਨ (ੂੰ) ਨੇ ਸੁਝਾਅ ਦਿੱਤਾ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਹ ਡਰਿੰਕਸ ਨਹੀਂ ਪੀਣੇ ਚਾਹੀਦੇ, ਕਿਉਂਕਿ ਇਹ ਮੋਟਾਪਾ, ਸ਼ੂਗਰ, ਦਿਲ ਦੀਆਂ ਬਿਮਾਰੀਆਂ ਅਤੇ ਦੰਦਾਂ ਦੀ ਸੜਨ ਦਾ ਕਾਰਨ ਬਣ ਸਕਦੇ ਹਨ।

ਡਾ. ਜੋਸੀਮਰ ਮੈਟੀ, ਹਾਰਵਰਡ ਸਕੂਲ ਆਫ ਪਬਲਿਕ ਹੈਲਥ ਅਨੁਸਾਰ “ਐਨਰਜੀ ਡਰਿੰਕਸ ਉੱਚ ਬਲੱਡ ਪ੍ਰੈਸ਼ਰ, ਦਿਲ ਦੀਆਂ ਸਮੱਸਿਆਵਾਂ, ਮੋਟਾਪਾ ਅਤੇ ਕਿਡਨੀ ਨੁਕਸਾਨ ਦਾ ਕਾਰਨ ਬਣ ਸਕਦੇ ਹਨ। ਇਹ ਬੱਚਿਆਂ ਵਿੱਚ ਖਤਰਨਾਕ ਵਿਵਹਾਰ ਜਿਵੇਂ ਅਲਕੋਹਲ ਅਤੇ ਨਸ਼ਿਆਂ ਦੀ ਵਰਤੋਂ ਨੂੰ ਵੀ ਵਧਾਉਂਦੇ ਹਨ।”

“ਕੈਨੇਡੀਅਨ ਪੀਡੀਐਟ੍ਰਿਕ ਸੁਸਾਇਟੀ ਅਨੁਸਾਰ “18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਾਰੇ ਸਪੋਰਟਸ ਅਤੇ ਐਨਰਜੀ ਡਰਿੰਕਸ ਤੋਂ ਪਰਹੇਜ਼ ਕਰਨਾ ਚਾਹੀਦਾ, ਕਿਉਂਕਿ ਇਨ੍ਹਾਂ ਵਿੱਚ ਕੈਫੀਨ ਅਤੇ ਸ਼ੂਗਰ ਦੀ ਮਾਤਰਾ ਸਿਹਤ ਲਈ ਨੁਕਸਾਨਦੇਹ ਹੈ।”

ਡੇਲੀ ਰਿਕਾਰਡ (2017) : ਹਾਰਵਰਡ ਦੇ ਮਾਹਿਰਾਂ ਦੇ ਹਵਾਲੇ ਨਾਲ ਰਿਪੋਰਟ ਕੀਤਾ ਕਿ ਐਨਰਜੀ ਡਰਿੰਕਸ ਵਿੱਚ 100 ਮਿਲੀਗ੍ਰਾਮ ਪ੍ਰਤੀ ਔਂਸ ਕੈਫੀਨ ਹੋ ਸਕਦਾ ਹੈ, ਜੋ ਕੌਫੀ ਨਾਲੋਂ ਅੱਠ ਗੁਣਾ ਜ਼ਿਆਦਾ ਹੈ। ਇਹ ਬੱਚਿਆਂ ਵਿੱਚ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਦਾ ਕਾਰਨ ਬਣਦਾ ਹੈ।

ਗਲੋਬਲ ਨਿਊਜ਼, ਕੈਨੇਡਾ (2018) ਨੇ ਵਿਸ਼ਵਸਿਹਤ ਸੰਗਠਨ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਐਨਰਜੀ ਡਰਿੰਕਸ ਦੇ ਸੇਵਨ ਨਾਲ ਮੋਟਾਪਾ, ਕੈਫੀਨ ਨਸ਼ਾ, ਦਿਲ ਦੀ ਧੜਕਣ ਵਧਣਾ, ਅਤੇ ਅਮਰੀਕਾ, ਸਵੀਡਨ ਅਤੇ ਆਸਟ੍ਰੇਲੀਆ ਵਿੱਚ ਮੌਤ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ।

ਬੀਐਮਸੀ ਪਬਲਿਕ ਹੈਲਥ (2024) : ਇੱਕ ਸਕੋਪਿੰਗ ਰਿਵਿਊ ਵਿੱਚ ਦੱਸਿਆ ਗਿਆ ਕਿ 73 ਦੇਸ਼ਾਂ ਨੇ ਐਨਰਜੀ ਡਰਿੰਕਸ ’ਤੇ ਟੈਕਸ, ਵਿਕਰੀ ਪਾਬੰਦੀਆਂ, ਅਤੇ ਮਾਰਕੀਟਿੰਗ ਪ੍ਰਤੀਬੰਧ ਵਰਗੀਆਂ ਨੀਤੀਆਂ ਲਾਗੂ ਕੀਤੀਆਂ ਹਨ। ਉੱਤਰੀ ਅਮਰੀਕਾ, ਯੂਰਪ, ਅਤੇ ਪਰਸੀਅਨ ਗਲਫ ਦੇਸ਼ ਇਸ ਵਿੱਚ ਅੱਗੇ ਹਨ, ਪਰ ਏਸ਼ੀਆ ਅਤੇ ਅਫਰੀਕਾ ਵਿੱਚ ਅਜਿਹੀਆਂ ਨੀਤੀਆਂ ਦੀ ਕਮੀ ਹੈ।

# ਸੰਸਾਰ ਦੇ ਸਮੁੱਚੇ ਧਰਮਾਂ ਦੀ ਸਤਿਕਾਰੀ ਸ਼ਖ਼ਸੀਅਤ – ਸੰਤ ਤੇਜਾ ਸਿੰਘ ਮਸਤੂਆਣਾ

## 13 ਮਈ ਨੂੰ ਜਨਮ ਦਿਨ 'ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ

ਸੰਸਾਰ ਭਰ ਦੇ ਸਾਰੇ ਧਰਮਾਂ ਦੀ ਸਤਿਕਾਰੀ ਉਘੀ ਸ਼ਖ਼ਸੀਅਤ ਸਨ – ਸੰਤ ਤੇਜਾ ਸਿੰਘ ਮਸਤੂਆਣਾ। ਸੰਤ ਬਾਬਾ ਅਤਰ ਸਿੰਘ ਮਸਤੂਆਣਾ ਨੇ 20ਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਵਿੱਚ ਜਦੋਂ ਇਸ ਗੱਲ ਨੂੰ ਭਲੀ ਭਾਂਤ ਅਨੁਭਵ ਕੀਤਾ, ਉਸ ਸਮੇਂ ਅੰਗ੍ਰੇਜ਼ ਹਕੂਮਤ ਦਾ ਡੰਕਾ ਪੂਰੀ ਦੁਨੀਆਂ ਵਿੱਚ ਵੱਜਦਾ ਸੀ। ਗੁਰੂ ਨਾਨਕ ਸਾਹਿਬ ਦੇ ਮਾਨਵਤਾ ਦੇ ਭਲੇ ਦੇ ਸੁਨੇਹੇ ਨੂੰ ਸੰਸਾਰ ਦੇ ਦੂਜੇ ਦੇਸ਼ਾਂ ਵਿੱਚ ਕਿਵੇਂ ਪਹੁੰਚਾਇਆ ਜਾਵੇ ਤਾਂ ਉਨ੍ਹਾਂ ਉਚੇਰੇ ਤੌਰ 'ਤੇ ਦੁਨਿਆਵੀਂ ਵਿਦਿਆ ਦੀ ਪ੍ਰਾਪਤੀ ਲਈ ਉਸ ਸਮੇਂ ਦੇ ਵਿਕਸਤ ਦੇਸ਼ਾਂ ਵਿੱਚ ਸੰਤ ਤੇਜਾ ਸਿੰਘ ਨੂੰ ਭੇਜਣ ਦਾ ਵੱਡਾ ਉਪਰਾਲਾ ਕੀਤਾ। ਸੰਤ ਤੇਜਾ ਸਿੰਘ ਦਾ ਸਮੁੱਚਾ ਜੀਵਨ ਇਕ ਵਿਦਵਾਨ ਪ੍ਰਚਾਰਕ ਤੋਂ ਇਲਾਵਾ ਬੰਦਗੀ, ਨਿਰਮਾਣਤਾ, ਸਾਦਗੀ, ਵਿਦਿਆਦਾਨੀ ਅਤੇ ਸਿੱਖਿਆ ਸ਼ਾਸਤਰੀ ਆਦਿ ਗੁਣਾਂ ਦਾ ਬਹੁ–ਰੰਗਾਂ ਗੁਲਦਸਤਾ ਸੀ। ਸੰਸਾਰ ਦੇ ਧਰਮੀ ਲੋਕਾਂ ਵਿੱਚ ਆਪ ਰੌਸ਼ਨ ਮੀਨਾਰ ਵਜੋਂ ਜਾਣੇ ਜਾਂਦੇ ਸਨ। ਇਨ੍ਹਾਂ ਦਾ ਜਨਮ ਪੱਛਮੀ ਪੰਜਾਬ (ਪਾਕਿਸਤਾਨ) ਦੇ ਗੁਜਰਾਂਵਾਲਾ ਦੇ ਪਿੰਡ ਬਲੋਵਾਲੀ ਵਿੱਚ ਸ. ਰੁਲੀਆ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਦੀ ਕੁੱਖ ਤੋਂ ਹੋਇਆ। ਸੰਤ ਤੇਜਾ ਸਿੰਘ ਦਾ ਬਚਪਨ ਦਾ ਨਾਂਅ ਨਿਰੰਜਨ ਸਿੰਘ ਸੀ। 20 ਵਰ੍ਹੇ ਦੀ ਭਰ ਜਵਾਨੀ ਦੀ ਉਮਰ ਵਿੱਚ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਪਾਸੋਂ ਖੰਡੇ ਬਾਟੇ ਦੀ ਦਾਤ ਪ੍ਰਾਪਤ ਕਰਕੇ ਤੇਜਾ ਸਿੰਘ ਦਾ ਨਾਂਅ ਪ੍ਰਾਪਤ ਕੀਤਾ। ਆਪਣੇ ਪਿੰਡ ਦੇ ਨੇੜਲੇ ਪਿੰਡ ਫ਼ਾਜ਼ਲਾ ਤੋਂ ਸਕੂਲੀ ਵਿਦਿਆ ਹਾਸਲ ਕੀਤੀ। ਪਿੱਛੋਂ ਲਾਹੌਰ ਗੌਰਮਿੰਟ ਕਾਲਜ ਤੋਂ ਗ੍ਰੈਜੂਏਸ਼ਨ ਅਤੇ ਇਥੋਂ ਹੀ ਐਮ.ਏ. (ਅੰਗ੍ਰੇਜ਼ੀ) ਦੀ ਮਾਸਟਰ ਡਿਗਰੀ ਪ੍ਰਾਪਤ ਕੀਤੀ। ਇਥੋਂ ਹੀ ਲਾਅ ਦੀ ਡਿਗਰੀ ਵੀ ਪ੍ਰਾਪਤ ਕੀਤੀ।

ਹੁਣ ਜਦੋਂ ਕਾਲਜ ਦੀ ਸਿੱਖਿਆ ਪੂਰੀ ਹੋ ਚੁੱਕੀ ਸੀ ਤਾਂ ਆਪ ਪਿੰਡ ਭੇਰਾ ਦੇ ਐਂਗਲੋ ਸੰਸਕ੍ਰਿਤ ਹਾਈ ਸਕੂਲ ਦੇ ਪ੍ਰਿੰਸੀਪਲ ਨਿਯੁਕਤ ਹੋਏ। ਇਸ ਸਕੂਲ ਵਿੱਚ ਥੋੜ੍ਹਾ ਸਮਾਂ ਸੇਵਾਵਾਂ ਨਿਭਾਉਣ ਤੋਂ ਛੇਤੀ ਪਿੱਛੋਂ ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਾਈਸ–ਪ੍ਰਿੰਸੀਪਲ ਬਣ ਗਏ। ਹੁਣ 1906 ਈ: ਵਿੱਚ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਦੀ ਦੂਰ–ਦ੍ਰਿਸ਼ਟੀ ਨਾਲ ਖੰਡੇ–ਬਾਟੇ ਦੀ ਪਾਹੁਲ ਪ੍ਰਾਪਤ ਕਰਨ ਤੋਂ ਬਾਅਦ ਇਨ੍ਹਾਂ ਸਮੇਤ ਚਾਰ ਹੋਰ ਨੌਜਵਾਨਾਂ ਨੂੰ ਉਚੇਰੀ ਵਿਦਿਆ ਲਈ ਵਿਦੇਸ਼ ਭੇਜਿਆ। ਇਨ੍ਹਾਂ ਸਭ ਤੋਂ ਪਹਿਲਾਂ ਯੂਨੀਵਰਸਿਟੀ ਕਾਲਜ ਲੰਡਨ (ਇੰਗਲੈਂਡ) ਵਿਖੇ ਦਾਖਲਾ ਪ੍ਰਾਪਤ ਕੀਤਾ। ਇਸ ਤੋਂ ਬਾਅਦ ਬਹੁਤ ਛੇਤੀ ਪੜ੍ਹਾਈ ਵਿੱਚਕਾਰ ਛੱਡ ਕੇ ਟੀਚਰਜ ਕਾਲਜ ਕੋਲੰਬੀਆ ਯੂਨੀਵਰਸਿਟੀ ਅਮਰੀਕਾ ਵਿਖੇ ਜਾ ਦਾਖਲ ਹੋਏ। ਇਥੇ ਪੜ੍ਹਦਿਆਂ ਆਪ ਨੇ ਹਾਵਰਡ ਯੂਨੀਵਰਸਿਟੀ ਵਿਖੇ ਮਾਈਗ੍ਰੇਸ਼ਨ ਕਰਵਾ ਲਈ।

1911 ਈ: ਵਿੱਚ ਪੜ੍ਹਾਈ ਤੋਂ ਵਿਹਲੇ ਹੋ ਕੇ ਅਮਰੀਕਾ, ਕਨੇਡਾ ਵਰਗੇ ਦੇਸ਼ਾਂ ਵਿੱਚ ਸਿੱਖ ਧਰਮ ਬਾਰੇ ਦੁਨੀਆਂ ਦੇ ਦੂਜੇ ਧਰਮਾਂ ਦੇ ਮੁਖੀਆਂ ਦੇ ਸਨਮੁੱਖ ਵਿਸ਼ੇਸ਼ ਵਿਖਿਆਨ ਦਿੱਤੇ। ਦੂਜੀਆਂ ਕੌਮਾਂ ਨੂੰ ਸਿੱਖ ਧਰਮ ਦੀ ਵਿਲੱਖਣਤਾ, ਸਿਧਾਂਤਾਂ, ਸਿੱਖ ਇਤਿਹਾਸ ਅਤੇ ਗੁਰਬਾਣੀ ਸਬੰਧੀ ਵਿਦਵਤਾ ਭਰਪੂਰ ਸਿਧਾਂਤਕ ਵਿਚਾਰ ਦੇ ਕੇ ਪ੍ਰਭਾਵਿਤ ਕੀਤਾ। ਲੰਡਨ ਵਿਖੇ ਪਹਿਲਾਂ ਗੁਰੂ ਘਰ ਸ਼ੈਫਰਡ–ਬੁੱਸ਼ ਅਤੇ ਕਨੇਡਾ ਵਿਖੇ ਖ਼ਾਲਸਾ ਦੀਵਾਨ ਸੁਸਾਇਟੀ ਬਣਾ ਕੇ ਸਿੱਖ ਧਰਮ ਦੇ ਪ੍ਰਚਾਰ ਦਾ ਅਗਾਜ਼ ਕੀਤਾ। ਹੁਣ ਅੰਗ੍ਰੇਜ਼ ਹਕੂਮਤ ਜੋ ਸਿੱਖਾਂ ਨੂੰ ਕੇਵਲ ਜੁਝਾਰੂ ਹੀ



ਸਮਝਦੀ ਸੀ, ਉਨ੍ਹਾਂ ਜਾਣ ਲਿਆ ਸਿੱਖ ਦੁਨੀਆਂ ਦੇ ਇਤਿਹਾਸ ਵਿੱਚ ਇਕ ਵੱਖਰੀ ਪਹਿਚਾਣ ਬਣਾ ਕੇ ਆਪਣੀ ਵਿਲੱਖਣਤਾ ਦੇ ਡੰਡੇ ਵੀ ਗੱਡਣ ਦੇ ਸਮਰੱਥ ਹਨ। ਇਸ ਤੋਂ ਪਿੱਛੋਂ ਮਸਤੂਆਣਾ ਆ ਕੇ ਮੁੜ ਧਾਰਮਿਕ ਸੇਵਾਵਾਂ ਵਿੱਚ ਜੁੱਟ ਗਏ। ਥੋੜ੍ਹਾ ਸਮਾਂ ਭਦੌੜ ਦੇ ਲੜਕੀਆਂ ਦੇ ਕਾਲਜ ਵਿੱਚ ਵੀ ਡਿਊਟੀ ਨਿਭਾਈ। 1920 ਈ: ਵਿੱਚ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਟੀਚਰਜ਼ ਕਾਲਜ ਦੇ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ। ਇਸ ਤੋਂ ਇਕ ਸਾਲ ਬਾਅਦ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਦੇ ਹੁਕਮ ਮੁਤਾਬਿਕ ਮਸਤੂਆਣਾ ਵਿਖੇ ਅਕਾਲ ਡਿਗਰੀ ਕਾਲਜ ਦੀ ਸਥਾਪਨਾ ਕੀਤੀ।

ਵਿਦਵਾਨ ਹਸਤੀ ਸੰਤ ਤੇਜਾ ਸਿੰਘ ਮਸਤੂਆਣਾ ਦਾ ਜੀਵਨ ਸੇਵਾ, ਸਿਮਰਨ, ਤਪ–ਤਿਆਗ ਅਤੇ ਸਿੱਖ ਮਿਸ਼ਨਰੀ ਦਾ ਇਕ ਉੱਤਮ ਨਮੂਨਾ ਸੀ। ਉਨ੍ਹਾਂ ਨੇ ਜੀਵਨ ਵਿੱਚ ਵਿਸ਼ਵ ਪੱਧਰ ਦੀਆਂ ਕਾਨਫਰੰਸਾਂ, ਸੈਮੀਨਾਰਾਂ ਅਤੇ ਗੋਸ਼ਟੀਆਂ ਵਿੱਚ ਜਾ ਕੇ ਸਿੱਖਾਂ ਦੀ ਵਿਦਵਤਾ ਅਤੇ ਸਵੈ–ਪਹਿਚਾਣ ਦਾ ਪ੍ਰਗਟਾਵਾ ਕੀਤਾ। ਦੂਜੇ ਧਰਮਾਂ ਦੇ ਲੋਕਾਂ ਨੇ ਸਿੱਖ ਧਰਮ ਮਾਨਵਤਾ ਦੀ ਸੇਵਾ ਦੇ ਸਿਧਾਂਤ, ਸਿੱਖਾਂ ਦੇ ਇਤਿਹਾਸ ਨੂੰ ਜਾਨਣ ਦੀ ਉਤਸੁਕਤਾ ਤੇ ਜਗਿਆਸਾ ਲਈ ਭਰਪੂਰ ਹੁੰਗਾਰਾ ਦਿੱਤਾ। ਜਿਸ ਸਦਕਾ ਅੱਜ ਸਿੱਖ ਧਰਮ ਸਰਬ–ਵਿਆਪੀ ਪਹਿਚਾਣ ਬਣਾ ਚੁੱਕਾ ਹੈ।

ਸੰਤ ਬਾਬਾ ਤੇਜਾ ਸਿੰਘ ਮਸਤੂਆਣਾ ਨੇ ਇਕ ਵਡੇਰਾ ਕਾਰਜ ਕਰਦਿਆਂ ਜੀਵਨ ਕਥਾ ਗੁਰਮੁੱਖ ਪਿਆਰੇ ਸੰਤ ਅਤਰ ਸਿੰਘ ਮਸਤੂਆਣਾ ਪੁਸਤਕ ਰੂਪ ਵਿੱਚ ਪਾਠਕਾਂ ਨੂੰ ਭੇਟ ਕੀਤੀ। ਇਹ ਪੁਸਤਕ ਇਨ੍ਹਾਂ ਦੇ ਅਕਾਲ ਚਲਾਣੇ ਦੇ ਪਿੱਛੋਂ ਭਾਵ 1970 ਤੋਂ ਬਾਅਦ ਪ੍ਰਕਾਸ਼ਿਤ ਕੀਤੀ ਗਈ। ਸੰਤ ਬਾਬਾ ਤੇਜਾ ਸਿੰਘ ਮਸਤੂਆਣਾ 5 ਜੁਲਾਈ, 1965 ਈ: ਨੂੰ ਪਿੰਡ ਚੀਮਾ ਵਿਖੇ ਗੁਰਪੁਰੀ ਪਿਆਨਾ ਕਰ ਗਏ। ਸਿੱਖ ਕੌਮ ਨੂੰ ਸੰਸਾਰ ਦੀਆਂ ਦੂਜੀਆਂ ਕੌਮਾਂ ਦੇ ਹਾਣ ਦਾ ਬਣਾਉਣ ਲਈ ਮੁੱਢਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਦਾ ਟੀਚਾ ਮਿੱਥ ਕੇ ਆਪਣਾ ਸਮੁੱਚਾ ਜੀਵਨ ਸਫਤ ਤਹਿ ਕੀਤਾ। ਸੰਤ ਬਾਬਾ ਤੇਜਾ ਸਿੰਘ ਮਸਤੂਆਣਾ ਦੇ ਕਦਮ ਚਿੰਨ੍ਹਾਂ 'ਤੇ ਚੱਲਦਿਆਂ ਸਿੱਖਿਆ ਦੇ ਖੇਤਰ ਵਿੱਚ ਮੂਹਰੀ ਦਰਜਾ ਪ੍ਰਾਪਤ ਕਰਨ ਲਈ ਸਚਖੰਡ ਵਾਸੀ ਸੰਤ ਇਕਬਾਲ ਸਿੰਘ ਬੜੂ ਸਾਹਿਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਚਖੰਡ ਵਾਸੀ ਗੁਰਮੁਖ ਪਿਆਰੇ ਡਾ: ਖੇਮ ਸਿੰਘ ਗਿੱਲ ਵੀ ਆਪਣਾ ਜੀਵਨ ਲੇਖੇ ਲਾ ਚੁੱਕੇ ਹਨ। ਅੱਜ ਤੋਂ ਇਸੇ ਮੰਜ਼ਿਲ ਨੂੰ ਸਰ ਕਰਨ ਲਈ ਦੇਸ਼ ਭਰ ਵਿੱਚ ਚੱਲ ਰਹੀਆਂ ਅਕਾਲ ਅਕਾਡਮੀਆਂ ਅਤੇ ਉਚੇਰੀ ਸਿੱਖਿਆ ਲਈ ਦੋ ਯੂਨੀਵਰਸਿਟੀਆਂ ਟਰੱਸਟ ਦੀ ਅਗਵਾਈ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਇਸ ਮਹਾਨ ਹਸਤੀ ਨੂੰ ਸਾਡਾ ਪ੍ਰਣਾਮ

Email : bhagwansinghjohal@gmail.com

# ਮੁੱਖ ਮੰਤਰੀ ਅਤੇ ਪੰਜਾਬ ਸਰਕਾਰ ਦਾ ਦਰਿਆਈ ਪਾਣੀ ਦੇ ਮੁੱਦੇ 'ਤੇ ਦ੍ਰਿੜ ਸਟੈਂਡ ਸ਼ਲਾਘਾਯੋਗ – ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ.

ਲੰਡਨ – ਆਪਣੇ ਹਿੱਸੇ ਤੋਂ ਵੱਧ ਪਾਣੀ ਲੈਂਦੇ ਹੋਣ ਦੇ ਬਾਵਜੂਦ ਧੱਕੇ ਨਾਲ ਪੰਜਾਬ ਦਾ ਹੀ ਹੋਰ ਪਾਣੀ ਲੈਣ ਲਈ ਬਜਿੱਦ ਹਰਿਆਣਾ ਸਰਕਾਰ ਨੂੰ ਹਰ ਪੱਖ ਤੋਂ ਨਿਰਉੱਤਰ ਕਰਦੇ ਆ ਰਹੇ ਸ਼੍ਰੀ ਕ੍ਰਿਸ਼ਨ ਕੁਮਾਰ, ਸ: ਅਕਾਸ਼ਦੀਪ ਸਿੰਘ, ਮਿ: ਅਮਿਤ ਸਹੋਤਾ ਅਤੇ ਸ: ਚਰਨਪ੍ਰੀਤ ਸਿੰਘ ਸਹੋਤਾ ਪੰਜਾਬ ਦੇ ਨਾਇਕਾਂ ਵਜੋਂ ਡਟੇ ਹੋਏ ਹਨ। ਮੁੱਖ ਮੰਤਰੀ ਪੰਜਾਬ ਅਤੇ ਸਰਕਾਰ ਦਾ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਦ੍ਰਿੜ ਸਟੈਂਡ ਸ਼ਲਾਘਾਯੋਗ ਹੈ ਬੱਸ ਇਹੀ ਅਰਦਾਸ ਹੈ ਕਿ ਹਰ ਵਾਰ ਦੀ ਤਰ੍ਹਾਂ ਕਿਤੇ ਯੂ ਟਰਨ ਨਾਂ ਮਾਰ ਜਾਣ।

ਕਾਂਗਰਸ, ਰਵਾਇਤੀ ਕਾਲੀ ਦਲ ਅਤੇ ਉਸਦੀ ਭਾਈਵਾਲੀ ਨਾਲ ਪੰਜਾਬ ਦੀ ਸੱਤਾ ਸੁੱਖ ਹੰਢਾਉਂਦੀ ਆ ਰਹੀ ਬੀ. ਜੇ. ਪੀ.






(ਜਨਸੰਘ) ਦੇ ਨੁਮਾਇੰਦੇ ਸਰਬਪਾਰਟੀ ਮੀਟਿੰਗ ਵਿੱਚ ਬੁਲਾਏ ਗਏ ਪਰ ਸੁਖਬੀਰ ਬਾਦਲ, ਰਾਜਾ ਵੜਿੰਗ ਕ੍ਰਮਵਾਰ ਪ੍ਰਧਾਨ ਅਤੇ ਪ੍ਰਤਾਪ ਸਿੰਘ ਬਾਜਵਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹੋਣ ਦੇ ਬਾਵਜੂਦ ਗੈਰਹਾਜ਼ਰ ਰਹੇ, ਤੇ ਜਿਹੜੇ ਗਏ ਵੀ ਖਾਨਾਪੂਰਤੀ ਕਰਦੇ ਲੱਗਦੇ ਹਨ, ਜਾਪਦਾ ਹੈ ਕਿ ਉਨ੍ਹਾ ਦੀਆਂ ਆਤਮਾਵਾਂ ਉੱਪਰ ਉਨ੍ਹਾ ਦੀਆਂ ਪਾਰਟੀਆਂ ਦੀਆਂ ਕਾਰਗੁਜ਼ਾਰੀਆਂ ਦਾ ਬੋਝ ਹੈ। ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰਪਾਲ ਸਿੰਘ ਮੰਗੂਵਾਲ, ਆਰਗੇਨਾਈਜਰ ਪਰੀਤਕਮਲ ਸਿੰਘ ਸਮੇਤ ਸਮੂਹ ਅਹੁੱਦੇਦਾਰਾਂ ਅਤੇ ਮੈਂਬਰਾਂ ਨੇ ਅੱਗੇ ਕਿਹਾ ਕਿ ਜੇ ਮੁੱਖ ਮੰਤਰੀ ਅਤੇ ਪੰਜਾਬ ਸਰਕਾਰ ਸੱਚਮੁੱਚ ਪੰਜਾਬ ਪ੍ਰਤੀ ਸੁਹਿਰਦ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਲ ਖਾਲਸਾ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਦੇ ਨੁਮਾਇੰਦਿਆਂ ਨੂੰ ਸਰਬਪਾਰਟੀ ਮੀਟਿੰਗਾਂ ਵਿੱਚ ਸ਼ਾਮਲ ਕਰਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕਰਵਾਉਣ ਵਿੱਚ ਆਪਣਾ ਬਣਦਾ ਯੋਗਦਾਨ ਨਿਭਾਉਣ। ਸੁਹਿਰਦ ਮਹੌਲ ਦੀ ਸਿਰਜ ਕੇ ਹੀ ਸਹੀ ਅਰਥਾਂ ਵਿੱਚ ਹੱਕ, ਸੱਚ ਅਤੇ ਇਨਸਾਫ ਦੀ ਲਈ ਕੀਤੇ ਜਾਂਦੇ ਸੰਘਰਸ਼ਾਂ ਵਿੱਚ ਜਿੱਤ ਦੀ ਉਮੀਦ ਕੀਤੀ ਜਾ ਸਕਦੀ ਹੈ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**608 ਗਾਵਿਆ/ਸੁਣਿਆ ਕਿਸਦਾ ਕਬੂਲ ਹੁੰਦਾ ਹੈ?**

ਪ੍ਰਭੂ ਗਾਵਿਆ ਸੁਣਿਆ ਉਹਨਾਂ ਦਾ ਕਬੂਲ ਕਰਦਾ ਹੈ ਜਿਨਾਂ ਨੇ ਸਤਿਗੁਰੂ ਦਾ ਹੁਕਮ ਸਤਿ ਸਤਿ ਕਰਕੇ ਮੰਨਿਆ । “ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥1॥ ਅੰਗ 669” । ਜਿਸਨੂੰ ਸਤਿਗੁਰੂ ਤੇ ਭਰੋਸਾ ਹੋਵੇ ਉਸਦਾ ਗਾਇਆ ਕਬੂ.ਲ ਹੁੰਦਾ ਹੈ ਤੇ ਉਹ ਪ੍ਰਭੂ ਦੀ ਦਰਗਹ ਵਿਚ ਮਾਣ ਪ੍ਰਾਪਤ ਕਰਦਾ ਹੈ । “ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥ ਅੰਗ 734” ।

**609. ਮਨ ਕਿੱਦਾਂ ਮਰਦਾ ਹੈ ਤੇ ਮਨ ਮਰਨ ਨਾਲ਼ ਕੀ ਹੁੰਦਾ ਹੈ?**

ਜਿਹੜਾ ਮਨੁੱਖ ਆਪਣੇ ਮਨ (ਹਉਮੈ) ਨੂੰ ਮਾਰ ਲਵੇ, ਉਸ ਮਨੁੱਖ ਦੀ ਮਾਇਆ ਵਲ ਭੱਜ ਦੌੜ ਖਤਮ ਹੋ ਜਾਂਦੀ ਹੈ । ਮਨ ਮਾਰੇ ਬਿਨਾ ਪਰਮਾਤਮਾ ਦੀ ਪ੍ਰਾਪਤੀ ਕਿੱਦਾਂ ਕਰੇ? ਭਾਵ ਨਹੀਂ ਕਰ ਸਕਦਾ । ਉਸੇ ਮਨੁੱਖ ਦਾ ਮਨ ਮਰਦਾ ਹੈ, ਜਿਹੜਾ ਇਸ ਨੂੰ ਮਾਰਨ ਦੀ ਦਵਾਈ ਜਾਣਦਾ ਹੈ । ਉਹੀ ਸਮਝਦਾ ਹੈ ਜਿਹੜਾ ਜਾਣਦਾ ਹੈ ਕਿ ਮਨ ਗੁਰੂ ਦੇ ਸ਼ਬਦ ਰਾਹੀਂ ਹੀ ਮਰਦਾ ਹੈ । ਜਿਸ ਮਨੁੱਖ ਉਤੇ ਪਰਮਾਤਮਾ ਦੀ ਬਖਸ਼ਿਸ਼ ਹੁੰਦੀ ਹੈ ਉਸ ਨੂੰ ਇਹ ਵਡਿਆਈ ਦਿੰਦਾ ਹੈ ਕਿ ਗੁਰੂ ਕਿਰਪਾ ਨਾ਼ਲ ਪ੍ਰਭੂ ਉਸ ਦੇ ਮਨ ਵਿਚ ਆ ਵਸਦਾ ਹੈ ।1।ਰਹਾਉ। “ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ॥ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥1॥ ਜਿਸ ਨੋ ਬਖਸੇ ਦੇ ਵਡਿਆਈ ॥ ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥1॥ ਰਹਾਉ ॥ ਅੰਗ 159” । ਗੁਰੂ ਅਨੁਸਾਰੀ ਨਾਮ ਸਿਮਰਨ ਦੀ ਕਾਰ ਕਮਾਉਂਦਾ ਹੈ, ਤਾਂ ਉਸ ਨੂੰ ਇਸ ਮਨ (ਦੇ ਸੁਭਾਵ) ਦੀ ਸਮਝ ਆ ਜਾਂਦੀ ਹੈ । ਉਹ ਜਾਣ ਲੈਂਦਾ ਹੈ ਕਿ ਮਨ ਹਉਮੈ ਦੀ ਮਤਿ ਵਿਚ ਮਸਤ ਹਾਥੀ ਵਾਂਗ ਰਹਿੰਦਾ ਹੈ । ਗੁਰੂ, ਸ਼ਬਦ ਦਾ ਅੰਕੁਸ ਮਾਰ ਕੇ, ਆਤਮਕ ਜੀਵਨ ਦੇਣ ਦੇ ਸਮਰੱਥ ਹੈ। ਮਨ ਨੂੰ ਸਾਧਨਾ ਸੌਖਾ ਕੰਮ ਨਹੀਂ, ਕੋਈ ਵਿਰਲਾ ਮਨੁੱਖ ਇਸ ਨੂੰ ਸਾਧਦਾ ਹੈ; ਭਾਵ ਕਾਬੂ ਕਰਦਾ ਹੈ । ਜਦੋਂ ਮਨੁੱਖ ਆਪਣੇ ਮਨ ਦੇ ਅਮੋੜ-ਪੁਣੇ ਨੂੰ ਮੁਕਾ ਲੈਂਦਾ ਹੈ, ਤਦੋਂ ਮਨ ਪਵਿਤ੍ਰ ਹੋ ਜਾਂਦਾ ਹੈ । ਗੁਰੂ ਅਨੁਸਾਰੀ ਆਪਣੇ ਅੰਦਰੋਂ ਹਉਮੈ ਤੇ ਵਿਕਾਰ ਛੱਡ ਕੇ ਇਸ ਮਨ ਨੂੰ ਸੋਹਣਾ ਬਣਾ ਲੈਂਦਾ ਹੈ । “ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥2॥ ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ॥3॥ ਅੰਗ 159” ।

ਸਤਿਗੁਰੂ ਅਮਰ ਦਾਸ ਜੀ ਬਚਨ ਕਰਦੇ ਹਨ ਕਿ ਕੋਈ ਭੀ ਮਨੁੱਖ ਬ੍ਰਿਤੀ ਜੋੜ ਕੇ ਵੇਖ ਲਵੇ, ਮਨ ਨੂੰ ਮਾਰਨ ਤੋਂ ਬਿਨਾਂ ਕੋਈ ਕਾਮਯਾਬ ਨਹੀਂ ਹੁੰਦਾ । ਭੇਖਧਾਰੀ ਤੀਰਥਾਂ ਦੀ ਯਾਤ੍ਰਾ ਕਰ ਕੇ ਥੱਕ ਗਏ ਪਰ ਇਹ ਮਨ ਮਾਰਿਆ ਨਹੀਂ ਜਾਂਦਾ । ਗੁਰੂ ਅਨੁਸਾਰੀ ਜਿਉਂਦੇ ਜੀ ਮਰ ਕੇ (ਭਾਵ ਆਪਣਾ ਮਨ/ਹਉਮੈ ਨੂੰ ਮਾਰ ਕੇ) ਸਦਾ ਥਿਰ ਪ੍ਰਭੂ ਵਿਚ ਬ੍ਰਿਤੀ ਜੋੜੀ ਰੱਖਦਾ ਹੈ । ਹੇ ਨਾਨਕ! ਸਤਿਗੁਰੂ ਦੇ ਸ਼ਬਦ ਨਾ਼ਲ ਹਉਮੈ ਨੂੰ ਸਾੜ ਕੇ ਇਸ ਮਨ ਦੀ ਮੈਲ ਉਤਰਦੀ ਹੈ । “ਮਃ 3 ॥ ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ ॥ ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ ॥ ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥ ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥2॥ ਅੰਗ 650” । ਹੇਠ ਲਿਖੇ ਗੁਰਵਾਕ ਵੀ ਇਹ ਸਾਬਿਤ ਕਰਦੇ ਹਨ ਕਿ ਗੁਰੂ ਦੇ ਸ਼ਬਦ ਰਾਹੀਂ ਮਰਿਆਂ ਹੀ ਮਨ ਮਾਰਿਆ ਜਾਂਦਾ ਹੈ:

**“ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ ॥21॥ ਅੰਗ 908” ।**

**“ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥3॥ ਅੰਗ 993” ।**

**“ਗੁਰ ਕੈ ਸਬਦਿ ਮਰੈ ਮਨੁ ਮਾਰੇ ਹਉਮੈ ਜਾਇ ਸਮਾਇਆ ॥5॥ ਅੰਗ 1068” ।**

ਇਹਨਾਂ ਅਨਮੋਲ ਬਚਨਾਂ ਦਾ ਨਿਚੋੜ ਇਹ ਨਿੱਕਲਦਾ ਹੈ ਕਿ ਗੁਰੂ ਦੇ ਸ਼ਬਦ ਰਾਹੀਂ ਹਉਮੈ ਨੂੰ ਸਾੜਨ ਤੋਂ ਬਿਨਾ ਮਨ ਮਾਰਿਆ ਨਹੀਂ ਜਾ ਸਕਦਾ; ਭਾਵ ਕਾਬੂ ਨਹੀਂ ਕੀਤਾ ਜਾ ਸਕਦਾ! ਮਨ ਨੂੰ ਮਾਰਨਾ ਹੀ ਜਿਉਂਦੇ ਜੀ ਮਰਨਾ ਹੈ! “ਮਨੁ ਮਾਰੇ ਜੀਵਤ ਮਰਿ ਜਾਣੁ ॥ ਅੰਗ 1343” ।

**610. ਹਉਮੈ ਕੀ ਹੈ, ਹਉਮੈ ‘ਚ ਕੀ ਹੁੰਦਾ ਹੈ ਤੇ ਹਉਮੈ ਦੂਰ ਕਿੱਦਾਂ ਹੁੰਦੀ ਹੈ?**

ਹਉਮੈ ਅਰਥਾਤ ਮੈਂ ਮੈਂ ਭਾਵ ਮੈਂ ਕੁਛ ਹਾਂ, ਆਪਾ ਭਾਵ ਦਾ ਹੋਣਾ, ਆਪਣੇ ਆਪ ਨੂੰ ਕਰਤਾ ਕਰਕੇ ਜਾਨਣਾ, ਆਪਣੇ ਆਪ ਨੂੰ ਕਰਤਾ ਪੁਰਖ ਤੋਂ ਅਲੱਗ ਸਮਝਣਾ! ਹਉਮੈ ਨੂੰ ਸੰਖੇਪ ਰੂਪ ਵਿਚ ‘ਹਉ’ ਕਰਕੇ ਵੀ ਲਿਖਿਆ ਤੇ ਜਾਣਿਆ ਜਾਂਦਾ ਹੈ । ਸਤਿਗੁਰੂ ਨਾਨਕ ਦੇਵ ਜੀ ਦੇ ਆਸਾ ਦੀ ਵਾਰ ‘ਚ ਇਕ ਸੁੰਦਰ ਸਲੋਕ ਤੋਂ ਸਾਨੂੰ ਪਤਾ ਚੱਲਦਾ ਹੈ ਕਿ, ਹਉ ਵਿਚ ਹੀ ਜੀਵ: ਜਗਤ ਤੇ ਆਉਂਦਾ ਹੈ, ਜਗਤ ਤੋਂ ਜਾਂਦਾ ਹੈ, ਜੰਮਦਾ ਹੈ, ਮਰਦਾ ਹੈ, ਦਿੰਦਾ ਹੈ, ਲੈਂਦਾ ਹੈ, ਖੱਟਦਾ ਹੈ, ਨੁਕਸਾਨ ਉਠਾਉਂਦਾ ਹੈ, ਸੱਚਾ ਹੈ, ਝੂਠਾ ਹੈ, ਪਾਪ ਪੁੰਨ ਦੀ ਵਿਚਾਰ ਕਰਦਾ ਹੈ, ਨਰਕ ਤੇ ਸਵਰਗ ਵਿਚ ਪੈਂਦਾ ਹੈ, ਹੱਸਦਾ ਹੈ, ਰੋਂਦਾ ਹੈ, ਆਪਣੇ ਅੰਦਰ ਵਿਕਾਰਾਂ ਦੀ ਮੈਲ ਭਰਦਾ ਹੈ, ਮੈਲ ਨੂੰ ਧੋਂਦਾ ਹੈ, ਜਾਤ ਤੇ ਗੋਤ ਗਵਾਉਂਦਾ ਹੈ, ਮੂਰਖ ਹੁੰਦਾ ਹੈ, ਸਿਆਣਾ ਹੁੰਦਾ ਹੈ, ਮੋਖ ਮੁਕਤੀ ਦਾ ਤੱਤ ਭੇਦ ਨਹੀਂ ਜਾਣਦਾ, ਮਾਇਆ ਵਿਚ ਤੇ ਮਾਇਆ ਦੇ ਪ੍ਰਭਾਵ ਵਿਚ ਹੁੰਦਾ ਹੈ। ਭਾਵ ਉਸਦਾ ਸਾਰਾ ਕਾਰ ਵਿਹਾਰ ਹਉਮੈ ਵਿਚ ਹੀ ਹੁੰਦਾ ਹੈ । ਹਉਮੈ ਕਰਕੇ ਹੀ ਜੀਵ ਉਪਜਦੇ ਹਨ । ਅਗਰ ਜੀਵ ਹਉਮੈ ਨੂੰ ਬੁੱਝ (ਜਾਣ) ਲਵੇ ਤਾਂ ਇਸਨੂੰ ਪ੍ਰਭੂ ਦੇ ਦਰ ਦੀ ਸੋਝੀ ਹੋ ਜਾਵੇ । ਗਿਆਨ ਤੋਂ ਸੱਖਣਾ ਜੀਵ ਜ਼ੁਬਾਨੀ ਗਿਆਨ ਦੀਆਂ ਗੱਲਾਂ ਆਖ ਆਖ ਕੇ ਝਗੜਾ ਕਰਦਾ ਹੈ (ਆਪਣਾ ਅੰਦਰ ਲੂੰਹਦਾ ਹੈ) । ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਹੁਕਮ ਦੇ ਮਾਲਿਕ ਪ੍ਰਭੂ ਦਾ ਲੇਖ ਲਿਖਿਆ ਹੁੰਦਾ ਹੈ, ਜਿਸ ਅਨੁਸਾਰ ਜਿਹੋ ਜਿਹਾ ਜੀਵ ਦੂਸਰਿਆਂ ਨੂੰ ਦੇਖਦਾ ਹੈ, ਉਹੋ ਜਿਹਾ ਉਹਨਾਂ ਦਾ ਸਰੂਪ ਬਣ ਜਾਂਦਾ ਹੈ । “ਸਲੋਕ ਮਃ 1 ॥ ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ॥ ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥ ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥ ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥ ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥ ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥ ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥1॥ ਅੰਗ 466” । ਸਤਿਗੁਰੂ ਨਾਨਕ ਦੇਵ ਜੀ ਰਾਗ ਰਾਮਕਲੀ ‘ਚ ਵੀ ਦੱਸਦੇ ਹਨ ਕਿ ਹਉਮੈ ਵਿਚ ਜਗਤ ਉਪਜਦਾ ਹੈ ਤੇ ਨਾਮ ਨੂੰ ਵਿਸਾਰ ਕੇ ਜੰਮਣ ਮਰਨ ਦਾ ਦੁਖ ਪਾਉਂਦਾ ਹੈ । “ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ ਅੰਘ 946” ।

ਇਸਤੋਂ ਅਗਲਾ ਸਲੋਕ ਸਤਿਗੁਰੂ ਅੰਗਦ ਦੇਵ ਜੀ ਦਾ ਵੀ ਹਉਮੈ ਤੇ ਹੀ ਹੈ । ਸਤਿਗੁਰੂ ਜੀ ਬਚਨ ਕਰਦੇ ਹਨ ਕਿ ‘ਹਉਮੈ’ ਦੀ ਇਹੀ ਖਸਲਤ ਹੈ ਕਿ ਆਦਮੀ ਜੋ ਵੀ ਕੰਮ ਕਰਦਾ ਹੈ ਹਉਮੈ ਵਿਚ ਕਰਦਾ ਹੈ; ਜਿੱਦਾਂ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਲੋਕ ਵਿਚ ਦੱਸਿਆ ਹੈ ।

**ਬਾਕੀ ਅਗਲੇ ਹਫ਼ਤੇ**

## ਹਰਿਆਣਾ ਨੂੰ ਵਾਧੂ ਪਾਣੀ ਦੇਣਾ ਪੰਜਾਬ ਦੇ ਹੱਕਾਂ ਉੱਤੇ ਡਾਕਾ- ਧਾਲੀਵਾਲ

**ਅੰਮ੍ਰਿਤਸਰ – ਬੀਤੀ ਰਾਤ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਨਾਲ ਇੱਕ ਹੋਰ ਧੱਕਾ ਕਰਦਿਆਂ ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡ ਦਿੱਤਾ ਗਿਆ ਹੈ, ਜੋ ਕਿ ਸਰਾਸਰ ਪੰਜਾਬ ਦੇ ਹੱਕਾਂ ਉੱਤੇ ਡਾਕਾ ਹੈ। ਅਸੀਂ ਇਹ ਡਾਕਾ ਬਰਦਾਸ਼ਤ ਨਹੀਂ ਕਰਾਂਗੇ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨੇ ਭਾਜਪਾ ਆਗੂ ਸ੍ਰੀ ਤਰੁਣ ਚੁੱਗ ਦੇ ਘਰ ਬਾਹਰ ਪਾਰਟੀ ਵੱਲੋਂ ਇਸ ਬੇ ਨਿਆਈਂ ਵਿਰੁੱਧ ਦਿੱਤੇ ਗਏ ਧਰਨੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਇਸ ਤੋਂ ਪਹਿਲਾਂ ਬੜੇ ਸਪਸ਼ਟ ਲਫਜ਼ਾਂ ਵਿੱਚ ਭਾਖੜਾ ਡੈਮ ਪ੍ਰਬੰਧਕਾਂ ਅਤੇ ਕੇਂਦਰ ਸਰਕਾਰ ਨੂੰ ਸਪਸ਼ਟ ਕਰ ਚੁੱਕੇ ਹਨ ਕਿ ਪੰਜਾਬ ਕੋਲ ਦੇਣ ਲਈ ਇੱਕ ਬੂੰਦ ਵੀ ਪਾਣੀ ਵਾਧੂ ਨਹੀਂ ਹੈ। ਉਹਨਾਂ ਕਿਹਾ ਕਿ ਅਸੀਂ ਤਾਂ ਇਹ ਮੰਗ ਕਰ ਰਹੇ ਸੀ ਕਿ ਪਹਿਲਾਂ ਸਾਡੇ ਹਿੱਸੇ ਦਾ ਪਾਣੀ ਪੂਰਾ ਕੀਤਾ ਜਾਵੇ, ਪਰ ਭਾਜਪਾ ਸਰਕਾਰ ਨੇ ਪੰਜਾਬ ਨਾਲ ਧੱਕਾ ਕਰਦੇ ਹੋਏ ਇਸ ਵਿੱਚੋਂ ਵੀ 8500 ਕਿਊਸਿਕ ਪਾਣੀ ਹਰਿਆਣੇ ਨੂੰ ਛੱਡ ਦਿੱਤਾ ਸ ਧਾਲੀਵਾਲ ਨੇ ਕਿਹਾ ਕਿ ਪੰਜਾਬ ਜੋ ਕਿ ਖੇਤੀ ਪ੍ਰਧਾਨ ਸੂਬਾ ਹੈ, ਪਹਿਲਾਂ ਹੀ ਜਲ ਸੰਕਟ ਦੀ ਮਾਰ ਹੇਠ ਹੈ। ਉਹਨਾਂ ਕਿਹਾ ਕਿ ਸਾਡਾ ਧਰਤੀ ਹੇਠਲਾ ਪਾਣੀ ਲਗਾਤਾਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਅਤੇ ਸਾਡੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਮੁੜ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾ ਕੇ ਧਰਤੀ ਹੇਠਲੇ ਪਾਣੀ ਤੋਂ ਥੋੜਾ ਪ੍ਰੈਸ਼ਰ ਘਟਾਇਆ ਹੈ ।**

ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ ‘ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

| | | |
|---|---|---|
| 6 MONTHS ---- | £95 | ☐ |
| 1 YEAR ---- | £180 | ☐ |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ ‘ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME........................................................................

ADDRESS..................................................................

..........................................POST CODE....................

TEL..........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**

*www.panjabtimes.uk Email: Panjabtimes@aol.com*

# ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਨਵੀਂ ਸੋਚ ਤੇ ਆਗੂਆਂ ਦੀ ਲੋੜ

ਇਕਬਾਲ ਸਿੰਘ ਲਾਲਪੁਰਾ
9780003333



ਕੌਮ ਦੀ ਤਰੱਕੀ ਤੇ ਖੁਸ਼ਹਾਲੀ ਲਈ ਦੂਰ ਅੰਦੇਸ਼ ਤੇ ਸਮਰਪਿਤ ਆਗੂ ਹੋਣਾ ਜ਼ਰੂਰੀ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਨੰਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਪੰਜਾਬ ਵੱਲ ਭੇਜਿਆ ਅਤੇ ਉਸ ਨਾਲ ਜ਼ਿੰਮੇਵਾਰ ਸਿੰਘ ਵੀ ਸਹਾਇਕ ਤੇ ਸਲਾਹਕਾਰ ਵਜੋਂ ਭੇਜੇ। ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਸਮੇਂ ਹੀ, ਮੁਗਲ ਸਰਕਾਰ ਖਾਲਸਾ ਅੰਦਰ ਫੁੱਟ ਪਾਉਣ ਵਿੱਚ ਸਫ਼ਲ ਰਹੀ, ਨਤੀਜਾ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ, ਅੱਠ ਮਹੀਨੇ ਬਾਹਰੋਂ ਸਹਾਇਤਾ ਦੀ ਆਸ ਕਰਦਾ ਹੀ ਗ੍ਰਿਫਤਾਰ ਹੋ, 1716 ਈ ਵਿਚ ਤਸੀਹੇ ਦੇ ਕੇ ਸਤ ਸੌ ਸਾਥੀਆਂ ਸਮੇਤ ਦਿੱਲੀ ਵਿਖੇ ਸ਼ਹੀਦ ਹੋ ਗਿਆ। ਜਿਸ ਸਿੰਘ ਨੇ, ਗੁਰੂ ਦੇ ਭਾਣੇ ਵਿੱਚ ਜ਼ਾਲਮਾਂ ਤੇ ਗੁਰੂ ਦੋਖੀਆਂ ਨੂੰ ਸਜ਼ਾ ਦਿੱਤੀ ਅਤੇ ਹਲੇਮੀ ਰਾਜ ਦਾ ਸੰਕਲਪ ਪ੍ਰਗਟ ਕਰਕੇ ਸ਼ਹੀਦੀ ਦਿਤੀ, ਨੂੰ ਸਿੱਖਾਂ ਦੇ ਇਕ ਧੜੇ ਨੇ ਕੌਮੀ ਗਦਾਰ ਵਜੋਂ ਪ੍ਰਚਾਰ ਦਿੱਤਾ। ਮੁਗਲ ਸਰਕਾਰ ਦੀਆਂ ਸਾਜਿਸ਼ਾਂ ਨੇ ਸਿੱਖਾਂ ਨੂੰ ਬੰਦਈ ਸਿੱਖਾਂ ਤੇ ਤੱਤ ਖਾਲਸਾ ਦੋ ਧੜਿਆਂ ਵਿਚ ਵੰਡ ਦਿੱਤਾ। ਪੱਲੇ ਤੱਤ ਖਾਲਸਾ ਦੇ ਵੀ ਕੁੱਝ ਨਹੀਂ ਪਿਆ।

ਹੁਣ ਵਾਰੀ ਭਾਈ ਮਨੀ ਸਿੰਘ ਸਰਦਾਰ ਦਰਬਾਰਾ ਸਿੰਘ ਦੀ ਸੀ। ਭਾਈ ਮਨੀ ਸਿੰਘ ਨੂੰ ਵੀ ਸ਼ਹਾਦਤ ਦੇਣੀ ਪਈ। ਗੱਲ ਖਾਲਸਾ ਦੇ ਜੱਥੇ ਬਣ ਅੱਗੇ ਤੁਰੀ, ਜਿਨ੍ਹਾਂ ਦੇ ਕੁਲ ਮੈਬਰਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਵੀ ਘੱਟ ਸੀ। ਪਰ ਨਿਸ਼ਾਨਾ ਸਪਸ਼ਟ ਸੀ, ਖਾਲਸਾ ਇਕੱਠੇ ਬੈਠ ਕੇ, ਗੁਰਮਤਾ ਜਾਂ ਫੈਸਲਾ ਕਰ, ਗੁਰੂ ਚਰਨਾਂ ਵਿੱਚ ਉਸਦੀ ਪੂਰਤੀ ਲਈ ਅਰਦਾਸ ਕਰਕੇ ਅੱਗੇ ਵਧਦਾ ਸੀ ਕਿ, ਖਾਲਸਾ ਨੇ ਨਿਆਂ ਦਾ ਰਾਜ ਕਾਇਮ ਕਰਕੇ, ਮੁਗਲ ਰਾਜ ਦੀ ਜੜ੍ਹ ਪੁਟਨੀ ਹੈ। ਨਵਾਬ ਕਪੂਰ ਸਿੰਘ ਦੀ ਨਿਯੁਕਤੀ ਤੋਂ ਬਾਅਦ,ਇਕ ਆਗੂ ਹੇਠ, ਸਾਂਝੇ ਫੈਸਲੇ ਨੂੰ ਅੱਗੇ ਵਧਦਾ ਸੀ, ਇਸ ਲਈ ਕੁਰਬਾਨੀਆਂ ਦੇਣ ਸਮੇਂ, ਕੋਈ ਵੀ ਪਿੱਛੇ ਨਹੀਂ ਰਿਹਾ। ਫੈਸਲੇ ਗੁਰੂ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਹੁੰਦੇ ਸਨ, ਪਰ ਆਗੂ ਇਕ ਹੀ ਹੁੰਦਾ ਸੀ। ਗਿਆਰਾਂ ਮਿਸਲਾਂ ਨੇ ਵੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ ਉਲ ਕੌਮ ਥਾਪ ਉਨ੍ਹਾਂ ਦੀ ਅਗਵਾਈ ਹੇਠ ਲਾਹੌਰ, ਸਰਹਿੰਦ ਤੇ ਦਿੱਲੀ ਦੇ ਤਖ਼ਤ ਤੇ ਕਬਜ਼ਾ ਕੀਤਾ।

ਆਪਸੀ ਫੁੱਟ ਤੋਂ ਬਚਣ ਲਈ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ 1783 ਈ ਵਿੱਚ ਦਿੱਲੀ ਦਾ ਤਖ਼ਤ ਜਿੱਤ ਕੇ ਵੀ, ਟੈਕਸ ਲਾ ਕੇ ਬਾਦਸ਼ਾਹ ਸ਼ਾਹ ਆਲਮ ਨੂੰ ਵਾਪਸ ਕਰ ਦਿੱਤਾ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਤੋਂ ਬਾਅਦ ਮਿਸਲਾਂ ਵੀ ਆਪਸ ਵਿੱਚ ਟਕਰਾਉਣ ਲੱਗ ਪਈਆਂ, ਸਾਂਝਾਂ ਤੇ ਸਰਬ ਪਰਵਾਨਿਤ ਆਗੂ ਕੋਈ ਨਾ ਬਣ ਸਕਿਆ। ਕਾਨਪੁਰ, ਤਰਾਈ ਤੇ ਰਾਜਸ਼ਥਾਨ ਤੱਕ ਸਰਦਾਰੀ ਕਰਦਾ, ਖਾਲਸਾ ਇਕ ਆਗੂ ਨਾ ਹੋਣ ਕਾਰਨ ਪੰਜਾਬ ਤੱਕ ਹੀ ਸੀਮਤ ਹੋ ਗਿਆ। ਹੁਣ ਵਾਰੀ ਸ਼ੁਕਰਚਕੀਆ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਰਣਜੀਤ ਸਿੰਘ ਦੀ ਸੀ, ਜਿਸ ਨੇ ਸਰਦਾਰਨੀ ਸਦਾ ਕੌਰ ਨਾਲ ਮਿਲਕੇ,ਮੁੜ ਖਾਲਸਾ ਸ਼ਕਤੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਆਪੇ ਬਣੀ ਬਾਹਰਵੀਂ ਮਿਸਲ ਫੂਲਕੀਆ ਤੇ ਕੁਝ ਹੋਰ ਸਿੱਖ ਸਰਦਾਰ ਅੰਗਰੇਜ਼ਾਂ ਦੇ ਸ਼ਾਥੀ ਬਣ ਗਏ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਉਸ ਸਮੇਂ ਦਰਾ ਖੈਬਰ ਤੋਂ ਰੋਪੜ ਤੱਕ ਵੱਡਾ ਰਾਜ ਕਾਇਮ ਕਰ ਲਿਆ, ਜਿਸਦੀਆਂ ਸਰਹੱਦਾਂ ਚੀਨ ਤੇ ਸਿੰਧ ਨਾਲ ਲੱਗਦੀਆਂ ਸਨ, ਪਰ ਕੌਮ ਵਿੱਚ, ਅੰਗਰੇਜ਼ ਸਰਕਾਰ ਦਾ ਵਫ਼ਾਦਾਰ ਇੱਕ ਧੜਾ ਵੀ ਪੈਦਾ ਹੋ ਗਿਆ। ਮਹਾਰਾਜਾ ਨੂੰ ਦਿੱਲੀ ਵੱਲ ਵਧਣ ਦੀ ਮਨਾਹੀ ਹੀ ਨਹੀਂ ਹੋਈ, ਬਲਕਿ ਜਿੱਤੇ ਹੋਏ ਕੁਝ ਇਲਾਕੇ ਵੀ ਖਾਲੀ ਕਰਨੇ ਪਏ। ਜੇਕਰ ਕੌਮ ਵਿੱਚ ਏਕਤਾ ਹੁੰਦੀ ਤਾਂ 1783 ਈ ਵਾਂਗ ਦਿੱਲੀ ਦੇ ਤਖ਼ਤ ਤੇ ਦੁਬਾਰਾ ਕਬਜ਼ਾ ਕਰਨਾ ਮਾਮੂਲੀ ਗੱਲ ਸੀ। 1839 ਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਹੀ, ਲਾਹੌਰ ਦਰਬਾਰ ਅੰਦਰ, ਅੰਗਰੇਜ਼ਾਂ ਦੇ ਸੂਹੀਏ ਤੇ ਸਾਥੀਆਂ ਨੇ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਅਗਲੇ ਛੇ ਸਾਲਾਂ ਵਿੱਚ ਤਿੰਨ ਬਾਦਸ਼ਾਹ ਖੜਕ ਸਿੰਘ ਨੌਨਿਹਾਲ ਸਿੰਘ, ਸ਼ੇਰ ਸਿੰਘ ਮਾਰੇ ਗਏ ਤੇ 1845- 1846 ਈ ਦੀ ਪਹਿਲੀ ਅੰਗਰੇਜ਼- ਖਾਲਸਾ ਜੰਗ ਤੋਂ ਬਾਅਦ, ਅੰਗਰੇਜ਼ੀ ਹਕੂਮਤ ਲਾਹੌਰ ਤੇ ਕਾਬਜ ਹੋ ਗਈ। ਫੇਰੂਸ਼ਹਿਰ ਦੀ ਜੰਗ ਸਮੇਂ, ਖਾਲਸਾ ਦੀ ਹਾਰ ਦਾ ਕਾਰਨ ਬਿਆਨ ਕਰਦਾ, ਸ਼ਾਹ ਮੁਹੰਮਦ ਲਿਖਦਾ ਹੈ ?-

ਪਹਾੜਾ ਸਿੰਘ ਸੀ ਯਾਰ ਫਰੰਗੀਆ ਦਾ
ਸਿੰਘਾ ਨਾਲ ਸੀ ਉਸ ਸੀ ਗੈਰਸਾਲੀ
ਉਸ ਨੇ ਜਾ ਫਰੰਗੀ ਨੂੰ ਖਬਰ ਦਿੱਤੀ
ਗੱਲ ਦੱਸ ਦਿੱਤੀ ਸਾਰੀ ਭੇਦ ਵਾਲੀ
ਏਥੋ ਹੋ ਗਿਆ ਹਰਨ ਹੈ ਖਾਲਸਾ ਜੀ
ਚੌਦਾ ਹੱਥ ਦੀ ਮਾਰ ਕੇ ਮਿਰਗਛਾਲੀ
ਸਾਹ ਮੁਹੰਮਦਾ ਸਾਂਭ ਲਓ ਤੋਪਖਾਨੇ
ਛੱਡ ਗਏ ਨੇ ਸਿੰਘ ਮੈਦਾਨ ਖਾਲੀ

ਪਹਾੜਾ ਸਿੰਘ ਖਾਲਸਾ ਫੌਜ ਦਾ ਸਾਥੀ ਤੇ ਰਹਿਬਰ ਨਹੀਂ ਬਣਿਆ। ਗੱਲ ਆਪਸੀ ਫੁੱਟ, ਕੌਮੀ ਰੂਪ ਵਿੱਚ ਇਕੱਠੇ ਹੋਣ ਦੀ ਥਾਂ, ਵਿਰੋਧੀਆਂ ਤੋਂ ਰਾਜਾ ਦਾ ਖਿਤਾਬ ਤੇ ਕੁਝ ਜਮੀਨ ਲੈ ਕੇ, ਕੌਮੀ ਗਦਾਰੀ ਤੱਕ ਹੀ ਸੀਮਤ ਹੋ ਗਈ।

1849 ਈ ਵਿੱਚ ਲਾਹੌਰ ਦਰਬਾਰ ਤੇ ਕਬਜ਼ਾ ਤਾਂ ਇਕ ਛਲਾਵਾ ਸੀ ਅਸਲ ਕਬਜ਼ਾ ਤਾਂ ਪਹਿਲਾਂ ਹੀ ਹੋ ਗਿਆ ਸੀ, ਜਦੋਂ ਮਹਾਰਾਣੀ ਜਿੰਦਾਂ ਨੂੰ ਆਪਣੇ ਰਾਜ ਵਿੱਚ ਕੈਦ ਕਰ ਲਿਆ ਗਿਆ ਸੀ। 1849 ਈ ਤੋਂ ਬਾਅਦ ਅੰਗਰੇਜ਼ੀ ਹਕੂਮਤ ਨੇ, ਖਾਲਸਾ ਦੀ ਧਾਰਮਿਕ ਤੇ ਰਾਜਨੀਤਕ ਸ਼ਕਤੀ ਨੂੰ, ਸਿੱਖ ਸਰਦਾਰਾਂ ਰਾਹੀਂ ਹੀ ਬਰਬਾਦ ਕਰਵਾ ਦਿੱਤਾ। ਧਾਰਮਿਕ ਰੂਪ ਵਿੱਚ ਗੁਰੂ ਘਰਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ। ਸਰਬਰਾਹ ਜਾਂ ਮੈਨੇਜਰ ਸਰਕਾਰ ਨਿਯੁਕਤ ਕਰਨ ਲੱਗ ਪਈ। ਕੁੱਝ ਰਾਜੇ ਤੇ ਰਾਜ ਪਰਿਵਾਰ ਇਸਾਈ ਬਣ ਗਏ। ਬਾਕੀਆਂ ਨੇ ਅੰਗਰੇਜ਼ੀ ਜੀਵਨ ਸ਼ੈਲੀ ਅਪਣਾ ਲਈ। ਨਿਰਮਲ ਪੰਥ ਦਾ ਪ੍ਰਚਾਰ ਪ੍ਰਸਾਰ ਬੰਦ ਕਰਵਾ ਦਿੱਤਾ, ਕੁਝ ਫੌਜੀ ਬਾਬੇ ਬਣ ਵੱਖਰੇ ਡੇਰੇਦਾਰ ਤੇ ਟਕਸਾਲੀ ਬਣ ਗਏ।

ਦੂਜੇ ਧਰਮਾਂ ਵਿਚੋਂ ਸਿੱਖ ਧਰਮ ਵਿੱਚ ਆਏ ਪਰਿਵਾਰਾਂ ਨੂੰ ਮੁੜ ਪਿਛਲੇ ਧਰਮ ਵੱਲ ਮੋੜਨ ਲਈ ਮੁਹਿੰਮਾਂ ਚੱਲ ਪਈਆਂ। ਪੰਜਾਬੀ ਸਮਾਜ ਜਿਸ ਵਿੱਚ ਸਿੱਖ ਪੈਦਾ ਹੁੰਦੇ ਸਨ ਨੂੰ ਵੰਡਣ ਦਾ ਕੰਮ ਵੀ ਨੀਤੀ ਨਾਲ ਹੋਇਆ। ਅੰਗਰੇਜ਼ ਹਕੂਮਤ ਨੇ ਲੇਖਕਾਂ ਨੂੰ ਵੀ ਫੁੱਟ ਪਾਉਣ ਦਾ ਕੰਮ ਸੌਂਪਿਆ ਤੇ ਉਸ ਵਿੱਚ ਉਹ ਕਾਮਯਾਬ ਵੀ ਹੋਏ। ਕੰਨਿਘਮ ਕੇ ਮੈਕਾਲਿਫ, ਲੈਪਲ ਅੱਜ ਵੀ ਪ੍ਰਵਾਨਿਤ ਇਤਿਹਾਸਕਾਰ ਮੰਨੇ ਜਾਂਦੇ ਹਨ। ਗੁਰੂ ਕਾਲ ਤੋਂ ਬਾਅਦ ਕੋਈ ਉਪਰਾਲਾ ਸੰਸਥਾ ਦੇ ਰੂਪ ਵਿੱਚ ਸਿੱਖ ਧਰਮ ਤੇ ਇਤਿਹਾਸ ਵਾਰੇ ਖੋਜ ਕਰਨ ਤੇ ਆਮ ਆਦਮੀ ਤੱਕ ਪਹੁੰਚਾਉਣ ਦਾ ਨਹੀਂ ਹੋਇਆ। ਸੋਹਨ ਲਾਲ ਸੂਰੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਲਿਖਿਆ ਇਤਿਹਾਸ ਵੀ ਹੋਰ ਖੋਜ ਲਈ ਨਾ ਤਾਂ ਪੜ੍ਹਾਇਆ ਜਾ ਰਿਹਾ ਹੈ ਅਤੇ ਨਾ ਹੀ ਆਮ ਆਦਮੀ ਤੱਕ ਪੁੱਜਿਆ ਹੀ ਹੈ।

ਸ਼੍ਰੀ ਦਰਬਾਰ ਸਾਹਿਬ ਨੇੜੇ, ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ, ਖਾਲਸਾ ਸਰਦਾਰ ਇਕੱਠੇ ਹੋ, ਅਗਲੀਆਂ ਕਾਰਵਾਈਆਂ ਲਈ, ਅਠਾਰਵੀਂ ਸਦੀ ਵਿੱਚ, ਗੁਰਮਤੇ ਕਰਕੇ ਉਨ੍ਹਾਂ ਦੀ ਸਫਲਤਾ ਲਈ, ਅਰਦਾਸ ਕਰਕੇ ਕਾਰਜ ਆਰੰਭ ਕਰਦੇ ਸਨ। ਵੱਡੀਆਂ ਸਫਲਤਾਵਾਂ ਤੇ ਕੌਮੀ ਫੈਸਲੇ ਇਸ ਤਰ੍ਹਾਂ ਹੀ ਹੁੰਦੇ ਸਨ। ਕੋਈ ਵੀ ਹੁਕਮਨਾਮਾ ਗੁਰੂ ਘਰਾਂ ਦੇ ਪੁਜਾਰੀ ਜਾਂ ਪ੍ਰਬੰਧਕ ਜਾਰੀ ਨਹੀਂ ਕਰਦੇ ਸਨ। ਇਤਿਹਾਸਕਾਰਾਂ ਅਨੁਸਾਰ 1864 ਈ ਤੋਂ ਬਾਅਦ ਹੁਕਮਨਾਮੇ ਪੁਜਾਰੀਆਂ ਵੱਲੋਂ ਜਾਰੀ ਕੀਤੇ ਜਾਣੇ ਆਰੰਭ ਹੋਏ, ਪਰ ਕੌਮੀ ਏਕਤਾ, ਧਰਮ ਦਾ ਪ੍ਰਚਾਰ ਪ੍ਰਸਾਰ, ਵਿੱਦਿਆ ਜਾਂ ਰਾਜਨੀਤਕ ਸ਼ਕਤੀ ਮੁੜ ਪ੍ਰਾਪਤ ਕਰਨਾ, ਕਦੇ ਵੀ ਇਨ੍ਹਾਂ ਆਦੇਸ਼ਾਂ ਦਾ ਵਿਸ਼ਾ ਨਹੀਂ ਰਿਹਾ।

1849 ਈ ਤੇ ਬਾਅਦ ਕੋਈ ਮਜ਼ਬੂਤ ਸਿੱਖ ਆਗੂ ਜਾਂ ਜਥੇਬੰਦੀ, ਅੰਗਰੇਜ਼ ਵਿਰੁੱਧ ਸਿੱਖ ਭਾਈਚਾਰੇ ਵਿਚੋ, ਖੜੀ ਨਹੀਂ ਹੋ ਸਕੀ। ਕੂਕਾ ਲਹਿਰ, ਸਿੰਘ ਸਭਾ ਲਹਿਰ ਅੰਗਰੇਜ਼ ਨੇ, ਫੁੱਟ ਪਾ ਕੇ ਜਾ ਸਖ਼ਤੀ ਨਾਲ ਦਬਾ ਦਿਤੀ। ਸਿੱਖ ਹਮਾਇਤੀ ਬਨਣ ਲਈ, ਚੀਫ ਖਾਲਸਾ ਦੀਵਾਨ ਬਣਾ ਕੇ, ਅੰਗਰੇਜ਼ ਪ੍ਰਸਤ ਸਿੱਖਾਂ ਲੀਡਰਾਂ ਨੇ, ਵਿੱਦਿਆ ਲਈ ਕੰਮ ਆਰੰਭ ਕੀਤਾ, ਪਰ ਇਹ ਵੱਡੇ ਸਰਦਾਰ ਆਮ ਆਦਮੀ ਤੋਂ ਦੂਰ ਸਨ।

1920 ਈ ਵਿੱਚ ਕੌਮ ਨੂੰ ਦੁਬਾਰਾ ਗੁਰਦੁਆਰਾ ਸੁਧਾਰ ਲਹਿਰ ਨੇ ਜਾਗ੍ਰਿਤ ਕੀਤਾ, ਕੁਰਬਾਨੀਆਂ ਦੇ ਕੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਸਿੱਖ ਗੁਰਦੁਆਰਾ ਪ੍ਰਬੰਧਕ ਐਕਟ 1925 ਈ ਰਾਹੀਂ ਪ੍ਰਾਪਤ ਕਰ ਲਿਆ। ਇਹ ਸਮਾਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਨ ਦਾ ਸੀ। ਪਰ ਮਹਾਤਮਾ ਗਾਂਧੀ ਜੀ ਦੀ ਤਾਰ, ਕਿ ਸਿੱਖਾਂ ਨੇ ਅਜ਼ਾਦੀ ਦੀ ਪਹਿਲੀ ਜੰਗ ਜਿੱਤ ਲਈ ਹੈ, ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਲਈ, ਅੱਗੇ ਹੋਏ ਆਗੂਆਂ ਨੂੰ, ਸਰਗਰਮ ਰਾਜਨੀਤੀ ਵੱਲ ਲੈ ਗਈ।

ਸਿੱਖ ਧਰਮ ਅਤੇ ਰਾਜਨੀਤੀ ਦੇ ਸੁਮੇਲ ਦੇ ਚਰਚੇ, ਇਥੋਂ ਹੀ ਸ਼ੁਰੂ ਹੋਏ। ਇਸ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸ਼ਕਤੀ ਹੋਣ ਤੇ ਵੀ, ਦੂਜੇ ਭਰਾਵਾਂ ਵਿਰੁੱਧ ਕੋਈ ਹੁਕਮਨਾਮਾ ਜਾਰੀ ਨਹੀਂ ਕੀਤਾ ਅਤੇ ਨਾ ਹੀ ਗੁਰੂ ਘਰਾਂ ਰਾਹੀਂ ਰਾਜ ਨੀਤੀ ਕੀਤੀ। ਰਾਜਨੀਤੀ ਵਿੱਚ ਲੱਗੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ, 1936 ਵਿੱਚ ਧਰਮ ਦੇ ਪਸਾਰ ਤੇ ਪ੍ਰਚਾਰ ਦੀ ਵਿਉਂਤਵੰਦੀ ਕਰਨ ਦਾ ਮੌਕਾ ਮਿਲਿਆ, ਜਦੋਂ ਡਾਕਟਰ ਅੰਬੇਦਕਰ ਦਾ ਰੁਝਾਨ ਸਿੱਖ ਧਰਮ ਅਪਨਾਉਣ ਵੱਲ ਹੋਇਆ, ਅਤੇ ਦੱਖਣ, ਪੱਛਮ ਤੇ ਮੱਧ ਭਾਰਤ ਵਿੱਚ ਪ੍ਰਚਾਰ ਕੇਂਦਰ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ। ਚੀਫ ਖਾਲਸਾ ਦੀਵਾਨ ਵਾਲੇ ਵੀ ਨਾਲ ਜੁੜੇ, ਪਰ ਇਸ ਵਾਰ ਵੀ ਅੰਬੇਦਕਰ ਦੇ ਪਿੱਛੇ ਹਟਣ ਦੇ ਨਾਲ ਹੀ, ਸਿੱਖ ਆਗੂ ਮੁੜ ਘਰ ਬੈਠ ਗਏ।

ਆਜ਼ਾਦੀ ਤੋਂ ਬਾਅਦ, ਪਹਿਲਾਂ ਗੁਰਦੁਆਰਾ ਧਨ ਨਾਲ ਵਿਦੇਸ਼ਾਂ ਤੇ ਹੋਰ ਜਗ੍ਹਾ, ਵਿੱਦਿਆ ਲੈ ਕੇ ਬਣੇ ਅਕਾਲੀ ਰਾਜਸੀ ਆਗੂਆਂ ਨੂੰ, ਬਾਦ ਵਿੱਚ ਕਾਂਗਰਸ ਪਾਰਟੀ ਨਾਲ ਮਿਲਕੇ, ਪੰਜਾਬੀ ਭਾਸ਼ਾ ਤੇ ਸੂਬੇ ਦਾ ਵਿਰੋਧ ਕਰਨਾ, ਲਾਹੇਵੰਦ ਲੱਗਾ ਤੇ ਉਹ ਪੱਕੇ ਕਾਂਗਰਸੀ ਬਣ ਗਏ। ਦੂਜਿਆਂ ਨੇ ਲੋਕਤੰਤਰ ਵਿੱਚ ਕੁਰਸੀ ਹਾਸਲ ਕਰਨ ਲਈ ਗੁਰੂ ਘਰਾਂ ਤੋਂ ਮੋਰਚੇ ਆਰੰਭ ਕਰ ਦਿੱਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਹਿਲਾਂ ਤੋਂ ਹੀ ਸਰਗਰਮ ਰਾਜਸੀ ਆਗੂ ਬਣਦੇ ਰਹੇ ਸਨ। ਹੁਣ ਪੱਕੇ ਤੌਰ ਤੇ ਧਰਮ ਤੇ ਸਿੱਖ ਰਾਜਨੀਤੀ ਭਾਰੀ ਹੋ ਗਈ।

ਅੰਗਰੇਜ਼ ਰਾਜ ਵੇਲੇ ਸਰਬੱਤ ਖਾਲਸਾ ਜਾਂ ਪੰਜ ਪਿਆਰਿਆਂ ਦੀ ਥਾਂ, ਕੌਮ ਨੂੰ ਆਦੇਸ਼,ਉਪਦੇਸ਼ ਕਰਨ ਦੀ ਸ਼ਕਤੀ ਤਖ਼ਤ ਸਾਹਿਬਾਨ ਦੇ ਪੁਜਾਰੀਆਂ ਕੋਲ ਆ ਗਈ ਸੀ, ਜੋ ਇਹ ਪ੍ਰਥਾ ਅੱਜ ਵੀ ਚਾਲੂ ਹੈ ਫਰਕ ਕੇਵਲ ਇਹ ਹੈ ਕਿ ਐਕਟ ਵਿੱਚ ਪੁਜਾਰੀ ਵਜੋਂ ਦਰਜ ਸੰਸਥਾ, ਜਥੇਦਾਰ ਅਖਵਾਉਣ ਲੱਗ ਪਈ ਹੈ। ਕਰਮਚਾਰੀ ਹੋਣ ਕਾਰਨ, ਜੇਕਰ ਹੁਕਮ ਨਾਮਾ ਹਾਕਮ ਦੀ ਮਰਜ਼ੀ ਦਾ ਹੋਵੇ ਤਾਂ ਠੀਕ ਹੈ, ਨਹੀਂ ਤਾਂ ਨੌਕਰੀ ਜਾਣ ਦਾ ਡਰ ਬਣਿਆ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਧਰਮ ਦਾ ਪ੍ਰਚਾਰ ਕਦੇ ਏਜੰਡੇ ਤੇ ਨਹੀਂ ਰਿਹਾ, ਇਹ ਨਵਾਂ ਵਿਸ਼ਵ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਹੋਣਾ ਚਾਹੀਦਾ ਸੀ। ਭਾਰਤ ਤੇ ਵਿਦੇਸ਼ਾਂ ਦੀ ਹਰ ਭਾਸ਼ਾ ਵਿੱਚ, ਸਿੱਖ ਫ਼ਲਸਫ਼ਾ ਤੇ ਇਤਿਹਾਸ ਲੋਕਾਈ ਦੇ ਸਾਹਮਣੇ ਹੋਣਾ ਚਾਹੀਦਾ ਸੀ।

ਅਠਾਰਵੀਂ ਸਦੀ ਵਿੱਚ ਸਿੰਘ ਆਪਣੇ ਬਚਾਅ ਲਈ, ਫੇਰ ਰਾਜ ਕਾਇਮ ਕਰਨ ਲਈ ਅਤੇ ਪਿਛਲੇ ਦੋ ਸੋ ਸਾਲ ਤੋਂ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਲਈ ਲੱਗੇ ਰਹੇ ਹਨ। ਇੱਕ ਸੋ ਪੰਜ ਸਾਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਵਲ, ਇੱਕ ਸੋ ਹੀ ਸਿੱਖਿਆ ਸੰਸਥਾਵਾਂ ਬਣਾਈਆਂ ਹਨ। ਚੀਫ ਖਾਲਸਾ ਦੀਵਾਨ ਨੇ 123 ਸਾਲ ਵਿੱਚ ਪੰਜਾਬ ਤੋਂ ਵੀ ਘੱਟ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ ਹਨ। ਸਾਧਨਾਂ ਦੀ ਕੰਮੀ ਨਹੀਂ ਸਿੱਖ ਦਾਨ ਦੇਣ ਵਾਲੇ ਹਨ, ਨੀਅਤ ਤੇ ਨੀਤੀ ਦੀ ਘਾਟ ਹੈ। ਇਸ ਤਰ੍ਹਾਂ ਰਾਜ ਨੀਤੀ ਤੇ ਸਿੱਖ ਧਰਮ ਵਿੱਚ ਕੀਤੇ ਗਏ ਮਿਲਗੋਭੇ ਨੇ, 1849 ਈ ਤੋਂ ਬਾਅਦ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਤੇ ਰਾਜਨੀਤੀ ਨੂੰ ਗ੍ਰਹਿਣ ਲਾ ਦਿੱਤਾ ਹੈ। ਗੱਲ ਵਿਚਾਰ ਦੀ ਹੈ ਕਿ ਗੁਰੂ ਸਾਹਿਬਾਨ ਨੇ ਰਾਜਨੀਤੀ ਸਿਖਾਈ ਸੀ, ਕੀਤੀ ਨਹੀਂ ਸੀ। ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੰਘਾਂ ਨੇ, ਗੁਰੂ ਸਾਹਿਬ ਦੇ ਦੱਸੇ ਹੋਏ ਰਾਹ ਤੇ ਚਲਕੇ, ਰਾਜ ਕਾਇਮ ਕੀਤਾ ਸੀ ਪਰ ਧਰਮ ਸਥਾਨਾਂ ਤੇ ਕਬਜ਼ਾ ਨਹੀਂ ਸੀ ਕੀਤਾ।

ਕਿਸੇ ਵੀ ਧਰਮ, ਸੰਸਥਾ ਤੇ ਸਮਾਜ ਦੀ ਅਗਵਾਈ ਲਈ ਇਕ ਨਾਇਕ ਜਾਂ ਹੀਰੋ ਹੋਣਾ ਲਾਜ਼ਮੀ ਹੈ। ਨਾਇਕ ਉਹ ਜਿਸ ਦੀਆਂ ਪ੍ਰਾਪਤੀਆਂ ਸ਼ਾਨਦਾਰ ਰਹੀਆਂ ਹੋਣ। ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਤੇ ਦਿਦਾਰ ਖਾਲਸਾ ਕਾ, ਅਕਾਲ ਦੀ ਪੂਜਾ, ਗਿਆਨ ਪ੍ਰਾਪਤੀ ਲਈ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਵੇਖਣ ਦਾ, ਹੁਕਮ ਸਪੱਸ਼ਟ ਹੈ। ਪਰ ਦਿਦਾਰ ਖਾਲਸਾ ਲਈ, ਇਕ ਉੱਤਮ ਗੁਣ ਤੇ ਪ੍ਰਾਪਤੀਆਂ ਵਾਲੇ ਵਿਅਕਤੀਆਂ ਨੂੰ ਆਦਰਸ਼ ਮੰਨਿਆ ਜਾ ਸਕਦਾ ਹੈ। ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਉਲ ਕੌਮ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ ਨਲਵਾ ਆਦਿ ਦਾ ਆਦਰਸ਼ ਜੀਵਨ ਮਾਰਗ ਦਰਸ਼ਕ ਹੋ ਸਕਦਾ ਹੈ, ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਪ੍ਰਗਟ ਕਰ, ਨਿਆਂ ਦਾ ਰਾਜ ਹਲੇਮੀ ਰਾਜ ਕਾਇਮ ਕਰਨ ਤੇ ਬਚਾਉਣ ਲਈ ਕੰਮ ਕੀਤਾ।

ਅੱਗੇ ਵਧਣ ਲਈ ਗੁਰੂ ਸਾਹਿਬਾਨ ਦੇ ਆਦੇਸ਼, ਉਪਦੇਸ਼ ਦੀ ਪਾਲਣਾ ਕਰਦਿਆਂ, ਪੁਰਾਣੇ ਨਾਇਕਾਂ ਦੇ ਜੀਵਨ ਤੋਂ ਸੇਧ ਲੈ ਰਾਜਨੀਤੀ ਚੱਲੇ, ਪਰ ਧਰਮ ਦੇ ਆਗੂਆਂ ਨੂੰ, ਗੁਰਮਤਿ ਵਿਚ, ਸਮਾਜ ਨੂੰ, ਵਰਜਿਤ ਕਰਮ ਕਾਂਡਾਂ ਤੋਂ ਬਾਹਰ ਕਡਕੇ, ਕੇਵਲ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ, ਸਮਾਜ ਵਿੱਚ ਵਿਚਰਨ ਦੀ ਲੋੜ ਹੈ। ਪਰ ਗੁਰੂ ਘਰ ਦਾ ਸ਼ਰਮਾਇਆ ਕੌਮ ਲਈ ਵਿੱਦਿਆ ਤੇ ਰੋਜ਼ਗਾਰ ਦੇ ਸਾਧਨ ਬਣਾਉਣ ਲਈ ਅਤੇ ਧਰਮ ਦੇ ਪ੍ਰਚਾਰ ਤੇ ਖੋਜ ਲਈ ਖਰਚ ਕੀਤਾ ਜਾਣਾ ਲਾਹੇਵੰਦ ਸਿੱਧ ਹੋਵੇਗਾ।

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891

Email: jaggikussa@yahoo.de



# ਇੱਕ ਮੇਰੀ ਅੱਖ ਕਾਸ਼ਣੀ...

**–"ਪਤਾ ਨੀ ਕਿਹੜੇ ਸੁਪਨੇ , ਤੇ ਕਿਹੜੀ ਜ਼ਿੰਦਗੀ ਸਰ...। ਜਿਹੜੇ ਸੁਪਨੇ ਮੈਂ ਦੇਖੇ ਸੀ, ਉਹ ਤਾਂ ਚੰਦਰੇ ਘਰਦਿਆਂ ਨੇ ਹੀ ਸਿਰੇ ਨੀ ਲੱਗਣ ਦਿੱਤੇ...। ਉਹਨਾਂ ਨੂੰ ਤਾਂ ਅਮਰੀਕਾ ਕੈਨੇਡਾ ਦੀ ਲੱਲੀ ਲੱਗੀ ਹੋਈ ਸੀ...। ਜਿਹੜੇ ਪ੍ਰੀਤ ਨੂੰ ਮੈਂ ਆਪਣਾ ਮੰਨਿਆਂ, ਓਸ ਜਿਊਣ ਜੋਕਰੇ ਨੇ ਤਾਂ ਕਦੇ ਮੈਨੂੰ ਹੱਥ ਤੱਕ ਨੀ ਲਾ ਕੇ ਦੇਖਿਆ..। ਅਸੀਂ ਮਿਥਿਆ ਸੀ ਕਿ ਵਿਆਹ ਤੋਂ ਪਹਿਲਾਂ ਅਜਿਹਾ ਕੁਛ ਕਦੇ ਨਹੀਂ ਕਰਨਾ, ਜੋ ਸਾਡੇ ਲਈ ਪਾਪ ਜਾਂ ਕਲੰਕ ਸਾਬਤ ਹੋਵੇ, ਜਾਂ ਸਾਡੀ ਸੱਭਿਅਤਾ ਦੇ ਖ਼ਿਲਾਫ਼ ਹੋਵੇ...। ਪਰ ਕਿਸਮਤ ਨੂੰ ਦੇਖ ਲਓ ਕੀ ਮਨਜੂਰ ਸੀ...। ਇਹ ਮੇਰੇ ਘਰਦਿਆਂ ਦੀ ਜ਼ਿਦ ਦਾ ਹੀ ਸਿੱਟਾ ਹੈ, ਜੋ ਮੈਂ ਰਾਤ ਭੁਗਤ ਲਿਆ, ਸਰ...। ਹੁਣ ਤੁਸੀਂ ਦੇਖ ਲਓ ਮੇਰਾ ਕਿੰਨਾਂ ਕੁ ਚਿਰ ਲਾਹਾ ਲੈਣੈ...?"**

**–"ਨਹੀਂ ਅਮਨ...। ਮੈਂ ਤੈਨੂੰ ਬਹੁਤ ਹੀ ਜਲਦੀ ਕਿਸੇ ਮੰਜ਼ਿਲ 'ਤੇ ਪਹੁੰਚਾਵਾਂਗਾ, ਇਹ ਮੇਰਾ ਵਾਅਦਾ ਰਿਹਾ...।"**




**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 24**

## ਕਾਂਡ 11

–"..................।" ਅਮਨ ਵੀ ਚੁੱਪ ਵੱਟ ਗਈ। ਪਤਾ ਨਹੀਂ ਉਸ ਉਪਰ ਕੀ ਬੀਤੀ ਸੀ...? ਉਸ ਲਈ ਇਹ ਬਿਆਨ ਸੁਖਾਵਾਂ ਸੀ...? ਜਾਂ ਦੁਖੀ ਕਰਨ ਵਾਲ਼ਾ...?? ਸ਼ਾਇਦ ਅਮਨ ਨੂੰ ਵੀ ਨਹੀਂ ਪਤਾ ਸੀ। ਉਹ ਨਸ਼ੇ ਦੀ ਲੋਰ ਵਿੱਚ ਕਿਸੇ ਹੋਰ ਹੀ ਜੱਗ ਜਹਾਨ ਦੇ ਸਾਗਰ ਵਿੱਚ ਤਾਰੀਆਂ ਲਾ ਰਹੀ ਸੀ।

–"ਕਿੱਡਾ ਝੂਠ ਬੋਲਦੇ ਐ, ਸਰ...!" ਉਹ ਅਚਾਨਕ ਆਖ ਕੇ ਉਚੀ-ਉਚੀ ਹੱਸ ਪਈ।

–"ਸੱਚ ਨੂੰ ਝੂਠ ਕਿਵੇਂ ਆਖ ਦਿਆਂ ਮੇਰੀ ਅਮਨ..!" ਉਸ ਨੇ ਬੈੱਡ ਉਪਰ ਬੈਠੀ ਅਮਨ ਨੂੰ ਜੱਫੀ ਵਿੱਚ ਲੈ ਲਿਆ ਅਤੇ ਉਸ ਦਾ ਮੂੰਹ ਚੁੰਮ ਲਿਆ।

–"ਕਿੱਡੇ ਗੰਦੇ ਐ...।" ਉਸ ਨੇ ਮੂੰਹ ਪੂੰਝਦੀ ਨੇ ਕਿਹਾ, "ਸਰ ਤੁਸੀਂ ਐਨੇ ਗੰਦੇ ਕਿਉਂ ਐਂ, ਤੁਸੀਂ ਤਾਂ ਕਿੰਨੇ ਚੰਗੇ ਹੁੰਦੇ ਸੀ...?"

–"ਤੇਰੀ ਮੁਹੱਬਤ ਨੇ ਕਮਲ਼ਾ ਕਰਤਾ, ਅਮਨ...।"

'ਸਰ' ਉਸ ਨੂੰ ਕੋਕ ਵਿੱਚ ਥੋੜ੍ਹੀ - ਥੋੜ੍ਹੀ ਵਿਸਕੀ ਪਾ ਕੇ ਦਿੰਦਾ ਰਿਹਾ।

ਅਮਨ ਚੁੱਪ ਚਾਪ ਪੀਂਦੀ ਰਹੀ। ਗੱਲਾਂ ਕਰਦੀ ਰਹੀ। ਹੱਸਦੀ ਰਹੀ। ਹੁਣ ਅਮਨ ਅਤੇ ਕੋਚ ਸ਼ਿੰਗਾਰਾ ਸਿਉਂ ਬੈੱਡ ਵਿੱਚ ਇਕੱਠੇ ਪਏ ਸਨ। ਅਮਨ ਨੂੰ ਕੋਈ ਹੋਸ਼ ਹਵਾਸ ਨਹੀਂ ਸੀ। ਉਹ ਅੱਧ ਖੁੱਲ੍ਹੀਆਂ ਅੱਖਾਂ ਨਾਲ਼ 'ਸਰ' ਨੂੰ ਬੜੇ ਗਹੁ ਨਾਲ਼ ਤੱਕ ਰਹੀ ਸੀ, ਜਿਵੇਂ 'ਸਰ' ਉਸ ਦੀ ਪਛਾਣ ਵਿੱਚ ਨਹੀਂ ਆ ਰਹੇ ਸਨ।

ਰਾਤ ਦੇ ਗਿਆਰਾਂ ਕੁ ਵਜੇ ਅਮਨ ਦੇ ਮੂੰਹੋਂ ਇੱਕ ਦਰਦੀਲੀ ਚੀਕ ਨਿਕਲ਼ੀ ਅਤੇ ਉਸ ਦਾ ਪੋਟਾ-ਪੋਟਾ ਵਿੰਨ੍ਹਿਆਂ ਗਿਆ। ਉਸ ਨੇ 'ਸਰ' ਨੂੰ ਘੁੱਟ ਕੇ ਗਲਵਕੜੀ ਪਾ ਲਈ। ਉਸ ਦੀਆਂ ਅੱਖਾਂ ਵਿੱਚੋਂ ਪਾਣੀ ਛਲਕ ਪਿਆ ਸੀ। ਸਵੇਰ ਦੇ ਚਾਰ ਵਜੇ ਤੱਕ ਉਹ ਦਰਦ ਭਰੀ ਅਵਾਜ਼ ਵਿੱਚ "ਹਾਏ - ਹਾਏ" ਕਰਦੀ ਰਹੀ ਅਤੇ ਫਿਰ ਪਤਾ ਨਹੀਂ ਉਹ ਕਦੋਂ ਨੀਂਦ ਦੀ ਗੋਦ ਵਿੱਚ ਜਾ ਪਈ।

ਅਗਲੇ ਦਿਨ ਅਮਨ ਤੋਂ ਉਠਿਆ ਨਹੀਂ ਜਾ ਰਿਹਾ ਸੀ।

ਉਸ ਨੂੰ ਪੂਰੀ ਤਰ੍ਹਾਂ ਤਾਂ ਯਾਦ ਨਹੀਂ ਸੀ ਕਿ ਉਸ ਨਾਲ਼ ਕੀ ਬੀਤੀ ਸੀ, ਜਾਂ ਕੀ ਹੋਇਆ ਸੀ...? ਪਰ ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ, ਕਿ ਜੋ ਹੋਇਆ ਸੀ, ਉਹ ਸਹੀ ਨਹੀਂ ਹੋਇਆ ਸੀ। ...ਪਰ ਜਦੋਂ ਮਾਂ ਬਾਪ ਅਤੇ ਦਾਦਾ ਦਾਦੀ ਨੇ ਇਸ 'ਸਰ' ਅੱਗੇ ਪਰੋਸ ਹੀ ਦਿੱਤਾ, ਤਾਂ ਮੇਰਾ 'ਹਸ਼ਰ' ਤਾਂ ਮੈਨੂੰ ਪਤਾ ਹੀ ਸੀ...।

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

ਉਸ ਦੀਆਂ ਅੱਖਾਂ ਵਿੱਚੋਂ ਅੱਥਰੂ ਛਲਕ ਪਏ। 'ਸਰ' ਨੇ ਉਸ ਨੂੰ ਰੋਂਦੀ ਦੇਖ ਉਸ ਨੂੰ ਗਲਵਕੜੀ ਜਿਹੀ ਵਿੱਚ ਲੈ ਲਿਆ। ਪਰ ਅਮਨ ਨੇ ਉਸ ਦੀਆਂ ਬਾਂਹਾਂ ਪਰ੍ਹੇ ਕਰ ਦਿੱਤੀਆਂ। 'ਸਰ' ਕੁਝ ਸੋਚ ਕੇ ਇੱਕ ਪਾਸੇ ਪਿਆ ਚੁੱਪ ਰਿਹਾ। ਪਰ ਫਿਰ ਉਸ ਨੇ ਮੁੜ ਉਸ ਵੱਲ ਪਾਸਾ ਪਰਤਿਆ।

–"ਮੈਂ ਤੈਨੂੰ ਇੰਗਲੈਂਡ, ਅਮਰੀਕਾ ਜਾਂ ਕੈਨੇਡਾ ਜ਼ਰੂਰ ਪਹੁੰਚਦੀ ਕਰੂੰਗਾ ਅਮਨ, ਮੇਰੇ 'ਤੇ ਵਿਸ਼ਵਾਸ ਰੱਖ...।" ਉਸ ਨੇ ਉਸ ਦਾ ਡਿੱਗਦਾ ਦਿਲ ਧਰਾਉਣ ਲਈ ਕਿਹਾ।

–"ਪਰ ਮੈਂ ਤਾਂ ਨਾ ਇੰਗਲੈਂਡ, ਅਮਰੀਕਾ, ਤੇ ਨਾ ਕੈਨੇਡਾ ਜਾਣਾ ਚਾਹੁੰਦੀ ਸੀ...।" ਉਸ ਦਾ ਬੇਵੱਸਾ ਰੋਣ ਫਿਰ ਨਿਕਲ਼ ਗਿਆ।

–"ਹੋਰ ਕੀ ਕਰਨਾ ਚਾਹੁੰਦੀ ਸੀ...?"

–"ਮੈਂ ਤਾਂ ਪ੍ਰੀਤ ਨੂੰ ਸੱਚੇ ਦਿਲੋਂ ਮੁਹੱਬਤ ਕਰਦੀ ਸੀ ਸਰ, ਪਰ ਦੁਨੀਆਂ ਨੇ ਮੇਰੀ ਪੇਸ਼ ਨਾ ਜਾਣ ਦਿੱਤੀ, ਬੱਸ ਸੋਨੇ ਦੀ ਮੁਰਗੀ ਬਣਾਉਣ ਵਾਸਤੇ ਮੈਨੂੰ ਬਲੀ ਦੇਣ ਵਾਸਤੇ ਥੋਡੇ ਅੱਗੇ 'ਪਰੋਸਦੇ' ਰਹੇ, ਤੇ ਫ਼ਿਰ ਮੈਂ ਵੀ ਹਾਲਾਤਾਂ ਨਾਲ਼ ਸਮਝੌਤਾ ਕਰ ਲਿਆ, ਕਿ ਜਦ ਮੇਰੀ ਕੋਈ ਪੇਸ਼ ਹੀ ਨਹੀਂ ਜਾਣੀ, ਫ਼ੇਰ...।" ਉਹ ਫਿਰ ਰੋਣ ਲੱਗ ਪਈ।

–"...............।" ਸ਼ਿੰਗਾਰਾ ਸਿਉਂ ਚੁੱਪ ਹੋ ਗਿਆ। ਉਸ ਦੇ ਦਿਮਾਗ ਨੇ ਸੋਚਿਆ ਕਿ ਉਸ ਕੋਲ਼ੋਂ ਬਹੁਤ ਹੀ ਵੱਡੀ ਗਲਤੀ ਹੋ ਗਈ ਸੀ, ਕੋਈ 'ਗਊ ਹੱਤਿਆ' ਹੋ ਗਈ ਸੀ। ਪਰ ਹੁਣ ਕੀ ਹੋ ਸਕਦਾ ਸੀ...?

–"ਮੈਂ ਤਾਂ ਇੱਥੇ ਰਹਿ ਕੇ ਹਾਕੀ ਦੀ ਇੱਕ 'ਸਟਾਰ' ਬਣਨਾ ਚਾਹੁੰਦੀ ਸੀ ਸਰ, ਪਰ ਮੇਰੀ ਕਿਸਮਤ ਵਿੱਚ ਤਾਂ ਆਹੀ ਲਿਖਿਆ ਸੀ, ਜੋ ਤੁਸੀਂ ਰਾਤ ਮੇਰੇ ਨਾਲ਼ ਕੀਤੈ...।" ਉਹ ਮੁੜ ਡੁਸਕਣ ਲੱਗ ਪਈ, "ਦੂਜਾ ਮੇਰੇ ਪ੍ਰੀਵਾਰ ਵਾਲ਼ਿਆਂ ਨੇ ਮੈਨੂੰ ਘਰੋਂ ਬੇਘਰ ਕਰਨ ਵਾਲ਼ੀ ਕਸਰ ਬਾਕੀ ਨਹੀਂ ਛੱਡੀ...!" ਉਸ ਦੇ ਹੰਝੂ ਰੁਕਣ ਦਾ ਨਾਮ ਨਹੀਂ ਲੈ ਰਹੇ ਸਨ।

–"......................।"

–"ਮੇਰੀ ਹੋਣੀ ਦਾ ਮੈਨੂੰ ਪਤਾ ਸੀ ਸਰ, ਕਿ ਆਖਰ ਮੇਰੇ ਨਾਲ਼ ਕੀ ਹੋਣਾਂ ਹੈ...? ਇਸ ਲਈ ਮੈਂ ਤੁਹਾਡਾ ਵਿਰੋਧ ਨਹੀਂ ਕੀਤਾ, ਤੇ ਨਾ ਹੀ ਤੁਹਾਡਾ ਹੱਥ ਫੜਿਆ...। ਆਪਣੇ ਪ੍ਰੀਵਾਰ ਦਾ ਵਤੀਰਾ ਦੇਖ ਕੇ ਮੈਂ ਤਾਂ ਇਹੀ ਸੋਚਦੀ ਰਹਿੰਦੀ ਸੀ ਕਿ ਮੇਰੇ ਨਾਲ਼ ਜੋ ਕੁਛ ਵੀ ਹੋਣੈ, ਉਹ ਜਲਦੀ ਹੋ ਜਾਵੇ...।"

–"......................।"

–"ਮੈਂ ਸੋਚਦੀ ਸੀ ਕਿ ਮੇਰੇ ਪ੍ਰੀਤ ਬਿਨਾ ਮੇਰੇ ਸਰੀਰ ਨੂੰ ਕੋਈ ਛੂਹ ਨਹੀਂ ਸਕੂਗਾ, ਪਰ ਮੇਰੇ ਘਰਦਿਆਂ ਦੇ ਬਾਹਰ ਜਾਣ ਦੇ ਲਾਲਚ ਤੋਂ ਮੈਂ ਭਾਂਪ ਲਿਆ ਸੀ ਕਿ ਇਹਨਾਂ ਨੂੰ ਮੇਰੀ ਇੱਜ਼ਤ, ਜਾਂ ਮੇਰੀ ਖੇਡ ਪਿਆਰੀ ਨਹੀਂ, ਇਹ ਤਾਂ ਮੈਨੂੰ ਇੱਕ ਤਾਸ਼ ਦੇ ਪੱਤੇ ਵਾਂਗ ਵਰਤ ਕੇ 'ਬਾਹਰ' ਭੇਜਣਾ ਚਾਹੁੰਦੇ ਨੇ, ਤਾਂ ਕਿ ਮੇਰੇ ਸਿਰ 'ਤੇ ਖ਼ੁਦ 'ਐਸ਼' ਕਰ ਸਕਣ...। ਮੇਰੇ ਘਨ੍ਹੇੜਿਆਂ 'ਤੇ ਚੜ੍ਹ ਕੇ ਖ਼ੁਦ ਅਮਰੀਕਾ ਕੈਨੇਡਾ ਦੀ ਸੈਰ ਕਰ ਸਕਣ, ਤੇ ਡਾਲਰਾਂ ਵਿੱਚ ਖੇਡ ਸਕਣ...। ਮੇਰੇ ਭਵਿੱਖ, ਜਾਂ ਮੇਰੀਆਂ ਭਾਵਨਾਵਾਂ ਨੂੰ ਕਿਸੇ ਨੇ ਵੀ ਨਾ ਸਮਝਿਆ ਸਰ...! ਮੈਨੂੰ ਪਤਾ ਸੀ ਕਿ ਨਾ ਮੇਰਾ ਕੋਈ 'ਡੋਪ' ਟੈਸਟ ਹੋਣਾ ਸੀ, ਤੇ ਨਾਹੀ ਜਲੰਧਰ ਕੋਈ ਟਰੇਨਿੰਗ ਹੋਣੀ ਸੀ, ਬੱਸ ਘਰਦਿਆਂ ਦੀ ਅੜੀ ਅੱਗੇ ਚੁੱਪ-ਚਾਪ ਸਿਰ ਝੁਕਾ ਕੇ ਮੈਂ ਤੁਹ-ਾਡੇ ਅੱਗੇ 'ਨਿਰਵਸਤਰ' ਹੋ ਗਈ...। ਤੁਸੀਂ ਮੇਰਾ ਸਰੀਰ ਮਾਣ ਹੀ ਲਿਐ, ਹੁਣ ਅੱਗੇ ਤੁਸੀਂ ਮੈਨੂੰ ਕਿਸ ਤਣ ਪੱਤਣ ਲਾਉਂਦੇ ਹੋ, ਇਹ ਤੁਸੀਂ ਜਾਣੋਂ...।" ਉਹ ਉਠ ਕੇ 'ਬਾਥਰੂਮ' ਚਲੀ ਗਈ। ਉਸ ਦਾ ਸਰੀਰ 'ਚਸਕਾਂ' ਮਾਰ ਰਿਹਾ ਸੀ। ਉਸ ਨੇ ਗਰਮ-ਗਰਮ ਪਾਣੀ ਨਾਲ਼ ਨਹਾਉਣਾ ਸ਼ੁਰੂ ਕਰ ਦਿੱਤਾ। ਗਰਮ ਪਾਣੀ ਚੂੰਡੇ ਸਰੀਰ 'ਤੇ ਮਿਰਚਾਂ ਵਾਂਗ ਲੱਗਦਾ ਸੀ। ਪਰ ਉਹ ਕਸੀਸ ਵੱਟ ਕੇ ਨਹਾਈ ਗਈ। ਗਰਮ ਪਾਣੀ ਨਾਲ਼ ਸ਼ਾਇਦ ਉਹ 'ਕਲੰਕ' ਧੋ ਦੇਣਾ ਚਾਹੁੰਦੀ ਸੀ। ...ਸਰੀਰ ਦੀ ਮੈਲ਼ ਤਾਂ ਲਾਹ ਦੇਵੇਂਗੀ, ਪਰ ਰੂਹ 'ਤੇ ਲੱਗੇ ਫੱਟ ਕਿਵੇਂ ਧੋਵੇਂਗੀ...? ਇਸ ਸੋਚ ਨਾਲ਼ ਉਹ ਹੋਰ ਵੀ ਪ੍ਰੇਸ਼ਾਨ ਹੋ ਗਈ ਅਤੇ ਨਹਾ ਕੇ ਬਾਹਰ ਨਿਕਲ਼ ਆਈ।

–"ਅਮਨ, ਕੀ ਖਾਵੇਂਗੀ...?"

–"ਕੋਈ ਜ਼ਹਿਰ ਮਿਲ਼ਦੀ ਐ ਤਾਂ ਲਿਆ ਦਿਓ, ਸਰ...।"

–"ਕਮਲ਼ ਨੀ ਮਾਰੀਦਾ...! ਤੂੰ ਤਾਂ ਰਾਤ ਵੀ ਰੋਟੀ ਨੀ ਖਾਧੀ...।"

–"ਦੱਸੋ ਬਲੀਦਾਨ ਵਾਲ਼ੇ ਦਿਨ ਬਲੀ ਚੜ੍ਹਨ ਵਾਲ਼ਾ ਜਾਨਵਰ ਕਦੇ ਕੁਛ ਖਾਂਦੈ...?"

–"ਅਮਨ, ਤੂੰ ਤਾਂ ਦੁਖੀ ਹੁੰਨੀ ਹੀ ਹੈਂ, ਨਾਲ਼ ਮੈਨੂੰ ਵੀ ਦੁਖੀ ਕਰੀ ਜਾਨੀ ਐਂ...। ਮੈਂ ਤੇਰੇ ਤੋਂ ਮੁਆਫ਼ੀ ਮੰਗਦੈਂ...!"

–"ਤੁਹਾਡਾ ਕੋਈ ਵੀ ਕਸੂਰ ਨਹੀਂ ਸਰ, ਮੇਰੇ ਘਰਦਿਆਂ ਨੇ ਮੈਨੂੰ ਤਾਂ ਤੁਹਾਡੀ ਝੋਲ਼ੀ ਪਾ ਹੀ ਦਿੱਤਾ ਸੀ, ਤੇ ਓਸ ਦਾ ਫ਼ਾਇਦਾ ਤੁਸੀਂ ਲੈ ਲਿਆ, ਇਹਦੇ ਵਿੱਚ ਤੁਹਾਡਾ ਤਾਂ ਕੋਈ ਕਸੂਰ ਨਹੀਂ...।"

–"ਪਰ ਇੱਕ ਸੁਪਨੇ ਦੇ ਟੁੱਟ ਕੇ ਚਕਨਾਚੂਰ ਹੋ ਜਾਣ ਤੋਂ ਬਾਅਦ ਦੂਜਾ ਸੁਪਨਾ ਦੇਖਣ ਦੇ ਹੌਂਸਲੇ ਨੂੰ ਹੀ 'ਜ਼ਿੰਦਗੀ' ਕਹਿੰਦੇ ਨੇ, ਅਮਨ..!"

–"ਪਤਾ ਨੀ ਕਿਹੜੇ ਸੁਪਨੇ , ਤੇ ਕਿਹੜੀ ਜ਼ਿੰਦਗੀ ਸਰ...। ਜਿਹੜੇ ਸੁਪਨੇ ਮੈਂ ਦੇਖੇ ਸੀ, ਉਹ ਤਾਂ ਚੰਦਰੇ ਘਰਦਿਆਂ ਨੇ ਹੀ ਸਿਰੇ ਨੀ ਲੱਗਣ ਦਿੱਤੇ...। ਉਹਨਾਂ ਨੂੰ ਤਾਂ ਅਮਰੀਕਾ ਕੈਨੇਡਾ ਦੀ ਲੱਲੀ ਲੱਗੀ ਹੋਈ ਸੀ...। ਜਿਹੜੇ ਪ੍ਰੀਤ ਨੂੰ ਮੈਂ ਆਪਣਾ ਮੰਨਿਆਂ, ਓਸ ਜਿਊਣ ਜੋਕਰੇ ਨੇ ਤਾਂ ਕਦੇ ਮੈਨੂੰ ਹੱਥ ਤੱਕ ਨੀ ਲਾ ਕੇ ਦੇਖਿਆ..। ਅਸੀਂ ਮਿਥਿਆ ਸੀ ਕਿ ਵਿਆਹ ਤੋਂ ਪਹਿਲਾਂ ਅਜਿਹਾ ਕੁਛ ਕਦੇ ਨਹੀਂ ਕਰਨਾ, ਜੋ ਸਾਡੇ ਲਈ ਪਾਪ ਜਾਂ ਕਲੰਕ ਸਾਬਤ ਹੋਵੇ, ਜਾਂ ਸਾਡੀ ਸੱਭਿਅਤਾ ਦੇ ਖ਼ਿਲਾਫ਼ ਹੋਵੇ...। ਪਰ ਕਿਸਮਤ ਨੂੰ ਦੇਖ ਲਓ ਕੀ ਮਨਜੂਰ ਸੀ...। ਇਹ ਮੇਰੇ ਘਰਦਿਆਂ ਦੀ ਜ਼ਿਦ ਦਾ ਹੀ ਸਿੱਟਾ ਹੈ, ਜੋ ਮੈਂ ਰਾਤ ਭੁਗਤ ਲਿਆ, ਸਰ...। ਹੁਣ ਤੁਸੀਂ ਦੇਖ ਲਓ ਮੇਰਾ ਕਿੰਨਾਂ ਕੁ ਚਿਰ ਲਾਹਾ ਲੈਣੈ...?"

–"ਨਹੀਂ ਅਮਨ...। ਮੈਂ ਤੈਨੂੰ ਬਹੁਤ ਹੀ ਜਲਦੀ ਕਿਸੇ ਮੰਜ਼ਿਲ 'ਤੇ ਪਹੁੰਚਾਵਾਂਗਾ, ਇਹ ਮੇਰਾ ਵਾਅਦਾ ਰਿਹਾ...।"

ਉਸ ਦਿਨ ਤੋਂ ਬਾਅਦ ਸ਼ਿੰਗਾਰਾ ਸਿਉਂ ਨੇ ਅਮਨ ਵਾਸਤੇ ਦਿਨ ਰਾਤ 'ਭੱਜ ਨੱਠ' ਸ਼ੁਰੂ ਕਰ ਦਿੱਤੀ।

ਅਮਨ ਅਜੇ ਹੋਟਲ ਵਿੱਚ ਹੀ ਸੀ।

## ਕਾਂਡ 12

ਸ਼ਿੰਗਾਰਾ ਸਿਉਂ ਦੀ ਭੱਜ ਨੱਠ 'ਰੰਗ' ਲਿਆਈ। ਅਮਨ ਦਾ ਰਿਸ਼ਤਾ ਇੰਗਲੈਂਡ ਦੇ ਇੱਕ ਮੁੰਡੇ ਨੂੰ 'ਰਾਸ' ਆ ਗਿਆ। ਮੁੰਡਾ ਚਾਹੇ ਦੁਹਾਜੂ ਸੀ। ਪਰ ਮੂੰਹ ਮੱਥੇ ਲੱਗਦਾ ਅਤੇ ਬਣਦਾ ਤਣਦਾ ਸੀ। ਉਸ ਦਾ ਆਪਣੀ ਪਹਿਲੀ ਘਰਵਾਲ਼ੀ ਨਾਲ਼ ਕੁਝ ਮਹੀਨਿਆਂ ਵਿੱਚ ਹੀ ਤਲਾਕ ਹੋ ਗਿਆ ਸੀ। ਹੁਣ ਉਹ ਇੰਡੀਆ ਤੋਂ ਕਿਸੇ 'ਚੰਗੀ' ਕੁੜੀ ਦੀ 'ਭਾਲ਼' ਵਿੱਚ ਸਨ।

ਸ਼ਿੰਗਾਰਾ ਸਿਉਂ ਤੁਰੰਤ ਅਮਨ ਦੇ ਘਰ ਪਹੁੰਚਿਆ।

–"ਜਿੰਦਰ ਸਿਆਂ, ਦੇਖ ਲੈ, ਮੁੰਡਾ ਦੁਹਾਜੂ ਐ, ਕੱਲ੍ਹ ਨੂੰ ਮੈਨੂੰ ਉਲਾਂਭਾ ਨਾ ਦੇਈਂ...।"

–"ਪੁੱਤ, ਇੱਕ ਵਿਆਹ ਨਾਲ਼ ਮਰਦ ਦਾ ਕੀ ਵਿਗੜਦੈ...? ਮਰਦ ਤਾਂ ਨਹਾ ਕੇ ਓਹੋ ਜੇ ਦਾ ਓਹੋ ਜਿਆ..। ਤੂੰ ਗੱਲ ਕਰ ਸ਼ੇਰਾ...! ਰਿਸ਼ਤਾ ਨਾ ਹੱਥੋਂ ਨਿਕਲ਼ ਜੇ...।" ਦਾਦੀ ਸਦਾ ਕੌਰ ਆਦਤ ਅਨੁਸਾਰ ਭੱਜ ਕੇ ਵਿੱਚ ਬੋਲੀ ਸੀ।

–"ਕਿਉਂ ਜਿੰਦਰ ਸਿਆਂ...?"

–"ਜਿਵੇਂ ਬੇਬੇ ਨੇ ਕਹਿਤਾ, ਬੱਸ ਸੱਤ ਈ ਐ...! ਤੂੰ ਪਾਧਾ ਨਾ ਪੁੱਛ, ਗੱਲ ਨਬੇੜ...। ਸਾਨੂੰ ਮਨਜੂਰ ਐ...।"

**ਚਲਦਾ...**

# ਧਰੁਵੀਕਰਨ ਦੀ ਸੱਜੇ ਪੱਖੀ ਕੌਮਾਂਤਰੀ ਸਿਆਸਤ ਦੇ ਮੱਦੇ ਨਜ਼ਰ ਕੈਨੇਡਾ ਦੇ ਚੋਣ ਨਤੀਜੇ

ਡਾ. ਗੁਰਵਿੰਦਰ ਸਿੰਘ
604 825 1550





ਕੈਨੇਡਾ ਮੂਲ ਵਾਸੀਆਂ ਦੀ ਧਰਤੀ ਹੈ। ਇਸ ਧਰਤੀ 'ਤੇ ਲੰਮਾ ਸਮਾਂ ਸੰਘਰਸ਼ ਤੋਂ ਬਾਅਦ ਵਿਭਿੰਨ, ਬਹੁ-ਸਭਿਆਚਾਰਕ ਅਤੇ ਬਹੁ-ਕੌਮੀਅਤ ਰੂਪ ਪ੍ਰਗਟ ਹੋਏ ਹਨ। ਨਿਸੰਦੇਹ ਲੰਮਾ ਸਮਾਂ ਇੱਥੇ ਚਿੱਟਾ ਨਸਲਵਾਦ ਭਾਰੂ ਰਿਹਾ। ਮੌਜੂਦਾ ਸਮੇਂ ਕੈਨੇਡਾ ਦਾ ਜੋ ਰੂਪ ਹੈ, ਉਸ ਪਿੱਛੇ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਪੀਅਰ ਟਰੂਡੋ ਦੀ ਇਤਿਹਾਸਿਕ ਦੇਣ ਹੈ, ਜਿਨਾਂ ਨੇ ਚਾਰਟਰ ਆਫ ਰਾਈਟਸ (ਮਨੁੱਖੀ ਅਧਿਕਾਰਾਂ ਦਾ ਘੋਸ਼ਣਾ ਪੱਤਰ) ਲਿਆਂਦਾ ਅਤੇ ਬਹੁ-ਸੱਭਿਆਚਾਰਕ ਢਾਂਚਾ ਸਿਰਜਿਆ। ਕੈਨੇਡਾ ਦੀਆਂ ਤਾਜ਼ਾ ਚੋਣਾਂ ਵਿੱਚ ਇਕ ਵਾਰ ਫਿਰ ਬਹੁ-ਸਭਿਆਚਾਰ ਦੀ ਰਾਜਨੀਤੀ ਦੀ ਜਿੱਤ ਅਤੇ ਸੱਜੇ ਪੱਖੀ ਤਾਕਤਾਂ ਦੀ ਹਾਰ ਹੋਈ ਹੈ। ਇਹ ਖਦਸ਼ਾ ਸੀ ਕਿ ਜਿਸ ਤਰੀਕੇ ਨਾਲ ਕੈਨੇਡਾ ਦੇ ਗੁਆਂਢੀ ਮੁਲਕ ਅਮਰੀਕਾ 'ਚ ਸੱਜੇ ਪੱਖੀ ਤਾਕਤਾਂ ਦੀ ਜਿੱਤ ਹੋਈ ਹੈ, ਕੈਨੇਡਾ ਵਿੱਚ ਵੀ ਅਜਿਹਾ ਹੀ ਵਾਪਰੇਗਾ, ਪਰ ਟਰੰਪ ਦੀਆਂ 'ਖੌਰੂ-ਪਾਊ' ਨੀਤੀਆਂ ਸਪਸ਼ਟ ਹੋਣ ਮਗਰੋਂ ਕੈਨੇਡਾ ਦੇ ਵਾਸੀਆਂ ਨੇ ਨਾ ਸਿਰਫ ਸਬਕ ਹੀ ਸਿੱਖਿਆ, ਬਲਕਿ ਇਹੋ-ਜਿਹੀਆਂ ਰੂੜ੍ਹੀਵਾਦੀ ਤਾਕਤਾਂ ਨੂੰ ਰੋਕਿਆ ਵੀ।

28 ਅਪ੍ਰੈਲ ਨੂੰ ਹੋਈਆਂ ਫੈਡਰਲ ਚੋਣਾਂ ਵਿੱਚ ਕੈਨੇਡਾ ਕੌਮਾਂਤਰੀ ਸੱਜੇ ਪੱਖੀ ਰਾਜਨੀਤੀ ਵਿੱਚ ਧਰੁਵੀਕਰਨ ਦੀ ਚੱਲ ਰਹੀ ਹਨੇਰੀ ਵਿੱਚ, ਆਪਣੇ ਆਪ ਨੂੰ ਬਚਾਉਣ ਵਿੱਚ ਸਫਲ ਰਿਹਾ ਹੈ। ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਜਿੱਤ ਨੇ ਸੰਸਾਰ ਨੂੰ ਨਾ ਸਿਰਫ ਧਰੁਵੀਕਰਨ ਦੀ ਰਾਜਨੀਤੀ ਤੇ ਕੱਟੜਵਾਦੀ ਸਿਆਸਤ ਦੇ ਖਤਰਨਾਕ ਨਤੀਜਿਆਂ ਤੋਂ ਸਾਵਧਾਨ ਕੀਤਾ ਹੈ, ਬਲਕਿ ਬਹੁ-ਸਭਿਆਚਾਰ ਅਤੇ ਬਹੁ-ਕੌਮੀਅਤ ਦੇ ਪੱਖਾਂ ਨੂੰ ਵੀ ਉਜਾਗਰ ਕੀਤਾ ਹੈ ਹੈ।

ਮਹੱਤਵਪੂਰਨ ਗੱਲ ਹੈ ਕਿ ਕੈਨੇਡਾ ਦੀ ਇਸ ਸਮੇਂ ਅਗਵਾਈ ਮਾਰਕ ਕਾਰਨੀ ਵਰਗੇ ਵਿਅਕਤੀ ਕਰ ਰਹੇ ਹਨ, ਜਿਹੜੇ ਕਿ ਅਰਥ-ਸ਼ਾਸਤਰੀ ਹੋਣ ਦੇ ਨਾਲ-ਨਾਲ ਸਿਆਸਤ ਦੇ ਖੇਤਰ ਦੇ ਵਿੱਚ ਸੁਲਝੀ ਸ਼ਖਸ਼ੀਅਤ ਵਜੋਂ ਸਥਾਪਿਤ ਹੋਣ ਦੀ ਸਮਰੱਥਾ ਰੱਖਦੇ ਹਨ। ਇਸੇ ਕਾਰਨ ਪਹਿਲੀ ਵਾਰ ਚੋਣ ਲੜਨ ਦੇ ਬਾਵਜੂਦ ਉਹਨਾਂ ਸ਼ਾਨਦਾਰ ਜਿੱਤ ਵੀ ਹਾਸਲ ਕੀਤੀ ਅਤੇ ਨਾਲ ਹੀ ਗੁਆਂਢੀ ਹਲਕੇ ਤੋਂ ਖੜੇ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰ ਪੌਲੀਏਵ ਨੂੰ ਵੀ ਉਹਨਾਂ ਦੇ ਪ੍ਰਭਾਵ ਕਾਰਨ ਆਪਣੀ ਸੀਟ ਗਵਾਉਣੀ ਪਈ।

ਇੱਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਕੈਨੇਡਾ ਵਸਦੇ ਸਿੱਖਾਂ ਨੇ ਲਿਬਰਲ ਪਾਰਟੀ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਆਪਣਾ ਨਾਇਕ ਮੰਨਿਆ ਤੇ ਵੱਡੇ ਪੱਧਰ ਤੇ ਵੋਟਾਂ ਭੁਗਤਾਈਆਂ ਹਨ, ਜੋ ਕਿ ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਜਿੱਤ ਦਾ ਕਾਰਨ ਬਣੀਆ। ਟਰੂਡੋ ਵੱਲੋਂ ਇੰਡੀਅਨ ਦਖਲ ਅੰਦਾਜ਼ੀ ਦੇ ਮਾਮਲੇ 'ਚ ਮਜਬੂਤ ਸਟੈਂਡ ਲੈਣਾ, ਸਿੱਖਾਂ ਲਈ ਹਾਅ ਦਾ ਨਾਅਰਾ ਮਾਰਨਾ ਅਤੇ ਕੈਨੇਡੀਅਨ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੇ ਭਾਰਤੀ ਏਜੰਸੀਆਂ ਵੱਲੋਂ ਕਤਲ ਦੇ ਮਾਮਲੇ 'ਚ ਆਵਾਜ਼ ਬੁਲੰਦ ਕਰਨਾ ਸਿੱਖਾਂ ਵੱਲੋਂ ਭਰਪੂਰ ਸਲਾਹਿਆ ਗਿਆ। ਸਿੱਖਾਂ ਨੇ ਜਸਟਿਨ ਟਰੂਡੋ ਨੂੰ ਦਿਲੋਂ ਪਿਆਰ ਦਿੱਤਾ, ਸਰੀ ਦੇ ਵਿਸ਼ਾਲ ਨਗਰ ਕੀਰਤਨ ਵਿੱਚ ਵੱਡਾ ਸਨਮਾਨ ਦਿੱਤਾ ਅਤੇ ਵੋਟਾਂ ਦੌਰਾਨ ਭਰਪੂਰ ਹੁੰਗਾਰਾ ਪ੍ਰਗਟਾਇਆ।

ਕੈਨੇਡਾ ਦੀਆਂ ਇਹਨਾਂ ਚੋਣਾਂ ਵਿੱਚ 22 ਚਿਹਰੇ ਅਜਿਹੇ ਵੀ ਕਾਮਯਾਬ ਹੋਏ ਹਨ, ਜਿਹਨਾਂ ਵਿੱਚ ਲਿਬਰਲ ਪਾਰਟੀ ਅਤੇ ਕੰਜ਼ਰਵਟਿਵ ਪਾਰਟੀ ਵਿੱਚ ਸਫਲ ਰਹਿਣ ਵਾਲੇ ਸਿੱਖ ਜਾਂ ਪੰਜਾਬੀ ਸ਼ਾਮਿਲ ਹਨ। ਬੀਸੀ ਵਿਚ ਸੁਖਮਿੰਦਰ ਸਿੰਘ (ਸੁੱਖ) ਧਾਲੀਵਾਲ, ਰਣਦੀਪ ਸਰਾਏ, ਗੁਰਬਖਸ਼ ਸੈਣੀ, ਪਰਮ ਬੈਂਸ ਤੇ ਸੁਖਮਨ ਸਿੰਘ ਗਿੱਲ ਜੇਤੂ ਰਹੇ ਹਨ। ਕੈਲਗਰੀ ਤੋਂ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ, ਦਲਵਿੰਦਰ ਸਿੰਘ ਗਿੱਲ, ਐਡਮਿੰਟਨ ਤੋਂ ਟਿਮ ਸਿੰਘ ਉਪਲ, ਜਗਸ਼ਰਨ ਸਿੰਘ ਮਾਹਲ ਜਿੱਤੇ ਹਨ। ਓਂਟੈਰੀਓ ਵਿਚ ਅਮਨਦੀਪ ਕੌਰ ਸੋਢੀ, ਮਨਿੰਦਰ ਸਿੰਘ ਸਿੱਧੂ, ਸੋਨੀਆ ਕੌਰ ਸਿੱਧੂ, ਰੂਬੀ ਕੌਰ ਸਹੋਤਾ, ਇਕਵਿੰਦਰ ਸਿੰਘ ਗਹੀਰ, ਅਮਰਜੀਤ ਸਿੰਘ ਗਿੱਲ, ਪਰਮ ਗਿੱਲ, ਅਨੀਤਾ ਆਨੰਦ, ਬਰਦੀਸ਼ ਕੌਰ ਚੱਗਰ, ਅਰਪਨ ਖੰਨਾ, ਹਰਬ ਗਿੱਲ ਤੇ ਕਿਊਬੈਕ ਚੋਂ ਅੰਜੂ ਕੌਰ ਢਿੱਲੋਂ ਸਫਲ ਹੋਏ ਹਨ। ਇਹ ਬਹੁ-ਸੱਭਿਆਚਾਰਕ ਪ੍ਰਗਟਾਵਾ 'ਕੈਨੇਡਾ ਦੀ ਗੁਲਦਸਤੇ ਦੀ ਮਹਿਕ' ਨੂੰ ਹੋਰ ਮਜ਼ਬੂਤ ਕਰਦਾ ਹੈ।

ਕੈਨੇਡਾ ਵਿੱਚ ਚੋਣਾਂ ਦੌਰਾਨ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰ ਪੌਲੀਏਵ ਦੀ ਹਾਰ ਦਰਸਾਉਂਦੀ ਹੈ ਕਿ ਕੈਨੇਡੀਅਨ ਲੋਕਾਂ ਨੇ ਵਿਦੇਸ਼ੀ ਦਖਲ-ਅੰਦਾਜ਼ੀ, ਖਾਸ ਤੌਰ 'ਤੇ ਭਾਰਤ ਦੀ ਟੋਰੀ ਪਾਰਟੀ ਪ੍ਰਤੀ ਅੰਦਰ ਖਾਤੇ ਮਿਲ-ਭੁਗਤ ਦੀ ਰਾਜਨੀਤੀ ਨੂੰ ਰੱਦ ਕੀਤੀ ਹੈ। ਟੋਰੀ ਪਾਰਟੀ ਦੇ ਆਗੂ ਵੱਲੋਂ ਆਪਣੀ ਸਿਕਿਉਰਿਟੀ ਕਲੀਅਰੈਂਸ ਤੋਂ ਵੀ ਕੋਰਾ ਇਨਕਾਰ ਕਰਨਾ ਵੀ ਕੈਨੇਡਾ ਵਿਰੋਧੀ ਕਦਮ ਸਾਬਤ ਹੋਇਆ ਹੈ। ਕੰਜ਼ਰਵਟਿਵ ਪਾਰਟੀ ਦੇ ਅਖੌਤੀ ਤਬਦੀਲੀ ਦੇ ਨਾਅਰੇ ਨੂੰ ਵੀ ਲੋਕਾਂ ਨੇ ਨਕਾਰਿਆ ਹੈ। ਉਹਨਾਂ ਇਸ ਗੱਲ ਦਾ ਵੀ ਖਤਰਾ ਮਹਿਸੂਸ ਕੀਤਾ ਕਿ ਜੋ ਅਮਰੀਕਾ ਦਾ ਪ੍ਰਧਾਨ ਟਰੰਪ ਕੈਨੇਡਾ ਪ੍ਰਤੀ ਟੈਰਿਫ ਅਤੇ ਹੋਰ ਸਖਤੀਆਂ ਕਰ ਰਿਹਾ ਹੈ, ਉਸ ਦਾ ਠੋਕਵਾਂ ਜਵਾਬ ਕੰਜ਼ਰਵਟਿਵ ਪਾਰਟੀ ਦਾ ਆਗੂ ਨਹੀਂ ਦੇ ਸਕਦਾ। ਟਰੰਪ ਦੇ ਕੈਨੇਡਾ ਵਿਰੋਧੀ ਪ੍ਰਚਾਰ ਦਾ ਸਿੱਧਾ ਨੁਕਸਾਨ ਕੰਜ਼ਰਵਟਿਵ ਪਾਰਟੀ ਨੂੰ ਹੋਇਆ ਹੈ ਅਤੇ ਫਾਇਦਾ ਲਿਬਰਲ ਪਾਰਟੀ ਨੂੰ ਹੋਇਆ ਹੈ।

ਕੈਨੇਡਾ ਦੀਆਂ ਚੋਣਾਂ ਵਿੱਚ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਹਾਰ ਦੇ ਮਾਮਲੇ ਵਿੱਚ ਇੰਡੀਅਨ ਗੋਦੀ ਮੀਡੀਏ ਦੀਆਂ ਬੇਤੁਕੀਆਂ ਗੱਲਾਂ ਲੋਕਾਂ ਨੂੰ ਗੁੰਮਰਾਹ ਕਰਦੀਆਂ ਹਨ, ਖਾਸ ਤੌਰ ਤੇ ਜਗਮੀਤ ਸਿੰਘ ਪ੍ਰਤੀ ਨਿੰਦਾ ਤੇ ਨਫਰਤੀ ਸੋਚ। ਇਸ ਗੱਲ 'ਤੇ ਅਫਸੋਸ ਹੈ ਕਿ ਭਾਰਤ ਦੀਆਂ ਹਿੰਦੂਤਵੀ ਤਾਕਤਾਂ, ਜੇਕਰ ਰਿਸ਼ੀ ਸੁਨਕ ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਦਾ ਹੈ, ਤਾਂ ਉਸ ਦੀ ਪ੍ਰਸ਼ੰਸਾ ਕਰਦੀਆਂ ਨਹੀਂ ਥੱਕਦੀਆਂ, ਪਰ ਜਦੋਂ ਸਿੱਖ ਨੌਜਵਾਨ ਜਗਮੀਤ ਸਿੰਘ ਕੈਨੇਡਾ ਦੀ ਨੈਸ਼ਨਲ ਪਾਰਟੀ ਦਾ ਆਗੂ ਬਣਦਾ ਹੈ, ਤਾਂ ਮੂੰਹੋਂ ਜ਼ਹਿਰ ਉਗਲਦੀਆਂ ਹਨ। ਭਾਰਤ ਦੇ ਸਟੇਟ ਪੱਖੀ ਮੀਡੀਏ ਦੀ ਸਿੱਖਾਂ ਪ੍ਰਤੀ ਨਫਰਤ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਹੁੰਦਾ ਹੈ ਕਿ ਉਹ ਕੈਨੇਡਾ ਦੀ ਮੁੱਖ ਵਿਰੋਧੀ ਟੋਰੀ ਪਾਰਟੀ ਦੇ ਆਗੂ ਪੀਅਰ ਪੌਲੀਏਵ ਦੀ ਹਾਰ ਬਾਰੇ ਤਾਂ ਚੁੱਪ ਹਨ (ਜਿਸ ਨੂੰ ਜਿਤਾਉਣ ਲਈ ਇੰਡੀਅਨ ਗੋਦੀ ਮੀਡੀਆ ਅਤੇ ਇੰਡੀਅਨ ਸਿਆਸਤਦਾਨ ਪੱਬਾ ਭਾਰ ਸਨ), ਪਰ ਜਗਮੀਤ ਸਿੰਘ ਦੀ ਹਾਰ ਉੱਤੇ ਹੱਦੋਂ ਵੱਧ ਨਫਰਤੀ ਬਿਆਨਬਾਜ਼ੀ ਕਰ ਰਹੇ ਹਨ।

ਅਸਲ ਚ ਨਿਊ ਡੈਮੋਕ੍ਰੇਟਿਕ ਪਾਰਟੀ ਅਤੇ ਇਸ ਦੇ ਲੀਡਰ ਜਗਮੀਤ ਸਿੰਘ ਦੀ ਹਾਰ ਦਾ ਕਾਰਨ ਇਹ ਸੀ ਕਿ ਕੈਨੇਡਾ ਵਾਸੀਆਂ ਨੇ ਸੱਜੇ ਪੱਖੀ ਟੋਰੀ ਪਾਰਟੀ ਨੂੰ ਸੱਤਾ 'ਚੋਂ ਬਾਹਰ ਰੱਖਣ ਦਾ ਤਹੱਈਆ ਕੀਤਾ ਸੀ। ਇਸ ਕਾਰਨ ਵੋਟਾਂ ਦੀ ਵੰਡ ਨਾ ਕਰਦਿਆਂ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਵੋਟਰ ਵੀ ਲਿਬਰਲ ਪਾਰਟੀ ਵੱਲ ਭੁਗਤੇ। ਸਿੱਟੇ ਵਜੋਂ ਲਿਬਰਲ ਪਾਰਟੀ ਨੂੰ ਜਿੱਤ ਮਿਲੀ ਅਤੇ ਐਨਡੀਪੀ ਦੀ ਹਾਰ ਹੋਈ। ਇਸ ਹਾਰ ਦੀ ਜਿੰਮੇਵਾਰੀ ਲੈਂਦਿਆਂ ਜਗਮੀਤ ਸਿੰਘ ਨੇ ਪਾਰਟੀ ਮੁਖੀ ਦੇ ਅਹੁਦੇ ਤੋਂ ਅਸਤੀਫਾ ਦਿੱਤਾ।

ਸੱਚ ਜਾਣੀਏ ਤਾਂ ਜਗਮੀਤ ਸਿੰਘ ਨੇ ਕੈਨੇਡਾ ਦੀ ਸਿਆਸਤ ਵਿੱਚ ਜੋ ਕਦਰਾਂ-ਕੀਮਤਾਂ ਕਾਇਮ ਕੀਤੀਆਂ ਹਨ, ਉਹ ਇਤਿਹਾਸ ਨੂੰ ਨਵਾਂ ਮੋੜ ਦੇਣਗੀਆਂ। ਰੰਗਦਾਰ ਭਾਈਚਾਰੇ ਵਿੱਚੋਂ ਪਹਿਲਾ ਨੈਸ਼ਨਲ ਪਾਰਟੀ ਦਾ ਲੀਡਰ ਬਣਨਾ, ਸਿੱਖੀ ਸਰੂਪ ਕਾਇਮ ਰੱਖਦੇ ਹੋਏ ਅੰਮ੍ਰਿਤਧਾਰੀ ਨੌਜਵਾਨ ਵਲੋਂ ਪਛਾਣ ਬਰਕਰਾਰ ਰੱਖ ਕੇ ਅਗਵਾਈ ਦੇਣਾ, ਫਾਰਮਾ ਕੇਅਰ ਦੀਆਂ ਸਿਹਤ ਸੁਧਾਰਾਂ ਦੀਆਂ ਨੀਤੀਆਂ ਲਾਗੂ ਕਰਵਾਉਣੀਆਂ, ਦੰਦਾਂ ਦੇ ਇਲਾਜ ਲਈ ਬਜ਼ੁਰਗਾਂ ਦੇ ਲਈ ਮੁਫਤ ਸੇਵਾਵਾਂ ਲਿਆਉਣੀਆਂ, ਮੂਲਵਾਸੀ ਲੋਕਾਂ ਦੀ ਜ਼ੋਰਦਾਰ ਹਮਾਇਤੀ ਅਤੇ ਸਹਿਯੋਗੀ ਨੀਤੀ, ਕਾਮਿਆਂ ਲਈ ਡਟ ਕੇ ਖੜਨਾ, ਯੂਨੀਅਨਾਂ ਪ੍ਰਤੀ ਸਹਿਯੋਗ ਨੀਤੀ ਅਤੇ ਅਨੇਕਾਂ ਹੋਰ ਗੱਲਾਂ ਜ਼ਿਕਰਯੋਗ ਹਨ।

ਜਿੱਥੋਂ ਤੱਕ ਸਿੱਖਾਂ ਦੀ ਗੱਲ ਹੈ, ਉਸ ਬਾਰੇ ਵੀ ਜਗਮੀਤ ਸਿੰਘ ਦੀ ਪਹੁੰਚ ਬੜੀ ਸਪਸ਼ਟ ਰਹੀ। ਜਗਮੀਤ ਸਿੰਘ ਨੇ ਸਿੱਖ ਨਸਲਕੁਸ਼ੀ ਦੇ ਮਾਮਲੇ 'ਤੇ ਪਹਿਰਾ ਦਿੰਦਿਆਂ ਓਂਟੈਰੀਓ ਵਿਧਾਨ ਸਭਾ ਵਿੱਚ ਇਸ ਸਬੰਧ ਵਿੱਚ ਮਤਾ ਪਾਸ ਕਰਵਾਇਆ। ਉਸ ਨੇ ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨਾ ਘੋਸ਼ਿਤ ਕਰਾਉਣ ਲਈ ਓਂਟੈਰੀਓ 'ਚ ਮਤਾ ਪਾਸ ਕਰਵਾਉਣ ਵਿੱਚ ਸਫਲਤਾ ਹਾਸਿਲ ਕੀਤੀ। ਭਾਰਤ ਦੇ ਮਾਮਲੇ ਵਿੱਚ ਵਿਦੇਸ਼ੀ ਦਖਲ ਅੰਦਾਜ਼ੀ ਖਿਲਾਫ ਉਸ ਨੇ ਧੜੱਲੇ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਪ੍ਰਤੀ ਸਖਤ ਸਟੈਂਡ ਲੈਣ ਲਈ ਤਿਆਰ ਕੀਤਾ। ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਜਗਮੀਤ ਸਿੰਘ ਨੇ ਠੋਸ ਆਵਾਜ਼ ਬੁਲੰਦ ਕੀਤੀ। ਇਸ ਦੇ ਇਲਾਵਾ ਉਸ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਅਤੇ ਅਨੇਕਾਂ ਹੋਰਾਂ ਮੁੱਦਿਆਂ ਨੂੰ ਵੀ ਵਿਚਾਰਿਆ। ਇਸ ਨਜ਼ਰੀਏ ਤੋਂ ਜਗਮੀਤ ਸਿੰਘ ਕੈਨੇਡਾ ਦੀ ਸਿਆਸਤ ਵਿੱਚ ਹਰ ਪਹਿਲੂ ਤੋਂ ਸੂਝ ਬੂਝ ਵਾਲਾ ਆਗੂ ਰਿਹਾ, ਜਿਸ ਦੀ ਦੇਣ ਨੂੰ ਇਤਿਹਾਸ ਵਿੱਚ ਚੇਤੇ ਰੱਖਿਆ ਜਾਵੇਗਾ।

ਕੈਨੇਡਾ ਦੀਆਂ 343 ਸੀਟਾਂ ਵਿੱਚ 169 ਲਿਬਰਲ ਪਾਰਟੀ ਨੂੰ 144 ਕੰਜ਼ਰਵਟਿਵ ਪਾਰਟੀ ਨੂੰ, ਸੱਤ ਐਨਡੀਪੀ ਨੂੰ, 22 ਬਲਾਕ ਕਿਊਬਿਕਵਾ ਨੂੰ ਅਤੇ ਇੱਕ ਗਰੀਨ ਪਾਰਟੀ ਨੂੰ ਮਿਲੀ ਹੈ। ਯਕੀਨਨ ਤੌਰ 'ਤੇ ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਸਰਕਾਰ ਬਣੇਗੀ, ਪਰ ਸਪਸ਼ਟ ਬਹੁਮਤ ਨਾ ਹੋਣ ਦੀ ਸੂਰਤ ਵਿੱਚ ਇੱਕ ਵਾਰ ਫਿਰ ਐਨਡੀਪੀ ਦੇ ਹੱਥ ਵਿੱਚ ਸੱਤਾ ਦਾ ਸੰਤੁਲਨ ਹੋਵੇਗਾ। ਵੱਡੇ ਸਵਾਲ ਇਹ ਹਨ ਕਿ ਕੀ ਲੋਕ ਪੱਖੀ ਨੀਤੀਆਂ ਮਜ਼ਬੂਤ ਹੋਣਗੀਆਂ? ਆਰਥਿਕਤਾ ਵਿੱਚ ਸੁਧਾਰ ਹੋਏਗਾ? ਜਨ-ਜੀਵਨ ਨੂੰ ਸੁਵਿਧਾ ਮਿਲੇਗੀ? ਵਿਦਿਆ ਤੇ ਸਿਹਤ ਸਬੰਧੀ ਨੀਤੀਆਂ ਬੇਹਤਰ ਬਣਨਗੀਆਂ? ਵਿਦੇਸ਼ੀ ਦਖਲ ਅੰਦਾਜੀ ਨੂੰ ਠੱਲ ਪਵੇਗੀ ਅਤੇ ਕੈਨੇਡਾ ਉਪਰੋਕਤ ਪੱਖੋਂ ਉਭਰੇਗਾ? ਇਹ ਸਮਾਂ ਦੱਸੇਗਾ ਤੇ ਲੋਕ ਸਰਕਾਰ ਨੂੰ ਜਵਾਬ ਦੇਹ ਬਣਾਉਣਗੇ।

ਕੈਨੇਡੀਅਨ ਵੋਟਰਾਂ ਨੂੰ ਇਸ ਗੱਲ ਦੀ ਸ਼ਾਬਾਸ਼ ਦੇਣੀ ਬਣਦੀ ਹੈ ਕਿ ਜਦੋਂ ਅਮਰੀਕਾ ਤੋਂ ਲੈ ਕੇ ਭਾਰਤ ਤੱਕ ਸੱਜੇ ਪੱਖੀ ਤਾਕਤਾਂ, ਕੱਟੜਵਾਦੀ ਮਾਹੌਲ ਕਾਇਮ ਕਰ ਰਹੀਆਂ ਹਨ, ਉਸ ਹਨੇਰੇ ਵਿੱਚ ਕੈਨੇਡਾ ਸੁਲਗਦੀ ਲਾਟ ਬਣ ਕੇ ਚਮਕਿਆ ਹੈ ਅਤੇ ਧਰੁਵੀਕਰਨ ਦੀ ਹਨੇਰੀ ਵਿੱਚ ਕੈਨੇਡਾ ਦਾ ਦੀਵਾ ਜਗਦਾ ਰਿਹਾ ਹੈ। ਇਸ ਲਈ ਕੈਨੇਡਾ ਦੇ ਨਾਗਰਿਕ ਵਧਾਈ ਦੇ ਪਾਤਰ ਹਨ!

# ਭਾਰਤ ਨੇ ਪਾਕਿ ਤੋਂ ਸਾਰੇ ਆਯਾਤ 'ਤੇ ਪਾਬੰਦੀ ਕਿਉਂ ਲਗਾਈ ?

## ✪ ਇਸਦਾ ਦੋਹਾਂ ਦੇਸ਼ਾਂ ਉਪਰ ਕੀ ਅਸਰ ਪਵੇਗਾ ? ✪ ਕੀ ਅਮਰੀਕਾ ਦਖਲਅੰਦਾਜ਼ੀ ਕਰੇਗਾ ?




### ਵਿਸ਼ੇਸ਼ ਰਿਪੋਟ

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਮੱਦੇਨਜ਼ਰ ਭਾਰਤ ਨੇ ਪਾਕਿਸਤਾਨ ਤੋਂ ਸਾਰੇ ਪ੍ਰਕਾਰ ਦੇ ਅਯਾਤ ਅਤੇ ਨਿਰਯਾਤ 'ਤੇ ਪਾਬੰਦੀ ਲਗਾ ਦਿੱਤੀ ਹੈ। 2 ਮਈ 2025 ਨੂੰ ਵਣਜ ਮੰਤਰਾਲੇ ਅਨੁਸਾਰ ਇਹ ਪਾਬੰਦੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਨੀਤੀ ਦੇ ਹਿੱਤ ਵਿੱਚ ਲਗਾਈ ਗਈ ਹੈ। ਇਸ ਪਾਬੰਦੀ ਵਿੱਚ ਕਿਸੇ ਵੀ ਛੋਟ ਲਈ ਭਾਰਤ ਸਰਕਾਰ ਦੀ ਪਹਿਲੀ ਮਨਜ਼ੂਰੀ ਜ਼ਰੂਰੀ ਹੋਵੇਗੀ। ਅਧਿਸੂਚਨਾ ਵਿੱਚ ਵਿਦੇਸ਼ ਵਪਾਰ ਨੀਤੀ (ਐਫਟੀਪੀ) 2023 ਵਿੱਚ ਇੱਕ ਪ੍ਰਬੰਧ ਜੋੜਿਆ ਗਿਆ, ਜਿਸ ਨਾਲ ਪਾਕਿਸਤਾਨ ਤੋਂ ਸਾਰੇ ਸਮਾਨ ਦੇ ਆਯਾਤ ਅਤੇ ਪਾਰਗਮਨ 'ਤੇ ਰੋਕ ਲਗਾਈ ਗਈ।

### ਪਹਿਲਗਾਮ ਹਮਲੇ ਦੀ ਪਿੱਠਭੂਮੀ

22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਮਸ਼ਹੂਰ ਸੈਰ-ਸਪਾਟਾ ਸਥਾਨ ਪਹਿਲਗਾਮ ਦੀ ਬੈਸਰਨ ਘਾਟੀ ਵਿੱਚ ਅੱਤਵਾਦੀਆਂ ਨੇ ਜ਼ਿਆਦਾਤਰ ਸੈਲਾਨੀਆਂ 'ਤੇ ਗੋਲੀਬਾਰੀ ਕੀਤੀ, ਜਿਸ ਵਿੱਚ 26 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋਏ। ਪਾਬੰਦੀਸ਼ੁਦਾ ਅੱਤਵਾਦੀ ਸੰਗਠਨ 'ਲਸ਼ਕਰ-ਏ-ਤੋਇਬਾ' ਨਾਲ ਜੁੜੇ 'ਟੀਆਰਐਫ' ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ। ਇਸ ਘਟਨਾ ਨੇ ਦੋਹਾਂ ਮੁਲਕਾਂ ਵਿਚਕਾਰ ਤਣਾਅ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਪਹਿਲਗਾਮ ਹਮਲੇ ਤੋਂ ਬਾਅਦ, ਭਾਰਤ ਨੇ ਕਈ ਸਖ਼ਤ ਕਦਮ ਚੁੱਕੇ, ਜਿਨ੍ਹਾਂ ਵਿੱਚ 1960 ਦਾ ਸਿੰਧੂ ਜਲ ਸਮਝੌਤਾ ਮੁਅੱਤਲ ਕਰਨਾ, ਅਟਾਰੀ-ਵਾਘਾ ਸਰਹੱਦੀ ਚੌਕੀ ਬੰਦ ਕਰਨਾ, ਪਾਕਿਸਤਾਨੀ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਰੱਦ ਕਰਨਾ ਅਤੇ ਸਾਰਕ ਵੀਜ਼ਾ ਸਹੂਲਤ ਬੰਦ ਕਰਨਾ ਸ਼ਾਮਲ ਹੈ।

### ਪਾਕਿਸਤਾਨ ਭਾਰਤ ਨੂੰ ਕਿਹੜੀਆਂ ਵਸਤਾਂ ਭੇਜਦਾ ਹੈ ?

ਹਾਲੀਆ ਅਧਿਕਾਰਕ ਅੰਕੜਿਆਂ ਅਨੁਸਾਰ, ਅਪ੍ਰੈਲ 2024 ਤੋਂ ਫਰਵਰੀ 2025 ਦੌਰਾਨ ਭਾਰਤ ਨੇ ਪਾਕਿਸਤਾਨ ਤੋਂ ਕੋਈ ਆਯਾਤ ਨਹੀਂ ਕੀਤਾ। ਪਰ ਪਿਛਲੇ ਸਮੇਂ ਵਿੱਚ, ਪਾਕਿਸਤਾਨ ਤੋਂ ਭਾਰਤ ਨੂੰ ਸੀਮਤ ਵਸਤਾਂ ਜਿਵੇਂ ਸੀਮਿੰਟ, ਖਜੂਰ, ਖਣਿਜ ਪਦਾਰਥ, ਚਮੜਾ, ਅਤੇ ਕੁਝ ਟੈਕਸਟਾਈਲ ਉਤਪਾਦ ਨਿਰਯਾਤ ਕੀਤੇ ਜਾਂਦੇ ਸਨ। ਭਾਰਤ ਨੇ 2019 ਵਿੱਚ ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ 'ਮੋਸਟ ਫੇਵਰਡ ਨੇਸ਼ਨ' (ਐਮਐਫਐਨ) ਦਰਜਾ ਰੱਦ ਕਰ ਦਿੱਤਾ ਸੀ ਅਤੇ ਆਯਾਤ 'ਤੇ 200% ਸ਼ੁਲਕ ਲਗਾ ਦਿੱਤਾ ਸੀ, ਜਿਸ ਨਾਲ ਵਪਾਰ ਲਗਭਗ ਠੱਪ ਹੋ ਗਿਆ। ਇਸ ਦੇ ਉਲਟ, ਭਾਰਤ ਪਾਕਿਸਤਾਨ ਨੂੰ ਵਪਾਰਕ ਵਸਤਾਂ ਦਾ ਨਿਰਯਾਤ ਕਰਦਾ ਰਿਹਾ ਹੈ। ਵਿੱਤੀ ਸਾਲ 2025 ਵਿੱਚ ਪਾਕਿਸਤਾਨ ਨੂੰ ਭਾਰਤ ਦੇ ਮੁੱਖ ਨਿਰਯਾਤ ਵਿੱਚ ਡਰੱਗ ਫਾਰਮੂਲੇਸ਼ਨ, ਖੰਡ, ਥੋਕ ਦਵਾਈਆਂ, ਅਵਸ਼ੇਸ਼ ਰਸਾਇਣ, ਅਤੇ ਆਟੋ ਪਾਰਟਸ ਸ਼ਾਮਲ ਸਨ। ਅਪ੍ਰੈਲ 2024 ਤੋਂ ਫਰਵਰੀ 2025 ਦੌਰਾਨ ਭਾਰਤ ਦਾ ਪਾਕਿਸਤਾਨ ਨੂੰ ਨਿਰਯਾਤ 56.91% ਘਟ ਕੇ 491 ਮਿਲੀਅਨ ਡਾਲਰ ਰਹਿ ਗਿਆ।

### ਕੀ ਪਾਕਿਸਤਾਨ ਨੇ ਵੀ ਪਾਬੰਦੀਆਂ ਲਗਾਈਆਂ ?

ਪਾਕਿਸਤਾਨ ਨੇ ਵੀ ਭਾਰਤ ਦੀਆਂ ਪਾਬੰਦੀਆਂ ਦੇ ਜਵਾਬ ਵਿੱਚ ਸਖ਼ਤ ਕਦਮ ਚੁੱਕੇ ਹਨ। ਪਾਕਿਸਤਾਨ ਨੇ ਭਾਰਤੀ ਨਾਗਰਿਕਾਂ ਲਈ ਸਾਰਕ ਦੇ ਅਧੀਨ ਜਾਰੀ ਸਾਰੇ ਵੀਜ਼ੇ (ਸਿੱਖ ਸ਼ਰਧਾਲੂਆਂ ਨੂੰ ਛੱਡ ਕੇ) ਰੱਦ ਕਰ ਦਿੱਤੇ ਹਨ।

ਪਾਕਿਸਤਾਨ ਵਿੱਚ ਮੌਜੂਦ ਭਾਰਤੀ ਨਾਗਰਿਕਾਂ ਨੂੰ 48 ਘੰਟਿਆਂ ਦੇ ਅੰਦਰ ਦੇਸ਼ ਛੱਡਣ ਦਾ ਹੁਕਮ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਪਾਕਿਸਤਾਨ ਨੇ ਭਾਰਤ ਨਾਲ ਸਾਰਾ ਵਪਾਰ ਮੁਅੱਤਲ ਕਰ ਦਿੱਤਾ, ਅਟਾਰੀ-ਵਾਘਾ ਸਰਹੱਦ ਬੰਦ ਕਰ ਦਿੱਤੀ, ਭਾਰਤੀ ਏਅਰਲਾਈਨਜ਼ ਲਈ ਹਵਾਈ ਖੇਤਰ ਬੰਦ ਕੀਤਾ, ਅਤੇ 1972 ਦਾ ਸ਼ਿਮਲਾ ਸਮਝੌਤਾ ਰੱਦ ਕਰਨ ਦਾ ਐਲਾਨ ਕੀਤਾ।

ਇਥੇ ਜ਼ਿਕਰਯੋਗ ਹੈ ਕਿ ਭਾਰਤ ਪਾਕਿਸਤਾਨ ਤੋਂ ਸਿੱਧਾ ਆਯਾਤ ਨਹੀਂ ਕਰਦਾ, ਇਸ ਲਈ ਇਸ ਪਾਬੰਦੀ ਦਾ ਭਾਰਤ ਦੀ ਅਰਥਵਿਵਸਥਾ 'ਤੇ ਸਿੱਧਾ ਪ੍ਰਭਾਵ ਸੀਮਤ ਹੋਵੇਗਾ। ਹਾਲਾਂਕਿ, ਪਾਕਿਸਤਾਨ ਨੂੰ ਨਿਰਯਾਤ ਵਿੱਚ 491 ਮਿਲੀਅਨ ਡਾਲਰ ਦੀ ਕਮੀ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ, ਅਤੇ ਇਹ ਪਾਬੰਦੀਆਂ ਨਿਰਯਾਤ ਨੂੰ ਹੋਰ ਘਟਾ ਸਕਦੀਆਂ ਹਨ।

ਮਾਹਿਰਾਂ ਅਨੁਸਾਰ ਪਾਬੰਦੀਆਂ ਅੱਤਵਾਦੀ ਗਤੀਵਿਧੀਆਂ ਨੂੰ ਰੋਕਣ ਲਈ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਦਾ ਇੱਕ ਕਦਮ ਹਨ, ਪਰ ਸਰਹੱਦੀ ਤਣਾਅ ਅਤੇ ਸੰਭਾਵੀ ਜਵਾਬੀ ਕਾਰਵਾਈਆਂ ਦਾ ਖਤਰਾ ਵਧ ਸਕਦਾ ਹੈ। ਪਾਕਿਸਤਾਨ ਪਹਿਲਾਂ ਹੀ ਡੂੰਘੇ ਆਰਥਿਕ ਸੰਕਟ ਵਿੱਚ ਹੈ ਅਤੇ ਵਿਦੇਸ਼ੀ ਕਰਜ਼ੇ 'ਤੇ ਨਿਰਭਰ ਹੈ। ਭਾਰਤ ਦੀਆਂ ਪਾਬੰਦੀਆਂ, ਖਾਸ ਕਰਕੇ ਸਿੰਧੂ ਜਲ ਸਮਝੌਤੇ ਦਾ ਮੁਅੱਤਲ ਹੋਣਾ, ਪਾਕਿਸਤਾਨ ਦੀ ਖੇਤੀਬਾੜੀ ਅਤੇ ਪਾਣੀ ਸਪਲਾਈ 'ਤੇ ਗੰਭੀਰ ਅਸਰ ਪਾਵੇਗਾ, ਕਿਉਂਕਿ ਸਿੰਧੂ ਨਦੀ ਦਾ ਪਾਣੀ ਪਾਕਿਸਤਾਨ ਦੀ ਅਰਥਵਿਵਸਥਾ ਲਈ ਮਹੱਤਵਪੂਰਨ ਹੈ। ਅੰਤਰਰਾਸ਼ਟਰੀ ਦਬਾਅ: ਜੇਕਰ ਭਾਰਤ ਆਈਐਮਐਫ, ਵਿਸ਼ਵ ਬੈਂਕ, ਅਤੇ ਐਫਏਟੀਐਫ ਵਰਗੀਆਂ ਸੰਸਥਾਵਾਂ ਰਾਹੀਂ ਪਾਕਿਸਤਾਨ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ 'ਤੇ ਸਵਾਲ ਉਠਾਉਂਦਾ ਹੈ, ਤਾਂ ਪਾਕਿਸਤਾਨ ਦੀ ਅਰਥਵਿਵਸਥਾ ਲਈ ਵੱਡੀ ਮੁਸੀਬਤ ਖੜ੍ਹੀ ਹੋ ਸਕਦੀ ਹੈ। ਇਸ ਨਾਲ ਪਾਕਿਸਤਾਨ ਦੀ ਸਰਕਾਰ ਅਤੇ ਆਮ ਜਨਤਾ 'ਤੇ ਸਮਾਜਿਕ-ਆਰਥਿਕ ਦਬਾਅ ਵਧੇਗਾ।

### ਵਿਸ਼ਵ ਦੀਆਂ ਅਖਬਾਰਾਂ ਤੇ ਮਾਹਿਰਾਂ ਦੀ ਰਾਇ

ਅਲ ਜਜ਼ੀਰਾ ਅਤੇ ਦ ਨਿਊਯਾਰਕ ਟਾਈਮਜ਼ ਵਰਗੀਆਂ ਸੰਸਥਾਵਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਪਾਬੰਦੀਆਂ ਦੱਖਣੀ ਏਸ਼ੀਆ ਵਿੱਚ ਸੰਘਰਸ਼ ਨੂੰ ਵਧਾ ਸਕਦੀਆਂ ਹਨ। ਸਟ੍ਰੈਟਫੋਰ ਅਤੇ ਬਰੁਕਿੰਗਜ਼ ਇੰਸਟੀਟਿਊਸ਼ਨ ਵਰਗੇ ਅੰਤਰਰਾਸ਼ਟਰੀ ਸੰਸਥਾਨਾਂ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਸਿੰਧੂ ਜਲ ਸਮਝੌਤੇ ਦਾ ਮੁਅੱਤਲ ਹੋਣਾ ਮਾਨਵੀ ਸੰਕਟ ਨੂੰ ਵਧਾ ਸਕਦਾ ਹੈ ਅਤੇ ਅੰਤਰਰਾਸ਼ਟਰੀ ਮੰਚਾਂ 'ਤੇ ਵਿਵਾਦ ਦਾ ਕਾਰਨ ਬਣ ਸਕਦਾ ਹੈ। ਉਹ ਇਸ ਗੱਲ 'ਤੇ ਵੀ ਜ਼ੋਰ ਦਿੰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਨੂੰ ਗੱਲਬਾਤ ਰਾਹੀਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ।

### ਕੀ ਅਮਰੀਕਾ ਦਖਲ ਦੇਵੇਗਾ ?

ਅਮਰੀਕਾ ਨੇ ਪਹਿਲਗਾਮ ਹਮਲੇ ਦੀ ਨਿੰਦਾ ਕੀਤੀ ਹੈ, ਪਰ ਸਿੱਧੀ ਦਖਲਅੰਦਾਜ਼ੀ ਤੋਂ ਬਚਿਆ ਹੈ। ਅਮਰੀਕਾ ਦੀ ਰਣਨੀਤੀ ਭਾਰਤ ਨੂੰ ਇੱਕ ਮਹੱਤਵਪੂਰਨ ਵਪਾਰਕ ਅਤੇ ਸੁਰੱਖਿਆ ਸਹਿਯੋਗੀ ਵਜੋਂ ਮਜ਼ਬੂਤ ਕਰਨ 'ਤੇ ਕੇਂਦਰਿਤ ਹੈ, ਜਦਕਿ ਪਾਕਿਸਤਾਨ ਨੂੰ ਅੱਤਵਾਦ ਵਿਰੋਧੀ ਮੁਹਿੰਮਾਂ ਅਤੇ ਅਫਗਾਨਿਸਤਾਨ ਸਬੰਧੀ ਮਦਦ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਮਾਹਿਰਾਂ ਅਨੁਸਾਰ, ਅਮਰੀਕਾ ਸਿੱਧੀ ਵਿਚੋਲਗੀ ਦੀ ਬਜਾਏ ਅੰਤਰਰਾਸ਼ਟਰੀ ਸੰਸਥਾਵਾਂ ਰਾਹੀਂ ਦਬਾਅ ਪਾਉਣ ਦੀ ਨੀਤੀ ਅਪਣਾ ਸਕਦਾ ਹੈ। ਉਦਾਹਰਨ ਲਈ, ਜੇਕਰ ਭਾਰਤ ਆਈਐਮਐਫ ਅਤੇ ਐਫਏਟੀਐਫ ਵਰਗੀਆਂ ਸੰਸਥਾਵਾਂ ਵਿੱਚ ਪਾਕਿਸਤਾਨ 'ਤੇ ਪਾਬੰਦੀਆਂ ਦੀ ਮੰਗ ਕਰਦਾ ਹੈ, ਤਾਂ ਅਮਰੀਕਾ ਭਾਰਤ ਦੇ ਸਟੈਂਡ ਨੂੰ ਸਮਰਥਨ ਦੇ ਸਕਦਾ ਹੈ। ਪਰ, ਅਮਰੀਕਾ ਦੀ ਚੀਨ ਨਾਲ ਵਧਦੀ ਤਣਾਅ ਅਤੇ ਅਫਗਾਨਿਸਤਾਨ ਵਿੱਚ ਸਥਿਰਤਾ ਦੀਆਂ ਚਿੰਤਾਵਾਂ ਪਾਕਿਸਤਾਨ ਨਾਲ ਸੰਬੰਧਾਂ ਨੂੰ ਪੂਰੀ ਤਰ੍ਹਾਂ ਤੋੜਨ ਤੋਂ ਰੋਕ ਸਕਦੀਆਂ ਹਨ।

### ਸਿੱਟਾ

ਪੰਜਾਬ ਟਾਈਮਜ ਅਨੁਸਾਰ ਭਾਰਤ ਦੀਆਂ ਪਾਬੰਦੀਆਂ ਅਤੇ ਪਾਕਿਸਤਾਨ ਦੀਆਂ ਜਵਾਬੀ ਕਾਰਵਾਈਆਂ ਨੇ ਦੋਹਾਂ ਮੁਲਕਾਂ ਵਿਚਕਾਰ ਸੰਬੰਧਾਂ ਨੂੰ ਇਤਿਹਾਸਕ ਤੌਰ 'ਤੇ ਸਭ ਤੋਂ ਨੀਵੇਂ ਪੱਧਰ 'ਤੇ ਲਿਆਂਦਾ ਹੈ। ਜਦਕਿ ਇਹ ਪਾਬੰਦੀਆਂ ਭਾਰਤ ਦੀ ਸੁਰੱਖਿਆ ਅਤੇ ਕੂਟਨੀਤਕ ਰਣਨੀਤੀ ਦਾ ਹਿੱਸਾ ਹਨ, ਇਨ੍ਹਾਂ ਦੇ ਦੂਰਗਾਮੀ ਨਤੀਜੇ ਪਾਕਿਸਤਾਨ ਦੀ ਅਰਥਵਿਵਸਥਾ ਅਤੇ ਖੇਤਰੀ ਸਥਿਰਤਾ 'ਤੇ ਗੰਭੀਰ ਅਸਰ ਪਾ ਸਕਦੇ ਹਨ। ਅੰਤਰਰਾਸ਼ਟਰੀ ਭਾਈਚਾਰਾ ਅਤੇ ਮਾਹਿਰ ਗੱਲਬਾਤ ਅਤੇ ਸੰਜਮ ਦੀ ਵਕਾਲਤ ਕਰ ਰਹੇ ਹਨ, ਪਰ ਮੌਜੂਦਾ ਸਥਿਤੀ ਵਿੱਚ ਸੰਘਰਸ਼ ਦੀ ਸੰਭਾਵਨਾ ਵਧਦੀ ਜਾਪਦੀ ਹੈ। ਅਮਰੀਕਾ ਸਿੱਧੀ ਦਖਲਅੰਦਾਜ਼ੀ ਦੀ ਬਜਾਏ ਕੂਟਨੀਤਕ ਮੰਚਾਂ ਰਾਹੀਂ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰ ਸਕਦਾ ਹੈ।

**ਇਹ ਲੇਖ ਪੰਜਾਬ ਟਾਈਮਜ਼ 16 ਨਵੰਬਰ 2017 ਵਿੱਚ ਛਾਪਿਆ ਸੀ, ਮੌਜੂਦਾ ਹਾਲਾਤਾਂ ਵਿੱਚ ਇਸ ਤੇ ਪੰਛੀ ਝਾਤ ਮਾਰ ਰਹੇ ਹਾਂ ।**

# ਗੈਰ ਹਿੰਦੂਆਂ ਦਾ ਭਾਰਤ ਦੀਆਂ ਵਿਸ਼ੇਸ਼ ਫ਼ੋਰਸਾਂ ਦੇ ਅਹਿਮ ਅਹੁਦਿਆਂ ਤਕ ਪਹੁੰਚਣਾ ਅਸੰਭਵ ਕਿਉਂ?

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



## ਕੀ ਭਾਰਤ ਇੱਕ ਲੋਕਤੰਤਰੀ ਰਾਜ ਹੈ?

**1978 ਦੇ ਨਿਰੰਕਾਰੀ ਕਾਂਡ ਤੋਂ ਬਾਅਦ ਸਿੱਖ ਕੌਮ ਨੂੰ ਯੋਜਨਾਬੱਧ ਤਰੀਕੇ ਨਾਲ਼ ਬਦਨਾਮ ਅਤੇ ਰੁਸਵਾ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਸੇ ਹੀ ਸੰਬੰਧ ਵਿੱਚ 'ਇੰਡੀਅਨ ਐਕਸਪ੍ਰੈੱਸ' ਨੇ ਆਪਣੇ 12-13 ਅਤੇ 14 ਮਈ 1982 ਦੇ ਪਰਚਿਆਂ ਵਿੱਚ ਅਰੁਣ ਸ਼ੋਰੀ ਨਾਂ ਦੇ ਆਪਣੇ ਹੀ ਇੱਕ ਕਾਲਮ ਨਵੀਸ ਦੇ ਤਿੰਨ ਲੇਖ ਛਾਪੇ ਸਨ। ਇਹਨਾਂ ਲੇਖਾਂ ਦੁਆਰਾ ਇਸ ਕਾਲਮ ਨਵੀਸ ਨੇ ਸਿੱਖ ਕੌਮ ਦੇ ਪਰਮ-ਪਵਿੱਤਰ ਸਿਧਾਂਤਾਂ ਅਤੇ ਰਵਾਇਤਾਂ ਦਾ ਮੂੰਹ ਮੁਹਾਂਦਰਾ ਹੀ ਨਹੀਂ ਵਿਗਾੜਿਆ, ਸਗੋਂ ਉਹਨਾਂ ਦੀ ਖਿੱਲੀ ਉਡਾਉਣ ਦੀ ਅਤਿ ਨਿੰਦਾਜਨਕ ਕੋਸ਼ਿਸ਼ ਵੀ ਕੀਤੀ ਤਾਂ ਜੋ ਸਮੁੱਚੀ ਸਿੱਖ ਕੌਮ ਨੂੰ ਨਸ਼ਰ ਅਤੇ ਨਿਰ-ਉਤਸ਼ਾਹ ਕੀਤਾ ਜਾ ਸਕੇ। ਇਹਨਾਂ ਲੇਖਾਂ ਦਾ ਸਾਰ-ਅੰਸ਼ ਸੀ ਕਿ "ਸਿੱਖ ਕੌਮ ਹਮੇਸ਼ਾ ਤੋਂ ਹੀ ਦੇਸ਼ ਧ੍ਰੋਹੀ ਰਹੀ ਹੈ। ਸਿੱਖ ਕੌਮ ਦੇ ਆਗੂ ਹਮੇਸ਼ਾ ਬੇ-ਸਮਝ ਅਤੇ ਬੇ-ਮਕਸਦ ਹੀ ਰਹੇ ਹਨ, ਜਿਸ ਕਾਰਨ ਉਹ ਇਤਿਹਾਸ ਵਿੱਚ ਕਦੇ ਵੀ ਕੋਈ ਉਸਾਰੂ ਭੂਮਿਕਾ ਨਹੀਂ ਨਿਭਾ ਸਕੇ।**

ਹਿੰਦੂਵਾਦ ਨੂੰ ਸਮਰਪਿਤ ਜਥੇਬੰਦੀ ਆਰ. ਐੱਸ. ਐੱਸ. ਭਾਰਤ ਅੰਦਰ ਰਹਿੰਦੇ ਮੁਸਲਮਾਨਾਂ, ਸਿੱਖਾਂ, ਈਸਾਈਆਂ ਤੇ ਬੋਧੀਆਂ ਤੋਂ ਇਲਾਵਾ ਡਾ: ਅੰਬੇਡਕਰ ਦੇ ਮਿਸ਼ਨ ਨੂੰ ਸਮਰਪਿਤ ਦਲਿਤਾਂ ਵਿਰੁੱਧ ਵੀ ਬਹੁਤ ਹੀ ਘਿਨਾਉਣੀਆਂ ਸਾਜ਼ਿਸ਼ਾਂ ਵਿੱਚ ਸਰਗਰਮ ਹੈ। ਇਸ ਜਥੇਬੰਦੀ ਦਾ ਮੱਕੜੀ ਜਾਲ਼ ਹਿੰਦੋਸਤਾਨ ਦੇ ਹਰ ਖੇਤਰ ਵਿੱਚ ਹੈ, ਇੱਥੋਂ ਤਕ ਕਿ ਸਰਕਾਰੀ ਮਹਿਕਮਿਆਂ ਤੇ ਫ਼ੋਰਸਾਂ ਵਿੱਚ ਵੀ ਇਸ ਦੇ ਸੈੱਲ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ:

"ਖ਼ੁਫ਼ੀਆ ਏਜੰਸੀਆਂ ਅਤੇ ਕੁਝ ਵਿਸ਼ੇਸ਼ ਫ਼ੋਰਸਾਂ ਦੇ ਅੰਦਰ ਹਿੰਦੂਆਂ ਤੋਂ ਇਲਾਵਾ ਭਾਰਤ ਵਿੱਚ ਵੱਸਦੀਆਂ ਹੋਰ ਸਾਰੀਆਂ ਕੌਮਾਂ ਦਾ ਦਾਖ਼ਲਾ ਬੰਦ ਹੈ। ਇਹ ਦਾਖ਼ਲਾ ਏਨੇ ਪੱਕੇ ਢੰਗ ਨਾਲ਼ ਬੰਦ ਹੈ ਕਿ ਆਪਣੇ 10 ਸਾਲ ਦੇ ਕਾਰਜਕਾਲ ਦੌਰਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇਸ ਨੂੰ ਖੁੱਲ੍ਹਵਾਉਣ ਲਈ ਜ਼ੋਰ ਲਾਉਂਦਾ ਰਿਹਾ, ਪਰ ਸਫਲ ਨਹੀਂ ਹੋ ਸਕਿਆ। ਫਿਰ ਕਿਹੜਾ ਕਹਿੰਦਾ ਹੈ ਕਿ ਭਾਰਤ ਵਿੱਚ ਲੋਕਤੰਤਰੀ ਰਾਜ ਹੈ..।" -(ਬਲਜੀਤ ਸਿੰਘ ਖ਼ਾਲਸਾ)

ਜਦੋਂ ਤੋਂ ਦੇਸ਼ ਵਿੱਚ ਆਰ. ਐੱਸ. ਐੱਸ., ਬੀ.ਜੇ.ਪੀ. ਦੀ ਸਰਕਾਰ ਮੋਦੀ ਦੀ ਅਗਵਾਈ ਹੇਠ ਹੋਂਦ ਵਿੱਚ ਆਈ ਹੈ, ਉਸ ਸਮੇਂ ਤੋਂ ਹੀ ਬੀ.ਜੇ.ਪੀ. ਦੇ ਨੇਤਾ ਬੜੇ ਹੈਂਕੜ ਭਰੇ ਬਿਆਨ ਭਾਰਤ ਦੇ ਮੁੱਖ ਧਾਰਾ ਮੀਡੀਏ ਵਿੱਚ ਦਿੰਦੇ ਆ ਰਹੇ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਿੱਲੀ ਦੇ ਸੂਬਾ ਪ੍ਰਧਾਨ ਰਿਖਬਰ ਚੰਦ ਜੈਨ ਇੱਕ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ 'ਚ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਸੀ ਕਿ "ਸੰਵਿਧਾਨ ਵਿੱਚ 'ਹਿੰਦੂ ਰਾਸ਼ਟਰ' ਲਿਖਿਆ ਹੋਵੇ ਜਾਂ ਨਾ, ਹਿੰਦੂ ਰਾਸ਼ਟਰ ਤਾਂ ਹੈ ਹੀ। ਹਿੰਦੂ ਬਹੁ-ਗਿਣਤੀ ਹਨ, ਇਸ ਲਈ ਹਿੰਦੂ ਰਾਸ਼ਟਰ ਹੈ। ਇਹ ਸਾਡੀ ਪੁਰਾਤਨ ਪਛਾਣ ਹੈ। ਸਾਡੇ ਧਰਮ ਵਿੱਚ ਸਹਿਣਸ਼ੀਲਤਾ ਅਤੇ ਸਾਰਿਆਂ ਨੂੰ ਸਵੀਕਾਰ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ, ਅਸੀਂ ਇਹ ਕਰ ਵੀ ਰਹੇ ਹਾਂ। ਵਰ੍ਹਿਆਂ ਤੋਂ ਇਹੀ ਕਰਦੇ ਆਏ ਹਾਂ ਤਾਂ ਹੀ ਇਹ ਲੋਕ (ਗ਼ੈਰ ਹਿੰਦੂ) ਇੱਥੇ ਹਨ।"

ਆਰ. ਐੱਸ. ਐੱਸ. ਦਾ ਮੁਖੀ ਮੋਹਨ ਭਾਗਵਤ ਵੀ ਬਾਰ-ਬਾਰ ਇਹ ਬਿਆਨ ਦੇ ਰਿਹਾ ਹੈ ਕਿ ਹਿੰਦੋਸਤਾਨ ਹਿੰਦੂਆਂ ਦਾ ਦੇਸ਼ ਹੈ ਅਤੇ ਮੋਹਨ ਭਾਗਵਤ ਇਹ ਵੀ ਦਾਅਵਾ ਕਰ ਰਿਹਾ ਹੈ ਕਿ ਹਿੰਦੂ ਧਰਮ ਦੇ ਵਿੱਚ ਹੋਰ ਪੰਥਾਂ (ਜਿਵੇਂ ਕਿ ਖ਼ਾਲਸਾ ਪੰਥ) ਨੂੰ ਹਜ਼ਮ ਕਰਨ ਦੀ ਤਾਕਤ ਹੈ। ਇਹ ਹਾਜ਼ਮਾ ਥੋੜਾ ਵਿਗੜ ਗਿਆ ਸੀ, ਹੁਣ ਇਹ ਹਾਜ਼ਮਾ ਰਾਸ਼ਟਰੀ ਸਿੱਖ ਸੰਗਤ ਰੂਪੀ ਦਵਾਈ ਨਾਲ਼ ਠੀਕ ਕੀਤਾ ਜਾਵੇਗਾ। ਅਰਥਾਤ 'ਜਿਸ ਹੀ ਕੀ ਸਿਰਕਾਰ ਹੈ ਤਿਸਹੀ ਕਾ ਸਭ ਕੋਇ॥' (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 27) ਇਸ ਕਰਕੇ ਹੀ ਸਿੱਖ ਧਰਮ ਦੇ ਨਿਆਰੇਪਣ ਅਤੇ ਖ਼ਾਲਸਾ ਪੰਥ (ਸਿੱਖ ਕੌਮ) ਦੀ ਸੁਤੰਤਰ ਅਤੇ ਅੱਡਰੀ ਅਜ਼ਾਦ ਹੋਂਦ ਹਸਤੀ ਦਾ ਮਲੀਆਮੇਟ ਕਰ ਕੇ ਸਿੱਖ ਧਰਮ ਦਾ ਹਿੰਦੂ ਧਰਮ ਨਾਲ ਮਿਲਗੋਭਾ ਕਰਨ ਲਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਪਿਤ ਤਸਵੀਰ ਨੂੰ ਦਸ਼ਮੇਸ਼ ਪਿਤਾ ਦੀ ਆਤਮਿਕ ਚਿੰਨ੍ਹ ਵਜੋਂ ਸਥਾਪਤ ਕਰਕੇ ਭੋਲੇ-ਭਾਲੇ ਸਿੱਖਾਂ ਨੂੰ ਮੂਰਤੀ-ਪੂਜਾ ਵੱਲ ਨੂੰ ਤੋਰਿਆ ਜਾ ਰਿਹਾ ਹੈ। ਆਰ.ਐੱਸ.ਐੱਸ. ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜਾ ਮਨਾਉਣ ਦੀ ਆੜ ਹੇਠ ਇਹ ਪ੍ਰਚਾਰ, ਕਰਦੀ ਰਹੀ ਅਤੇ ਕਰਵਾ ਰਹੀ ਹੈ ਕਿ :

(1) ਸਿੱਖ ਗੁਰੂ ਸਾਹਿਬਾਨ ਹਿੰਦੋਸਤਾਨ ਦੇ ਰਾਸ਼ਟਰੀ ਆਗੂ ਹਨ।

(2) ਗੁਰਬਾਣੀ ਐਸੀ ਗਿਆਨ ਗੰਗਾ ਹੈ ਜੋ ਵੇਦਾਂ ਦੀ ਗੰਗੋਤਰੀ ਵਿੱਚੋਂ ਫੁੱਟਦੀ ਹੈ ਅਤੇ ਜਪੁਜੀ ਗੀਤਾ ਦਾ ਛੋਟਾ ਰੂਪ ਹੈ।

(3) ਦਸਮ ਗ੍ਰੰਥ ਵਿੱਚ ਸਿੱਖਾਂ ਦੀ ਵੱਖਰੀ ਹੋਂਦ ਨਹੀਂ ਮੰਨੀ ਗਈ।

(4) ਜਿਹੜੇ ਸਿੱਖ, ਸਿੱਖਾਂ ਨੂੰ ਵੱਖਰੀ ਕੌਮ ਦੱਸਦੇ ਹਨ, ਉਹ ਅੱਤਵਾਦੀ ਤੇ ਵੱਖਵਾਦੀ ਹਨ।

ਪਰ ਵਿਚਾਰਨਯੋਗ ਤੱਥ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਿਰਫ਼ ਇੱਕ ਅਕਾਲ ਪੁਰਖ ਦੀ ਮਹਾਨਤਾ ਦਾ ਵਰਨਣ ਕਰਦੀ ਹੈ। ਗੁਰੂ ਫੁਰਮਾਨ ਹੈ, "ਦੂਜਾ ਕਾਹਿ ਸਿਮਰੀਐ ਜੋ ਜੰਮਿਹ ਤੇ ਮਰਿ ਜਾਹਿ॥" ਭਾਵ ਇੱਕ ਅਕਾਲ ਪੁਰਖ ਤੋਂ ਬਿਨਾਂ ਬਾਕੀ ਸਭ ਨਾਸ਼ਵਾਨ ਹਨ...। (ਦਿੱਤ ਸਿੰਘ ਪੱਤ੍ਰਿਕਾ ਅਕਤੂਬਰ 2017 ਸਫ਼ਾ 38)।

ਆਰ. ਐੱਸ. ਐੱਸ. ਤੇ ਭਾਜਪਾ ਸਰਕਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਸੌ ਕਰੋੜ ਦੀ ਲਾਗਤ ਵਾਲ਼ੇ ਪ੍ਰੋਗਰਾਮ ਦਾ ਅਸਲ ਨਿਸ਼ਾਨਾ ਹੈ ਦਸ਼ਮੇਸ਼ ਦੇ ਅੰਮ੍ਰਿਤ, ਸਿੱਖੀ ਦੀ ਰਹਿਤ, ਗੁਰੂ ਗ੍ਰੰਥ, ਗੁਰੂ ਖ਼ਾਲਸਾ ਪੰਥ ਦੀ ਗੁਰਿਆਈ, ਸਿੱਖ ਇਤਿਹਾਸ ਦੇ ਜੁਝਾਰੂ ਖ਼ਾਲਸੇ ਨੂੰ ਖ਼ਤਮ ਕਰ ਕੇ ਸਥਾਈ ਬਹੁ-ਗਿਣਤੀ ਸੱਭਿਆਚਾਰ ਵਿੱਚ ਇਸ ਤਰ੍ਹਾਂ ਰੰਗ ਦੇਣਾ ਕਿ ਸਿੱਖ ਕੌਮ ਦੀ ਵੱਖਰੀ ਪਛਾਣ ਹੀ ਮਿਟ ਜਾਵੇ ਅਤੇ ਸਿੱਖ ਹਮੇਸ਼ਾ ਲਈ ਭਾਰਤ ਵਿੱਚ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣ, ਅਰਥਾਤ ਬਹੁ-ਗਿਣਤੀ ਦੀ ਗ਼ੁਲਾਮੀ ਖਿੜ੍ਹੇ ਮੱਥੇ ਪ੍ਰਵਾਨ ਕਰ ਲੈਣ। 1978 ਦੇ ਨਿਰੰਕਾਰੀ ਕਾਂਡ ਤੋਂ ਬਾਅਦ ਸਿੱਖ ਕੌਮ ਨੂੰ ਯੋਜਨਾਬੱਧ ਤਰੀਕੇ ਨਾਲ਼ ਬਦਨਾਮ ਅਤੇ ਰੁਸਵਾ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਸੇ ਹੀ ਸੰਬੰਧ ਵਿੱਚ 'ਇੰਡੀਅਨ ਐਕਸਪ੍ਰੈੱਸ' ਨੇ ਆਪਣੇ 12-13 ਅਤੇ 14 ਮਈ 1982 ਦੇ ਪਰਚਿਆਂ ਵਿੱਚ ਅਰੁਣ ਸ਼ੋਰੀ ਨਾਂ ਦੇ ਆਪਣੇ ਹੀ ਇੱਕ ਕਾਲਮ ਨਵੀਸ ਦੇ ਤਿੰਨ ਲੇਖ ਛਾਪੇ ਸਨ। ਇਹਨਾਂ ਲੇਖਾਂ ਦੁਆਰਾ ਇਸ ਕਾਲਮ ਨਵੀਸ ਨੇ ਸਿੱਖ ਕੌਮ ਦੇ ਪਰਮ-ਪਵਿੱਤਰ ਸਿਧਾਂਤਾਂ ਅਤੇ ਰਵਾਇਤਾਂ ਦਾ ਮੂੰਹ ਮੁਹਾਂਦਰਾ ਹੀ ਨਹੀਂ ਵਿਗਾੜਿਆ, ਸਗੋਂ ਉਹਨਾਂ ਦੀ ਖਿੱਲੀ ਉਡਾਉਣ ਦੀ ਅਤਿ ਨਿੰਦਾਜਨਕ ਕੋਸ਼ਿਸ਼ ਵੀ ਕੀਤੀ ਤਾਂ ਜੋ ਸਮੁੱਚੀ ਸਿੱਖ ਕੌਮ ਨੂੰ ਨਸ਼ਰ ਅਤੇ ਨਿਰ-ਉਤਸ਼ਾਹ ਕੀਤਾ ਜਾ ਸਕੇ। ਇਹਨਾਂ ਲੇਖਾਂ ਦਾ ਸਾਰ-ਅੰਸ਼ ਸੀ ਕਿ "ਸਿੱਖ ਕੌਮ ਹਮੇਸ਼ਾ ਤੋਂ ਹੀ ਦੇਸ਼ ਧ੍ਰੋਹੀ ਰਹੀ ਹੈ। ਸਿੱਖ ਕੌਮ ਦੇ ਆਗੂ ਹਮੇਸ਼ਾ ਬੇ-ਸਮਝ ਅਤੇ ਬੇ-ਮਕਸਦ ਹੀ ਰਹੇ ਹਨ, ਜਿਸ ਕਾਰਨ ਉਹ ਇਤਿਹਾਸ ਵਿੱਚ ਕਦੇ ਵੀ ਕੋਈ ਉਸਾਰੂ ਭੂਮਿਕਾ ਨਹੀਂ ਨਿਭਾ ਸਕੇ। (ਹਾਲਾਂਕਿ ਸੱਚ ਇਹ ਹੈ ਕਿ ਜੇ ਸਿੱਖ ਨਾ ਹੁੰਦੇ ਤਾਂ 'ਭਾਰਤ' ਨਾਂਅ ਦਾ ਕੋਈ ਦੇਸ਼ ਵਜੂਦ ਵਿੱਚ ਹੀ ਨਹੀਂ ਸੀ ਆਉਣਾ ਅਤੇ ਅਰੁਣ ਸ਼ੋਰੀ ਵਰਗਿਆਂ ਦੀ ਸੁੰਨਤ ਹੋਈ ਹੋਣੀ ਸੀ) ਅਤੇ ਸਿੱਖ ਕੌਮ ਨਾਲ਼ ਭਾਰਤ ਵਿੱਚ ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਹੋ ਰਿਹਾ, 'ਪੰਥ ਨੂੰ ਖ਼ਤਰੇ' ਦਾ ਨਾਹਰਾ ਐਵੇਂ ਸ਼ੋਸ਼ਾ ਹੀ ਹੈ--ਸਿੱਖ ਤਾਂ ਹਿੰਦੂ ਮਤ ਦਾ ਹਿੱਸਾ ਹੀ ਹਨ, ਇਹਨਾਂ ਦੀ ਆਪਣੀ ਨਾਂ ਤਾਂ ਕੋਈ ਅੱਡਰੀ ਹਸਤੀ ਅਤੇ ਨਾ ਕੋਈ ਅਡੱਰਾ ਮਜ਼੍ਹਬ। ਖ਼ਾਲਸਾ ਦਾ ਮਤਲਬ ਕੇਵਲ ਖ਼ਾਲਸ (ਫੂਓ) ਹੈ ਅਤੇ ਇਸ ਦੇ ਕਕਾਰ ਅਤੇ ਰਹਿਤ ਮਰਿਯਾਦਾ ਵਕਤੀ ਹੀ ਸੀ, ਜਿਸ ਦੀ ਅਜੋਕੀ ਦੁਨੀਆਂ ਵਿੱਚ ਕੋਈ ਤੁੱਕ ਨਹੀਂ ਹੈ।..."

ਇੱਥੇ ਵੀ ਦੱਸਣਯੋਗ ਹੈ ਕਿ ਸ: ਦਵਿੰਦਰ ਸਿੰਘ ਦੁੱਗਲ ਨੇ ਅਰੁਣ ਸ਼ੋਰੀ ਦੇ ਉਕਤ ਲੇਖਾਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਸੀ। ਸ: ਦਵਿੰਦਰ ਸਿੰਘ ਦੇ ਜੁਆਬੀ ਲੇਖਾਂ ਨੂੰ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਨੇ ਕਿਤਾਬਚੇ ਦੇ ਰੂਪ ਵਿੱਚ ਛਪਵਾਇਆ ਸੀ, ਜਿਸ ਦਾ ਨਾਂ ਸੀ 'ਸਿੱਖ ਕੌਮ ਦਾ ਸ਼ਾਨਦਾਰ ਵਿਰਸਾ'।

ਆਪਣੇ ਲੇਖਾਂ ਦੇ ਅੰਤ ਵਿੱਚ ਅਰੁਣ ਸ਼ੋਰੀ ਨੇ ਭਾਰਤ ਸਰਕਾਰ ਨੂੰ ਸਲਾਹਾਂ ਦਿੱਤੀਆਂ: "ਜੇ ਮੁਲਕ ਵਿੱਚ ਅਮਨ ਚੈਨ ਨਾਲ਼ ਰਹਿਣਾ ਚਾਹੁੰਦੇ ਹੋ ਤਾਂ ਸਿੱਖ ਕੌਮ ਨੂੰ ਪੂਰੀ ਸਖ਼ਤੀ ਨਾਲ਼ ਦਬਾਉ ਅਤੇ ਇਸ ਨੂੰ ਓਨੀ ਦੇਰ ਤਕ ਸੁੱਖ ਦਾ ਸਾਹ ਨਾ ਲੈਣ ਦਿਓ, ਜਦ ਤਕ ਇਹ ਆਪਣੀ ਅੱਡਰੀ ਹਸਤੀ ਮਿਟਾ ਕੇ ਹਿੰਦੂ ਧਰਮ ਵਿੱਚ ਸ਼ਾਮਿਲ ਨਹੀਂ ਹੋ ਜਾਂਦੀ। ਇਸੇ ਹੀ ਉਦੇਸ਼ ਲਈ ਕੌਮਪ੍ਰਸਤੀ ਦੇ ਇਸ ਠੇਕੇਦਾਰ ਨੇ ਭਾਰਤੀ ਸੰਵਿਧਾਨ ਦੀਆਂ ਕੁਝ ਕੁ ਧਾਰਾਵਾਂ ਨੂੰ ਅੱਖੋਂ ਉਹਲੇ ਕਰਕੇ ਭਾਰਤ ਸਰਕਾਰ ਨੂੰ ਇਹ ਸਲਾਹ ਵੀ ਦਿੱਤੀ ਸੀ ਕਿ ਭਾਰਤ ਵਰਸ਼ ਵਿੱਚ ਵੱਸਣ ਵਾਲੀਆਂ ਸਾਰੀਆਂ ਕੌਮਾਂ 'ਤੇ ਇੱਕੋ ਜਿਹਾ ਹੀ ਸਿਵਲ ਕੋਡ ਅਰਥਾਤ ਹਿੰਦੂ ਕੋਡ ਬਿੱਲ ਸਖ਼ਤੀ ਨਾਲ਼ ਲਾਗੂ ਕੀਤਾ ਜਾਵੇ, ਭਾਵੇਂ ਕਿਸੇ ਕੌਮ ਦੀਆਂ ਵਿਸ਼ੇਸ਼ ਧਾਰਮਿਕ ਜਾਂ ਸੱਭਿਆਚਾਰਕ ਰਵਾਇਤਾਂ ਅਤੇ ਰੀਤਾਂ ਕੁਝ ਵੀ ਹੋਣ...।"

ਆਰ. ਐੱਸ. ਐੱਸ. ਤੇ ਭਾਜਪਾ ਸਰਕਾਰ ਸਿੱਖ ਕੌਮ ਦੀ ਅੱਡਰੀ ਤੇ ਸੁਤੰਤਰ ਹਸਤੀ ਖ਼ਤਮ ਕਰਨ ਲਈ ਅਰੁਣ ਸ਼ੋਰੀ ਦੀਆਂ ਸਲਾਹਾਂ 'ਤੇ ਹੀ ਅਮਲ ਕਰਦੀ ਨਜ਼ਰ ਆ ਰਹੀ ਹੈ। ਅਰੁਣ ਸ਼ੋਰੀ ਨੂੰ ਸ: ਦਵਿੰਦਰ ਸਿੰਘ ਵੱਲੋਂ ਦਿੱਤੇ ਹੋਏ ਮੂੰਹ ਤੋੜਵੇਂ ਜੁਆਬੀ ਲੇਖਾਂ ਨੂੰ ਜਿਵੇਂ ਧਰਮ ਪ੍ਰਚਾਰ ਕਮੇਟੀ ਨੇ ਕਿਤਾਬਚੇ ਦੇ ਰੂਪ ਵਿੱਚ ਛਪਵਾ ਕੇ ਵੰਡਿਆ ਸੀ, ਪਰ ਅੱਜ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਾ ਜਿਸ ਨੇ ਸਟੇਟ ਨਾਲ਼ ਇਸ ਕਰਕੇ ਮੱਥਾ ਲਾਇਆ ਸੀ ਕਿ ਸਿੱਖ ਇੱਕ ਵੱਖਰੀ ਕੌਮ ਹੈ ਤੇ ਅਸੀਂ ਭਾਰਤ ਵਿੱਚ ਪਹਿਲੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣਾ ਹੈ, ਗ਼ੁਲਾਮ ਬਣ ਕੇ ਨਹੀਂ ਰਹਿਣਾ, ਦੇ ਪ੍ਰਵਚਨਾਂ ਨੂੰ ਕਿਤਾਬਚਿਆਂ ਦੀ ਸ਼ਕਲ ਵਿੱਚ ਛਪਵਾ ਕੇ ਵੰਡਣ ਅਤੇ ਪ੍ਰਚਾਰਨ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਦੇ ਵਾਰਸ ਕਹਾਉਣ ਵਾਲ਼ੇ ਅਤੇ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਵਾਲ਼ੇ ਕੰਨੀਂ ਕਿਉਂ ਕਤਰਾ ਰਹੇ ਹਨ। ਇਸ ਉਕਤ ਸੁਆਲ ਦਾ ਜੁਆਬ ਲੱਭਣਾ ਸਮੇਂ ਦੀ ਮੁੱਖ ਲੋੜ ਹੈ। ਆਰ. ਐੱਸ. ਐੱਸ. ਤੇ ਰਾਸ਼ਟਰੀ ਸਿੱਖ ਸੰਗਤ ਦਾ ਵਿਰੋਧ ਕਰਨ ਲਈ ਕੇਵਲ ਬਿਆਨ ਦੇਣੇ ਹੀ ਕਾਫ਼ੀ ਨਹੀਂ ਹਨ, ਅਮਲੀ ਤੌਰ 'ਤੇ ਗੁਰੂ ਗ੍ਰੰਥ, ਗੁਰੂ ਖ਼ਾਲਸਾ ਪੰਥ ਦੇ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰਨ ਵਾਸਤੇ ਸਿੱਖ ਸੰਸਥਾਵਾਂ ਨੂੰ ਸ਼ਿੱਦਤ ਨਾਲ਼ ਉਪਰਾਲੇ ਕਰਨੇ ਚਾਹੀਦੇ ਹਨ।

ਬਾਕੀ ਹਿਸਾ ਸਫ਼ਾ 34 ਤੇ ਪੜ੍ਹੋ

# ਪ੍ਰੈੱਸ ਆਜ਼ਾਦੀ ਦਿਵਸ


ਸੰਦੀਪ ਕੁਮਾਰ

7009807121






ਪ੍ਰੈੱਸ ਜਾਂ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ। ਇਹ ਉਹ ਥੰਮ ਹੈ ਜੋ ਲੋਕਾਂ ਨੂੰ ਨਾ ਸਿਰਫ਼ ਸਰਕਾਰ ਅਤੇ ਵਿਵਸਥਾ ਦੇ ਕੰਮਕਾਜ ਬਾਰੇ ਜਾਣੂ ਕਰਵਾਉਂਦਾ ਹੈ, ਸਗੋਂ ਸਮਾਜ ਵਿੱਚ ਚਲ ਰਹੀਆਂ ਹਰੇਕ ਤਰ੍ਹਾਂ ਦੀਆਂ ਗਤੀਵਿਧੀਆਂ ਉਤੇ ਰੋਸ਼ਨੀ ਪਾ ਕੇ ਲੋਕ ਚੇਤਨਾ ਨੂੰ ਜਗਾਉਣ ਵਿੱਚ ਵੀ ਭੂਮਿਕਾ ਨਿਭਾਂਦਾ ਹੈ। ਇਨ੍ਹਾਂ ਹੀ ਕਾਰਨਾਂ ਕਰਕੇ ਹਰੇਕ ਦੇਸ਼ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਵੱਡੀ ਅਹਿਮੀਅਤ ਦਿੱਤੀ ਜਾਂਦੀ ਹੈ। ਹਰ ਸਾਲ 3 ਮਈ ਨੂੰ ਦੁਨੀਆ ਭਰ ਵਿੱਚ ਪ੍ਰੈੱਸ ਆਜ਼ਾਦੀ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਇਹ ਹੈ ਕਿ ਲੋਕਾਂ ਨੂੰ ਮੀਡੀਆ ਦੀ ਆਜ਼ਾਦੀ, ਪੱਤਰਕਾਰਾਂ ਦੀ ਸੁਰੱਖਿਆ ਅਤੇ ਨਿਰਪੱਖ ਪੱਤਰਕਾਰਤਾ ਦੇ ਮਹੱਤਵ ਬਾਰੇ ਜਾਗਰੂਕ ਕੀਤਾ ਜਾਵੇ। ਇਹ ਦਿਨ ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੇਸਕੋ ਵੱਲੋਂ 1993 ਵਿੱਚ ਘੋਸ਼ਿਤ ਕੀਤਾ ਗਿਆ ਸੀ। ਇਸ ਦੀ ਸ਼ੁਰੂਆਤ 1991 ਵਿੱਚ ਅਫਰੀਕੀ ਦੇਸ਼ ਨਮੀਬੀਆ ਦੀ ਰਾਜਧਾਨੀ ਵਿੰਡਹੋਕ ਵਿੱਚ ਹੋਈ ਇੱਕ ਸੰਮੇਲਨ ਤੋਂ ਹੋਈ ਸੀ ਜਿਸ ਵਿੱਚ ਪੱਤਰਕਾਰਾਂ ਨੇ ਮੀਡੀਆ ਦੀ ਆਜ਼ਾਦੀ ਅਤੇ ਜ਼ਿੰਮੇਵਾਰ ਪੱਤਰਕਾਰਤਾ ਬਾਰੇ ਚਰਚਾ ਕੀਤੀ। ਉਸ ਸੰਮੇਲਨ ਤੋਂ ਜਾਰੀ ਹੋਈ "ਵਿੰਡਹੋਕ ਘੋਸ਼ਣਾ" ਨੇ ਦੁਨੀਆ ਭਰ ਵਿੱਚ ਪੱਤਰਕਾਰਤਾ ਦੀ ਆਜ਼ਾਦੀ ਅਤੇ ਸੁਰੱਖਿਆ ਦੇ ਹੱਕ ਵਿੱਚ ਆਵਾਜ਼ ਉਠਾਈ। ਉਸ ਤੋਂ ਬਾਅਦ ਹਰ ਸਾਲ 3 ਮਈ ਨੂੰ ਵਿਸ਼ਵ ਪੱਧਰ 'ਤੇ ਪ੍ਰੈੱਸ ਆਜ਼ਾਦੀ ਦਿਵਸ ਮਨਾਇਆ ਜਾਂਦਾ ਹੈ।

ਪੱਤਰਕਾਰਤਾ ਦਾ ਅਸਲ ਮਕਸਦ ਸੱਚ ਨੂੰ ਉਜਾਗਰ ਕਰਨਾ, ਗਲਤ ਨੀਤੀਆਂ ਨੂੰ ਬੇਨਕਾਬ ਕਰਨਾ ਅਤੇ ਲੋਕਾਂ ਤੱਕ ਨਿਰਪੱਖ ਜਾਣਕਾਰੀ ਪਹੁੰਚਾਉਣਾ ਹੋਣਾ ਚਾਹੀਦਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਅੱਜ ਇਹ ਚੌਥਾ ਥੰਮ ਆਪਣੇ ਅਸਲੀ ਰੂਪ ਤੋਂ ਦੂਰ ਹੋ ਰਿਹਾ ਹੈ। ਪੱਤਰਕਾਰਤਾ ਦਾ ਮੂਲ ਉਦੇਸ਼ ਅੱਜ ਪਿੱਛੇ ਛੁੱਟ ਰਿਹਾ ਹੈ ਤੇ ਪੀਲੀ ਪੱਤਰਕਾਰਤਾ ਨੇ ਆਪਣੇ ਪੈਰਾਂ ਨੂੰ ਫੈਲਾਉਣਾ ਸ਼ੁਰੂ ਕਰ ਦਿੱਤਾ ਹੈ। ਜਿੱਥੇ ਨਿਰਪੱਖ ਅਤੇ ਸੋਚ ਸਮਝ ਕੇ ਚਲਾਈ ਜਾਣ ਵਾਲੀ ਪੱਤਰਕਾਰਤਾ ਦੀ ਲੋੜ ਸੀ, ਉਥੇ ਅੱਜ ਅਣਪੜ੍ਹੇ, ਅਣਅਨੁਭਵੀ ਅਤੇ ਵਿਦਿਅਕ ਯੋਗਤਾ ਤੋਂ ਰਹਿਤ ਲੋਕ ਵੀ ਕਲਮ ਜਾਂ ਮਾਈਕ ਫੜ ਕੇ ਪੱਤਰਕਾਰ ਬਣੇ ਫਿਰ ਰਹੇ ਹਨ। ਇਹ ਨਵੇਂ ਸਵੈ-ਘੋਸ਼ਿਤ ਪੱਤਰਕਾਰ ਅਕਸਰ ਸਿਰਫ਼ ਵਾਇਰਲ ਹੋਣ ਜਾਂ ਆਪਣੇ ਨਫੇ ਲਈ ਕੰਮ ਕਰਦੇ ਹਨ। ਇਹ ਲੋਕ ਪੱਤਰਕਾਰਤਾ ਨੂੰ ਇੱਕ ਆਦਰਸ਼ ਪੇਸ਼ਾ ਸਮਝਣ ਦੀ ਬਜਾਏ ਇੱਕ ਚਲਾਕੀ ਭਰੀ ਚਾਲ ਜਾਂ ਧੰਧਾ ਸਮਝਦੇ ਹਨ। ਨਤੀਜੇ ਵਜੋਂ ਜੋ ਲੋਕ ਪੂਰੀ ਤਿਆਰੀ ਅਤੇ ਵਿਦਿਅਕ ਯੋਗਤਾ ਨਾਲ ਇਸ ਖੇਤਰ ਵਿੱਚ ਆਏ ਹਨ, ਉਹਨਾਂ ਦੀ ਵੀ ਇਮਾਨਦਾਰੀ ਤੇ ਨਿਰਪੱਖਤਾ ਤੇ ਸਵਾਲ ਉਠਣ ਲੱਗ ਪਏ ਹਨ। ਅੱਜ ਅਸਲ ਅਤੇ ਝੂਠ, ਨਿਰਪੱਖਤਾ ਅਤੇ ਪੱਖਪਾਤ ਵਿੱਚ ਅੰਤਰ ਕਰਨਾ ਆਮ ਪਾਠਕ ਲਈ ਮੁਸ਼ਕਿਲ ਹੋ ਗਿਆ ਹੈ।

ਇਸ ਦੇ ਨਾਲ ਹੀ, ਪੱਤਰਕਾਰਤਾ ਅੱਜ ਦੋ ਧੜਿਆਂ ਵਿੱਚ ਵੰਡ ਹੋ ਗਈ ਹੈ। ਇੱਕ ਧੜਾ ਸਰਕਾਰਾਂ ਦੇ ਹੱਕ ਵਿੱਚ ਕੰਮ ਕਰ ਰਿਹਾ ਹੈ, ਜਿਥੇ ਹਕੀਕਤ ਨੂੰ ਛੁਪਾ ਕੇ ਕੇਵਲ ਸਰਕਾਰੀ ਪ੍ਰਚਾਰ ਕੀਤਾ ਜਾਂਦਾ ਹੈ। ਦੂਜਾ ਧੜਾ ਵਿਰੋਧੀ ਧਿਰ ਨਾਲ ਜੁੜ ਕੇ ਕੇਵਲ ਵਿਰੋਧ ਲਈ ਵਿਰੋਧ ਕਰ ਰਿਹਾ ਹੈ। ਦੋਹਾਂ ਹੀ ਹਾਲਤਾਂ ਵਿੱਚ ਸਮਾਜ ਨੂੰ ਨੁਕਸਾਨ ਪਹੁੰਚ ਰਿਹਾ ਹੈ। ਅਜਿਹੀ ਪੱਤਰਕਾਰਤਾ ਜੋ ਸਿਰਫ਼ ਕਿਸੇ ਵਿਸ਼ੇਸ਼ ਹਿੱਤ ਦੇ ਤਹਿਤ ਕੀਤੀ ਜਾਵੇ, ਉਹ ਕਦੇ ਵੀ ਚੰਗੀ ਸੇਧ ਨਹੀਂ ਦੇ ਸਕਦੀ। ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਲੋਕਾਂ ਵਿੱਚ ਵਿਭਾਜਨ ਪੈਦਾ ਹੁੰਦਾ ਹੈ ਅਤੇ ਲੋਕਤੰਤਰ ਦੀ ਜੜ੍ਹ ਹਿੱਲਦੀ ਹੈ। ਪ੍ਰੈੱਸ ਆਜ਼ਾਦੀ ਦਿਵਸ ਮਨਾਉਣ ਦਾ ਅਸਲ ਮਕਸਦ ਇਹ ਸੀ ਕਿ ਪੱਤਰਕਾਰਤਾ ਨੂੰ ਇੱਕ ਅਜਿਹੀ ਆਜ਼ਾਦੀ ਮਿਲੇ ਜੋ ਕਿਸੇ ਵੀ ਰੂਪ ਵਿੱਚ ਰਾਜਨੀਤਿਕ ਜਾਂ ਆਰਥਿਕ ਦਬਾਅ ਤੋਂ ਆਜ਼ਾਦ ਹੋਵੇ। ਜਿੱਥੇ ਪੱਤਰਕਾਰ ਦਲੇਰ ਹੋ ਕੇ ਸੱਚ ਲਿਖਣ ਅਤੇ ਦੱਸਣ ਦਾ ਜਜ਼ਬਾ ਰੱਖਦੇ ਹੋਣ। ਪਰ ਅੱਜ ਦੀ ਹਕੀਕਤ ਵੱਖਰੀ ਹੈ। ਪੱਤਰਕਾਰਾਂ ਨੂੰ ਆਪਣੇ ਕੰਮ ਲਈ ਸਿਰਫ਼ ਆਲੋਚਨਾ ਹੀ ਨਹੀਂ, ਕਈ ਵਾਰ ਜਾਨ ਦੀ ਕ ਵੀ ਚੁਕਾਉਣੀ ਪੈਂਦੀ ਹੈ। ਕਈ ਪੱਤਰਕਾਰ ਜੋ ਦਲੇਰ ਹੋ ਕੇ ਮਾਫੀਆ ਜਾਂ ਭ੍ਰਿਸ਼ਟਾਚਾਰ ਖਿਲਾਫ ਆਵਾਜ਼ ਉਠਾਉਂਦੇ ਹਨ, ਉਹ ਜਾਂ ਤਾਂ ਗੁੰਮ ਹੋ ਜਾਂਦੇ ਹਨ ਜਾਂ ਉਹਨਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ। ਅਜਿਹੇ ਘਟਨਾਵਾਂ ਨੇ ਸਾਬਤ ਕੀਤਾ ਹੈ ਕਿ ਪੱਤਰਕਾਰਤਾ ਇਕ ਜੰਗ ਵਰਗੀ ਬਣ ਗਈ ਹੈ ਜੋ ਸਿਰਫ਼ ਦਲੇਰੀ ਨਾਲ ਹੀ ਲੜੀ ਜਾ ਸਕਦੀ ਹੈ।

ਪਰ ਇੱਥੇ ਇੱਕ ਹੋਰ ਪਾਸਾ ਵੀ ਦੇਖਣਯੋਗ ਹੈ। ਪੱਤਰਕਾਰਤਾ ਦੇ ਖੇਤਰ 'ਚ ਸਿਰਫ਼ ਸਰਕਾਰਾਂ ਨੂੰ ਇਲਜ਼ਾਮ ਦੇ ਕੇ ਵੀ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੇ। ਪੱਤਰਕਾਰਤਾ ਨਾਲ ਜੁੜੇ ਹਰੇਕ ਵਿਅਕਤੀ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਪੇਸ਼ੇਵਰ ਇਮਾਨਦਾਰੀ ਨੂੰ ਬਰਕਰਾਰ ਰਖੇ। ਉਹ ਆਪਣੀ ਲਿਖਤ ਜਾਂ ਬੋਲਦਿਆਂ ਸਮੇਂ ਨਿਰਪੱਖਤਾ ਅਤੇ ਸੱਚ ਨੂੰ ਅੱਗੇ ਰਖੇ। ਕਿਉਂਕਿ ਇੱਕ ਇਮਾਨਦਾਰ ਤੇ ਦਲੇਰ ਪੱਤਰਕਾਰ ਸਮਾਜ ਦੀ ਆਵਾਜ਼ ਬਣ ਸਕਦਾ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਿ ਮੀਡੀਆ ਵਿੱਚ ਮੌਜੂਦਾ ਸਮੇਂ 'ਚ ਕਈ ਅਜਿਹੇ ਲੋਕ ਵੀ ਮੌਜੂਦ ਹਨ ਜੋ ਹਜੇ ਵੀ ਆਪਣੀ ਪੇਸ਼ੇਵਰ ਨੈਤਿਕਤਾ ਤੇ ਡਟੇ ਹੋਏ ਹਨ। ਪਰ ਇਨ੍ਹਾਂ ਦੀ ਗਿਣਤੀ ਘੱਟ ਹੋ ਰਹੀ ਹੈ। ਅਜਿਹੀ ਸਥਿਤੀ ਵਿੱਚ ਜਦ ਤੱਕ ਪੱਤਰਕਾਰਤਾ ਨਾਲ ਜੁੜੇ ਵਿਅਕਤੀ ਆਪਣੇ ਅੰਦਰ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਇੱਛਾ ਨਹੀਂ ਰੱਖਣਗੇ, ਤਦ ਤੱਕ ਸਹੀ ਮਾਈਨਿਆਂ ਵਿੱਚ ਪ੍ਰੈੱਸ ਦੀ ਆਜ਼ਾਦੀ ਇੱਕ ਧੁੰਦਲੇ ਸਪਨੇ ਵਰਗੀ ਰਹੇਗੀ। ਸੱਚੀ ਤੇ ਨਿਰਪੱਖ ਪੱਤਰਕਾਰਤਾ ਹੀ ਲੋਕਤੰਤਰ ਨੂੰ ਮਜ਼ਬੂਤ ਕਰ ਸਕਦੀ ਹੈ। ਪਰ ਇਸ ਰਾਹ ਤੇ ਚਲਣਾ ਅਸਾਨ ਨਹੀਂ ਹੈ। ਆਮਦਨ ਦੀ ਕਮੀ, ਜਾਨ ਦਾ ਖਤਰਾ, ਦਬਾਅ ਅਤੇ ਧਮਕੀਆਂ ਆਮ ਗੱਲ ਹੋ ਚੁੱਕੀਆਂ ਹਨ। ਪਰ ਜੋ ਲੋਕ ਆਪਣੇ ਅੰਦਰ ਸੱਚ ਦੀ ਚਿੰਗਾਰੀ ਬਾਲ ਲੇ ਰੱਖਦੇ ਹਨ, ਉਹ ਕਿਸੇ ਵੀ ਹਾਲਤ ਵਿੱਚ ਆਪਣੇ ਫਰਜ਼ ਤੋਂ ਪਿੱਛੇ ਨਹੀਂ ਹਟਦੇ। ਅੱਜ ਦੇ ਸਮਾਜ ਨੂੰ ਅਜਿਹੇ ਹੀ ਲੋਕਾਂ ਦੀ ਲੋੜ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਮੀਡੀਆ ਦੀ ਆਜ਼ਾਦੀ ਦੀ ਰੱਖਿਆ ਸਿਰਫ਼ ਕਾਨੂੰਨਾਂ ਨਾਲ ਨਹੀਂ ਹੋ ਸਕਦੀ ਹੈ। ਇਹ ਤਦ ਹੀ ਸੰਭਵ ਹੈ ਜਦੋਂ ਪੱਤਰਕਾਰ ਆਪਣੇ ਕੰਮ ਨੂੰ ਇੱਕ ਸੇਵਾ ਸਮਝਣ ਲੱਗਣ, ਜਦੋਂ ਉਹ ਸੱਚ ਦੀ ਪੱਖਦਾਰੀ ਕਰਨ, ਜਦੋਂ ਉਹ ਕਿਸੇ ਵੀ ਹਿੱਤ ਤੋਂ ਪਰੇ ਹੋ ਕੇ ਸਮਾਜਕ ਸਰੋਕਾਰਾਂ ਨੂੰ ਪਹਿਲ ਦੇਣ। ਇਸ ਲਈ 3 ਮਈ ਦਾ ਦਿਨ ਸਿਰਫ਼ ਪ੍ਰੈੱਸ ਦੀ ਅਜ਼ਾਦੀ ਨੂੰ ਮਨਾਉਣ ਦਾ ਦਿਨ ਹੀ ਨਹੀਂ, ਸਗੋਂ ਇਹ ਇੱਕ ਆਤਮ-ਮੰਥਨ ਦਾ ਦਿਨ ਵੀ ਹੈ। ਜਿੱਥੇ ਪੱਤਰਕਾਰਤਾ ਨਾਲ ਜੁੜੇ ਹਰੇਕ ਵਿਅਕਤੀ ਨੂੰ ਸੋਚਣ ਦੀ ਲੋੜ ਹੈ ਕਿ ਕੀ ਉਹ ਆਪਣੇ ਫਰਜ਼ ਨੂੰ ਇਮਾਨਦਾਰੀ ਨਾਲ ਨਿਭਾ ਰਿਹਾ ਹੈ ਜਾਂ ਨਹੀਂ। ਅੰਤ ਵਿੱਚ, ਜੇਕਰ ਅਸੀਂ ਚਾਹੁੰਦੇ ਹਾਂ ਕਿ ਸਮਾਜ ਦਲੇਰ, ਨਿਰਪੱਖ ਅਤੇ ਚੇਤਨ ਬਣੇ, ਤਾਂ ਮੀਡੀਆ ਦੀ ਆਜ਼ਾਦੀ ਨੂੰ ਨਾ ਸਿਰਫ਼ ਕਾਨੂੰਨੀ ਤੌਰ ਤੇ ਸੁਰੱਖਿਅਤ ਕਰਨਾ ਹੋਵੇਗਾ, ਸਗੋਂ ਮਾਨਸਿਕ ਅਤੇ ਆਤਮਿਕ ਤੌਰ 'ਤੇ ਵੀ ਸਾਫ ਅਤੇ ਇਮਾਨਦਾਰ ਰਸਤੇ ਤੇ ਲੈ ਕੇ ਜਾਣਾ ਪਏਗਾ। ਕਿਉਂਕਿ ਜਦ ਤੱਕ ਚੌਥਾ ਥੰਮ ਮਜ਼ਬੂਤ ਨਹੀਂ, ਤਦ ਤੱਕ ਲੋਕਤੰਤਰ ਦੀ ਇਮਾਰਤ ਵੀ ਕੱਚੀ ਰਹੇਗੀ।


ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ

liberalthinker1621@gmail.com


33 ਸਫ਼ੇ ਦੀ ਬਾਕੀ

ਜਦੋਂ ਮੌਜੂਦਾ ਹਾਲਾਤਾਂ ਵਿੱਚ ਇਸ 'ਤੇ ਵਿਚਾਰ ਕਰਦੇ ਹਾਂ ਤਾਂ ਇਹ ਸਵਾਲ ਹੋਰ ਖੜ੍ਹਾ ਹੁੰਦਾ ਹੈ ਕਿ, ਕੀ ਘੱਟ-ਗਿਣਤੀਆਂ ਭਾਰਤ ਵਿੱਚ ਮਹਿਫੂਜ਼ ਹਨ? ਪਿਛਲੇ ਕੁਝ ਸਾਲਾਂ ਵਿੱਚ ਵਾਪਰੇ ਘਟਨਾਕ੍ਰਮ 'ਤੇ ਨਜ਼ਰ ਮਾਰੀਏ ਤਾਂ ਇਹ ਸਵਾਲ ਹੋਰ ਡੂੰਘਾ ਹੋ ਜਾਂਦਾ ਹੈ। ਭਾਵੇਂ ਮਣੀਪੁਰ ਵਾਲਾ ਘਟਨਾਕ੍ਰਮ ਹੋਵੇ, ਜਿਸ ਵਿੱਚ ਇੱਕ ਬੰਨੇ ਘੱਟ-ਗਿਣਤੀ ਈਸਾਈ ਭਾਈਚਾਰਾ ਤੇ ਦੂਜੇ ਬੰਨੇ ਬਹੁ-ਗਿਣਤੀ, ਜਾਂ ਫਿਰ ਹਰਿਆਣਾ ਦੇ ਨੂੰਹ ਵਿੱਚ ਮੁਸਲਮਾਨਾਂ ਦੇ ਖਿਲਾਫ ਕੀਤੀਆਂ ਕਾਰਵਾਈਆਂ, ਜਿਸ ਵਿੱਚ ਇੱਕ ਠਾਣੇ 'ਤੇ ਹਮਲਾ ਹੁੰਦਾ ਹੈ ਤੇ 2 ਪੁਲਿਸ ਕਰਮੀਆਂ ਨੂੰ ਜਾਨਾਂ ਗਵਾਉਣੀਆਂ ਪੈਂਦੀਆਂ ਹਨ, ਪਰ ਹਮਲਾ ਕਰਨ ਵਾਲੇ ਬਹੁ-ਗਿਣਤੀ ਨਾਲ ਸਬੰਧ ਰੱਖਦੇ ਸਨ, ਸ਼ਾਇਦ ਇਸੇ ਕਰਕੇ ਹੀ NSA ਨਹੀਂ ਲੱਗੀ। ਪੰਜਾਬ ਵਿੱਚ ਅੰਮ੍ਰਿਤਸੰਚਾਰ ਦੀ ਲਹਿਰ ਅਤੇ ਨੌਜਵਾਨਾਂ ਵਿੱਚ ਆਪਣੀ ਕੌਮ, ਧਰਮ ਪ੍ਰਤੀ ਜਾਗਰੂਕ ਹੋਣ 'ਤੇ ਅਜਨਾਲੇ ਵਾਲੀ ਘਟਨਾ (ਜਿਸ ਵਿੱਚ ਸਿਰਫ ਠਾਣੇ 'ਤੇ ਅੰਦਰ ਜਬਰੀ ਜਾ ਕੇ ਪੁਲਿਸ ਕਰਮੀਆਂ ਨਾਲ ਗੱਲਬਾਤ ਕਰਨ) ਨੂੰ ਠਾਣੇ 'ਤੇ ਹਮਲਾ ਕਰਾਰ ਦੇ ਕੇ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ 'ਤੇ ਸ਼ੁਅ ਲਗਾ ਦਿੱਤੀ ਗਈ। ਹਾਈ ਕੋਰਟ ਦੇ ਸੀਨੀਅਰ ਵਕੀਲ ਸ. ਨਵਕਿਰਨ ਸਿੰਘ ਨੇ ਇਹ ਵੀ ਖੁਲਾਸਾ ਕੀਤਾ ਕਿ, ਖਾੜਕੂ ਲਹਿਰ ਦੇ ਸਮੇਂ ਦੌਰਾਨ ਸ਼ੁਅ ਵਰਗੇ ਕਾਨੂੰਨਾਂ 'ਤੇ ਸੁਣਵਾਈ 2 ਜਾਂ 3 ਮਹੀਨਿਆਂ ਦੇ ਅੰਦਰ ਹੋ ਜਾਂਦੀ ਸੀ, ਇਹ ਪਹਿਲੀ ਵਾਰ ਹੈ ਕਿ ਡਿਬਰੂਗੜ੍ਹ ਵਾਲੇ ਕੇਸਾਂ ਵਿੱਚ ਅਦਾਲਤ ਨੇ ਸਾਲ ਤੋਂ ਵੱਧ ਸਮੇਂ ਸੁਣਵਾਈ ਹੀ ਨਹੀਂ ਕੀਤੀ ਤੇ ਹੁਣ ਤੀਜੀ ਵਾਰ 'ਫ ਅੰਮ੍ਰਿਤਪਾਲ ਸਿੰਘ 'ਤੇ ਸ਼ੁਅ ਦੁਬਾਰਾ ਲਗਾ ਦਿੱਤੀ ਗਈ। ਘਟਨਾਵਾਂ 'ਤੇ ਬਹੁਤ ਹਨ ਪਰ ਇਹ 3 ਘਟਨਾਵਾਂ ਤਿੰਨੋਂ ਹੀ ਵੱਖ-ਵੱਖ ਘੱਟ-ਗਿਣਤੀਆਂ ਨਾਲ ਸਬੰਧਤ ਹਨ, ਤਾਂ ਹੀ ਇਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ।

ਅਜੋਕੇ ਸਮੇਂ ਵਿੱਚ ਪਹਿਲਗਾਮ ਘਟਨਾ ਨੇ ਸਾਰਿਆਂ ਨੂੰ ਝੰਜੋੜ ਕੇ ਰੱਖ ਦਿੱਤਾ, ਲੋਕਾਂ ਦਾ ਧਰਮ ਪੁੱਛ ਕੇ ਉਨ੍ਹਾਂ ਨੂੰ ਮਾਰਿਆ ਗਿਆ। ਜਿਹੜੀਆਂ ਸਰਕਾਰਾਂ ਨੇ ਧਾਰਾ 370 ਖਤਮ ਕਰਨ ਵੇਲੇ ਕਿਹਾ ਸੀ ਕਿ ਅੱਤਵਾਦ ਖਤਮ ਹੋ ਗਿਆ, ਉਹ ਇਥੇ ਫੇਲ ਹੋਈਆਂ ਨਜ਼ਰ ਆਈਆਂ। ਕੁਝ ਹਿੰਦੀ ਬੋਲਣ ਵਾਲੇ ਸੋਸ਼ਲ ਮੀਡੀਆ ਅਦਾਰਿਆਂ ਨੇ ਜਦੋਂ ਇਹ ਸਵਾਲ ਸਰਕਾਰ ਤੋਂ ਕੀਤਾ ਤਾਂ ਕਈਆਂ 'ਤੇ ਪਰਚੇ ਹੋਏ ਤੇ ਕਈਆਂ ਦੇ ਚੈਨਲ ਹੀ ਬੰਦ ਕਰ ਦਿੱਤੇ ਗਏ। ਕੀ ਇਹ ਲੋਕਤੰਤਰ ਦੇ ਤੀਜੇ ਥੰਮ 'ਤੇ ਹਮਲਾ ਨਹੀਂ? ਸਿੱਖਾਂ ਨੂੰ ਇਸ ਹਮਲੇ ਨੇ ਸੰਨ 2000 ਵਿੱਚ ਚਟੀਸਿੰਘਪੁਰਾ ਦੀ ਘਟਨਾ ਦੀਆਂ ਯਾਦਾਂ ਤਾਜ਼ੀਆਂ ਕਰਵਾ ਦਿੱਤੀਆਂ, ਜਿਸ ਵਿੱਚ 35 ਦੇ ਕਰੀਬ ਸਿੱਖਾਂ ਨੂੰ ਚੁਣ ਕੇ ਮਾਰਿਆ ਗਿਆ ਸੀ ਤੇ ਇਲਜ਼ਾਮ ਪਾਕਿਸਤਾਨ 'ਤੇ ਲਗਾਇਆ ਗਿਆ ਸੀ। ਪਰ ਬਾਅਦ 'ਚ ਇਸ ਵਿੱਚ ਵੱਡੇ ਖੁਲਾਸੇ ਹੋਏ ਕਿ ਇਹ ਕਾਰਵਾਈ ਖੁਫੀਆ ਏਜੰਸੀਆਂ ਦੀ ਸੀ, ਜਿਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਨੂੰ ਸਰਹੱਦ ਪਾਰ ਅੱਤਵਾਦ ਦੀ ਹਮਾਇਤ ਦਿਖਾਉਣ ਲਈ ਬੇਗੁਨਾਹ ਸਿੱਖਾਂ ਦੀਆਂ ਜਾਨਾਂ ਲਈਆਂ। ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਆਪਣੀ ਕਿਤਾਬ 'ਚ ਜ਼ਿਕਰ ਕੀਤਾ ਸੀ ਕਿ ਜੇ ਉਹ ਭਾਰਤ ਨਾ ਜਾਂਦੇ ਤਾਂ ਇਹ ਸਿੱਖ ਜਿਉਂਦੇ ਹੁੰਦੇ।

ਇਹ ਵਿਸ਼ਾ ਆਪਣੇ ਆਪ 'ਚ ਵਧੇਰੇ ਖੋਜ ਮੰਗਦਾ ਹੈ, ਹਰ ਕੌਮ ਦੇ ਬੁੱਧੀਜੀਵੀਆਂ ਤੇ ਪੱਤਰਕਾਰਾਂ ਨੂੰ ਹੋਰ ਘੋਖਣ ਦੀ ਲੋੜ ਹੈ।

# ★ ਲੁੱਕ ਛਿੱਪ ★

## ਕਹਾਣੀ



ਰਣਵੀਰ ਸਿੰਘ ਰਾਣਾ

ਦਵਿੰਦਰ ਨਾਂ ਸੀ ਉਸਦਾ, ਇਹ ਵੇਖਣ ਨੂੰ ਬੜੀ ਸੁਲਝੀ ਹੋਈ ਔਰਤ ਲੱਗਦੀ ਸੀ। ਵਾਲ ਬੜੇ ਸਲੀਕੇ ਨਾਲ ਵਾਹੇ ਹੋਏ ਸੀ। ਕੱਪੜੇ ਬੜੇ ਢੰਗ ਦੇ ਪਾਏ ਹੋਏ ਸੀ। ਵੇਖਣ ਨੂੰ ਬੜੀ ਸੁਘੜ ਸਿਆਣੀ ਲੱਗਦੀ ਸੀ। ਜਿੰਦਾ ਇਹਦੇ ਵਿੱਚ ਗੁਣ ਹੀ ਗੁਣ ਹੌਣ। ਜਦੋਂ ਮੈਂ ਇਹਨੂੰ ਆਪਣੇ ਘਰ ਪਹਿਲੀ ਵਾਰ ਵੇਖਿਆ ਸੀ ਤਾਂ ਮੇਰੇ ਅੰਦਰੋਂ ਇਹ ਖਿਆਲ ਉੱਠਿਆ ਸੀ। " ਕਿੰਨੇ ਕਰਮਾਂ ਵਾਲੇ ਲੋਕ ਉਹ ਹੌਣਗੇ, ਜਿਹਨਾਂ ਨੂੰ ਇੱਦਾਂ ਦੀਆਂ ਔਰਤਾਂ ਮਿਲ ਜਾਂਦੀਆਂ, ਉਹਨਾਂ ਦੇ ਘਰ 'ਤੇ ਜੀਵਨ ਸਵਰਗ ਨਾਲੋਂ ਘੱਟ ਨਹੀਂ ਹੁੰਦਾ ਹੋਵੇਗਾ।" ਤਪਰ ਜਦੋਂ ਮੈਨੂੰ ਇਹਨੇ ਆਪਣੀ ਕਹਾਣੀ ਦੱਸੀ, ਸ਼ਾਇਦ ਮੈਂ ਇੱਦਾਂ ਦੀ ਬੇਵਕੂਫ਼ ਔਰਤ ਨਾ ਆਪਣੇ ਜ਼ਿੰਦਗੀ ਵਿੱਚ ਵੇਖੀ ਸੀ, ਨਾ ਕਿਸੇ ਨੇ ਸੁਣੀ ਹੋਵੇਗੀ। ਮੈਂ ਹੈਰਾਨ ਹੋ ਗਿਆ ਮੇਰਾ ਸਿਰ ਚੱਕਰ ਖਾਣ ਲੱਗ ਪਿਆ, ਅੱਜ ਦੀ ਦੁਨੀਆਂ ਵਿੱਚ ਇਹੋ ਜਿਹੇ ਲੋਕ ਵੀ ਵਸਦੇ ਨੇ।

ਇਹ ਮੇਰੇ ਘਰ ਮੇਰੀ ਘਰਵਾਲੀ ਦੀ ਫਰੰਡ ਜਗਦੀਪ ਨਾਲ ਆਈ ਸੀ। ਚਾਹ ਪੀਣ 'ਤੋਂ ਬਾਅਦ ਮੈਨੂੰ ਜਗਦੀਪ ਆਖਣ ਲੱਗੀ।

"...ਵੀਰ ਅਸੀਂ ਸੁਣਿਆ ਤੇਰਾ ਅੰਕਲ ਬਹੁਤ ਪੜ੍ਹਿਆ ਲਿਖਿਆ ਆ, ਉਹਨੇ ਲੋਕਾਂ ਦੇ ਬਹੁਤ ਮਸਲੇ ਹੱਲ ਕਰਾਏ ਨੇ, ਜੇ ਏਸ ਵਿਚਾਰੀ ਦੀ ਵੀ ਮਦਦ ਕਰ ਦੇਵੇ ?"

'ਤੁਸੀਂ ਫਿਕਰ ਨਾ ਕਰੋ, ਅੰਕਲ ਅੱਜ ਘਰੇ ਆ ਆਪਾਂ ਉੱਥੇ ਚੱਲਦੇ ਆ ਤੁਸੀਂ ਸਾਰਾ ਮਸਲਾ ਅੰਕਲ ਨੂੰ ਦੱਸ ਦਿਓ, ਅੰਕਲ ਤੁਹਾਡੀ ਪੂਰੀ ਮਦਦ ਕਰੇਗਾ'

ਦਵਿੰਦਰ ਨੇ ਹੌਲੀ ਹੌਲੀ ਦਿਲ ਫਰੋਲਣਾ ਸ਼ੁਰੂ ਕੀਤਾ ਮੈਂ ਸੱਤ ਕੁ ਸਾਲ ਦੀ ਸੀ ਜਦੋਂ ਪੰਜਾਬ 'ਤੋਂ ਆਈ ਕੱਲੀ ਘਰਦਿਆ ਦੀ ਕੁੜੀ ਸੀ ਸਾਰੇ ਮੈਨੂੰ ਬਹੁਤ ਪਿਆਰ ਕਰਦੇ। ਫਿਰ ਮੇਰਾ ਵਿਆਹ ਹੋ ਗਿਆ ਉਹ ਬਹੁਤ ਸੋਹਣਾ 'ਤੇ ਸ਼ਰੀਫ਼ ਸੀ ਮੈਂ ਤਾਂ ਉਹਦੇ ਮੂਹਰੇ ਕੁੱਝ ਵੀ ਨਹੀਂ ਸੀ ਇਹ ਮੈਨੂੰ ਬਹੁਤ ਪਿਆਰ ਕਰਦਾ ਇਹ ਤਿੰਨ ਭਰਾ ਸੀ ਵਿਆਹ 'ਤੋਂ ਦੋ ਸਾਲ ਬਾਅਦ ਮੰਮੀ ਡੈਡੀ ਨਾਲ ਸਲਾਹ ਕਰਕੇ ਅਸੀਂ ਆਪਣਾ ਘਰ ਲੈ ਲਿਆ ਕੁਝ ਡੈਡੀ ਨੇ ਮਦਦ ਕਰ ਦਿੱਤੀ ਸਾਡੀ ਦੋਵਾਂ ਦੇ ਕੰਮ ਵੀ ਵਧੀਆ ਸੀ ਮੈਂ ਆਪਣੇ ਘਰ ਆਕੇ ਬਹੁਤ ਖੁਸ਼ ਸੀ। ਇਥੇ ਮੇਰੇ ਦੋਵੇ ਬੱਚਿਆਂ ਲੜਕੇ ਤੇ ਲੜਕੀ ਨੇ ਜਨਮ ਲਿਆ। ਇਹਨੂੰ ਗਾਰਡਨ ਤੇ ਗੱਡੀ 'ਤੇ ਆਪਣੀ ਸਫਾਈ ਰੱਖਣ ਦਾ ਬਹੁਤ ਸ਼ੌਕ ਸੀ, ਉੱਦਾ ਮੈਨੂੰ ਸੰਜਰ ਸਵਾਰ ਕੇ ਰਹਿਣ ਨੂੰ ਕਹਿੰਦਾ। ਸਾਨੂੰ ਵੇਖ ਕੇ ਕੋਈ ਇਹ ਨਹੀਂ ਕਹਿ ਸਕਦਾ, ਕਿ ਸਾਡੇ ਵਿਆਹ ਹੋਏ ਨੂੰ ਇਨ੍ਹਾਂ ਚਿਰ ਹੋ ਗਿਆ ਹੌਣਾ, ਇੰਝ ਲੱਗਦਾ ਸੀ ਜ਼ਿੱਦਾਂ ਕੱਲ ਮੁਕਲਾਵਾ ਆਇਆ ਹੋਵੇ।

ਜਿੱਥੇ ਮੈਂ ਕੰਮ ਕਰਦੀ ਸੀ ਉੱਥੇ ਇਕ ਤੇਜੋ ਨਾ ਦੀ ਅੰਟੀ ਕੰਮ ਕਰਦੀ ਸੀ। ਇੱਕ ਦਿਨ ਮੈਨੂੰ ਆਖਣ ਲੱਗੀ, "ਕੁੜੇ ਦਵਿੰਦਰ ਆਪਣੇ ਖਸਮ ਨਾਲ ਤੈ ਵਥੇਰੀਆ ਰੰਗ ਰਲੀਆਂ ਮਨਾ ਲਈਆਂ ਕਦੇ ਆਪਣੇ ਅੱਗੇ ਵਾਰੇ ਵੀ ਸੋਚਿਆ ?"

...ਅੱਗੇ ਤੋਂ ਅੰਟੀ ਜੀ ਕੀ ਮਤਲਬ... ?

ਕੁੜੇ ਆਹੀ ! ਮਾਨਸ ਜਨਮ ਮਸਾਂ ਮਿਲਿਆ ਮੁਕਤੀ ਵਾਰੇ ਸੋਚ, ਕਿ ਮੁੜ ਮੁੜ ਜੰਮੀ ਜਾਵੇਂ 'ਤੇ ਮਰੀ ਜਾਵੇਂ ਤੇਜੋ ਅੰਟੀ ਰੋਜ ਇੱਦਾਂ ਦੀਆਂ ਗੱਲਾਂ ਕਰਦੀ , ਮੇਰੇ 'ਤੇ ਅੰਟੀ ਦੀਆਂ ਗੱਲਾਂ ਦਾ ਹੌਲੀ ਹੌਲੀ ਅਸਰ ਹੌਣ ਲੱਗ ਪਿਆ ਇਕ ਦਿਨ ਮੈਂ ਪੁੱਛ ਲਿਆ।

...ਇਹ ਚੁਰਾਸੀ ਕੱਟਣ ਤੇ ਮੁਕਤੀ ਪਾਉਣ ਦਾ ਤਰੀਕਾ ਕੀ ਆ ?

...ਨੀ ਸਾਡੇ ਬਾਬਾ ਜੀ ਆ, ਲੱਗ ਜਾ ਉਹਨਾਂ ਦੇ ਚਰਨੀ, ਤੇਰਾ ਆਪੇ ਬੇੜਾ ਪਾਰ ਕਰ ਦੇਣਗੇ...।

ਮੈਂ ਵੀ ਪੰਜ ਸੱਤ ਬੁੜੀਆ ਨਾਲ ਡੇਰੇ ਜਾਣ ਲੱਗ ਪਈ ਤੇਜੋ ਅੰਟੀ ਨੇ ਮੇਰੀ ਸਿਫਾਰਸ਼ ਕਰ ਦਿੱਤੀ।

"ਬਾਬਾ ਜੀ ਲਾਉ ਚਰਨੀ ਬੱਚੀ ਨੂੰ ਦਿਓ ਅਸੀਸ ਏਸ ਬੱਚੀ ਨੂੰ।" ਬਾਬੇ ਨੇ ਬੜੇ ਪਿਆਰ ਨਾਲ ਮੇਰੇ ਸਿਰ 'ਤੇ ਪਿੱਠ 'ਤੇ ਹੱਥ ਫੇਰਿਆ, ਤੇਜੋ ਅੰਟੀ ਆਖਣ ਲੱਗੀ 'ਕੁੜੇ ਬਾਬਾ ਜੀ ਤਾਂ ਬੜੇ ਦਿਆਲ ਨੇ ਤੇਰੇ 'ਤੇ, ਸਾਡੇ ਵੱਲ ਤਾਂ ਵੇਖਦੇ ਵੀ ਨਹੀਂ, ਜਿਹਦੇ 'ਤੇ ਦਿਆਲ ਹੌਣ ਉਹਨੂੰ ਪਿਆਰ ਦੇਦੇਂ ਨੇ।' ਹੁਣ ਮੈਂ ਹਰੇਕ ਐਤਵਾਰ ਬਾਬੇ ਦੇ ਡੇਰੇ ਜਾਣ ਲੱਗ ਪਈ, ਹੋਰ ਬੁੜੀਆ ਵੀ ਬਾਬੇ ਦੀਆਂ ਲੱਤਾਂ ਘੁੱਟ ਦੀਆਂ, ਮੈਂ ਵੀ ਇੱਕ ਦਿਨ ਘੁੱਟਣ ਲੱਗ ਪਈ। ਬਾਬਾ ਜੀ ਆਖਣ ਲੱਗੇ "ਬੀਬੀ ਤੂੰ ਹਰੇਕ ਐਤਵਾਰ ਸਾਡੇ ਲਈ ਘਰੋਂ ਪ੍ਰਸ਼ਾਦਾਂ ਤਿਆਰ ਕਰਕੇ ਲਿਆਇਆ ਕਰੀ, ਬਾਬਾ ਜੀ ਨੇ ਮੈਨੂੰ ਇੱਕ ਹੋਰ ਸੇਵਾ ਲਾ ਦਿੱਤੀ, ਸੱਤਰ ਪੌਂਡ ਹਰੇਕ ਵੀਕ ਸੇਵਾ ਵਿੱਚ ਪਾਇਆ ਕਰ। "ਮੈਂ ਹਰੇਕ ਵੀਕ ਇੱਦਾਂ ਕਰਦੀ ਬਾਬਾ ਜੀ ਕਦੇ ਕਦੇ ਬਚਨ ਕਰਦੇ 'ਜੇ ਮੁਕਤੀ ਲੈਣੀ ਹੋਵੇ ਘਰ ਪਰਿਵਾਰ ਦਾ ਤਿਆਗ ਕਰਨਾ ਪੈਂਦਾ।' ਇੱਕ ਦਿਨ ਬਾਬਾ ਜੀ ਕਹਿਣ ਲੱਗੇ, ਬੀਬੀ ਅਸੀਂ ਤੇਰੀ ਸੇਵਾ ਤੋਂ ਬਹੁਤ ਖੁਸ਼ ਆ, ਪਰ ਤੇਰੀ ਮੁਕਤੀ ਦੇ ਰਾਹ ਵਿੱਚ ਤੇਰਾ ਪ੍ਰੀਵਾਰ ਰੁਕਾਵਟ ਪਾ ਰਿਹਾ ?

...ਬਾਬਿਆਂ ਦਾ ਹੁਕਮ ਮੰਨੀ ਦਾ, ਮੈਨੂੰ ਮੇਰੇ ਨਾਲ ਦੀਆਂ ਕਹਿੰਦੀਆਂ...। ਮੈਂ ਇਹ ਕਿੱਦਾਂ ਕਰ ਸਕਦੀ ਆ, ਨੀ ਜਿੱਦਾ ਅਸੀਂ ਖਸਮ ਛੱਡ ਹੋਏ ਆ ਤੂੰ ਵੀ ਇੱਦਾਂ ਕਰ ਲੈ, ਮੁਕਤੀ ਕਿਤੇ ਉੱਦਾ ਮਿਲਦੀ ਆ, ਨਾਲੇ ਬਾਬੇ ਸਿੱਧੇ ਨੀ ਕਹਿੰਦੇ ਹੁੰਦੇ, ਗੁੱਝੀਆਂ ਰਮਜ਼ਾਂ ਮਾਰਦੇ ਹੁੰਦੇ ਨੇ ? ਇਹ ਮੇਰੇ ਲਈ ਔਖਾ ਫੈਸਲਾ ਸੀ, ਇਹਨਾ ਬੁੜੀਆ ਨੇ ਮੇਰਾ ਬ੍ਰੇਨ ਵਾਸ ਕਰ ਦਿੱਤਾ ਮੈਂ ਬਾਬੇ ਲਈ ਮੈਂ ਕੁਝ ਵੀ ਕਰਨ ਨੂੰ ਤਿਆਰ ਹੋ ਗਈ। ਹੌਲੀ ਹੌਲੀ ਮੈਂ ਆਪਣੇ ਆਦਮੀ ਨਾਲ 'ਭੰਨ ਤੜਕ' ਕਰਨ ਲੱਗ ਪਈ। ਇੱਕ ਦਿਨ ਮੈਨੂੰ ਬੜੇ ਪਿਆਰ ਨਾਲ ਸਮਝਾਇਆ "ਵੇਖ ਦਵਿੰਦਰ ਆਪਾਂ ਜ਼ਿੰਦਗੀ ਦੀ ਪੀਂਘ ਬੜੇ ਪਿਆਰ ਨਾਲ ਝੂਟ ਰਹੇ ਹਾਂ, ਕਿਉ ਤੂੰ ਰੱਸੇ ਵੱਢਣ 'ਤੇ ਆ ਗਈ ਆ, ਕਿ ਆਪਾਂ ਦੋਵੇਂ ਡਿੱਗ ਪਈਏ, ਮੈਂ ਤੈਨੂੰ ਹੁਣ ਤੱਕ ਫੁੱਲਾਂ ਵਾਂਗ ਰੱਖਿਆ।"

ਉਹਦੀਆਂ ਗੱਲਾਂ ਦਾ ਮੇਰੇ 'ਤੇ ਕੋਈ ਅਸਰ ਨਾ ਹੁੰਦਾ। ਮੈਨੂੰ ਹਰ ਪਾਸੇ ਬਾਬਾ ਦਿਸਦਾ, ਜਦੋਂ ਕੋਈ ਗੱਲ ਮੈਨੂੰ ਬੱਚੇ ਪੁੱਛਦੇ ਮੈਂ ਤਰਾਂ ਤਰ੍ਹਾਂ ਦੀਆਂ ਕਹਾਣੀਆਂ ਬਣਾਕੇ ਬੱਚਿਆਂ ਮੂਹਰੇ ਰੌਣ ਲੱਗ ਜਾਂਦੀ ਬੱਚੇ ਚੁੱਪ ਹੋ ਜਾਂਦੇ। ਨਾਲੇ ਇਥੋਂ ਦੇ ਬੱਚੇ ਬਹੁਤੀ ਕਿਸੇ ਦੀ ਜ਼ਿੰਦਗੀ ਵਿੱਚ ਦਖਲ ਨੀ ਦੇਦੇਂ, ਪਤਾ ਬੱਚਿਆ ਨੂੰ ਵੀ ਸੀ ਕਿ ਸਾਰਾ ਕਸੂਰ ਮੇਰੇ ਵਿੱਚ ਆ ਪਰ ਉਹ ਮੂੰਹ 'ਤੋਂ ਕੁਝ ਵੀ ਨਾ ਕਹਿੰਦੇ। ਅਖੀਰ ਅੱਕ ਕੇ ਮੈਨੂੰ ਮੇਰੇ ਪਤੀ ਇੱਕ ਦਿਨ ਕਹਿਣ 'ਜੇ ਮੈ ਤੈਨੂੰ ਨਹੀਂ ਚੰਗਾ ਲੱਗਦਾ ਆਪਾਂ ਵੱਖ ਹੋ ਜਾਂਦੇ ਹਾਂ ? 'ਇਹੀ ਤਾਂ ਮੈਂ ਚਾਹੁੰਦੀ ਸੀ। ਅਖੀਰ ਆਪਣਾ ਸਮਾਨ ਬੰਨ੍ਹ ਕੇ ਘਰੋਂ ਤੁਰਨ ਲੱਗਾ ਕਹਿਣ ਲੱਗਾ "ਦਵਿੰਦਰ ਅਜੇ ਵੀ ਮੌਕਾ ਜੇ ਮੈਂ ਇਕ ਵਾਰ ਦਰਵਾਜ਼ਾ ਲੰਘ ਗਿਆ ਮੁੜਕੇ ਕਦੇ ਨੀ ਨਹੀਂ ਆਵੇਗਾ, ਸੋਚ ਲੈ ?" ਪਰ ਮੇਰੇ ਕੰਨਾਂ 'ਤੇ ਜੂੰ ਨਾ ਸਰਕਦੀ, ਮੈਨੂੰ ਹਰ ਪਾਸੇ ਬਾਬਾ ਦਿਸਦਾ ਸੀ। ਅਖੀਰ ਦਰਵਾਜ਼ੇ ਕੋਲ ਖੜਕੇ ਕਹਿਣ ਲੱਗਾ, "ਦਵਿੰਦਰ ਪਤਾ ਨੀ ਪਹਿਲਾਂ ਕੀਹਨੇ ਮਰਨਾ, ਜੇ ਮੈਂ ਪਹਿਲਾਂ ਮਰ ਗਿਆ ਤਾਂ ਮੇਰੀ ਲਾਸ਼ 'ਤੇ ਚਿੱਟੀ ਚੁੰਨੀ ਲੈਕੇ 'ਪਾਖੰਡ ਪੁਣਾ' ਨਾ ਕਰਨ ਆਵੀਂ, ਮੈਨੂੰ ਤਾਂ ਤੂੰ ਭੁੱਲ ਜਾ, ਜੇ ਮੈਂ ਅੱਜ ਤੋਂ ਬਾਅਦ ਤੇਰਾ ਜਿਊਂਦੀ ਦਾ ਮੂੰਹ ਵੀ ਵੇਖ ਗਿਆ।" ਐਨੀ ਗੱਲ ਕਹਿ ਕੇ ਦਰਵਾਜ਼ੇ 'ਤੋਂ ਬਾਹਰ ਹੋ ਗਿਆ , ਬੱਚੇ ਵੀ ਨਾਲੇ ਚੱਲੇ ਗਏ ਘਰ ਵੰਡਿਆਂ ਗਿਆ, ਡੀਵੋਰਸ ਹੋ ਗਿਆ। ਮੈਂ ਇਧਰ ਕਈ ਸਾਲਾਂ 'ਤੋਂ ਬਾਬੇ ਦੀ ਸੇਵਾ ਤਨ ਮਨ ਧਨ ਨਾਲ ਕਰ ਰਹੀ ਸੀ। ਸਾਰੇ ਕਮਰੇ ਵਿੱਚ ਬਾਬੇ ਦੀਆਂ ਫੋਟੋਆਂ ਲਾਈਆਂ ਹੋਈਆਂ ਸਨ ਸਵੇਰੇ ਉੱਠਕੇ ਪਹਿਲਾਂ ਬਾਬੇ ਦੀਆਂ ਤਸਵੀਰਾਂ ਨੂੰ ਮੱਥਾ ਟੇਕਦੀ, ਰੋਟੀ ਪਹਿਲਾਂ ਬਾਬੇ ਦੀ ਤਸਵੀਰ ਨੂੰ ਲਾਉਂਦੀ, ਫੇਰ ਆਪ ਖਾਂਦੀ।

ਅੱਜ ਬਰਫ਼ ਬਹੁਤ ਪੈ ਚੁੱਕੀ ਸੀ। ਬਾਬੇ ਕੋਲ ਸੰਗਤ ਬਹੁਤ ਘੱਟ ਸੀ। ਮੈਂ ਪਰਸ਼ਾਦਾਂ 'ਤੇ ਸੱਤਰ ਪੌਂਡ ਲੈ ਕੇ ਪਹੁੰਚ ਗਈ। ਪ੍ਰਸ਼ਾਦਾਂ ਛੱਕਾ ਕੇ ਮੈਂ ਭਾਂਡੇ ਧੋ ਕੇ ਬਾਬੇ ਦੀਆਂ ਲੱਤਾਂ ਘੁੱਟਣ ਲੱਗ ਪਈ, ਬਾਬੇ ਨੇ ਲੱਤਾਂ ਪਸਾਰ ਦਿੱਤੀਆਂ, ਮੇਰੇ ਹੱਥ ਗੋਡਿਆਂ 'ਤੋਂ ਉੱਪਰ ਹੋ ਗਏ, ਹਾਲੇ ਦੋ ਕੁ ਮਿੰਟ ਹੋਏ ਸੀ ਲੱਤਾਂ ਘੁੱਟ ਦੀ ਨੂੰ ਬਾਬੇ ਨੇ ਆਪਣਾ ਕੁੜਤਾ ਉਪਰ ਚੁੱਕ ਦਿੱਤਾ, "...ਲੈ ਬੀਬਾ ਜਰਾ ਇਥੋਂ ਵੀ ਘੁੱਟ ਦੇ...।"

ਮੈਂ ਇਹ ਵੇਖ ਕੇ ਹੈਰਾਨ ਹੋ ਗਈ, ਜਿਦਾਂ ਮੈਨੂੰ ਕਰੰਟ ਲੱਗਾ ਹੋਵੇ, ਮੈਂ ਗੱਡੀ ਵਿੱਚ ਬੈਠ ਕੇ ਘਰ ਆ ਕੇ ਸਾਹ ਲਿਆ ਪਾਣੀ ਦਾ ਗਲਾਸ ਪੀਤਾ, ਮੈਨੂੰ ਬਰਫ਼ ਵਿੱਚ ਵੀ ਪਸੀਨਾ ਆਈ ਜਾਵੇ। ਮੇਰਾ ਸਰੀਰ ਭੱਠੀ ਵਾਂਗ ਤੱਪ ਰਿਹਾ ਸੀ। ਸਿਰ ਚੱਕਰ ਖਾ ਰਿਹਾ ਸੀ। ਸਿਰ ਵਿੱਚ ਜਿੱਦਾ ਹਥੌੜੇ ਵੱਜ ਰਹੇ ਸੀ। "ਇਹ ਕੀ ਮੇਰੇ ਨਾਲ ਹੋ ਗਿਆ, ਐਨੇ ਚਿਰ ਦੀ ਸੇਵਾ, ਰੱਬ ਵਰਗਾ ਪਤੀ, ਫੁੱਲਾਂ ਵਰਗੇ ਬੱਚੇ, ਸਭ ਕੁਝ ਉੱਜੜ ਗਿਆ।"

ਨਕੌਣ ਸੁਣੇਗਾ ਤੇਰੀ...ਬਾਬੇ ਦੇ ਚੇਲਿਆਂ ਨੇ ਛਿੱਤਰ ਮਾਰਨੇ ਤੇਰੇ...ਸਾਡੇ ਰੱਬ ਵਰਗੇ ਬਾਬੇ 'ਤੇ ਇਲਜ਼ਾਮ ਲਾਉਂਦੀ ਆ। ਉੱਦਾ ਬੈਡ 'ਤੇ ਪੈ ਗਈ, ਨਾ ਕੁਝ ਖਾਧਾ, ਨਾ ਕੁੱਝ ਪੀਤਾ, ਨਾਂ ਨੀਂਦ ਆਈ, ਬੱਸ ਏਸ ਘੁੰਮਣ ਘੇਰੀ ਵਿੱਚ ਫਸੀ ਰਹੀ, ਮੁੜ ਮੁੜ ਖਿਆਲ ਆਉਂਦਾ, "ਵੇਖ ਦਵਿੰਦਰ ਤੇਰਾ ਪਤੀ ਤੇਰੇ ਮੂਹਰੇ ਕਿੰਨਾ ਗਿੜਗਿੜਾਉਂਦਾ ਰਹਿਆਂ ਸੀ, ਕਿੰਨਾ ਤੈਨੂੰ ਸਮਝਾਇਆ, ਪਰ ਤੂੰ ਆਖੇ ਮੈਂ ਸਹੇ ਨੂੰ ਚੌਥੀ ਲੱਤ ਲੱਗਣ ਨੀ ਦੇਣੀ, ਤਿੰਨ ਨਾਲ ਭਜਾਉਣਾ।" ਇਹਨਾਂ ਘੁੰਮਣ ਘੇਰੀਆਂ ਵਿੱਚ ਦਿਨ ਚੜ੍ਹਦੇ ਅੱਖ ਲੱਗੀ , ਕਿਸੇ ਨੇ ਮੇਰੀ ਜ਼ੋਰ ਜ਼ੋਰ ਦੀ ਡੋਰ ਕੀਤੀ, ਜਦੋਂ ਮੈਂ ਡੋਰ ਖੋਲ੍ਹ ਕੇ ਵੇਖਿਆ ਬਾਬੇ ਦੇ ਚਾਰ ਪੰਜ ਚੇਲੇ ਮੂਹਰੇ ਖੜੇ ਸੀ। ਆਖਣ ਲੱਗੇ, "ਭੁੱਲ ਜਾ ਜੋ ਕੁੱਝ ਹੋਇਆ ਤੇਰੇ ਨਾਲ, ਨਹੀ ਤਾਂ ਬਹੁਤ ਬੁਰਾ ਹੋਵੇਗਾ ਤੇਰੇ ਨਾਲ, ਸਾਡੇ ਹੱਥ ਬਹੁਤ ਲੰਮੇ ਨੇ, ਫਿਰ ਨਾ ਤੈਨੂੰ ਪਛਤਾਉਣਾ ਪਵੇ, ਅਸੀਂ ਤੈਨੂੰ ਸਮਝਾਉਣ ਆਏ ਹਾਂ, ਇਹ ਦੇਸ਼ ਤਾਂ ਕੀ, ਤੈਨੂੰ ਦੁਨੀਆਂ ਨਾ ਛੱਡਣੀ ਪੈ ਜਾਵੇ, ਸਾਡਾ ਤੂੰ ਕੁਝ ਨੀ ਵਿਗਾੜ ਸਕਦੀ, ਸਾਡਾ ਇੱਕ ਬੰਦਾ ਤੇਰੇ ਘਰ ਦੀ ਨਿਗਰਾਨੀ ਰੱਖੇਗਾ, ਤੂੰ ਕਿਸ ਨੂੰ ਮਿਲਦੀ ਆ, ਕੌਣ ਤੇਰੇ ਘਰ ਆਉਂਦਾ।" ਇੱਦਾਂ ਵੀਹ ਕੁ ਦਿਨ ਚੱਲਦਾ ਰਹਿਆ। ਕਦੇ ਚੇਲੇ, 'ਤੇ ਕਦੇ ਚੇਲੀਆਂ ਮੈਨੂੰ ਸਮਝਾਉਣ 'ਤੇ ਡਰਾਉਣ ਆ ਜਾਂਦੇ।

ਇੱਕ ਦਿਨ ਮੈਂ ਕਿਸੇ ਤੋਂ ਲੱਭ ਕੇ ਆਪਣੇ ਪਤੀ ਨੂੰ ਟੈਲੀਫ਼ੋਨ ਕੀਤਾ, 'ਕਿਉਂ ਬਾਬੇ ਨੇ ਤੈਨੂੰ ਇਜਾਜ਼ਤ ਦੇ ਦਿੱਤੀ ਮੇਰੇ ਨਾਲ ਗੱਲ ਕਰਨ ਦੀ, ਤੇਰੀ ਹਿੰਮਤ ਕਿੱਦਾਂ ਪਈ ਟੈਲੀਫ਼ੋਨ ਕਰਨ ਦੀ , ਅਸੀਂ ਮਸਾਂ ਜ਼ਿੰਦਗੀ ਸੈੱਟ ਕੀਤੀ ਆ, ਫਿਰ ਉਜਾੜਨ ਆ ਗਈ ਆ, ਚੇਤੇ ਭੁੱਲ ਗਿਆ, ਜਾ ਯਾਦ ਆ, ਜਦੋ ਮੈਂ ਤੁਰਨ ਲੱਗੇ ਨੇ ਕਿਹਾ ਸੀ, ਤੇਰਾ ਅੱਜ ਤੋਂ ਬਾਅਦ ਜਿਉਂਦੀ ਦਾ ਮੂੰਹ ਨਹੀਂ ਦੇਖਣਾ, ਕਿਉ ਹੁਣ ਬਾਬੇ ਨੂੰ ਤੇਰੇ ਤੋਂ ਸੋਹਣੀ ਰੰਨ ਲੱਭ ਗਈ, ਜਿਹੜਾ ਤੈਨੂੰ ਹੁਣ ਮੂੰਹ ਨੀ ਲਾਉਂਦਾ, ਬਹੁਤ ਕੁਝ ਬੋਲਿਆ, ਫੇਰ ਮੇਰੇ ਲੜਕੇ ਨਾਲ ਗੱਲ ਨਾਲ ਗੱਲ ਕਰਾਈ, ਲੜਕੇ ਨੇ ਆਖਿਆ, ਮੰਮੀ ਤੂੰ ਕੀ ਸਮਝਦੀ ਸੀ ਸਾਨੂੰ ਕੁਝ ਪਤਾ ਨੀ, ਕਿੱਦਾਂ ਸਾਡੇ ਬਾਪ ਨੇ ਇੱਟ ਨਾਲ ਇੱਟ ਜੌੜਕੇ ਘਰ ਬਣਾਇਆ, ਪਰ ਤੂੰ ਇੱਕ ਮਿੰਟ ਨੀ ਲਾਇਆ ਜਦੋਂ ਹੱਸਦਾ ਵੱਸਦਾ ਘਰ ਉਜਾੜ ਦਿੱਤਾ, ਫੇਰ ਮੇਰੀ ਧੀ ਨਾਲ ਗੱਲ ਕਰਾਈ, ਮੰਮੀ ਅਸੀਂ ਮਰ ਗਏ ਆ ਤੇਰੇ ਲਈ, ਹੁਣ ਤੈਨੂੰ ਸਾਡਾ ਚੇਤਾ ਆ ਗਿਆ, ਜਾਂ ਜਾਕੇ ਬਾਬੇ ਨਾਲ ਵਿਆਹ ਕਰਵਾ ਲੈ, ਮੁੜ ਕੇ ਸਾਨੂੰ ਟੈਲੀਫ਼ੋਨ ਨਾ ਕਰੀ, ਅਸੀਂ ਆਪਣੀ ਜ਼ਿੰਦਗੀ ਤੋਂ ਖੁਸ਼ ਹਾਂ।' ਇੰਨਾ ਕਹਿਕੇ ਮੇਰੀ ਲੜਕੀ ਨੇ ਟੈਲੀਫ਼ੋਨ ਕੱਟ ਦਿੱਤਾ। ਬਹੁਤ ਰੋਈ ! ਕਿੱਥੇ ਜਾਂਦੀ, ਕੋਈ ਸਹਾਰਾ ਨਾ ਮਿਲਿਆ ਮੇਰੀਆਂ ਕੀਤੀਆਂ ਗਲਤੀਆਂ ਮੇਰੇ ਅੱਗੇ ਆ ਗਈਆਂ। ਆਖ਼ਰ ਨੂੰ ਮੈਂ ਆਪਣਾ ਦਰਦ ਜਗਦੀਪ ਭੈਣ ਜੀ ਨੂੰ ਦੱਸਿਆ ਇਹੀ ਮੈਨੂੰ ਤੁਹਾਡੇ ਕੋਲ ਲੈ ਕੇ ਆਈ ਆ। ਇੰਨਾ ਕਹਿਕੇ ਦਵਿੰਦਰ ਨੇ ਉੱਚੀ ਉੱਚੀ ਰੌਣਾ ਸ਼ੁਰੂ ਕਰ ਦਿੱਤਾ। ਦਵਿੰਦਰ ਦੀ ਹੱਡਬੀਤੀ ਸੁਣ ਕੇ ਅੰਕਲ ਗੁੱਸੇ ਵਿੱਚ ਲਾਲ ਹੋ ਗਿਆ

"ਕੁੜੀਏ ਮੇਰਾ ਚਿੱਤ ਕਰਦਾ, ਜੁਤੀ ਮਾਰ ਮਾਰ ਤੇਰਾ ਸਿਰ ਗੰਜਾ ਕਰ ਦੇਵਾ "ਤੈਨੂੰ ਸ਼ਰਮ ਨਾ ਆਈ, ਤੂੰ ਇਥੋਂ ਦੀ ਪੜ੍ਹੀ ਲਿਖੀ, ਏਸ 'ਅਨਪੜ੍ਹ ਲਾਣੇ' ਦੇ ਮਗਰ ਲੱਗ ਗਈ।

...ਫੜ ਲਿਆ ਬਾਬੇ ਦਾ ਫਾਲਾਤੂ...। ਅੰਕਲ ਆਪਣੇ ਆਪ ਬੋਲਣ ਲੱਗ ਪਿਆ 'ਮੈਨੂੰ ਵੀਹ ਸਾਲ ਹੋ ਗਏ ਨੇ ਲੋਕਾਂ ਦੀ ਮਕਾਣ ਦਿੰਦੇ ਨੂੰ, ਲੋਕੋ ਬਚੋ ! ਇਹ ਸਾਨੂੰ ਘੁਣ ਵਾਂਗ ਖਾ ਰਹੇ ਨੇ, ਪਰ ਕੋਈ ਨੀ ਸੁਣਦਾ, ਜਦੋ ਕੋਈ ਉਨੀ ਇੱਕੀ ਹੋ ਜਾਂਦੀ ਆ ਫੇਰ ਮੇਰੇ ਕੋਲ ਮੂੰਹ ਚੁੱਕ ਕੇ ਤੁਰ ਪੈਂਦੇ ਆ।'

ਕੁੜੀਏ ਜੋ ਕੁਝ ਤੈ ਦੱਸਿਆ ਜੇ ਇਹ ਅੱਖਰ ਅੱਖਰ ਸੱਚ ਆ, ਜੇ ਤੂੰ ਏਸ ਸਟੈਂਡ 'ਤੇ ਖੜੀ ਰਹੇ, ਮੈਂ ਤੇਰਾ ਪੂਰਾ ਸਾਥ ਦੇਵਾਂਗਾ, ਥੌੜੇ ਸਮੇਂ ਵਿੱਚ ਹੀ ਮੈਂ ਇਹਦੀਆਂ ਪੂਛਾਂ ਚੁੱਕਵਾ ਦੇਵਾਂਗਾ, ਇਹ ਛੇਤੀ ਸੀਖਾਂ ਪਿੱਛੇ ਹੋਵੇਗਾ, ਇਹ ਹੋਰ ਤੇਰੇ ਵਰਗੀਆਂ ਬੇਵਕੂਫ਼ਾਂ ਨੂੰ ਹੱਥ ਪਾਉਣ ਲੱਗਾ ਦਸ ਵਾਰੀ ਸੋਚੇਗਾ, ਜੇ ਕੁਝ ਕਰਨ ਜੋਗੀ ਤਾ ਹਾ ਕਰੀ, ਨਹੀਂ ਤਾਂ ਹੁਣੇ ਜਵਾਬ ਦੇ ਦੇ। ਦਵਿੰਦਰ ਨੇ ਮੂੰਹ ਚੁੱਕ ਕੇ ਕਿਹਾ 'ਅੰਕਲ ਜੀ ਮੈਨੂੰ ਪੰਜ ਸੱਤ ਦਿਨ ਸੋਚਣ ਲਈ ਦਿਉ ?'

...ਕੁੜੀਏ ਜਦ ਮਰਜ਼ੀ ਆ ਜਾਵੀ।

ਦੋ ਦਿਨ, ਚਾਰ ਦਿਨ, ਮਹੀਨਾ ਮਹੀਨੇ ਤੋਂ ਸਾਲ, ਸਾਲ ਤੋਂ ਕਈ ਸਾਲ ਗੁਜ਼ਰ ਗਏ ਦਵਿੰਦਰ ਨਾ ਵਾਪਸ ਆਈ, ਮੈਂ ਤੇ ਅੰਕਲ ਦਵਿੰਦਰ ਨੂੰ ਭੁੱਲ ਚੁੱਕੇ ਸੀ। ਉਧਰ ਸਾਧ ਨੂੰ ਵੀ ਮਰ ਚੁੱਕੇ ਨੂੰ ਸਾਲ ਹੋ ਚੁੱਕਾ ਸੀ। ਅੱਜ ਮੈਂ ਬੈਠਾ ਟੈਲੀ ਵੇਖ ਰਿਹਾ ਸੀ। ਸਾਧ ਦੀ ਪਹਿਲੀ ਬਰਸੀ ਮਨਾਈ ਜਾ ਰਹੀ ਸੀ। ਸਟੇਜ ਸੈਕਟਰੀ ਸਾਧ ਵਾਰੇ ਵੱਡੇ ਵੱਡੇ ਗੱਪ ਛੱਡ ਰਿਹਾ ਸੀ।

...ਸਾਧ ਦੀ ਮਹਿਮਾ...ਸੱਚਖੰਡ ਵਾਸੀ... ਕੌਮ ਨੂੰ ਤਾਰਨ ਵਾਲਾ...ਦੁਖੀਆ ਦਾ ਸਹਾਰਾ...ਗਰੀਬਾਂ ਦਾ ਸਹਾਰਾ...ਦੁਨੀਆਂ ਨੂੰ ਤਾਰਨ ਵਾਲਾ...ਹੋਰ ਪਤਾ ਨੀ ਕੀ ਕੁਝ ਕਹੀ ਗਿਆ, ਕਹਿੰਦਾ ਕਹਿੰਦਾ ਆਪ ਵੀ ਰੌਣ ਲੱਗ ਪਿਆ। ਜਦੋਂ ਨੂੰ ਜਗਦੀਪ ਵੀ ਆ ਗਈ ਮੈ ਗੱਲਾਂ ਗੱਲਾਂ ਵਿੱਚ ਦਵਿੰਦਰ ਵਾਰੇ ਪੁੱਛਿਆ। "ਭੈਣ ਜੀ ਕਈ ਸਾਲ ਹੋ ਗਏ ਕੋਈ ਦਵਿੰਦਰ ਵਾਰੇ ਉੱਘ ਸੁੱਘ ਹੋਵੇ ?" ...ਵੀਰ ਤੈਨੂੰ 'ਤੇ ਅੰਕਲ ਨੂੰ ਮਿਲਣ 'ਤੋਂ ਬਾਅਦ ਪੰਜ ਕੁ ਦਿਨਾਂ ਬਾਅਦ ਮਿਲੀ ਸੀ। ਉਸ 'ਤੋਂ ਬਾਅਦ ਤਾਂ ਪਤਾ ਨਹੀਂ ਲੱਗਾ ਕਿੱਥੇ ਚਲੀ ਗਈ ਆ ਪਤਾ ਨੀ ਕਿੱਥੇ ਵਿਚਾਰੀ ਆਪਣੀ "ਲੁੱਕ ਛਿੱਪ" ਕੇ ਵਕਤ ਲੰਘਾਉਂਦੀ ਆ...।

**TAIL PIECE**
Dalip Singh Wasan,
Advocate
Email : dalipsinghwassan@yahoo.co.in

# ONLY FAMILIES WITH PROPER INCOME CAN ESTABLISH DEVELOPING SOCIETY

It is on record that till date there had been no government here who could establish a developing society and therefore, speed of development had been very slow. We were hoping that after independence and establishing this democracy, we shall establish a developing society and main problem of poverty was present with us.

When we talked about welfare of people, we had in view that we shall try to raise monthly income of each family so that the head of family could ensure proper health, proper education, proper training, proper job and proper income to each member of family. We had in mind to raise income of each family, but since our efforts had been just giving first-aid to the people and the principle poverty breeds poverty continued functioning and today, after more than seven decades our efforts turned two-third population as poor. With presence of such a large number of poor we are far away reaching our target by 2047 and if we fail to take immediatge steps, percentage of poor shall reach the stage, we cannot disclose here.

And now even politicians failed to show us their targets, people are losing interest in elections and voters dpewrcentage too has come down. The development of the



country is in hands of contesting groups and they must come out clearly with specific projects and should not only talk of development and unity of the country. People are united because of science and technology, we are developing and if each able man is at work and earn, he can look after his family well and for that we must ensure that proper income must come in each family. Employment and proper wages are the two only schemes which must be attained.

Number of political parties have been reduced by the4 voters and now the contesting groups must be of experts who could ensure proper development of the country. Contesting groups of politicians shall remain here and therefore, we just wish that they must work with help of experts because so many developed countries have already could provide proper income in each family and when they could do it, we too could provide proper income and we must come out what proper income must come monthly in each family as per cost of living today.

### OUR BUREAUCRACY IS FIT TO CARRY OUT ORDERS

The prewent Bureaucracy and supporting staff had been established by the British here in India and it is on record that they had been running even government and all administration for one complete century and when we got independence, we kept the same system inthis independent and democracy.

The legislative wing here came up with politicians and remained divided into political parties and it is on record elections had been held periodically and government formed with absolute majority hadbeen functioning update for coming up orders, Bills, projects, Schemes and policies.

The candidates for each area were nominated by these contesting groups and till date these members had been working under the designated heads and could not get free performance as per their own conscience, will, wisdomand discretion and because of this system members could not represent the people but remained just supporters in ruling and opposition wings.

Bureaucracy is still working on and now is more efficient because of qualifications, training and expertises, but till date we could not prescribe any qualifications, trainings, experience and expertises for them even they are not allowed to work as per their own conscience, will, wisdom and discretions and till date they are just supporters of those who nominated their names. The people are now not liking this system in the legislative wing and when we have a look on number of voters, it had been coming down.

The legislative wing must conduct an introduction and must improve upon and ensure each members is allowed to work for the area from where he is elected and his performancde must be as per his own conscience, will, wisdom and discretion.

The division of the House into rulers and opposition too must be written off and House must work jointly and House of the people and not of tontesting wings. After oath all are just Public Servants and must work as per their own conscience, will, wisdom and discretion.

**IQBAL SINGH LALPURA**
Contact: 9780003333

# The True Spirit of Charity A Sikh Perspective



Guru Nanak Dev ji's teachings emphasize the importance of earning honestly and sharing one's wealth with others through charity. The Guru's words, "Ghal khaie kichh hathon deh, Nanak rah pachane se," translate to "One who earns through hard work and gives some in charity, recognizes the true path." This philosophy highlights the value of honest labor and selfless giving.

In today's world, we often see individuals donating large sums of money to charity, but the source of their wealth may be questionable. Some may have earned their wealth through illegal means, yet they donate to charity to gain social recognition and prestige. This type of charity is not motivated by a genuine desire to serve society, but rather by a desire for personal gain.

On the other hand, many poor individuals donate small amounts of money from their hard-earned income, often with a sense of duty and compassion. Their charity is not driven by a desire for recognition or reward, but rather by a genuine desire to help others. To be a true Sikh, one must follow the principles of earning honestly and giving selflessly. This means engaging in occupations such as agriculture, industry, business, or service, and then donating to causes that benefit humanity. By doing so, one can cultivate a sense of compassion, empathy, and service to others.

The key difference between true charity and motivated charity lies in the intention behind the act. True charity is driven by a sense of duty, compassion, and selflessness, whereas motivated charity is driven by a desire for personal gain or recognition.

As we reflect on Guru Nanak Dev ji's teachings, let us strive to embody the true spirit of charity. Let us earn our wealth honestly and give selflessly, without expectation of reward or recognition. By doing so, we can create a more compassionate and just society, where charity is not just a means to an end, but a way of life.

Guru Nanak Dev ji's preference for honest Bhai Lalo over Malik Bhago is a powerful example of the importance of honesty and integrity. Despite being offered rich food by Malik Bhago, Guru Nanak Dev ji chose to share simple food with Bhai Lalo, saying that Malik Bhago's food was "blood-soaked."

This story highlights the Guru's emphasis on honesty and integrity in all aspects of life.

True charity is not just about donating money, but about cultivating a sense of compassion, empathy, and service to others. By following Guru Nanak Dev ji's teachings, we can create a more just and equitable society, where charity is a means to uplift others, rather than a means to gain personal recognition.

# ਗ਼ਦਰ ਲਹਿਰ ਦੇ ਪ੍ਰਮੁੱਖ ਆਗੂ-ਬਾਬਾ ਜਵਾਲਾ ਸਿੰਘ ਨੂੰ ਯਾਦ ਕਰਦਿਆਂ

**9 ਮਈ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਦੇਸ਼ ਦੀ ਅਜ਼ਾਦੀ ਲਈ ਚੱਲੀਆਂ ਲਹਿਰਾਂ ਵਿੱਚੋਂ ਪ੍ਰਮੁੱਖ ਲਹਿਰ ਗ਼ਦਰ ਲਹਿਰ ਹੈ। ਇਸ ਲਹਿਰ ਨੇ ਅਨੇਕਾਂ ਕ੍ਰਾਂਤੀਕਾਰੀ ਸੂਰਬੀਰਾਂ ਨੂੰ ਜਨਮ ਦਿੱਤਾ। ਜਿਨ੍ਹਾਂ ਜਾਨ ਜੋਖਮ ਵਿੱਚ ਪਾ ਕੇ ਕੁਰਬਾਨੀਆਂ ਦੀ ਝੜੀ ਲਾ ਦਿੱਤੀ। ਇਸ ਲਹਿਰ ਦੇ ਦਿਮਾਗ ਸਮਝੇ ਜਾਣ ਵਾਲੇ ਪ੍ਰਮੁੱਖ ਆਗੂਆਂ ਵਿੱਚੋਂ ਇਕ ਸਨ ਬਾਬਾ ਜਵਾਲਾ ਸਿੰਘ ਠੱਠੀਆਂ। ਇਸ ਬਹਾਦਰ ਗ਼ਦਰੀ ਬਾਬੇ ਨੂੰ ਇਸ ਲਹਿਰ ਦਾ ਦਿਮਾਗ ਕਿਹਾ ਜਾਂਦਾ ਸੀ। ਬਾਬਾ ਜਵਾਲਾ ਸਿੰਘ ਦਾ ਜਨਮ 1866 ਈ: ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਠੱਠੀਆਂ ਵਿਖੇ ਸ: ਕਨ੍ਹਈਆ ਸਿੰਘ ਦੇ ਗ੍ਰਹਿ ਵਿਖੇ ਹੋਇਆ। ਤੰਗੀਆਂ ਤੁਰਸ਼ੀਆਂ ਵਾਲੇ ਜੀਵਨ ਤੋਂ ਛੁਟਕਾਰਾ ਪਾਉਣ ਲਈ ਵੱਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ 40 ਕੁ ਸਾਲ ਦੀ ਉਮਰ ਵਿੱਚ ਘਰ ਛੱਡ ਕੇ ਵਿਦੇਸ਼ ਵੱਲ ਨੂੰ ਚੱਲ ਪਿਆ। ਚੀਨ, ਪਨਾਮਾ ਅਤੇ ਮੈਕਸੀਕੋ ਹੁੰਦਾ ਹੋਇਆ 1908 ਈ: ਵਿੱਚ ਕੈਲੇਫੋਰਨੀਆਂ (ਅਮਰੀਕਾ) ਪਹੁੰਚ ਗਿਆ। ਇਥੇ ਪਹੁੰਚ ਕੇ ਇਨ੍ਹਾਂ ਦਾ ਮਿਲਾਪ ਬਾਬਾ ਵਿਸਾਖਾ ਸਿੰਘ ਨਾਲ ਹੋਇਆ। ਇਨ੍ਹਾਂ ਦੋਵੇਂ ਸਿਰੜੀ ਜੀਊੜਿਆਂ ਨੇ ਰੱਲ ਕੇ ਆਪ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਕਰਨ ਦੀ ਸੋਚ ਨੂੰ ਪੂਰਿਆਂ ਕਰਨ ਦੀ ਖਾਤਰ ਇਥੇ ਪੰਜ ਸੌ ਏਕੜ ਦਾ ਫਾਰਮ ਠੇਕੇ ਉੱਤੇ ਲੈ ਕੇ ਆਲੂ ਦੀ ਖੇਤੀ ਸ਼ੁਰੂ ਕੀਤੀ। ਧਾਰਮਿਕ, ਸੱਭਿਆਚਾਰ, ਸਮਾਜਿਕ ਭੁੱਖ ਨੂੰ ਦੂਰ ਕਰਨ ਲਈ ਇਹ ਫਾਰਮ ਹੌਲੀ-ਹੌਲੀ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੇ ਮੇਲ-ਜੋਲ ਦਾ ਕੇਂਦਰ ਬਣ ਗਿਆ।

ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਆਪਣੇ ਸਾਥੀ ਆਗੂਆਂ ਦੇ ਸਹਿਯੋਗ ਨਾਲ ਸਿੱਖਾਂ ਦੀਆਂ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਲਈ ਕੈਲੇਫੋਰਨੀਆ ਦੇ ਸ਼ਹਿਰ ਸਟਾਕਟਨ ਵਿਖੇ ਗੁਰਦੁਆਰਾ ਸਾਹਿਬ ਦੇ ਰੂਪ ਵਿੱਚ ਕੇਂਦਰ ਸਥਾਪਿਤ ਕੀਤਾ। ਜੋ ਸਮਾਂ ਆਉਣ 'ਤੇ ਗ਼ਦਰ ਲਹਿਰ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਦਾ ਕੇਂਦਰ ਬਣ ਗਿਆ। ਉਨ੍ਹਾਂ ਨੇ ਬਾਬਾ ਵਿਸਾਖਾ ਸਿੰਘ ਨਾਲ ਮਿਲ ਕੇ ਪ੍ਰਵਾਸੀ ਭਾਰਤੀਆਂ ਨੂੰ ਉਚੇਰੀ ਤਾਲੀਮ ਦੇਣ ਲਈ ਗੁਰੂ ਨਾਨਕ ਐਜੂਕੇਸ਼ਨਲ ਸੁਸਾਇਟੀ ਦੀ ਸਥਾਪਨਾ ਕਰਕੇ ਅਮਰੀਕਾ ਦੀਆਂ ਵੱਡੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਨ ਲਈ ਚਾਰ ਵਿੱਦਿਆਰਥੀਆਂ ਨੂੰ ਸੱਦਾ-ਪੱਤਰ ਭੇਜੇ। ਇਨ੍ਹਾਂ ਸਾਰੇ ਆਗੂਆਂ ਦੀ ਇਕੋ ਸੋਚ ਸੀ, ਸਿੱਖਿਆਂ ਤੋਂ ਬਿਨਾਂ ਗੁਲਾ-ਮੀ ਤੇ ਗਰੀਬੀ ਤੋਂ ਕਦੇ ਵੀ ਛੁਟਕਾਰਾ ਨਹੀਂ ਮਿਲ ਸਕਦਾ। 1913 ਈ: ਵਿੱਚ ਬਾਬਾ ਜਵਾਲਾ ਸਿੰਘ ਨੂੰ ਇੰਡੀਅਨ ਐਸੋਸੀਏਸ਼ਨ ਦੀ ਕੈਲੇਫੋਰਨੀਆ ਸ਼ਾਖਾ ਦਾ ਮੀਤ ਪ੍ਰਧਾਨ ਬਣਾਇਆ ਗਿਆ।

ਇਸ ਤੋਂ ਛੇਤੀ ਪਿੱਛੋਂ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ। ਹੁਣ ਬਾਬਾ ਜਵਾਲਾ ਸਿੰਘ ਨੇ ਆਪਣੇ ਸਾਥੀਆਂ ਬਾਬਾ ਵਸਾਖਾ ਸਿੰਘ, ਬਾਬਾ ਸੋਹਣ ਸਿੰਘ ਭਕਣਾ, ਲਾਲਾ ਹਰਦਿਆਲ ਸਿੰਘ ਨਾਲ ਜੁੜ ਕੇ ਪੈਸੇਫ਼ਿਕ ਸਮੁੰਦਰ ਤੱਟ ਦੇ ਨਾਲ ਵੱਸਦੇ ਪ੍ਰਵਾਸੀ ਭਰਾਵਾਂ ਨਾਲ ਅੰਗ੍ਰੇਜ਼ ਹਕੂਮਤ ਤੋਂ ਆਪਣਾ ਦੇਸ਼ ਅਜ਼ਾਦ ਕਰਵਾਉਣ ਲਈ ਹੱਲਾਸ਼ੇਰੀ ਦੇਣ ਲਈ ਅਤੇ ਜਾਗਰੂਕ ਕਰਨ ਲਈ ਪ੍ਰਚਾਰ ਦੌਰਾ ਸ਼ੁਰੂ ਕੀਤਾ। ਸ਼ਸਤਰ ਬੱਧ ਕ੍ਰਾਂਤੀ ਲਈ ਗ਼ਦਰ ਲਹਿਰ ਦੀ ਸਥਾਪਨਾ ਕੀਤੀ। ਉਨ੍ਹਾਂ ਦੀ ਸੋਚ ਸੀ ਨੌਜਵਾਨਾਂ ਨੂੰ ਹਥਿਆਰਬੰਦ ਕਰਕੇ ਗੋਰੀ ਹਕੂਮਤ ਨਾਲ ਦੋ-ਹੱਥ ਕਰਨੇ ਪੈਣਗੇ। ਇਸ ਕਾਰਨ ਲਈ ਗ਼ਦਰ ਲਹਿਰ ਨਾਂਅ ਦਾ ਮੈਗਜ਼ੀਨ ਅੰਗ੍ਰੇਜ਼ੀ, ਪੰਜਾਬੀ ਤੋਂ ਇਲਾਵਾ ਹੋਰ ਦੇਸੀ ਭਾਸ਼ਾਵਾਂ ਵਿੱਚ ਵੀ ਛਾਪਣਾ ਸ਼ੁਰੂ ਕੀਤਾ। ਬਾਬਾ ਜਵਾਲਾ ਸਿੰਘ ਬਾਕੀ ਗ਼ਦਰੀ ਬਾਬਿਆਂ ਨਾਲ 29 ਅਗਸਤ, 1914 ਈ: ਨੂੰ ਸੈਨਫਰਾਂਸਿਸਕੋ ਤੋਂ ਜਪਾਨ, ਹਾਂਗਕਾਂਗ, ਸਿੰਗਾਪੁਰ ਹੁੰਦੇ ਹੋਏ ਭਾਰਤ ਪੁੱਜੇ। ਜਦੋਂ ਬਾਬਾ ਜਵਾਲਾ ਸਿੰਘ 29 ਅਕਤੂਬਰ, 1914 ਈ: ਨੂੰ ਕਲਕੱਤੇ ਪੁੱਜੇ ਤਾਂ ਉਤਰਦਿਆਂ ਹੀ ਅੰਗ੍ਰੇਜ਼ ਹਕੂਮਤ ਨੇ ਬਾਕੀ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਉੱਪਰ ਵੀ ਪਹਿਲੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ।

ਇਸ ਮਹਾਨ ਯੋਧੇ ਨੂੰ 13 ਸਤੰਬਰ, 1915 ਈ: ਨੂੰ ਜੀਵਨ ਭਰ ਲਈ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਨਾਲ ਹੀ ਸਾਰੀ ਜਾਇਦਾਦ ਵੀ ਜ਼ਬਤ ਕਰ ਲਈ ਗਈ। 18 ਸਾਲ ਤੱਕ ਜੇਲ੍ਹ ਦੇ ਸਖ਼ਤ ਤਸੀਹੇ ਝੱਲਦਿਆਂ ਬਤੀਤ ਕੀਤੇ। ਉਮਰ ਦਾ ਬੇਸ਼ਕੀਮਤੀ ਅਰਸਾ ਗ਼ਦਰ-ਲਹਿਰ ਨੂੰ ਭੇਟ ਕੀਤਾ। ਇਕੋ ਇਕ ਖਾਹਿਸ਼ ਲੈ ਕੇ ਚੱਲੇ ਸਨ, ਦੇਸ਼ ਨੂੰ ਸਦੀਆਂ ਤੋਂ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣਾ। ਹੁਣ ਜਦੋਂ 1933 ਵਿੱਚ ਰਿਹਾਅ ਹੋਏ, ਸਦੀਆਂ ਤੋਂ ਨਪੀੜੇ ਜਾ ਰਹੇ ਕਿਸਾਨ ਹਿਤਾਂ ਲਈ ਸੰਘਰਸ਼ ਵਿੱਚ ਜੁੱਟ ਗਏ। ਪੰਜਾਬੀ ਪੱਤ੍ਰਿਕਾ ਕਿਰਤੀ ਲਈ ਕਾਰਜਸ਼ੀਲ ਵੀ ਰਹੇ। ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਵੀ ਬਣਾਏ ਗਏ।

1935 ਈ: ਵਿੱਚ ਮੁੜ ਕਿਸਾਨ ਅੰਦੋਲਨ ਵਿੱਚ ਗ੍ਰਿਫ਼ਤਾਰ ਕਰਕੇ ਇਕ ਸਾਲ ਲਈ ਮੁੜ ਜੇਲ੍ਹ ਭੇਜ ਦਿੱਤਾ ਗਿਆ। ਜ਼ਿੰਦਗੀ ਦਾ ਵੱਡਾ ਹਿੱਸਾ ਤਸੀਹੇ ਝੱਲ ਕੇ, ਉਹ ਚਾਹੁੰਦੇ ਸਨ ਆਪਣੇ ਜੀਵਨ ਦਾ ਪਲ-ਪਲ ਲੋਕ ਹਿੱਤਾਂ ਲਈ ਬਤੀਤ ਕੀਤਾ ਜਾਵੇ। 9 ਮਈ, 1938 ਈ: ਨੂੰ ਇਹ ਮਹਾਨ ਕ੍ਰਾਂਤੀਕਾਰੀ ਯੋਧਾ ਸਰਬਹਿੰਦ ਕਿਸਾਨ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਬੰਗਾਲ ਜਾ ਰਿਹਾ ਸੀ, ਰਸਤੇ ਵਿੱਚ ਜਾਂਦਿਆਂ ਇਕ ਗੰਭੀਰ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿੱਚ ਇਹ ਮਹਾਨ ਕ੍ਰਾਂਤੀਕਾਰੀ ਗ਼ਦਰੀ ਬਾਬਾ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਿਆ। ਇਸ ਮਹਾਨ ਯੋਧੇ ਦੇ ਕ੍ਰਾਂਤੀਕਾਰੀ ਤੇ ਸੰਘਰਸ਼ਸ਼ੀਲ ਜੀਵਨ ਨੂੰ ਸਾਡਾ ਪ੍ਰਣਾਮ।

# ਕਵੀਰਾਜ ਡਾ.ਰਵਿੰਦਰ ਨਾਥ ਟੈਗੋਰ ਦੇ ਜਨਮ ਦਿਨ 'ਤੇ ਵਿਸ਼ੇਸ — (7 ਮਈ 1861-7 ਅਗਸਤ 1941 )

ਅਸਿਸਟੈਂਟ ਪ੍ਰੋ.ਗਗਨਦੀਪ ਕੌਰ ਧਾਲੀਵਾਲ
ਆਰੀਆ ਭੱਟ ਕਾਲਜ ਬਰਨਾਲਾ

ਡਾ.ਰਵਿੰਦਰ ਨਾਥ ਟੈਗੋਰ ਇੱਕ ਪ੍ਰਭਾਵਸ਼ਾਲੀ ਵਿਅਕਤੀ ਸਨ। ਰਵਿੰਦਰ ਨਾਥ ਟੈਗੋਰ ਇੱਕ ਮਹਾਨ ਦੇਸ਼ ਭਗਤ ਸਨ।ਉਨ੍ਹਾਂ ਨੂੰ ਮਾਤ -ਭੂਮੀ ਨਾਲ ਬਹੁਤ ਪਿਆਰ ਸੀ। ਉਨ੍ਹਾਂ "ਜਨ ਗਣ ਮਨ " ਕੌਮੀ ਗੀਤ ਰਵਿੰਦਰ ਨਾਥ ਟੈਗੋਰ ਦੀ ਅਦੁੱਤੀ ਰਚਨਾ ਕੀਤੀ ।ਡਾ.ਰਵਿੰਦਰ ਨਾਥ ਟੈਗੋਰ ਨੂੰ ਭਾਰਤ ਦਾ ਕਵੀਰਾਜ ਕਿਹਾ ਜਾਂਦਾ ਹੈ।ਉਹ ਉੱਘੇ ਨਾਵਲਕਾਰ ਵੀ ਸਨ।ਡਾ.ਰਵਿੰਦਰ ਨਾਥ ਟੈਗੋਰ ਨੂੰ ਭਾਰਤ ਦੇ ਸੱਚੇ ਦੇਸ਼ ਭਗਤ ਹੋਣ ਦਾ ਮਾਣ ਪ੍ਰਾਪਤ ਹੈ । ਡਾ.ਰਵਿੰਦਰ ਨਾਥ ਟੈਗੋਰ ਮਹਾਂ ਰਿਸ਼ੀ ਦਵਿੰਦਰ ਨਾਥ ਠਾਕੁਰ ਦੇ ਪੁੱਤਰ ਸਨ।ਉਨ੍ਹਾਂ ਦੇ ਮਾਤਾ ਜੀ ਦਾ ਨਾਂ ਸ਼ਾਰਦਾ ਦੇਵੀ ਸੀ।ਉਨ੍ਹਾਂ ਦਾ ਜਨਮ 7 ਮਈ 1861 ਈ. ਨੂੰ ਜੋਗ ਸਾਂਕੋ' (ਸ਼ਹਿਰ) ਠਾਕਰ ਬਾੜੀ, ਕੋਲਕਾਤਾ ਵਿਖੇ ਹੋਇਆ ।ਉਨ੍ਹਾਂ ਨੇ 12 ਸਾਲ ਦੀ ਉਮਰ ਵਿੱਚ 'ਪ੍ਰਿਥਵੀਰਾਜ ਪਰਾਜਯ 'ਨਾਮੀ ਨਾਟਕ ਲਿਖਿਆ ਸੀ।ਅੰਮ੍ਰਿਤ ਬਜ਼ਾਰ ਪੱਤ੍ਰਕਾ ਨੇ ਉਹਨਾਂ ਦੀ ਕਵਿਤਾ ਨੂੰ 1875ਈ.ਵਿੱਚ ਛਾਪਿਆ। ਰਵਿੰਦਰ ਨਾਥ ਟੈਗੋਰ ਦਾ ਵਿਆਹ 'ਮ੍ਰਿਨਾਲਿਨੀ ਦੇਵੀ' ਨਾਲ ਹੋਇਆ। ਰਾਵਿੰਦਰ ਨਾਥ ਟੈਗੋਰ 1898 ਈ: ਵਿੱਚ 'ਭਾਰਤੀ' ਮੈਗਜ਼ੀਨ ਦੇ ਸੰਪਾਦਕ ਬਣੇ। 1901 ਈ: ਵਿੱਚ 'ਬੰਗਦਰਸ਼ਨ' ਪੱਤ੍ਰਿਕਾ ਦੀ ਸੰਪਾਦਨਾਂ ਕਵੀ ਟੈਗੋਰ ਨੇ ਕੀਤੀ।1912 ਈ: ਵਿੱਚ ਉਨ੍ਹਾਂ ਦੀ ਮਹਾਨ ਰਚਨਾ 'ਗੀਤਾਂਜਲੀ' ਛਪੀ ਜਿਸ ਨੂੰ 1913 ਈ: ਵਿੱਚ 'ਨੋਬਲ ਇਨਾਮ' ਪ੍ਰਾਪਤ ਹੋਇਆ।

ਡਾ.ਰਵਿੰਦਰ ਨਾਥ ਟੈਗੋਰ ਨੇ ਸ਼ਾਮ ਦੇ ਗੀਤ', 'ਪ੍ਰਭਾਤ ਦੇ ਗੀਤ', 'ਤਸਵੀਰਾਂ ਦਾ ਰਾਗ', 'ਨਵਾਂ ਚੰਨ, 'ਪ੍ਰਾਰਥਨਾ', 'ਭੁੱਖੇ ਪੱਥਰ', 'ਤਾਰਾ', 'ਕਾਬਲੀ ਵਾਲਾ" ਜਿਹੀਆਂ ਪ੍ਰਸਿੱਧ ਰਚਨਾਵਾਂ ਲਿਖ ਕੇ ਸਾਹਿਤ ਜਗਤ ਵਿੱਚ ਹਿੱਸਾ ਪਾਇਆ । ਡਾ.ਰਵਿੰਦਰ ਨਾਥ ਟੈਗੋਰ ਨੇ 35 ਕਾਵਿ-ਸੰਗ੍ਰਹਿ, 50 ਲੇਖ ਸੰਗ੍ਰਹਿ, 40 ਨਾਟਕ, 11 ਕਹਾਣੀ ਸੰਗ੍ਰਹਿ ਲਿਖੇ।ਕਲਕੱਤਾ ਯੂਨੀਵਰਸਿਟੀ ਵੱਲੋਂ ਡੀ. ਲਿਟ ਦੀ ਉਪਾਧੀ ਦਿੱਤੀ ਗਈ।ਡਾ.ਰਵਿੰਦਰ ਨਾਥ ਟੈਗੋਰ ਨੇ 'ਬੰਗਾਲ ਦੀ ਵੰਡ 'ਦਾ ਕੱਟੜ ਵਿਰੋਧ ਕੀਤਾ। ਵਿਦਿਆਰਥੀਆਂ ਨੂੰ ਮੁਫ਼ਤ ਵਿਦਿਆ ਦੇਣ ਲਈ ਸੰਸਥਾ ਸਥਾਪਿਤ ਕੀਤੀ ਜਿਸਨੂੰ ਸ਼ਾਂਤੀ ਨਿਕੇਤਨ ਕਿਹਾ ਗਿਆ।

13 ਅਪ੍ਰੈਲ 1919 ਨੂੰ ਜਿਲ੍ਹਿਆਂ ਵਾਲੇ ਬਾਗ ਦਾ ਹੱਤਿਆ ਕਾਂਡ ਹੋਇਆ ਸੀ।ਜਦ ਪੰਜਾਬ ਵਿੱਚ ਹੋਏ ਅੱਤਿਚਾਰਾਂ ਦੀ ਖ਼ਬਰ ਦੂਸਰੇ ਹਿੱਸਿਆਂ ਵਿੱਚ ਪੁੱਜੀ ਤਾਂ ਸਾਰੇ ਭਾਰਤਵਰਸ਼ ਵਿੱਚ ਅਸਾਧਾਰਨ ਜੋਸ਼ ਫੈਲ ਗਿਆ।ਜਿਸ ਵਿੱਚ ਅਨੇਕਾਂ ਹੀ ਮਾਸੂਮ ਲੋਕ ਮਾਰੇ ਗਏ ਸਨ। ਡਾ.ਰਵਿੰਦਰ ਨਾਥ ਟੈਗੋਰ ਨੇ ਸਰਕਾਰ ਦੀ ਨੀਤੀ ਸੰਬੰਧੀ ਰੋਸ ਪ੍ਰਗਟ ਕਰਦਿਆਂ ਹੋਇਆ "ਜਿਲ੍ਹਿਆਂ ਵਾਲਾ ਬਾਗ ਹੱਤਿਆ ਕਾਂਡ 'ਦੇ ਸਮੇਂ ਆਪਣੀ ਨਾਈਟਹੁੱਡ 'ਸਰ ' ਦੀ ਉਪਾਧੀ (30 ਮਈ 1919 ਈ.)ਦਾ ਤਿਆਗ ਕਰ ਦਿੱਤਾ । ਇਸੇ ਕਰਕੇ ਮਹਾਤਮਾ ਗਾਂਧੀ ਜੀਡਾ.ਰਵਿੰਦਰ ਨਾਥ ਟੈਗੋਰ ਨੂੰ ਆਪਣਾ 'ਗੁਰੂਦੇਵ' ਕਹਿੰਦੇ ਸਨ। ਉਨ੍ਹਾਂ ਨੇ ਵਾਇਸ-ਰਾਏ ਦੇ ਨਾਮ ਇੱਕ ਚਿੱਠੀ ਲਿਖੀ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਉੱਤੇ ਸਰਕਾਰ ਦੇ ਅੱਤਿਆਚਾਰਾਂ ਦੀ ਸਖ਼ਤ ਨਿੰਦਾ ਕੀਤੀ ਸੀ । ਅੰਤ 7 ਅਗਸਤ 1941 ਈ. ਵਿਚ 80 ਸਾਲ ਦੀ ਉਮਰ ਵਿੱਚ ਡਾ.ਰਵਿੰਦਰ ਨਾਥ ਟੈਗੋਰ ਦਾ ਦੇਹਾਂਤ ਹੋ ਗਿਆ।



## ਪੰਜਾਬੀ ਗੀਤਕਾਰ ਸੇਵਕ ਬਰਾੜ ਖੋਖਰ ਦੀ ਸੜਕ ਹਾਦਸੇ ਚ ਮੌਤ

**ਫਰੀਦਕੋਟ ਜ਼ਿਲ੍ਹੇ ਵਿਚ ਪੰਜਾਬੀ ਗੀਤਕਾਰ ਗੁਰਸੇਵਕ ਸਿੰਘ ਬਰਾੜ ਦੀ ਮੌਤ ਹੋ ਗਈ। ਕੋਟਕਪੂਰਾ-ਮੁਕਤਸਰ ਰੋਡ ਤੇ ਪਿੰਡ ਖਾਰਾਕੋਲ ਟਰੱਕ ਨਾਲ ਟੱਕਰ ਕਰਕੇ ਮੋਟਰਸਾਈਕਲ ਸਵਾਰ ਸੇਵਕ ਬਰਾੜ ਦੀ ਜਾਨ ਚਲੀ ਗਈ। ਪਰਿਵਾਰ ਵਾਲਿਆਂ ਦੇ ਬਿਆਨ ਦੇ ਆਧਾਰ ਤੇ ਪੁਲਿਸ ਮਾਮਲਾ ਦਰਜ ਕਰਕੇ ਜਾਂਚ ਵਿਚ ਲੱਗ ਗਈ ਹੈ।ਜਾਣਕਾਰੀ ਮੁਤਾਬਕ ਹਾਦਸਾ ਐਤਵਾਰ ਰਾਤ ਲਗਭਗ 8.45 ਵਜੇ ਹੋਇਆ। ਗੁਰਸੇਵਕ ਆਪਣੀ ਬਾਈਕ ਤੇ ਸਵਾਰ ਹੋ ਕੇ ਕੋਟਕਪੂਰਾ ਤੋਂ ਆਪਣੇ ਪਿੰਡ ਖੋਖਰ (ਮੁਕਤਸਰ) ਪਰਤ ਰਹੇ ਸਨ। ਜਦੋਂ ਉਹ ਪਿੰਡ ਖਾਰਾ ਨੇੜੇ ਬਰਾੜ ਢਾਬੇ ਕੋਲ ਪਹੁੰਚਿਆ ਤਾਂ ਉਸ ਦੀ ਟੱਕਰ ਇਕ ਟਰੱਕ ਨਾਲ ਹੋ ਗਈ। ਹਾਦਸੇ ਵਿਚ ਗੰਭੀਰ ਸੱਟਾਂ ਆਉਣ ਕਾਰਨ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ।**

ਲੜੀਵਾਰ ਨਾਵਲ



ਕਮਲ ਗਿੱਲ
Mob : +44 07454 394684

ਕਿਸ਼ਤ-23

# ਗੰਧਲੇ ਰਿਸ਼ਤੇ

**ਯੌਰਕ ਵਿਚ ਅਸੀਂ ਸਾਰਾ ਦਿਨ ਘੁੰਮਦੇ ਰਹੇ ਉਹ ਆਪਣੇ ਪਰਿਵਾਰ ਦੀਆਂ ਗੱਲਾਂ ਦੱਸਦਾ ਰਿਹਾ, ਨਿਆਣਿਆਂ ਦੀਆਂ ਗੱਲਾਂ, ਮਾਂ ਪਿਓ ਦੀਆਂ ਤੇ ਮੈਂ ਚੁੱਪ-ਚਾਪ ਸੁਣਦੀ ਰਹੀ। ਹੁਣ ਤੱਕ ਮੈਨੂੰ ਇਹ ਪਤਾ ਲੱਗ ਗਿਆ ਸੀ ਕਿ ਉਹ ਆਪਣੇ ਨਿਆਣਿਆਂ ਤੋਂ ਬਾਹਲਾ ਖੁਸ਼ ਨਹੀਂ ਸੀ। ਉਸ ਦੀ ਨਜ਼ਰ ਵਿਚ ਉਹ ਰਹਿੰਦੇ ਉਸ ਨਾਲ ਹੀ ਸਨ ਪਰ ਤਿੰਨਾਂ ਨਿਆਣਿਆਂ ਦੀ ਵਫਾਦਾਰੀ ਮਾਂ ਨਾਲ ਹੀ ਸੀ। ਖਾਸ ਕਰ ਕੇ ਵੱਡੀਆਂ ਦੋਹਾਂ ਕੁੜੀਆਂ ਦੀ। ਓਵਰਆਲ ਉਸ ਨੂੰ ਲੱਗ ਰਿਹਾ ਸੀ ਕਿ ਉਨ੍ਹਾਂ ਲਈ ਸਿਰਫ ਮਨੀ ਮੇਕਰ ਹੀ ਸੀ। ਹਾਂ ਇਕ ਗੱਲ ਸੱਚ ਸੀ ਬੀਰਾ ਉਹ ਬੰਦਾ ਵੀ ਅੰਦਰੋਂ ਟੁੱਟਾ ਹੋਇਆ ਸੀ। ਜਨਾਨੀ ਦਾ ਧੋਖਾ, ਨਿਆਣਿਆਂ ਦੀ ਬੇਪਰਵਾਹੀ ਉਸ ਦਾ ਇਕੱਲਾਪਣ ਸ਼ਾਇਦ ਉਸ ਨੇ ਵੀ ਬਹੁਤ ਕੁਝ ਹੰਡਿਆ ਸੀ ਆਪਣੇ ਮਨ ਉਪਰ। ਵਾਰ-ਵਾਰ ਮੈਨੂੰ ਆਖ ਦਿੰਦਾ ਤੂੰ ਬਹੁਤ ਲੱਕੀ ਹੈ ਤੇਰਾ ਪੁੱਤ ਇੰਨਾ ਲਾਇਕ ਹੈ**




ਤੇ ਉਸ ਬਾਰੇ ਮੇਰੀ ਵੀ ਇਹੀ ਰਾਏ ਸੀ। ਖਾਣਾ ਖਾ ਕੇ ਵਾਪਸ ਘਰੇ ਆਏ ਤਾਂ ਮਾਂ ਅਤੇ ਤਾਜ਼ ਵੀ ਘਰ ਆ ਗਏ ਸਨ। ਰਾਤ ਦੇ ਕੋਈ ਦੱਸ ਕੁ ਵੱਜ ਗਏ ਸਨ। ਉਹ ਅੰਦਰ ਆਇਆ ਮਾਂ ਤੇ ਤਾਜ਼ ਨੂੰ ਮਿਲਿਆ। 10 ਕੁ ਮਿੰਟ ਬੈਠਿਆ ਤੇ ਵਾਪਸੀ ਲਈ ਰਵਾਨਾ ਹੋ ਗਿਆ। ਉਨ੍ਹਾਂ ਦੋਹਾਂ ਨੂੰ ਵੀ ਉਹ ਚੰਗਾ ਲੱਗਾ। ਖ਼ੈਰ ਮੈਂ ਉਸ ਨੂੰ ਮਿਲਣ ਤੋਂ ਬਾਅਦ ਸੱਤਵੇਂ ਅਸਮਾਨ 'ਤੇ ਸੀ। ਰੋਜ਼ ਉਹੀ ਸੇਮ ਰੁਟੀਨ ਸਵੇਰ 8 ਵਜੇ ਤੋਂ 8:40 ਫੂਨ ਅਤੇ ਸ਼ਾਮ 6 ਤੋਂ 6:40 ਤੱਕ ਤੇ ਮੁੜ ਰਾਤ 10 ਵਜੇ ਤੋਂ ਦੇਰ ਅੱਧੀ ਰਾਤ ਤੱਕ ਗੱਲਾਂ। ਇਦਾਂ ਲੱਗਦਾ ਕਿ ਸਮ੍ਹਾਂ ਭੱਜਿਆ ਜਾ ਰਿਹਾ ਹੈ ਪਰ ਗੱਲਾਂ ਨਹੀਂ ਮੁੱਕ ਰਹੀਆਂ। ਬਹੁਤ ਪਿਆਰੀਆਂ ਗੱਲਾਂ ਕਰਦਾ ਉਹ। ਅਸੀਂ ਰੋਜ਼ ਰਾਤ ਆਪਣੇ ਆਉਣ ਵਾਲੇ ਭਵਿੱਖ ਦੀ ਯੋਜਨਾਵਾਂ ਬਣਾਉਂਦੇ, ਕੰਮ ਕਾਰ ਦੀਆਂ, ਘਰ ਦੀਆਂ।

ਬੱਸ ਇੰਝ ਕਰਦਿਆਂ-ਕਰਦਿਆਂ ਕਿੰਨਾ ਸਮ੍ਹਾਂ ਲੰਘਦਾ ਗਿਆ।

''ਫਿਰ ਦੁਬਾਰਾ ਕੱਦ ਮਿਲੇ ਤੁਸੀਂ ਕੈਲਾਸ਼ ਜੀ?''

''ਦੁਬਾਰਾ.....! ਦੁਬਾਰਾ ਕੁਝ ਕੁ ਮਹੀਨੇ ਬਾਅਦ ਬਲੈਕਪੂਲ ਦਾ ਪ੍ਰੋਗਰਾਮ ਬਣਾਇਆ।

ਇਧਰੋਂ ਮੈਂ ਗਈ ਤੇ ਉਧਰੋ ਉਹ ਆ ਗਿਆ। ਤਕਰੀਬਨ ਅੱਧੋ-ਅੱਧੇ ਰਾਹ ਦਾ ਹੀ ਸਫਰ ਸੀ ਸਾਡਾ।

ਅਸੀਂ ਫਿਰ ਉਥੇ ਬਹੁਤ ਸਮ੍ਹਾਂ ਇਕੱਠਿਆਂ ਬਿਤਾਇਆ। ਬਲੈਕਪੂਲ ਟਾਵਰ ਦੀ ਸਰਕਸ ਵੀ ਇਕੱਠਿਆਂ ਦੇਖੀ। ਤਾਜ਼ ਨੇ ਉਹ ਸਾਡੇ ਦੋਹਾਂ ਲਈ ਬੁੱਕ ਕਰਾ ਕੇ ਦਿੱਤਾ ਸੀ। ਫਿਰ ਵਾਪਸ ਆਪੋ-ਆਪਣੇ ਘਰ ਪਰਤ ਆਏ।

''ਦੂਸਰੀ ਮੁਲਾਕਾਤ ਵਿਚ ਵੀ ਉਹ ਸੇਮ ਹੀ ਸੀ?''

''ਹਾਂ ਬਿਲਕੁਲ ਸੇਮ ਹੀ, ਬਹੁਤ ਖੁਸ਼ ਪਿਆਰ ਕਰਨ ਵਾਲਾ ਠੰਡੇ ਸੁਭਾਅ ਦਾ ਸੁਲਝਿਆ ਹੋਇਆ ਪੜ੍ਹਿਆ-ਲਿਖਿਆ ਇਨਸਾਨ।''

''ਫਿਰ ਤੀਜੀ ਮੁਲਾਕਾਤ ਦਾ ਸਿਲਸਿਲਾ ਕਿਵੇਂ ਬਣਿਆ ਤੇ ਕਿੱਥੇ ਦੀ?''

ਮੈਂ ਜਾਣਨ ਲਈ ਬੇਤਾਬ ਹੋ ਗਈ ਸੀ।

''ਕੁਝ ਸਮ੍ਹਾਂ ਲੰਘਿਆ। ਅਸੀਂ ਦੋਵੇਂ ਇਕ ਦੂਜੇ ਨੂੰ ਦੇਖਣ ਲਈ ਤਰਸ ਰਹੇ ਸੀ। ਸ਼ਾਇਦ ਹੁਣ ਤੱਕ ਮੈਨੂੰ ਵੀ ਉਸ ਨਾਲ ਪਿਆਰ ਹੋ ਗਿਆ ਸੀ। ਪਿਆਰ ਕਹਿ ਲੈ ਜਾਂ ਇੱਕ ਲਗਾਅ ਪਤਾ ਨਹੀ ਕੀ ਸੀ ਪਰ ਕੁੱਝ ਤਾਂ ਸੀ ਬੀਰਾਂ।''

'ਇਹ ਕੁਦਰਤੀ ਗੱਲ ਹੈ ਬੀਰਾ ਜਦ ਕੋਈ ਆਪਣਾ ਦੁੱਖ-ਸੁੱਖ ਤੁਹਾਡੇ ਨਾਲ ਸਾਂਝਾ ਕਰਦਾ ਹੈ ਤਾਂ ਇਕ ਲਗਾਅ ਹੋ ਜਾਂਦਾ ਹੈ ਤੇ ਰੋਜ਼-ਰੋਜ਼ ਗੱਲਬਾਤ ਕਰਦਿਆਂ-ਕਰਦਿਆਂ ਇਹ ਲਗਾਅ ਪਿਆਰ 'ਚ ਕਦ ਬਦਲ ਜਾਵੇ ਪਤਾ ਹੀ ਨਹੀਂ ਲੱਗਦਾ।

''ਤੇ ਤੁਸੀਂ ਹੁਣ ਪਰਮਵੀਰ ਨੂੰ ਪਿਆਰ ਕਰਨ ਲੱਗ ਗਏ ਸੀ?''

''ਹਾਂ ਸ਼ਾਇਦ ਉਹ ਪਿਆਰ ਹੀ ਸੀ। ਜਦ ਕਿਸੇ ਨਾਲ ਗੱਲ ਕਰਨ ਦੀ ਉਡੀਕ ਰਹੇ, ਮਿਲਣ ਦੀ ਤਾਂਘ ਰਹੇ ਉਹ ਪਿਆਰ ਹੀ ਹੁੰਦਾ ਹੈ।''

ਫਿਰ ਸਾਡੀ ਉਮਰ ਸੇਮ ਸੀ, ਹਾਲਾਤ ਵੀ ਸੇਮ ਤੇ ਜ਼ਰੂਰਤਾਂ ਵੀ ਸੇਮ। ਭਾਵ ਉਹ ਵੀ ਕੱਲਾ ਤੇ ਮੈਂ ਵੀ, ਉਸ ਨੂੰ ਵੀ ਜੀਵਨ ਸਾਥੀ ਦੀ ਲੋੜ ਸੀ ਤੇ ਹੁਣ ਸ਼ਾਇਦ ਮੈਨੂੰ ਵੀ।

ਤੀਸਰੀ ਮੁਲਾਕਾਤ ਮਹੀਨੇ ਕੁ ਬਾਅਦ ਅਸੀਂ ਯੋਰਕ ਦੀ ਰੱਖੀ ਉਹ ਬਹੁਤ ਸੋਹਣਾ ਸ਼ਹਿਰ ਹੈ।

ਕਾਫੀ ਕੁਝ ਦੇਖਣ ਵਾਲਾ ਹੈ ਉਥੇ। ਇਸ ਦਾ ਸਫਰ ਵੀ ਤਕਰੀਬਨ-ਤਕਰੀਬਨ ਇਕੋ ਜਿਹਾ ਹੀ ਸੀ ਸਾਨੂੰ। ਪਰ ਵੱਧ ਘੱਟ ਵੀ ਹੁੰਦਾ ਤਾਂ ਵੀ ਅਸੀਂ ਤੁਰ ਪੈਣਾ ਸੀ। ਨਵੀਂ-ਨਵੀਂ ਮੁਹੱਬਤ ਜੋ ਹੋਈ ਸੀ। ਇੰਨਾ ਆਖ ਕੇ ਕੈਲਾਸ਼ ਹੱਸ ਪਈ।''

''ਕੁਝ ਪੀਣਾ ਤਾਂ ਨਹੀਂ ਮੈਂ ਲੈ ਕੇ ਆਵਾਂ ਕੋਈ ਡਰਿੰਕ?''

''ਨਹੀਂ ਨਹੀਂ ਮੈਂ ਠੀਕ ਹਾਂ ਕੈਲਾਸ਼ ਜੀ।''

''ਅਗਾਂਹ ਫਿਰ ਕੀ ਹੋਇਆ ਤੁਸੀਂ ਦੱਸੋ?''

ਮੈਂ ਉਤਸੁਕ ਸੀ ਸਾਰਾ ਕੁਝ ਜਾਣਨ ਲਈ।

''ਆਪੋ-ਆਪਣੇ ਘਰੋਂ ਅਸੀਂ ਦੋਵੇਂ ਬਹੁਤ ਅਰਲੀ ਤੁਰ ਪਏ ਤੇ ਕੋਈ ਦੱਸ ਵਜੇ ਦੇ ਕਰੀਬ ਮਿੱਥੀ ਹੋਈ ਥਾਂ ਯੌਰਕ ਜਾ ਪਹੁੰਚੇ। ਉਹ ਬਹੁਤ ਹੀ ਪਿਆਰ ਅਤੇ ਚਾਅ ਨਾਲ ਮੈਨੂੰ ਮਿਲਿਆ।

ਇਕ ਕੌਫੀ ਸ਼ੌਪ 'ਤੇ ਕੌਫੀ ਪੀਂਦਿਆਂ ਉਸ ਨੇ ਮੇਰੇ ਦੋਵੇਂ ਹੱਥ ਫੜ ਲਏ ਤੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਹਿੰਦਾ, ''ਇੰਝ ਲੱਗਦਾ ਹੈ ਮੈਨੂੰ ਜ਼ਿੰਦਗੀ ਜਿਉਣ ਦੀ ਵਜ੍ਹਾ ਮਿਲ ਗਈ ਹੈ, ਤੂੰ ਬਹੁਤ ਚੰਗੀ ਹੈ। ਮੈਂ ਖੁਸ਼ਨਸੀਬ ਹਾਂ ਜੋ ਤੂੰ ਮੇਰੀ ਕਿਸਮਤ 'ਚ ਆਈ, ਆਪਾਂ ਕਦੇ ਅਲੱਗ ਨਹੀਂ ਹੋਣਾ, ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਕਦੇ ਤੇਰੀਆਂ ਅੱਖਾਂ ਵਿਚ ਹੰਝੂ ਨਹੀਂ ਆਉਣ ਦੇਵਾਂਗਾ। ਤੈਨੂੰ ਜ਼ਿੰਦਗੀ ਦੀ ਹਰ ਖੁਸ਼ੀ ਮੈਂ ਦੇਵਾਂਗਾ ਜਿਸ ਤੋਂ ਤੂੰ ਵਾਂਝੀ ਰਹੀ ਹੈ।''

''ਇੰਨਾ ਆਖ ਕੈਲਾਸ਼ ਕੁਝ ਸਮੇਂ ਲਈ ਚੁੱਪ ਹੋ ਗਈ। ਉਸ ਦੀਆਂ ਅੱਖਾਂ ਵਿਚ ਫਿਰ ਨਮੀ ਉਤਰ ਆਈ।''

ਮੈਂ ਉਸ ਨਾਲ ਅਗਾਂਹ ਕੀ ਹੋਇਆ ਇਸ ਤੋਂ ਬਿਲਕੁਲ ਅਣਜਾਣ ਸਾਂ ਪਰ ਹਾਂ ਇਹ ਗੱਲ ਪੱਕੀ ਸੀ ਕਿ ਇਹ ਔਰਤ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ ਅੰਦਰੋਂ। ਉਸ ਦੀ ਪੀੜ ਉਸ ਦਾ ਸੁੰਦਰ ਚਿਹਰਾ ਉਸ ਦੀ ਮੁਸਕੁਰ-'ਹਟ ਵੀ ਲੁਕੋ ਨਹੀਂ ਪਾ ਰਹੀ ਸੀ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਅੰਤਾਂ ਦੀ ਪੀੜ ਉਹ ਆਪਣੇ ਵਿਚ ਸਮੋਈ ਬੈਠੀ ਸੀ।''

''ਤੁਸੀਂ ਠੀਕ ਹੋ ਕੈਲਾਸ਼ ਜੀ?''

ਮੈਂ ਚੁੱਪੀ ਤੋੜਦਿਆਂ ਉਨ੍ਹਾਂ ਦਾ ਹੱਥ ਫੜਦਿਆਂ ਆਖਿਆ।

''ਹਾਂ ਮੈਂ ਠੀਕ ਹਾਂ ਬੀਰਾ, ਸੌਰੀ ਬੱਸ ਉਦਾਂ ਹੀ ਮਨ ਭਰ ਆਇਆ। ਸ਼ਾਇਦ ਬਹੁਤ ਸਾਲਾਂ ਬਾਅਦ ਅੱਜ ਇਹ ਸੀਨੇ ਦਾ ਦਰਦ ਬਾਹਰ ਤੇਰੇ ਸਾਹਮਣੇ ਆਉਣ ਨੂੰ ਕਾਹਲਾ ਪੈ ਰਿਹਾ ਹੈ।''

''ਖੈਰ, ਯੌਰਕ ਵਿਚ ਅਸੀਂ ਸਾਰਾ ਦਿਨ ਘੁੰਮਦੇ ਰਹੇ ਉਹ ਆਪਣੇ ਪਰਿਵਾਰ ਦੀਆਂ ਗੱਲਾਂ ਦੱਸਦਾ ਰਿਹਾ, ਨਿਆਣਿਆਂ ਦੀਆਂ ਗੱਲਾਂ, ਮਾਂ ਪਿਓ ਦੀਆਂ ਤੇ ਮੈਂ ਚੁੱਪ-ਚਾਪ ਸੁਣਦੀ ਰਹੀ। ਹੁਣ ਤੱਕ ਮੈਨੂੰ ਇਹ ਪਤਾ ਲੱਗ ਗਿਆ ਸੀ ਕਿ ਉਹ ਆਪਣੇ ਨਿਆਣਿਆਂ ਤੋਂ ਬਾਹਲਾ ਖੁਸ਼ ਨਹੀਂ ਸੀ। ਉਸ ਦੀ ਨਜ਼ਰ ਵਿਚ ਉਹ ਰਹਿੰਦੇ ਉਸ ਨਾਲ ਹੀ ਸਨ ਪਰ ਤਿੰਨਾਂ ਨਿਆਣਿਆਂ ਦੀ ਵਫਾਦਾਰੀ ਮਾਂ ਨਾਲ ਹੀ ਸੀ। ਖਾਸ ਕਰ ਕੇ ਵੱਡੀਆਂ ਦੋਹਾਂ ਕੁੜੀਆਂ ਦੀ। ਓਵਰਆਲ ਉਸ ਨੂੰ ਲੱਗ ਰਿਹਾ ਸੀ ਕਿ ਉਨ੍ਹਾਂ ਲਈ ਸਿਰਫ ਮਨੀ ਮੇਕਰ ਹੀ ਸੀ। ਹਾਂ ਇਕ ਗੱਲ ਸੱਚ ਸੀ ਬੀਰਾ ਉਹ ਬੰਦਾ ਵੀ ਅੰਦਰੋਂ ਟੁੱਟਾ ਹੋਇਆ ਸੀ। ਜਨਾਨੀ ਦਾ ਧੋਖਾ, ਨਿਆਣਿਆਂ ਦੀ ਬੇਪਰਵਾਹੀ ਉਸ ਦਾ ਇਕੱਲਾਪਣ ਸ਼ਾਇਦ ਉਸ ਨੇ ਵੀ ਬਹੁਤ ਕੁਝ ਹੰਡਿਆ ਸੀ ਆਪਣੇ ਮਨ ਉਪਰ। ਵਾਰ-ਵਾਰ ਮੈਨੂੰ ਆਖ ਦਿੰਦਾ ਤੂੰ ਬਹੁਤ ਲੱਕੀ ਹੈ ਤੇਰਾ ਪੁੱਤ ਇੰਨਾ ਲਾਇਕ ਹੈ ਕਿੰਨੀ ਸੋਹਣੀ ਪੰਜਾਬੀ ਬੋਲਦਾ ਹੈ । ਮੇਰੇ ਨਿਆਣੇ ਨਿਕੰਮੇ ਹਨ ।

ਉਸ ਦੀਆਂ ਗੱਲਾਂ ਸੁਣ ਮੈਨੂੰ ਉਸ ਨਾਲ ਹਮਦਰਦੀ ਵੀ ਹੁੰਦੀ। ਸ਼ਾਮ ਪੈ ਚੁੱਕੀ ਸੀ ਅਲੱਗ ਹੋਣ ਦਾ ਮਨ ਨਹੀਂ ਕਰ ਰਿਹਾ ਸੀ ਪਰ ਨਾ ਚਾਹੁੰਦਿਆਂ ਹੋਇਆਂ ਵੀ ਅਸੀਂ ਇਕ-ਦੂਜੇ ਨੂੰ ਅਲਵਿਦਾ ਕੀਤਾ ਤੇ ਆਪੋ-ਆਪਣੀਆਂ ਗੱਡੀਆਂ ਚੁੱਕ ਆਪੋ-ਆਪਣੇ ਘਰ ਵੱਲ ਤੁਰ ਪਏ। ਕਾਰ 'ਚ ਬਹਿੰਦਿਆਂ ਹੀ ਉਸ ਨੇ ਮੈਨੂੰ ਫਿਰ ਫੂਨ ਲਾ ਲਿਆ। ਚਾਰ ਘੰਟੇ ਦਾ ਸਫਰ ਫਿਰ ਅਸੀਂ ਫੂਨ 'ਤੇ ਕੱਟਿਆ। ਮਾਂ ਮੈਨੂੰ ਪੁੱਛਦੀ ਕਿਵੇਂ ਦਾ ਲੱਗਦਾ ਤੈਨੂੰ? ਤਾਂ ਮੈਂ ਮੁਸਕੁਰਾ ਦਿੰਦੀ। ਪਰ ਹਾਲੇ ਉਸ ਨੂੰ ਹੋਰ ਜਾਣਨਾ ਚਾਹੁੰਦੀ ਸੀ। ਇਕ ਕਹਾਵਤ ਹੈ ਨਾ ਬੀਰਾ ਕਿ ''ਦੁੱਧ ਦਾ ਜਲਿਆ ਲੱਸੀ ਵੀ ਫੂਕ ਫੂਕ ਕੇ ਪੀਂਦਾ'' ਸ਼ਾਇਦ ਮੈਂ ਵੀ ਉਹੀ ਕਰ ਰਹੀ ਸੀ।

ਇਕ ਦਿਨ ਉਸ ਦਾ ਫੂਨ ਆਇਆ ਤਾਂ ਉਸ ਨੇ ਦੱਸਿਆ ਕਿ ਮੇਰੇ ਮਾਂ-ਪਿਓ ਇੰਡੀਆ ਜਾ ਰਹੇ ਹਨ ਛੇ ਵੀਕਾਂ ਲਈ। ਉਹ ਆਪਣੀ ਮਾਂ ਨਾਲ ਮੇਰੀ ਗੱਲ ਕਰਾਉਣ ਲਈ ਕਾਹਲਾ ਸੀ ਹਾਲੇ ਤੱਕ ਉਸ ਦੀ ਮਾਂ ਨਾਲ ਮੇਰੀ ਗੱਲ ਨਹੀਂ ਹੋਈ ਸੀ। ਇੰਡੀਆ ਜਾਂਦਿਆਂ ਹੀ ਉਸ ਦੀ ਮਾਂ ਦਾ ਮੇਰੇ ਫੂਨ 'ਤੇ ਫੂਨ ਆਉਂਦਾ ਹੈ। ਬਹੁਤ ਹੀ ਪਿਆਰ ਨਾਲ ਦੋਹਾਂ ਜੀਆਂ ਨੇ ਮੇਰੇ ਨਾਲ ਗੱਲ ਕੀਤੀ।

ਸੱਚ ਦੱਸਾਂ ਤਾਂ ਉਸ ਦੀ ਮਾਂ ਮੇਰੇ ਨਾਲ ਗੱਲ ਕਰਦਿਆਂ-ਕਰਦਿਆਂ ਬਹੁਤ ਵਾਰ ਰੋ ਵੀ ਪਈ।

ਆਖੇ ਪੁੱਤ ਤੂੰ ਕਰਮਾਂ ਵਾਲੀ ਏ, ਮੇਰਾ ਪੁੱਤ ਬਹੁਤ ਭੋਲਾ ਆ, ਤੇਰੀਆਂ ਬੜੀਆਂ ਗੱਲਾਂ ਦੱਸਦਾ ਹੈ, ਬਹੁਤ ਖੁਸ਼ ਆ ਤੇਰੇ ਮਿਲਣ 'ਤੇ, ਤੇ ਮੈਂ ਵੀ ਬਹੁਤ ਖੁਸ਼ ਹਾਂ ਕਿ ਮੇਰੇ ਪੁੱਤ ਦੇ ਚਿਹਰੇ 'ਤੇ ਇੰਨੇ ਸਾਲਾਂ ਬਾਅਦ ਰੌਣਕ ਮੁੜ ਆਈ ਹੈ। ਮਾਤਾ ਨੇ ਬੇਤਹਾਸ਼ਾ ਪਿਆਰ ਜਤਾਇਆ ਤੇ ਪਿਤਾ ਨੇ ਵੀ ਕਾਫੀ ਸਤਿਕਾਰ ਪਿਆਰ ਜਤਾਇਆ। ਪਹਿਲੀ ਗੱਲਬਾਤ ਵਿਚ ਹੀ ਮੈਂ ਕਾਇਲ ਹੀ ਹੋ ਗਈ ਕਿ ਹਾਏ ਕਿੰਨੀ ਚੰਗੀ ਫੈਮਿਲੀ ਹੈ। ਮੈਂ ਕਿੰਨੀ ਖੁਸ਼ਕਿਸਮਤ ਹਾਂ ਕਿ ਇੰਨਾ ਚੰਗਾ ਜੀਵਨ ਸਾਥੀ ਜ਼ਿੰਦਗੀ ਵਿਚ ਆ ਰਿਹਾ ਹੈ ਤੇ ਨਾਲ ਹੀ ਨਾਲ ਉਸ ਦੇ ਮਾਂ-ਪਿਓ ਵੀ ਕਿੰਨੇ ਚੰਗੇ। ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਸੀ।''

ਉਸ ਦੇ ਗੱਲ ਕਰਦਿਆਂ-ਕਰਦਿਆਂ ਮੇਰੇ ਫੂਨ ਦੀ ਬੈੱਲ ਵੱਜਦੀ ਹੈ।

ਰਵੀ ਦਾ ਫੂਨ ਆ ਰਿਹਾ ਸੀ। ਮੈਂ ਕਾਹਲੀ ਨਾਲ ਫੂਨ ਦੁਬਾਰਾ ਸਾਈਲੈਂਟ 'ਤੇ ਕਰ ਦਿੰਦੀ ਹਾਂ।

''ਫੂਨ ਚੁੱਕ ਲੈ ਕੋਈ ਨਾ ਬੀਰਾ ਕੋਈ ਜ਼ਰੂਰੀ ਗੱਲ ਹੋਵੇਗੀ।

**ਚਲਦਾ....**

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ:
07806945964



# ਪਹਿਲਗਾਮ ਕਾਂਡ



**ਪੰਜਾਬੀਆਂ ਨੂੰ ਸੁਨੇਹਾ ਦਿੱਤਾ ਹੈ ਕਿ ਘਟਨਾ ਮੁਲਕ ਵਿਚ ਕਿਧਰੇ ਵੀ ਵਾਪਰੇ, ਉਸ ਵਾਸਤੇ ਜਿੰਮੇਵਾਰ ਹਮੇਸ਼ਾ ਵਾਂਗ ਪਾਕਿਸਤਾਨ ਹੀ ਹੋਵੇਗਾ ਤੇ ਖਮਿਆਜਾ ਪੰਜਾਬੀਆਂ ਨੂੰ ਭੁਗਤਣਾ ਪਵੇਗਾ । ਜੇਕਰ ਮੇਰੀ ਇਹ ਉਕਤ ਗੱਲ ਤੁਹਾਨੂੰ ਗਲਤ ਲਗਦੀ ਹੈ ਤਾਂ ਫਿਰ ਮੈਨੂੰ ਇਹ ਪੁੱਛਣ ਦਾ ਹੱਕ ਹੈ ਕਿ ਭਾਰਤ ਦੇ ਪਾਕਿਸਤਾਨ ਨਾਲ ਲਗਦੇ ਹੋਰ ਬਾਰਡਰ ਬੰਦ ਕਿਓਂ ਨਹੀਂ ਕੀਤੇ ਜਾਂਦੇ ? ਗੁਜਰਾਤ, ਰਾਜਸਥਾਨ, ਜੰਮੂ ਕਸ਼ਮੀਰ ਤੇ ਬੰਬੇ ਤੋਂ ਵਪਾਰ ਲਗਾਤਾਰ ਚੱਲ ਰਿਹਾ ਹੈ, ਉਹ ਕਿਓਂ ਨਹੀਂ ਬੰਦ ਕੀਤਾ ਜਾਂਦੇ। ਸਿਰਫ ਪੰਜਾਬ ਦਾ ਬਾਰਡਰ ਹੀ ਸੀਲ ਕਿਓਂ ਕੀਤਾ ਜਾ ਰਿਹਾ ਹੈ?**

ਜੇਕਰ ਭਾਰਤ - ਪਾਕਿ ਜੰਗ ਛਿੜਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਦੋਵਾਂ ਪੰਜਾਬਾਂ ਦਾ ਹੋਵੇਗਾ ।ਵਾਰ ਵਾਰ ਨਹੀਂ ਬਲਕਿ ਹਰ ਵਾਰ ਪੰਜਾਬ ਨੂੰ ਹੀ ਬਲਦੀ ਦੇ ਬੂਥੇ ਵਿਚ ਸੁੱਟਿਆ ਜਾਂਦਾ ਹੈ । 22 ਅਪਰੈਲ ਨੂੰ ਪਹਿਲਗਾਮ ਵਿਖੇ ਵਾਪਰੀ ਦੁੱਖਦ ਘਟਨਾ ਤੋਂ ਬਾਅਦ ਇਸ ਵਾਰ ਇਕ ਵਾਰ ਫੇਰ ਪੰਜਾਬ ਨੂੰ ਕੇਂਦਰ ਸਰਕਾਰ ਨੇ ਬਿਨਾਂ ਕਿਸੇ ਸੋਚ ਵਿਚਾਰ ਕੀਤਿਆਂ ਨਿਸ਼ਾਨੇ ਉੱਤੇ ਲਿਆ ਹੈ। ਵਾਹਗਾ ਸਰਹੱਦ ਸੀਲ ਕਰਕੇ ਇਕ ਵਾਰ ਫੇਰ ਪੰਜਾਬੀਆਂ ਨੂੰ ਸੁਨੇਹਾ ਦਿੱਤਾ ਹੈ ਕਿ ਘਟਨਾ ਮੁਲਕ ਵਿਚ ਕਿਧਰੇ ਵੀ ਵਾਪਰੇ, ਉਸ ਵਾਸਤੇ ਜਿੰਮੇਵਾਰ ਹਮੇਸ਼ਾ ਵਾਂਗ ਪਾਕਿ-ਸਤਾਨ ਹੀ ਹੋਵੇਗਾ ਤੇ ਖਮਿਆਜਾ ਪੰਜਾਬੀਆਂ ਨੂੰ ਭੁਗਤਣਾ ਪਵੇਗਾ । ਜੇਕਰ ਮੇਰੀ ਇਹ ਉਕਤ ਗੱਲ ਤੁਹਾਨੂੰ ਗਲਤ ਲਗਦੀ ਹੈ ਤਾਂ ਫਿਰ ਮੈਨੂੰ ਇਹ ਪੁੱਛਣ ਦਾ ਹੱਕ ਹੈ ਕਿ ਭਾਰਤ ਦੇ ਪਾਕਿਸਤਾਨ ਨਾਲ ਲਗਦੇ ਹੋਰ ਬਾਰਡਰ ਬੰਦ ਕਿਓਂ ਨਹੀਂ ਕੀਤੇ ਜਾਂਦੇ ? ਗੁਜਰਾਤ, ਰਾਜਸਥਾਨ, ਜੰਮੂ ਕਸ਼ਮੀਰ ਤੇ ਬੰਬੇ ਤੋਂ ਵਪਾਰ ਲਗਾਤਾਰ ਚੱਲ ਰਿਹਾ ਹੈ, ਉਹ ਕਿਓਂ ਨਹੀਂ ਬੰਦ ਕੀਤਾ ਜਾਂਦੇ । ਸਿਰਫ ਪੰਜਾਬ ਦਾ ਬਾਰਡਰ ਹੀ ਸੀਲ ਕਿਓਂ ਕੀਤਾ ਜਾ ਰਿਹਾ ਹੈ?

ਅਗਲੀ ਗੱਲ ਇਹ ਹੈ ਕਿ ਪੰਜਾਬ ਦੀ ਸਰਹੱਦ ਬੰਦ ਕਰਨ ਪਿਛੇ ਕਿਹੜੀ ਥਿਊਰੀ ਕੰਮ ਕਰਦੀ ਹੈ ? ਕੀ ਇਸ ਤਰਾਂ ਕਰਨ ਨਾਲ ਮੁਲਕ ਵਿਚ ਹੋ ਰਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਡੱਕਾ ਲੱਗ ਜਾਏਗਾ ? ਅੱਤਵਾਦੀ ਘਟਨਾਵਾਂ ਬੰਦ ਹੋ ਜਾਣਗੀਆਂ ਜਾਂ ਫਿਰ ਮੁਲਕ ਨੂੰ ਹੋਰ ਕੋਈ ਵੱਡਾ ਲਾਭ ਹੋਵੇਗਾ । ਦਰਅਸਲ ਅੱਤਵਾਦ ਨੂੰ ਕਾਬੂ ਕਰਨ ਦਾ ਨਾ ਹੀ ਇਹ ਕੋਈ ਵਧੀਆ ਉਪਾਅ ਹੈ ਤੇ ਨਾ ਹੀ ਤਰੀਕਾ । ਮੈਂ ਇਹ ਨਹੀਂ ਕਹਿੰਦਾ ਕਿ ਮਾੜੇ ਅਨਸਰ ਪਾਕਿ-ਸਤਾਨ ਚ ਨਹੀਂ ਹਨ ਤੇ ਨਾ ਹੀ ਉਥੋਂ ਵਾਰਦਾਤਾਂ ਕਰਨ ਵਾਸਤੇ ਏਧਰ ਭਾਰਤ ਵਿਚ ਆ ਰਹੇ ਹਨ, ਬਲਕਿ ਇਹ ਜਰੂਰ ਮੰਨਦਾ ਹਾਂ ਕਿ ਮਾੜੇ ਅਨਸਰ ਦੋਵੀਂ ਪਾਸੀਂ ਹੋਣਗੇ, ਪਰ ਕਿਸੇ ਘਟਨਾ ਦੇ ਵਾਪਰਨ ਤੋਂ ਤੁਰੰਤ ਬਾਅਦ ਬਿਨਾ ਕਿਸੇ ਜਾਚ ਪੜਤਾਲ, ਬਿਨਾ ਕਿਸੇ ਸਬੂਤ, ਤਟ ਫਟ ਹੀ ਗੁਆਂਢੀ ਮੁਲਕ ਵੱਲ ਉਂਗਲ ਸਿੱਧੀ ਕਰ ਦੇਣੀ ਕਿਥੋਂ ਕੁ ਤੱਕ ਤਰਕ ਸੰਗਤ ਹੈ ? ਕੀ ਇਸ ਤਰਾਂ ਕਰਨ ਨਾਲ ਮਸਲੇ ਦੇ ਹੱਲ ਦੀ ਬਜਾਏ ਤਲਖੀ ਹੋਰ ਨਹੀਂ ਵਧੇਗੀ ? ਇਸ ਤਰਾਂ ਬਿਨਾਂ ਕਿਸੇ ਅਧਾਰ ਦੇ ਗੁਆਂਢੀ 'ਤੇ ਦੋਸ਼ ਲਗਾਉਣ ਨਾਲ ਨਾ ਹੀ ਅੱਤਵਾਦ ਖਤਮ ਹੋਵੇਗਾ ਤੇ ਨਾ ਹੀ ਦੋਵਾਂ ਮੁਲਕਾਂ ਵਿਚਕਾਰ ਕਦੇ ਸਾਜਗਾਰ ਮਾਹੌਲ ਪੈਦਾ ਹੋਣ ਦੀਆਂ ਸੰਭਾਵਨਾਵਾਂ ਹੀ ਪੈਦਾ ਹੋ ਸਕਣਗੀਆ ।

ਅਸੀਂ ਦੇਖਦੇ ਹਾਂ ਕਿ ਜਦੋ ਜਦੋ ਦੋਵਾਂ ਮੁਲਕਾਂ ਦੇ ਸਬੰਧ ਸਾਵੇਂ ਸੁਖਾਵੇਂ ਹੋਣ ਲਗਦੇ ਹਨ, ਉਦੋਂ ਹੀ ਭਾਰਤ ਵਿਚ ਕੋਈ ਦੁੱਖਦ ਘਟਨਾ ਵਰਤ ਜਾਂਦੀ ਹੈ ਜਿਸ ਦੇ ਵਾਸਤੇ ਇਕੋ ਰਿਮੋਟ ਵਾਲਾ ਦੋਸ਼ ਵਰਤਿਆ ਜਾਂਦਾ ਹੈ ਕਿ ਇਸ ਕਾਂਡ ਵਾਸਤੇ ਪਾਕਿਸਤਾਨ ਦੋਸ਼ੀ ਹੈ, ਗੈਰ ਸਮਾਜੀ ਤੱਤ ਸਰਹੱਦ ਪਾਰੋਂ ਆਏ ਤੇ ਭਾਣਾ ਵਰਤਾ ਕੇ ਸਹੀ ਸਲਾਮਤ ਵਾਪਿਸ ਚਲੇ ਗਏ । ਕਿੱਡੀ ਬੇਹੂਦਾ ਗੱਲ ਹੈ ਕਿ ਬਿਨਾਂ ਕਿਸੇ ਸਬੂਤ ਗੁਆਂਢੀ ਮੁਲਕ ਤੇ ਉਸ ਦੇ ਸ਼ਹਿਰੀਆਂ ਨੂੰ ਦੋਸ਼ੀ ਦੱਸਿਆ ਜਾ ਰਿਹਾ ਹੈ । ਏਹੀ ਕੁੱਝ 1984 ਦੇ ਨਵੰਬਰ ਕਤਲੇਆਮ ਵੇਲੇ ਵੀ ਹੋਇਆ ਸੀ, ਇੰਦਰਾਗਾਂਧੀ ਨੂੰ ਮਾਰਨ ਵਾਲੇ ਉਸ ਦੇ ਬਾਡੀਗਾਰਡ ਸਨ ਪਰ ਟਾਰਗਟ ਮੁਲਕ ਭਰ ਦੇ ਸਿੱਖਾਂ ਨੂੰ ਬਣਾਇਆ ਗਿਆ ਸੀ । ਭਾਰਤ ਸਰਕਾਰ ਦੀ ਇਸ ਨੀਤੀ ਨਾਲ ਨਾ ਹੀ ਅੱਤਵਾਦ ਖਤਮ ਹੋਵੇਗਾ ਤੇ ਨਾ ਹੀ ਦੁਖਦ ਘਟਨਾਵਾਂ ।

ਹੋਣਾ ਇਹ ਚਾਹੀਦਾ ਹੈ ਕਿ ਕਿਸੇ ਉਤੇ ਦੋਸ਼ ਲਗਾਉਣ ਤੋਂ ਪਹਿਲਾਂ ਜਾਂ ਕਿਸੇ ਵੱਲ ਉਂਗਲ ਸੇਧਣ ਤੋਂ ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟੀ ਫੇਰੀ ਜਾਵੇ, ਆਪ ਜਿੰਮੇਵਾਰੀ ਚੁੱਕਦਿਆਂ ਹੋਇਆਂ ਮੌਕੇ ਦੀ ਸਰਕਾਰ ਆਪਣੀਆਂ ਕਮਜੋਰੀਆਂ ਦਾ ਲੇਖਾ ਜੋਖਾ ਕਰੇ, ਪਹਿਲਗਾਮ ਵਰਗੀਆਂ ਕਿੰਨੀਆਂ ਘਟਨਾਵਾਂ ਹੁਣ ਤੱਕ ਵਾਪਰੀਆਂ ਹਨ, ਸਭਨਾ ਵਿਚ ਪਾਕਿਸਤਾਨ ਨੂੰ ਦੋਸ਼ੀ ਠਹਿਰਾ ਕੇ ਆਪਣੇ ਆਪ ਨੂੰ ਸੁਰਖਰੂ ਕਰਨ ਅਤੇ ਆਪਣੀ ਕੁਰਸੀ ਦੀਆਂ ਚਾਰ ਪਾਈਆਂ ਸੁਰੱਖਿਅਤ ਰੱਖਣ ਦੀ ਨੀਤੀ ਵਿਚੋਂ ਇਹ ਗੱਲ ਹੀ ਸਾਹਮਣੇ ਆਉਂਦੀ ਹੈ ਕਿ ਇਹ ਸਭ ਘਟਨਾਵਾਂ ਭਾਰਤੀ ਰਾਜਨੀਤੀ ਦੁਆਰਾ ਸਿਆਸੀ ਫਾਇਦਾ ਲੈਣ ਵਾਸਤੇ ਕਥਿਤ ਰੂਪ ਵਿਚ ਬੜੇ ਹੀ ਸੁਨਿਓਜਿਤ ਢੰਗ ਨਾਲ ਕੀਤੀਆਂ ਜਾ ਰਹੀਆਂ ਹਨ ਤੇ ਬਦਨਾਮ ਸਿਰਫ ਪਾਕਿਸਤਾਨ ਨੂੰ ਕੀਤਾ ਜਾ ਰਿਹਾ ਹੈ ਤਾਂ ਕਿ ਭਾਰਤ ਦੇ ਹਿੰਦੂ ਵੋਟਰਾਂ ਦੇ ਮਨਾਂ ਚ ਪਾਕਿਸਤਾਨ ਪ੍ਰਤੀ ਨਫਰਤ ਪਰਚੰਡ ਕਰਕੇ ਭਾਰਤੀ ਹਿੰਦੂ ਵੋਟ ਦਾ ਸਮੀਕਰਣ ਆਪਣੇ ਹੱਕ ਵਿਚ ਕਰਕੇ ਭਰਪੂਰ ਲਾਹਾ ਲਿਆ ਜਾ ਸਕੇ ਤੇ ਸੱਤਾ ਦਾ ਸੁੱਖ ਲੰਮੇ ਸਮੇਂ ਵਾਸਤੇ ਭੋਗਿਆ ਜਾ ਸਕੇ ।

ਦੂਜੇ ਲਫਜਾਂ ਵਿਚ ਇੰਜ ਵੀ ਕਹਿ ਸਕਦੇ ਹਾਂ ਕਿ ਭਾਰਤ ਵਿਚ ਬੇਗੁਨਾਹ ਲੋਕਾਂ ਦੀਆਂ ਲਾਸ਼ਾਂ ਦੇ ਸੱਥਰ ਵਿਛਾ ਕੇ ਕੀਤੀ ਜਾਣ ਵਾਲੀ ਇਹ ਰਾਜਨੀਤੀ ਪਿਛਲੇ ਡੇਢ ਕੁ ਦਹਾਕੇ ਤੋਂ ਬਹੁਤ ਜੋਰ ਸ਼ੋਰ ਨਾਲ ਕੀਤੀ ਜਾ ਰਹੀ ਹੈ । ਗੋਦੀ ਮੀਡੀਆ ਜਾਂ ਕਹਿ ਲਓ ਕਿ ਸਰਕਾਰੀ ਪਿਠੂ ਮੀਡੀਆ ਇਸ ਤਰਾਂ ਦੀ ਰਾਜਨੀਤੀ ਦੇ ਹੱਕ ਵਿਚ ਪਰਚਾਰ ਕਰਕੇ, ਅਸਲੀਅਤ ਤੋਂ ਮੁਨਕਰ ਹੋ ਕੇ, ਤੱਥਾਂ ਨੂੰ ਤੋੜ ਮਰੋੜ ਕੇ ਨਿਰਾ ਕੂੜ ਪੇਸ਼ ਕਰਦਾ ਹੋਇਆ ਅੱਗ 'ਤੇ ਘਿਓ ਪਾਉਣ ਦਾ ਕੰਮ ਕਰ ਰਿਹਾ ਹੈ ਤੇ ਈ ਵੀ ਐਮ ਸੱਤਾਧਾਰੀ ਪਾਰਟੀ ਦੀ ਸੁਰੱਖਿਆ ਛਤਰੀ ਬਣੀ ਹੋਈ ਹੈ ।

ਅੱਜ ਬਾਰਾਂ ਦਿਨ ਦਾ ਸਮਾਂ ਹੋ ਗਿਆ ਹੈ, ਅਜੇ ਤੱਕ ਦੋਸ਼ੀਆਂ ਦਾ ਕੋਈ ਉਘ ਸੁੱਘ ਤੱਕ ਵੀ ਨਹੀਂ ਮਿਲਿਆ, ਗੋਦੀ ਮੀਡੀਆ ਅੱਗ ਉਗਲ ਰਿਹਾ ਹੈ, ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਅਸਤੀਫਾ ਦੇਣ ਦੀ ਬਜਾਏ ਕੁਰਸੀਆਂ ਨਾਲ ਚਿੰਬੜੇ ਹੋਏ ਹੋਏ ਹਨ, ਦੋਵੇਂ ਮੁਲਕਾਂ ਦੀਆਂ ਫੌਜਾਂ ਅਕਾਰਨੋ ਹੀ ਆਹਮੋ ਸਾਹਮਣੇ ਹਨ, ਦੋਹਾਂ ਮੁਲਕਾਂ ਦੇ ਆਮ ਸ਼ਹਿਰੀਆਂ ਵਿਚ ਡਰ ਤੇ ਸਹਿਮ ਦਾ ਮਾਹੌਲ ਹੈ, ਇਸ ਤੋਂ ਵੀ ਹੋਰ ਅੱਗੇ ਦੇਸ਼ ਦਾ ਪ੍ਰਧਾਨ ਮੰਤਰੀ, ਘਟਨਾ ਦੀ ਖਬਰ ਸੁਣਦਿਆਂ ਹੀ ਆਪਣਾ ਸਾਊਦੀ ਅਰੇਬੀਆ ਦਾ ਦੌਰਾ ਅੱਧ ਵਿਚਕਾਰ ਛੱਡ ਦੇਸ਼ ਵਾਪਸ ਤਾਂ ਜਰੂਰ ਪਰਤ ਆਉਂਦਾ ਹੈ, ਪਰ ਸਿੱਧਾ ਪਹਿਲਗਾਮ ਜਾਣ ਦੀ ਬਜਾਏ ਦਿੱਲੀ ਹਵਾਈ ਅੱਡੇ ਉੱਤੇ ਇਕ ਸੰਕਟਕਾਲੀਨ ਮੀਟਿੰਗ ਦਾ ਨਾਟਕ ਰਚਕੇ ਬਿਹਾਰ ਵਿਖੇ ਆਪਣੀ ਪਾਰਟੀ ਦੀ ਰੈਲੀ ਵਿਚ ਹਿੱਸਾ ਲੈਣ ਪਹੁੰਚ ਜਾਂਦਾ ਹੈ, ਜਿਸ ਤੋਂ ਪਤਾ ਸਾਫ ਲਗਦਾ ਹੈ ਕਿ ਇਹਨਾਂ ਲੋਕਾਂ ਵਾਸਤੇ ਆਪਣੇ ਦੇਸ਼ ਦੇ ਸ਼ਹਿਰੀਆਂ ਦੀ ਜਾਨ ਦੀ ਇਕ ਕੌਡੀ ਵੀ ਕੀਮਤ ਨਹੀ, ਇਹਨਾਂ ਨੂੰ ਤਾਂ ਸਿਰਫ ਆਪਣੀ ਕੁਰਸੀ ਦੇ ਪਾਵੇ ਮਜਬੂਤ ਕਰਨ ਦੀ ਹੀ ਫਿਕਰ ਹੈ ।

ਮੁਲਕ ਤਬਾਹੀ ਦੇ ਦਹਾਨੇ 'ਤੇ ਖੜ੍ਹਾ ਹੈ, ਦੇਸ਼ ਦਾ ਪ੍ਰਧਾਨ ਮੰਤਰੀ ਫਲਾਇਟ ਮੋਡ ਉੱਤੇ ਲੱਗਾ ਹੋਇਆ ਹੈ । ਮੁਲਕ ਵਿਚ ਹਰ ਪਾਸੇ ਬੇਰੁਜਗਾਰੀ ਤੇ ਮਹਿੰਗਾਈ ਨਾਲ ਤਰਾਹੀ ਤਰਾਹੀ ਮਚੀ ਹੋਈ ਹੈ, ਉਸ ਨੂੰ ਨੱਥ ਪਾਉਣ ਦੀ ਬਜਾਏ, ਲੋਕਾਂ ਵਿਚ ਮਜ਼ਬੀ ਨਫਰਤ ਭਰਕੇ, ਜੰਗ ਦਾ ਮਾਹੌਲ ਬਣਾਇਆ ਜਾ ਰਿਹਾ ਹੈ । ਇਸ ਤਰਾਂ ਕਰਕੇ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾ ਕੇ ਆਪਣੀ ਰਾਜਨੀਤੀ ਤੇ ਸੱਤਾ ਦੋਨੋਂ ਸੁਰੱਖਿਅਤ ਕੀਤੇ ਜਾ ਰਹੇ ਹਨ, ਇਹ ਜਾਣਦੇ ਹੋਏ ਵੀ ਕਿ ਇਹ ਇਕ ਬਹੁਤ ਮਾਰੂ ਨੀਤੀ ਹੈ, ਪਰ ਕੀਤਾ ਕੀ ਜਾਵੇ, ਕੁੱਤੇ ਨੂੰ ਹੱਡੀ ਦਾ ਸੁਆਦ ਅਤੇ ਨੇਤਾ ਨੂੰ ਕੁਰਸੀ ਦਾ ਚੱਸ ਇਕ ਵਾਰ ਪੈ ਜਾਵੇ ਤਾਂ ਉਹ ਇਸ ਨੂੰ ਬਣਾਈ ਰੱਖਣ ਵਾਸਤੇ ਕਿਸੇ ਹੱਦ ਤੱਕ ਵੀ ਜਾ ਸਕਦੇ ਹਨ । ਸੱਚ ਪੁੱਛੋ ਤਾਂ, ਨੇਤਾ ਲੋਕ ਇਸ ਮਾਮਲੇ ਵਿਚ ਕੁੱਤੇ ਨਾਲੋਂ ਕਈ ਦਰਜੇ ਅੱਗੇ ਨਿਕਲ ਜਾਂਦੇ ਹਨ।

ਭਾਰਤ ਪਾਕਿਸਤਾਨ ਸਰਹੱਦ ਦੇ ਦੋਵੇਂ ਪਾਸੇ ਇਸ ਵੇਲੇ ਭਾਰੀ ਤਨਾਅ ਹੈ, ਫੌਜੀ ਮਸ਼ਕਾਂ ਹੋ ਰਹੀਆਂ ਹਨ, ਜੰਗੀ ਜਹਾਜਾਂ ਦਾ ਤੇਲ ਪਾਣੀ ਚੈੱਕ ਕੀਤਾ ਜਾ ਰਿਹਾ ਹੈ, ਤੋਪਾਂ ਤੇ ਟੈਂਕਾਂ ਨੂੰ ਗਰੀਸ ਕੀਤੀ ਜਾ ਰਹੀ ਹੈ, ਮਿਜਾਇਲਾਂ ਦੀ ਮਿੱਟੀ ਝਾੜੀ ਜਾ ਰਹੀ ਹੈ, ਪਰ ਇਸ ਸਭ ਕਾਸੇ ਦੀ ਕੋਈ ਖਾਸ ਵਜ੍ਹਾ ਅਜੇ ਤੱਕ ਨਾ ਹੀ ਭਾਰਤ ਤੇ ਨਾ ਹੀ ਪਾਕਿਸਤਾਨੀ ਸ਼ਹਿਰੀਆਂ ਨੂੰ ਸਮਝ ਆ ਰਹੀ ਹੈ ।

ਜਾਪਦਾ ਇੰਜ ਹੈ ਕਿ ਪਹਿਲਗਾਮ ਦੀ ਘਟਨਾ ਤਾਂ ਇਕ ਬਹਾਨਾ ਹੈ, ਅਸਲ ਵਜਹਾ ਤਾਂ ਇਸ ਸਭ ਕਾਸੇ ਪਿੱਛੇ ਕੋਈ ਹੋਰ ਹੀ ਹੈ। ਪਰ ਇਹ ਕੰਧ ਉਤੇ ਲਿਖੀ ਇਬਾਰਤ ਹੈ ਕਿ 1947 - 48, 1965 ਤੇ 1971 ਵਿਚ ਭਾਰਤ - ਪਾਕਿਸਤਾਨ ਵਿਚਕਾਰ ਹੋਈਆਂ ਯੁੱਧਾਂ ਦਾ ਸਭ ਤੋਂ ਮਾਰੂ ਅਸਰ ਚਾਹੇ ਉਹ ਜਾਨੀ ਹੋਵੇ ਜਾਂ ਮਾਲੀ, ਚੜ੍ਹਦੇ ਤੇ ਲਹਿੰਦੇ ਪੰਜਾਬਾਂ ਉੱਤੇ ਹੀ ਹੋਇਆ । ਹੁਣ ਫੇਰ ਦੋਹੀਂ ਪਾਸੀ ਜੰਗ ਦੇ ਬੱਦਲ ਛਾਏ ਹੋਏ ਹਨ , ਇਸ ਸਬੰਧੀ ਲੰਗਰ ਲੰਗੋਟੇ ਕੱਸੇ ਜਾ ਰਹੇ ਹਨ, ਦੋਵੇਂ ਪਾਸਿਆਂ ਦੀਆਂ ਫੌਜਾਂ ਦਾ ਜਮਾਵੜਾ ਸਰਹੱਦ ਦੇ ਆਰ ਪਾਰ ਵਧਦਾ ਜਾ ਰਿਹਾ ਹੈ। ਇਸ ਭਿਆਨਕ ਮੰਜਿਰ ਨੂੰ ਦੇਖਦੇ ਹੋਏ ਭਾਰਤੀ ਫੌਜ ਦੇ ਸਾਬਕਾ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ, "ਜੰਗ ਕਿਸੇ ਮਸਲੇ ਦਾ ਹੱਲ ਨਹੀਂ, ਜੇਕਰ ਜੰਗ ਹੁੰਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਵੇਗਾ ।"

ਸੋ ਇਸ ਨਾਜ਼ੁਕ ਮੌਕੇ 'ਤੇ ਸੋਚਣਾ ਬਣਦਾ ਹੈ ਕਿ ਕੀ ਦੋਵੇਂ ਦੇਸ਼ ਆਪਸੀ ਮਸਲੇ ਜੰਗ ਤੋਂ ਬਿਨਾ ਨਹੀਂ ਨਜਿੱਠ ਸਕਦੇ ? ਕੀ ਜੰਗ ਸ਼ੁਰੂ ਕਰਕੇ ਦੋਹਾਂ ਮੁਲਕਾਂ ਦੇ ਲੋਕਾਂ ਨੂੰ ਬਲੀ ਦਾ ਬੱਕਰਾ ਬਣਾਉਣਾ ਜਰੂਰੀ ਹੈ ? ਰੂਸ ਅਤੇ ਯੂਕਰੇਨ ਵਿਚਕਾਰ ਲੱਗੀ ਜੰਗ ਨੂੰ ਤਿੰਨ ਸਾਲ ਤੋਂ ਵੱਧ ਦਾ ਸਮਾ ਹੋ ਗਿਆ ਹੈ, ਪਰ ਅਜੇ ਵੀ ਉਸ ਜੰਗ ਦਾ ਅੰਤ ਕਿਧਰੇ ਨਜਰੀ ਨਹੀਂ ਆ ਰਿਹਾ । ਜੰਗ ਛੇੜਨੀ ਕੋਈ ਔਖਾ ਕੰਮ ਨਹੀਂ,

**ਬਾਕੀ ਹਿਸਾ ਸਫਾ 40 ਤੇ ਪੜ੍ਹੋ**

39 ਸਫੇ ਦੀ ਬਾਕੀ

ਪਰ ਬਾਅਦ ਵਿਚ ਇਸ ਨੂੰ ਸਮਾਪਤ ਕਰਕੇ ਪ੍ਰਭਾਵਤ ਖਿੱਤੇ ਵਿਚ ਸ਼ਾਂਤੀ ਸਥਾਪਤ ਕਰਨਾ ਤੇ ਮੁੜ ਤੋਂ ਆਮ ਜਨਜੀਵਨ ਦੀ ਬਹਾਲੀ ਕਰਨਾ ਬਹੁਤ ਔਖਾ ਕਾਰਜ ਹੁੰਦਾ ਹੈ, ਅਫਗਾਨਿਸਤਾਨ ਸਾਡੇ ਸਾਹਮਣੇ ਵੱਡੀ ਉਦਾਹਰਣ ਹੈ, ਜੰਗ ਬੰਦ ਹੋ ਚੁੱਕੀ ਨੂੰ ਵੀ ਕਈ ਸਾਲ ਹੋ ਗਏ ਹਨ, ਪਰ ਉਥੇ ਅੱਜ ਵੀ ਸਭ ਖੰਡਰ ਮੰਡਰ ਹੈ ਤੇ ਆਉਂਦੇ ਕਈ ਦਹਾਕਿਆਂ ਤੱਕ ਅਜਿਹਾ ਹੀ ਰਹੇਗਾ । ਕਹਿਣ ਦਾ ਭਾਵ ਇਹ ਕਿ ਜੰਗ ਚੰਦਰੀ ਹੁੰਦੀ ਹੈ, ਕਲਾ ਕਲੰਦਰ ਬੇਸ਼ੱਕ ਘਰਾਂ ਚ ਵਸੇ ਤੇ ਬੇਸ਼ੱਕ ਦੋ ਮੁਲਕਾਂ ਵਿਚਕਾਰ, ਇਸ ਦਾ ਦੂਜਾ ਨਾਮ ਵਿਨਾਸ਼ ਹੈ ।

ਭਾਰਤ - ਪਾਕਿਸਤਾਨ ਦੇ ਹਾਲਾਤ ਇਸ ਵੇਲੇ ਬਹੁਤ ਹੀ ਨਾਜ਼ੁਕ ਮੋੜ 'ਤੇ ਹਨ, ਦੋਹਾਂ ਦੇਸਾਂ ਵਿਚਲਾ ਤਨਾਅ ਕਦੇ ਵੀ ਧਮਾਕਾਖੇਜ ਹੋ ਸਕਦਾ ਹੈ । ਇਕ ਦੂਜੇ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ । ਦੋਵੇਂ ਦੇਸ਼ ਦੁਨੀਆਂ ਦੇ ਵੱਡੇ ਦੇਸਾਂ ਨੂੰ ਆਪੋ ਆਪਣੇ ਹੱਕ ਵਿਚ ਸਮਰਥਨ ਲੈਣ ਵਾਸਤੇ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ, ਪਰ ਅਜਿਹੇ ਵਿਚ ਅਮਰੀਕਾ, ਰੂਸ ਤੇ ਯੂਨਾਈਟਿੱਡ ਕਿੰਗਡਮ ਵਰਗੇ ਮੁਲਕਾਂ ਦੇ ਮੁੱਖ ਨੁਮਾਇੰਦੇ ਜੇਕਰ, ਪਹਿਲਗਾਮ ਕਾਂਡ ਦੀ ਨਿੰਦਾ ਕਰਦਿਆਂ ਇਹ ਬਿਆਨ ਦਿੰਦੇ ਹਨ ਕਿ ਪਹਿਲਗਾਮ ਕਾਂਡ ਇਕ ਬਹੁਤ ਵੱਡਾ ਗੈਰ ਮਨੁੱਖੀ ਕਾਂਡ ਹੈ ਤੇ ਘੋਰ ਨਿੰਦਾ ਜਨਕ ਹੈ ਤੇ ਇਹ ਕਾਰਾ ਕਰਨ ਵਾਲੇ ਗੈਰ ਸਮਾਜੀ ਅਨਸਰਾਂ ਨੂੰ ਫੜਕੇ ਮਿਸਾਲੀ ਸਜਾ ਦੇਣੀ ਚਾਹੀਦੀ ਹੈ ਤਾਂ ਕਿ ਮੁੜ ਤੋਂ ਇਸ ਤਰਾਂ ਦੀ ਵਾਰਦਾਤ ਦੁਬ-ਾਰਾ ਨਾ ਵਾਪਰ ਸਕੇ ਤੇ ਇਸ ਵਾਸਤੇ ਉਕਤ ਸਭ ਮੁਲਕ ਭਾਰਤ ਦੀ ਹਰ ਸੰਭਵ ਮੱਦਦ ਕਰਨ ਨੂੰ ਤਿਆਰ ਹਨ ਤਾਂ ਇਹਨਾ ਉਕਤ ਮੁਲਕਾਂ ਦੇ ਨੁਮਾਇੰਦਿਆਂ ਦਾ ਇਹ ਬਿਆਨ ਪਾਕਿਸਤਾਨ ਵਿਰੁੱਧ ਕਦਾਚਿਤ ਵੀ ਨਹੀਂ, ਬਲ ਕਿ ਉਕਤ ਬਿਆਨ ਨੂੰ ਨੀਝ ਨਾਲ ਵਿਚਾਰਨ 'ਤੇ ਇਹ ਸ਼ਪੱਸ਼ਟ ਹੁੰਦਾ ਹੈ ਕਿ ਉਕਤ ਬਿਆਨ ਅੱਤਵਾਦ ਜਾਂ ਗੈਰ ਸਮਾਜੀ ਅਨਸਰਾਂ ਦੇ ਵਿਰੁੱਧ ਹੈ ਜਿਸ ਦਾ ਮਤਲਬ ਕਦੇ ਵੀ ਪਾਕਿਸਤਾਨ ਨਹੀਂ ਕਿਉਕਿ ਅਪਰਾਧੀ ਅਨਸਰਾਂ ਦਾ ਨਾ ਹੀ ਕੋਈ ਧਰਮ ਹੁੰਦਾ ਹੈ, ਨਾ ਹੀ ਕੋਈ ਮੁਲਕ ਤੇ ਨਾ ਹੀ ਉਹਨਾਂ ਦਾ ਕੋਈ ਸਕਾ ਸੁਹੇਲਾ ਹੁੰਦਾ ਹੈ । ਉਨਾਂ ਦਾ ਮਕਸਦ ਸਮਾਜ ਵਿਚ ਆਪਣੇ ਅਣਮਨੁੱਖੀ ਵਰਤਾਰੇ ਨਾਲ ਅਸਥਿਰਤਾ, ਡਰ ਤੇ ਸਹਿਮ ਪੈਦਾ ਕਰਨਾ ਹੁੰਦਾ ਹੈ ਤੇ ਜਾਂ ਫਿਰ ਰਾਜਨੀਤਕ ਸਮੀਕਰਨਾਂ ਵਿਚ ਫੇਰਬਦਲ ਕਰਨ ਵਾਸਤੇ ਇਸ ਤਰਾਂ ਦੇ ਕਾਰੇ ਰਾਜਨੀਤਕ ਮੰਤਵਾਂ ਦੀ ਪੂਰਤੀ ਵਾਸਤੇ ਵੀ ਕੀਤੇ ਜਾਂਦੇ ਹਨ ।

ਮੁਕਦੀ ਗੱਲ ਇਹ ਕਿ ਕਿ ਬਿਨਾ ਕਿਸੇ ਜਾਂਚ ਪੜਤਾਲ ਕਿਸੇ ਉੱਤੇ ਉਂਗਲ ਧਰਕੇ, ਉਸ ਨੂੰ ਦੋਸ਼ੀ ਠਹਿਰਾਉਣਾ, ਫਿਰ ਫੌਜੀ ਕਾਰਵਾਈ ਕਰਨ ਦੀ ਧਮਕੀ ਦੇਣੀ ਤੇ ਖਿੱਤੇ ਵਿਚ ਤਨਾਅ ਦਾ ਮਾਹੌਲ ਪੈਦਾ ਕਰਕੇ ਆਮ ਲੋਕਾਂ ਦਾ ਜੀਵਨ ਦੁੱਭਰ ਕਰਨਾ ਪੂਰੀ ਤਰਾਂ ਗੈਰ ਕਾਨੂੰਨੀ ਵਰਤਾਰਾ ਹੈ ਜੋ ਕਿ ਆਮ ਤੌਰ 'ਤੇ ਭਾਰਤ ਦੇ ਰਾਜਨੀਤਕ ਲੋਕਾਂ ਵਲੋਂ ਕਥਿਤ ਰੂਪ ਵਿਚ ਸੱਤਾ ਪਰਾਪਤੀ ਜਾਂ ਫਿਰ ਸੱਤਾ ਉੱਤੇ ਕਾਬਜ ਰਹਿਣ ਵਾਸਤੇ ਕੀਤਾ ਜਾਂਦਾ ਹੈ ।

ਇਹ ਇਕ ਬਹੁਤ ਹੀ ਮਾਰੂ ਰੁਝਾਨ ਹੈ । ਇਸ ਮਾਰੂ ਰੁਝਾਨ ਦੀ ਰੋਕਥਾਮ ਵਾਸਤੇ ਲੋਕਾਂ ਨੂੰ ਬਿਨਾ ਦੇਰੀ ਅਵਾਜ ਉਠਾਉਣੀ ਚਾਹੀਦੀ ਹੈ । ਇਸ ਦੇ ਨਾਲ ਹੀ ਇਹ ਵੀ ਦਰਜ ਕਰਨਾ ਚਾਹੁੰਦਾ ਹਾਂ ਕਿ ਸਰਹੱਦਾਂ ਬੰਦ ਕਰਨੀਆਂ, ਪਾਣੀਆਂ ਦੇ ਸਮਝੌਤੇ ਰੱਦ ਕਰਨੇ, ਏਅਰ ਸਪੇਸ 'ਤੇ ਪਾਬੰਧੀਆਂ ਲਾਉਣੀਆਂ, ਹਾਈ ਕਮਿਸ਼ਨ ਸਟਾਫ ਵਿਚ ਕਟੌਤੀ ਕਰਨੀ ਆਦਿ ਦਾ ਸਿੱਧਾ ਅਰਥ ਹੈ ਕਿ ਦੋਹਾਂ ਦੇਸ਼ਾਂ ਦੇ ਸ਼ਹਿਰੀਆਂ ਦੀ ਮੁਸ਼ਕਲਾਂ ਵਿਚ ਅੰਤਾਂ ਦਾ ਵਾਧਾ ਕਰਨਾ ।

ਇਹਨਾਂ ਉਕਤ ਪਾਬੰਦੀਆਂ ਦਾ ਅੱਤਵਾਦ ਨੂੰ ਕਾਬੂ ਕਰਨ ਨਾਲ ਬਿਲਕੁਲ ਵੀ ਕੋਈ ਵਾਹ ਵਾਸਤਾ ਨਹੀਂ । ਕੁੱਲ ਮਿਲਾਕੇ ਕਿਹਾ ਜਾ ਸਕਦਾ ਹੈ ਕਿ ਭਾਰਤ ਸਰਕਾਰ ਪਹਿਲਗਾਮ ਘਟਨਾ ਨੂੰ ਰਫੂ ਕਰਨ ਲਈ ਕਾਹਲ ਵਿਚ ਜੋ ਫੈਸਲੇ ਇਹਨਾਂ ਦਿਨਾਂ ਵਿਚ ਲੈ ਰਹੀ ਹਨ, ਉਹਨਾਂ ਵਿਚੋਂ ਬਹੁਤੇ ਕਿਸੇ ਤਰਾਂ ਵੀ ਤਰਕ ਸੰਗਤ ਨਹੀਂ ਹਨ । ਹੋ ਸਕਦਾ ਹੈ ਕਿ ਪਹਿਲਗਾਮ ਕਾਂਡ ਦੇ ਅੱਤਵਾਦੀ ਪਾਕਿਸਤਾਨ ਤੋਂ ਆਏ ਹੋਣ ਤੇ ਕਾਂਡ ਕਰਨ ਤੋਂ ਬਾਅਦ ਸਹੀ ਸਲਾਮਤ ਵਾਪਿਸ ਵੀ ਚਲੇ ਗਏ ਹੋਣ, ਪਰ ਇਸ ਹਾਲਤ ਵਿਚ ਵੀ ਕੋਈ ਦੋਸ਼ ਪੂਰੀ ਜਾਂਚ ਪੜਤਾਲ ਕਰਨ ਤੋਂ ਬਾਅਦ ਹੀ ਲਗਾਇਆ ਜਾਣਾ ਬਣਦਾ ਹੈ । ਜੰਗ ਦੇ ਹਾਲਾਤ ਉਸ ਸੂਰਤ ਚ ਪੈਦਾ ਹੋ ਸਕਦੇ ਹਨ ਜੇਕਰ ਸਬੂਤਾਂ ਦੇ ਆਧਾਰ 'ਤੇ ਸਬੰਧਿਤ ਧਿਰ ਸਾਥ ਨਹੀਂ ਦਿੰਦੀ, ਨਿਰਾ ਧੌਂਸ ਦੇ ਜੋਰ ਆਪਣੀ ਮਰਜੀ ਨਾਲ ਦੂਸਰੀ ਧਿਰ ਤੋਂ ਕੁੱਝ ਵੀ ਨਹੀਂ ਕਰਵਾਇਆ/ ਮਨਵਾਇਆ ਜਾ ਸਕਦਾ । ਇਹ ਗੱਲ ਵੀ ਇਸ ਵਾਰ ਪੱਕੀ ਹੈ ਕਿ ਜੇਕਰ ਦੋਹਾਂ ਮੁਲਕਾਂ ਵਿਚਕਾਰ ਜੰਗ ਛਿੜਦੀ ਹੈ, ਬਿਨਾ ਸ਼ੱਕ ਦੋਹਾਂ ਮੁਲਕਾਂ ਦਾ ਇਸ ਵਾਰ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਵੇਗਾ, ਪਰ ਅਸਲ ਮਾਰ ਦੋਵਾਂ ਪੰਜਾਬਾਂ 'ਤੇ ਪਵੇਗੀ ਤੇ ਇਸ ਖਿੱਤੇ ਵਿਚ ਸਭ ਕੋਂ ਵੱਧ ਨੁਕਸਾਨ ਹੋਣ ਦਾ ਭਾਰੀ ਖਦਸ਼ਾ ਹੈ ।

## ਸੀਆਰਪੀਐੱਫ ਨੇ ਨੌਕਰੀ ਤੋਂ ਕੀਤਾ ਬਰਖ਼ਾਸਤ; ਰਾਸ਼ਟਰੀ ਸੁਰੱਖਿਆ ਲਈ ਖ਼ਤਰਨਾਕ



**ਸ੍ਰੀਨਗਰ-**ਪਾਕਿਸਤਾਨੀ ਔਰਤ ਮੀਨਲ ਖਾਨ ਨਾਲ ਆਪਣੇ ਵਿਆਹ ਦੀ ਸੱਚਾਈ ਲੁਕਾਉਣਾ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਦੇ ਜਵਾਨ ਮੁਨੀਰ ਅਹਿਮਦ ਨੂੰ ਮਹਿੰਗਾ ਪੈ ਗਿਆ। ਸੀਆਰਪੀਐੱਫ ਨੇ ਜਵਾਨ ਮੁਨੀਰ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ। ਸੀਆਰਪੀਐੱਫ ਦੇ ਬੁਲਾਰੇ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਐਮ ਦਿਨਾਕਰਨ ਨੇ ਕਿਹਾ ਕਿ ਦੋਵਾਂ ਦਾ ਵਿਆਹ ਪਿਛਲੇ ਸਾਲ 24 ਮਈ ਨੂੰ ਵੀਡੀਓ ਕਾਲ ਰਾਹੀਂ ਹੋਇਆ ਸੀ। ਸੀਆਰਪੀਐੱਫ ਦੀ ਜਾਂਚ ਵਿੱਚ ਪਾਇਆ ਗਿਆ ਕਿ ਜਵਾਨ ਨੇ ਸਬੰਧਤ ਅਧਿਕਾਰੀਆਂ ਨੂੰ ਆਪਣੇ ਵਿਆਹ ਅਤੇ ਆਪਣੀ ਪਤਨੀ ਦੇ ਭਾਰਤ ਵਿੱਚ ਰਹਿਣ ਬਾਰੇ ਸੂਚਿਤ ਨਹੀਂ ਕੀਤਾ ਸੀ। ਫੋਰਸ ਨੇ ਇਹ ਕਾਰਵਾਈ ਰਾਸ਼ਟਰੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤੀ ਹੈ।

# ਸੁਖਬੀਰ ਬਾਦਲ ਵਰਗੇ ਦਾਹੜੀ-ਕੇਸ ?




ਬਜ਼ੁਰਗ ਬਾਦਲ ਦੇ ਬਰਸੀ ਸਮਾਗਮ ਮੌਕੇ ਕੁੱਝ ਦਿਨ ਪਹਿਲਾਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 'ਬਤੌਰ' ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬੋਲਦਿਆਂ ਸਾਹ-ਮਣੇ ਬੈਠੇ ਸੁਖਬੀਰ ਸਿੰਘ ਬਾਦਲ ਵੱਲ੍ਹ ਹੱਥ ਕਰਕੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ 'ਪ੍ਰਧਾਨ ਸਾਹਿਬ' ਵਰਗੇ ਸੋਹਣੇ ਸਾਬਤ ਸੂਰਤ ਬਣ ਜਾਉ ! ਇਹ ਸੁਣਕੇ ਮੈਨੂੰ ਕੁੱਝ ਸਾਲ ਪਹਿਲਾਂ ਦੀ ਇਕ ਗੱਲ ਯਾਦ ਆ ਗਈ-

ਕਈ ਸਾਲ ਪਹਿਲਾਂ ਦੀ ਗੱਲ ਹੈ,ਇੰਗਲੈਂਡ ਦੇ 'ਪੰਜਾਬ ਰੇਡੀਉ' ਤੋਂ 'ਟਾਕ-ਸ਼ੋਅ' ਚੱਲ ਰਿਹਾ ਸੀ।ਜੋ ਕਿ ਅਸੀਂ ਅਮਰੀਕਾ ਬੈਠੇ ਇੰਟਰਨੈੱਟ ਰਾਹੀਂ ਸੁਣਦੇ ਹੁੰਦੇ ਸਾਂ।ਇਕ ਦਿਨ ਸਿੱਖ ਪ੍ਰਚਾਰਕ ਸਵਰਗੀ ਭਾਈ ਜਸਵੀਰ ਸਿੰਘ ਨੇ ਸਿੱਖ ਫਿਲਾਸਫੀ ਵਿਚ ਕੇਸਾਂ ਦੀ ਮਹਾਨਤਾ ਬਾਰੇ ਬੋਲਦਿਆਂ ਵਿਦੇਸ਼ਾਂ ਵਿਚ ਵਸਦੇ ਸਿੱਖ ਨੌਜਵਾਨਾ ਨੂੰ ਕੇਸ-ਦਾਹੜੀ ਰੱਖਣ ਦੀ ਪ੍ਰੇਰਨਾਂ ਕੀਤੀ।

ਅੱਗਿਉਂ ਕਿਸੇ ਮੁੰਡੇ ਨੇ ਫੋਨ ਕਰਕੇ ਜਸਵੀਰ ਸਿੰਘ ਹੁਣਾ ਨੂੰ ਤਨਜ਼ ਨਾਲ ਪੁੱਛਿਆ ਕਿ ਭਾਈ ਸਾਹਬ,ਅਸੀਂ ਸੁਖਬੀਰ ਬਾਦਲ ਵਰਗੇ ਕੇਸ-ਦਾਹੜੀ ਰੱਖ ਲਈਏ ਜੀ ?

ਇਹ ਸਵਾਲ ਸੁਣ ਕੇ ਭਾਈ ਜਸਵੀਰ ਸਿੰਘ ਨੇ ਉਸ ਨੌਜਵਾਨ ਨੂੰ ਇਕ ਹੋਰ ਸਵਾਲ ਕਰ ਦਿੱਤਾ-

"ਕਾਕਾ ਜੀ,ਤੁਹਾਨੂੰ ਦੋ ਕਰੋੜ ਸਿੱਖਾਂ ਵਿੱਚੋਂ ਦਾਹੜੀ ਕੇਸਾਂ ਦੀ ਮਿਸਾਲ ਦੇਣ ਲਈ 'ਸੁਖਬੀਰ ਬਾਦਲ' ਹੀ ਲੱਭਿਆ ਐ ?"

-ਤਰਲੋਚਨ ਸਿੰਘ ਦੁਪਾਲ ਪੁਰ 78146-92724

# ਸੂਫੀ ਸੰਤ ਅੱਤਾਰ ਦਾ ਅੰਤ !



ਇਸਲਾਮਿਕ ਤਵਾਰੀਖ ਵਿਚ ਸ਼ੇਖ ਫਰੀਦੁਦੀਨ ਅੱਤਾਰ ਨਾਮ ਦੇ ਇਕ ਦਰਵੇਸ਼ ਹੋਏ ਹਨ ਜੋ ਕਿ ਪਹਿਲਾਂ ਆਪਣੇ ਸਮਿਆਂ ਦੇ ਇਕ ਵੱਡੇ ਦੁਆਖਾਨੇ ਦੇ ਮਾਲਕ ਸਨ ਪਰ ਇਕ ਫੱਕਰ ਦੇ ਮਿਲਾਪ ਸਮੇਂ ਇਨ੍ਹਾਂ ਦੇ ਦਿਲ 'ਤੇ ਐਸਾ ਅਸਰ ਹੋਇਆ ਕਿ ਇਹ ਦੁਨੀ ਵਲੋਂ ਮੋਹ ਤੋੜ ਕੇ ਦੀਨ ਦੇ ਹੀ ਹੋ ਕੇ ਰਹਿ ਗਏ।ਆਪ ਨੇ ਇਕ ਦਰਜਨ ਦੇ ਕਰੀਬ ਰੂਹਾਨੀਅਤ ਬਾਰੇ ਕਿਤਾਬਾਂ ਲਿਖੀਆਂ।

ਕਹਿੰਦੇ ਇਕ ਵੇਰ ਇਨ੍ਹਾਂ ਨੂੰ ਤਾਤਾਰ ਦੇਸ ਦੇ ਇਕ ਤਾਤਾਰੀ ਸਿਪਾਹੀ ਨੇ ਫੜ ਲਿਆ।ਗ੍ਰਿਫਤਾਰ ਹੋਏ ਮੁਰਸ਼ਦ ਨੂੰ ਸਿਪਾਹੀ ਨਾਲ ਤੁਰੇ ਜਾਂਦਿਆਂ ਦੇਖ ਕੇ ਇਨ੍ਹਾਂ ਦੇ ਇਕ ਅਮੀਰ ਪੈਰੋਕਾਰ ਨੇ ਸਿਪਾਹੀ ਨੂੰ ਪੇਸ਼ਕਸ਼ ਕੀਤੀ ਕਿ ਇਸ ਪੀਰ ਮਰਦ ਨੂੰ ਛੱਡ ਦਿਉ ਮੈਂ ਤੈਨੂੰ ਦਸ ਹਜ਼ਾਰ ਅਸ਼ਰਫ਼ੀਆਂ ਨਕਦ ਦੇ ਦਿੰਦਾ ਹਾਂ!

ਇਹ ਸੁਣਦਿਆਂ ਸ਼ੇਖ ਸਾਹਬ ਬੋਲੇ-'ਖਬਰਦਾਰ! ਇੰਨੇ ਸਸਤੇ ਵਿਚ ਨਾ ਵੇਚੀਂ ਮੈਨੂੰ, ਮੈਂ ਇਸ ਨਾਲੋਂ ਵੀ ਵਧੇਰੇ ਕੀਮਤੀ ਹਾਂ!!'

ਸਿਪਾਹੀ ਬੜਾ ਖੁਸ਼ ਹੋਇਆ ਕਿ ਮੈਨੂੰ ਵਧੇਰੇ ਦੌਲਤ ਮਿਲੇ ਗੀ।ਦੋਵੇਂ ਅੱਗੇ ਤੁਰਦੇ ਗਏ ਤਾਂ ਸ਼ੇਖ ਸਾਹਬ ਦਾ ਇਕ ਹੋਰ ਪ੍ਰਸੰਸਕ ਮਿਲ ਪਿਆ ਜੋ ਵਿਚਾਰਾ ਗਰੀਬ ਘਾਹੀ ਹੋਵੇ ਗਾ।ਉਹ ਸਿਪਾਹੀ ਨੂੰ ਕਹਿੰਦਾ ਕਿ ਇਸ ਬਜ਼ੁਰਗ ਨੂੰ ਮੇਰੇ ਹਵਾਲੇ ਕਰਦੇ,ਬਦਲੇ ਵਿਚ ਮੈਂ ਤੈਨੂੰ ਘਾਹ ਦੀ ਪੰਡ ਦੇ ਦਿਆਂ ਗਾ!ਸ਼ੇਖ ਸਾਹਬ ਝੱਟ ਬੋਲੇ-

"ਹਾਂ ਦੇ ਦਿਉ !...... ਵੈਸੇ ਮੇਰੀ ਕੀਮਤ ਤਾਂ ਇਸਤੋਂ ਵੀ ਕਿਤੇ ਘੱਟ ਹੈ !"

ਇਹ ਸੁਣ ਕੇ ਸਿਪਾਹੀ ਸੜ ਬਲ਼ ਉੱਠਿਆ ਕਿ ਮੇਰੇ ਹੱਥੋਂ ਤਾਂ ਦਸ ਹਜ਼ਾਰ ਅਸ਼ਰਫ਼ੀਆਂ ਵੀ ਨਿਕਲ਼ ਗਈਆਂ ! ਉਸਨੇ ਕ੍ਰੋਧ ਵਿਚ ਆ ਕੇ ਸ਼ੇਖ ਸਾਹਿਬ ਦਾ ਸਿਰ ਕਲਮ ਕਰ ਦਿੱਤਾ!

ਇਹ ਸੀ ਆਜਿਜ਼ ਤੇ ਰੂਹਾਨੀ ਮੰਜ਼ਿਲਾਂ ਦੀਆਂ ਸਿਖਰਾਂ 'ਤੇ ਪਹੁੰਚੇ ਹੋਏ ਇਕ ਸੂਫੀ ਸੰਤ ਦਾ ਅੰਤ !



ਪੇਸ਼ਕਸ਼- ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuir@yahoo.com

# ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਦੀ ਸਰਪ੍ਰਸਤੀ ਹੇਠ ਹੇਜ਼ ਕਬੱਡੀ ਕਲੱਬ ਲੰਡਨ ਵੱਲੋਂ ਕਬੱਡੀ ਟੂਰਨਾਮੈਂਟ 11 ਮਈ 2025 ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

## Hillingdon Athletics Stadium Gatting Way, Uxbridge UB8 1ES

ਹਿਲਿੰਗਡਨ ਅਥਲੈਟਿਕਸ ਸਟੇਡੀਅਮ, ਗੈਟਿੰਗ ਵੇਅ ਔਕਸਬ੍ਰਿਜ ਵਿਖੇ ਕਰਵਾਏ ਜਾ ਰਹੇ ਟੂਰਨਾਮੈਂਟ 'ਤੇ

## ਕਬੱਡੀ ਪ੍ਰੇਮੀਆਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਖੇਡ ਪ੍ਰੇਮੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਜ਼ ਕਬੱਡੀ ਕਲੱਬ ਵੱਲੋਂ **ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ** ਦੀ ਦੇਖ ਰੇਖ ਹੇਠ ਅਤੇ ਕਬੱਡੀ ਫੈਡਰੇਸ਼ਨ ਦੇ ਨਿਯਮਾਂ ਅਨੁਸਾਰ ਦਿਨ ਐਤਵਾਰ 11 ਮਈ 2025 ਨੂੰ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਹ ਤੁਹਾਡਾ ਸਾਰਿਆਂ ਦਾ ਸਾਂਝਾ ਟੂਰਨਾਮੈਂਟ ਹੈ। ਇਸ ਸਾਲ ਦੇ ਕਬੱਡੀ ਸੀਜ਼ਨ ਦੇ ਪਹਿਲੇ ਹੇਜ਼ ਕਬੱਡੀ ਟੂਰਨਾਮੈਂਟ ਮੌਕੇ ਹੁੰਮ-ਹੁੰਮਾ ਕੇ ਪਹੁੰਚੋ ਅਤੇ ਕਬੱਡੀ ਖਿਡਾਰੀਆਂ ਦੇ ਜੌਹਰ ਵੇਖੋ। ਟੂਰਨਾਮੈਂਟ ਸਾਡੇ ਵਿੱਛੜ ਗਏ ਖਿਡਾਰੀਆਂ ਤੇ ਨੌਜਵਾਨਾਂ ਨੂੰ ਸਮਰਪਿਤ ਹੋਵੇਗਾ।

### = ਪ੍ਰਬੰਧਕਾਂ ਵੱਲੋਂ ਜ਼ਰੂਰੀ ਬੇਨਤੀਆਂ =

* ਕਰਵਾਏ ਜਾ ਰਹੇ ਇਸ ਟੂਰਨਾਮੈਂਟ ਵਿੱਚ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਰੇ ਨਿਯਮ ਲਾਗੂ ਹੋਣਗੇ ਤੇ ਫੈਡਰੇਸ਼ਨ ਦਾ ਫੈਸਲਾ ਅੰਤਮ ਹੋਵੇਗਾ।
* ਹਰ ਇੱਕ ਟੀਮ ਦਿੱਤੇ ਹੋਏ ਸਮੇਂ ਉਪਰ ਪਹੁੰਚਣੀ ਚਾਹੀਦੀ ਹੈ।
* ਅਗਰ ਟੀਮ 10 ਮਿੰਟ ਲੇਟ ਪਹੁੰਚਦੀ ਹੈ ਤਾਂ ਸਕਰੈਚ ਕਰ ਦਿੱਤੀ ਜਾਵੇਗੀ।
* ਰੈਫਰੀ ਦਾ ਫੈਸਲਾ ਅਟੱਲ ਹੋਵੇਗਾ।
* ਕਬੱਡੀ ਮੈਦਾਨ ਵਿਚ ਸ਼ਰਾਬ ਪੀ ਕੇ ਅਤੇ ਲੈ ਕੇ ਆਉਣਾ ਮਨ੍ਹਾ ਹੈ।
* ਸੁਰੱਖਿਆ ਦਾ ਸਖਤ ਪ੍ਰਬੰਧ ਕੀਤਾ ਗਿਆ ਹੈ।

**ALCOHOL IS STRICTLY DISCOURAGED**

## == ਹੇਜ਼ ਕਬੱਡੀ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ==

1) ਸੀਪਾ ਚਕਰ ਸਰਪ੍ਰਸਤ
2) ਸੋਨੀ ਬਿਲਗਾ ਪ੍ਰਧਾਨ
3) ਗੁਰਬਚਨ ਭੁੱਲਰ ਬੀਹਲਾ ਚੇਅਰਮੈਨ
4) ਬਲਜਿੰਦਰ ਭਿੰਡਰ ਮੁੱਖ ਪ੍ਰਬੰਧਕ
5) ਪ੍ਰਤਾਪ ਸਿੰਘ ਮੋਮੀ ਡਾਇਰੈਕਟਰ
6) ਕੇਵਲ ਬੁਈਆਂ ਵਾਲਾ ਡਾਇਰੈਕਟਰ
7) ਸੁਰਜਨ ਸਿੰਘ ਭਿੰਡਰ ਡਾਇਰੈਕਟਰ
8) ਜੱਗਾ ਚੀਮਾ ਡਾਇਰੈਕਟਰ
9) ਬੇਅੰਤ ਬਰਾੜ ਡਾਇਰੈਕਟਰ
10) ਸੁਖਵਿੰਦਰ ਸਿੰਘ ਮੋਹਲਾ ਡਾਇਰੈਕਟਰ
11) ਜੋਗਾ ਸਿੰਘ ਢੱਡਵਾੜ ਡਾਇਰੈਕਟਰ
12) ਸੁਰਿੰਦਰ ਪੱਥਰੀਆ ਡਾਇਰੈਕਟਰ
13) ਬਲਵੀਰ ਬੈਂਸ ਸਲਾਹਕਾਰ
14) ਹਰਬੰਤ ਮੱਲੀ ਜਨਰਲ ਸੈਕਟਰੀ
15) ਗੋਪੀ ਮਰੋਕ ਜੁਆਇੰਟ ਸੈਕਟਰੀ
16) ਹਰਵਿੰਦਰ ਕੋਚ ਪੱਤੋ ਖਜ਼ਾਨਚੀ
17) ਹਰਮਨ ਜੰਡੋਲੀ ਖਜ਼ਾਨਚੀ
18) ਸਾਬੀ ਸੀਨੀਅਰ ਮੀਤ ਪ੍ਰਧਾਨ
19) ਸੁਰਜੀਤ ਮੱਲ੍ਹਾ ਮੀਤ ਪ੍ਰਧਾਨ
20) ਦਰਸ਼ੀ ਕਾਉਂਕੇ ਸਲਾਹਕਾਰ
21) ਲਾਡੀ ਸੇਲਬਰਾਹ ਵਾਈਸ ਚੇਅਰਮੈਨ
22) ਵਿੱਕੀ ਬਰਾੜ ਮੀਡੀਆ ਇੰਚਾਰਜ
23) ਕੱਥੂ ਪੱਤੋ ਟੀਮ ਕੋਚ
24) ਤਾਰੀ ਗਗੜਾ ਸਹਾਇਕ ਕੋਚ
25) ਲਾਲਾ ਧੂੜਕੋਟ ਟੀਮ ਮੈਨੇਜਰ
26) ਲਿਕਸੀ ਸਹਾਇਕ ਟੀਮ ਮੈਨੇਜਰ
27) ਪੰਮਾ ਮੈਂਬਰ
28) ਰਾਜਾ ਬੱਸੀਆਂ ਮੈਂਬਰ
29) ਧਰਮਾਂ ਤੂਰ ਮੈਂਬਰ
30) ਮਨਸੁੱਖ ਸਿੰਘ ਮੈਂਬਰ
31) ਸ਼ਿੰਗਾਰਾ ਸਿੰਘ ਮਿਡਵੇ ਮੈਂਬਰ
32) ਮੁਖਤਿਆਰ ਢਿਲੋਂ ਮੈਂਬਰ
33) ਗੁਰਜੰਟ ਸਿੰਘ ਬਾਘਾਪੁਰਾਣਾ ਮੈਂਬਰ
34) ਅਜੀਤ ਸਿੰਘ ਮੈਂਬਰ
35) ਜੀਤਾ ਵਿਰਕ ਮੈਂਬਰ
36) ਪ੍ਰਭਜੋਤ ਸਿੰਘ ਮੈਂਬਰ
37) ਗੋਪੀ ਬਰਾੜ ਮੈਂਬਰ

## ← ਹੇਜ਼ ਕਬੱਡੀ ਕਲੱਬ ਦੇ ਮੈਂਬਰ ਅਤੇ ਸਹਿਯੋਗੀ ਸੱਜਣ: →

ਸੁਰਜਨ ਸਿੰਘ ਭਿੰਡਰ ਮਿਡਵੇ
ਜੋਗਾ ਚੀਮਾ ਮਿਡਵੇ
ਸੋਨੀ ਬਿਲਗਾ
ਸੀਪਾ ਚੱਕਰ
ਪ੍ਰਤਾਪ ਮੋਮੀ
ਰਿੰਟੂ ਵੜੈਚ
ਗੁਰਬਚਨ ਸਿੰਘ ਭੁੱਲਰ ਬੀਹਲਾ
ਕਰਨ ਬੁੱਟਰ
ਬਲਵੀਰ ਰਣੀਆ
ਦਲਵੀਰ ਦੇਦਨਾ
ਲਾਡੀ ਸੇਲਬਰਾਹ
ਹਰਵੰਤ ਮੱਲ੍ਹੀ
ਜੋਗਾ ਧੁਦਵਾਰ
ਬੇਅੰਤ ਬਰਾੜ ਲੰਡੇ
ਹਰਵਿੰਦਰ ਸਿੰਘ ਕੋਚ ਪੱਤੋ
ਹਰਮਨ ਜੰਡੋਲੀ ਰਾਜਪੁਰਾ
ਦਰਸ਼ੀ ਕਾਉਂਕੇ
ਸੀਤਾ ਮੱਲਾ
ਧਰਮਾ ਤੂਰ
ਕੱਥੂ ਪੱਤੋ
ਤਾਰੀ ਗਗੜਾ
ਮਨਸੁੱਖ ਸਿੰਘ
ਸ਼ਿੰਗਾਰਾ ਸਿੰਘ ਮਿਡਵੇ
ਮੁਖਤਿਆਰ ਢਿੱਲੋਂ
ਗੁਰਪ੍ਰੀਤ ਚੰਨਣਵਾਲ
ਅਜੀਤ ਸਿੰਘ
ਮੋਹਣਾ ਬਿਲਗਾ
ਮੁਲਾਗਰ ਸਿੰਘ
ਜੰਟਾ ਬਿਲਾਸਪੁਰ
ਸਟਾਰ ਬਿਲਡਰ
ਰਾਜਾ ਰਾਏਕੋਟ
ਗੋਪੀ ਮਰੋਕ
ਪੰਮਾ
ਹਰਦੀਪ ਜੰਡੀ
ਬਲਜਿੰਦਰ ਬਿੰਦ
ਸੋਨੂ ਬਿੰਦ
ਮਨਜਿੰਦਰ ਭਿੰਡਰ
ਰੂਪੀ ਲੋਪੋ
ਅਮਰਜੋਤ ਸਿੰਘ ਜੋਤੀ
ਸਿਮਰਜੀਤ ਜੌਹਲ
ਟਹਿਲ ਕਿਸ਼ਨਪੁਰਾ
ਨਿਰਮਲ ਸਿੰਘ
ਸਤਨਾਮ ਸਿੰਘ ਗਿੱਲ
ਰਹਿਲ ਬਿਲਡਰ
ਸਰਬਜੀਤ ਸਿੰਘ ਸਾਬੀ
ਅਸ਼ੋਲਕ ਜਨੇਜਾ
ਆਗਿਆਪਾਲ
ਸ਼ਮਸ਼ੇਰ ਸਿੰਘ ਸ਼ੇਰੀ,
ਹਰਪ੍ਰੀਤ ਸਿੰਘ ਰੋਡੇ
ਐਡਵੋਕੇਟ ਇੰਦਰਪ੍ਰੀਤ
ਸੱਚਦੇਵਾ
ਮੋਨਾ ਕੋਕਰੀ ਗਿੱਲ
ਲਖਵਿੰਦਰ ਸਿੰਘ ਕੋਕਰੀ
ਜੁਗਰਾਜ ਕੋਕਰੀ
ਕੁਲਚਾ ਐਕਸਪ੍ਰੈਸ ਟੀਮ
ਸੋਢੀ ਫਤਿਹ ਸਕੇਲਫੋਰਡ
ਸੁਰਿੰਦਰ ਪਠਰੀਆ
ਜੀਤਾ ਵਿਰਕ
ਬਿੱਲਾ
ਲੱਖਾ ਗਰੀਨਫੋਰਡ
ਕਾਲਾ ਰਾਏਕੋਟ
ਪਰਮਜੀਤ ਬਰਾੜ ਲੰਡੇ
ਮਨਦੀਪ ਸਿੰਘ
ਇੰਦਰਪਾਲ ਸਿੰਘ
ਗੁਰਪ੍ਰੀਤ ਮੰਡੇਰ
ਦਲਜੀਤ ਟਹਿਲ
ਸੁੱਖਾ ਗਰਚਾ
ਸੱਤੂ ਉਪਲ
ਹੈਰੀ ਯੂ ਕੇ
ਰਿੰਕਾ ਉਪਲ
ਪ੍ਰਭਜੋਤ ਸਿੰਘ
ਮੰਗਲ ਗਰੇਵਾਲ
ਕਰਨਜੀਤ ਸਿੰਘ
ਚੰਨੀ ਸਿੰਘ
ਗੁਰਬਿੰਦਰ ਸਿੰਘ
ਅਕਾਸ਼ਦੀਪ ਸਿੰਘ
ਅੰਕੁਸ ਸੋਨੀ
ਤੇਜਪਾਲ ਤੇਜ ਸੱਜਾਵਾਲ
ਲਾਲਾ ਧੂਰਕੋਟ
ਲੈਕਸੀ
ਕਮਲ ਧਾਲੀਵਾਲ
ਤੀਰਥ ਸਿੰਘ
ਗੁਰਪ੍ਰੀਤ ਸਿੰਘ
ਸਿੰਘ ਸਟੀਲ
ਰਮਨ ਭੈਣੀ
ਹੀਬਰੋ ਕੰਕਰੀਟ
ਸੇਵ ਕੰਕਰੀਟ
ਬੀਰਾ ਹੈਨਵਰਥ ਹੀਟਿੰਗ
ਹਰਗੋਪਾਲ ਪਲੰਬਿੰਗ

## ਜਾਰੀ ਕਰਤਾ: ਹੇਜ਼ ਕਬੱਡੀ ਕਲੱਬ ਲੰਡਨ

**ਵਧੇਰੇ ਜਾਣਕਾਰੀ ਲਈ : ਬਲਜਿੰਦਰ ਸਿੰਘ ਭਿੰਡਰ 07878 938918**

# ਗੁਰੁ ਅੰਗਦ ਗੁਰ ਅੰਗੁ ਤੇ

## ਕਿਸ਼ਤ 32




- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743


3 ਸਾਲ ਬਾਦ 1593 ਬਿਕ੍ਰਮੀ/1536 ਈ. ਨੂੰ ਸ੍ਰੀ ਮੋਹਨ ਅਰ ਫਿਰ 1596 ਬਿਕ੍ਰਮੀ/ 1539 ਈ. ਨੂੰ ਸ੍ਰੀ ਮੋਹਰੀ ਨੇ ਜਨਮ ਲਿਆ। ਸਮਾਂ ਬੀਤਦਾ ਗਿਆ। ਇਸ ਦੌਰਾਨ ਕੱਤਕ ਮਹੀਨੇ 1590 ਬਿ./ 1533ਈ. ਨੂੰ ਪਿਤਾ ਸ੍ਰੀ ਤੇਜ ਭਾਨ ਜੀ ਚਲਾਣਾ ਕਰ ਗਏ ਸਨ। ਉਨ੍ਹਾਂ ਦੀਆਂ ਅਸਥੀਆਂ ਲੈ ਕੇ ਸ੍ਰੀ ਅਮਰਦਾਸ ਜੀ ਫਗਣ ਮਹੀਨੇ ਵਿਚ ਪਹਿਲੀ ਵਾਰ ਹਰਿਦੁਆਰ ਗਏ।ਇਥੇ ਇਨ੍ਹਾਂ ਨੂੰ ਬਾਬਾ ਸ੍ਰੀ ਚੰਦ ਜੀ ਦਾ ਇਕ ਸੇਵਕ ਹਰੀਰਾਮੁ ਮਿਲਿਆ ਜਿਸ ਨੇ ਇਨ੍ਹਾਂ ਕੋਲ ਗੁਰੂ ਨਾਨਕ ਸਾਹਿਬ ਜੀ ਦੀ ਬਹੁਤ ਸਿਫ਼ਤ ਕੀਤੀ ਅਰ ਇਨ੍ਹਾਂ ਬਾਣੀ ਵੀ ਸੁਣੀ, ਮਨ ਬਹੁਤ ਪ੍ਰਭਾਵਿਤ ਹੋਇਆ ਪਰ, ਕਰਤਾਰਪੁਰ ਨਹੀਂ ਜਾ ਸਕੇ ਅਰ ਵਾਪਸ ਘਰ ਬਾਸਰ ਕੇ ਆ ਗਏ ਜਿਥੇ ਕੰਮੀਂ ਕਾਰੀਂ ਰੁੱਝ ਗਏ।

**ਬੀਬੀ ਅਮਰੋ ਜੀ**

ਬਾਬਾ ਤੇਜ ਭਾਨ ਜੀ ਦੇ ਚਾਰ ਪੁੱਤ੍ਰ ਸਨ ਇਨ੍ਹਾਂ ਵਿਚੋਂ ਸਭ ਤੋਂ ਛੋਟੇ ਸ੍ਰੀ ਮਾਣਕ ਚੰਦ ਜੀ ਦੇ ਸਪੁਤ੍ਰ ਜੱਸੂ ਜੀ/ਰਾਮ ਜੀ ਮੱਲ ਨਾਲ ਪਾਵਨ ਸ੍ਰੀ ਲਹਿਣਾ ਜੀ ਦੀ ਸਪੁਤ੍ਰੀ ਬੀਬੀ ਅਮਰੋ (ਜਨਮ 1589 ਬਿ./1532 ਈ.) ਦਾ ਰਿਸ਼ਤਾ ਤਹਿ ਹੋਇਆ ਅਰ ਵੈਸਾਖ ਮਹੀਨੇ 1596 ਬਿ./1539ਈ. ਨੂੰ ਇਨ੍ਹਾਂ ਦਾ ਵਿਆਹ ਹੋ ਗਿਆ। ਮੁਕਲਾਵਾ 1598 ਬਿਕਰਮੀ/1541ਈ. ਨੂੰ ਤੋਰਿਆ ਗਿਆ ਭਾਵ ਬੀਬੀ ਜੀ ਆਪਣੇ ਸਹੁਰੇ ਆ ਕੇ ਰਹਿਣ ਲੱਗੇ। ਇਸ ਤੋਂ ਤਿੰਨ ਸਾਲ ਬਾਦ ਇਕ ਦਿਨ ਅੰਮ੍ਰਿਤ ਵੇਲੇ ਸ੍ਰੀ ਅਮਰਦਾਸ ਜੀ ਨੂੰ ਇਨ੍ਹਾਂ ਕੋਲੋਂ ਗੁਰੂ ਕਾ ਸ਼ਬਦ ਕੰਨੀਂ ਪਿਆ।

ਸਾਡਾ ਇਤਿਹਾਸ ਗੁਰੂ ਪੁੱਤਰਾਂ ਦਾਸ ਅਤੇ ਦਾਤਾ ਜੀ ਦੇ ਅਮੋੜ ਸੁਭਾਵਾਂ ਬਾਰੇ ਜਿੰਨਾ ਲਿਖਦਾ ਹੈ ਓਨਾ ਗੁਰੂ-ਪੁੱਤਰੀ ਅਮਰੋ ਜੀ ਦੇ ਸਿੱਖੀ ਸਿਦਕ ਅਰ ਭਗਤਿ-ਭਾਵਨਾ ਦੀ ਚਰਚਾ ਨਹੀਂ ਕਰਦਾ। ਇਥੇ ਅਸੀਂ ਸੰਖੇਪ ਵਿਚ ਇਤਨਾ ਹੀ ਕਹਿ ਸਕਦੇ ਹਾਂ ਕਿ ਬੀਬੀ ਜੀ ਮਾਤਾ-ਪਿਤਾ ਦੀ ਆਗਿਆਕਾਰੀ, ਸੀਲ-ਸੁਭਾਅ, ਭਗਤੀ-ਭਾਵਨਾ ਵਾਲੀ ਸਿੱਖੀ ਸਿਦਕ ਨਾਲ ਓਤ-ਪੋਤ ਇਕ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਨਾ ਕੇਵਲ ਆਪਣੇ ਮਾਤਾ ਪਿਤਾ ਅਰ ਸਹੁਰਿਆਂ ਦਾ ਨਾਮਣਾ ਹੋਰ ਚਮਕਾਇਆ, ਇਹ ਗੁਰਸਿੱਖੀ ਦੇ ਥੰਮ ਪ੍ਰਚਾਰਕ ਵੀ ਹੋਏ। ਬੰਸਾਵਲੀਨਾਮਾ ਅਨੁਸਾਰ ਇਹ ਅੰਮ੍ਰਿਤ ਵੇਲੇ ਜਾਗ ਸੁਚੇਤ ਹੋ ਕੇ ਰੋਜ਼ਾਨਾ 'ਜਪੁ ਸਾਹਿਬ' ਤੋਂ ਇਲਾਵਾ 'ਓਅੰਕਾਰ' ਸਾਹਿਬ ਵਰਗੀਆਂ ਲੰਮੇਰੀਆਂ ਬਾਣੀਆਂ ਅਤੇ ਹੋਰ ਸ਼ਬਦਾਂ ਦਾ ਵੀ ਜ਼ਬਾਨੀ ਪਾਠ ਕਰਨ ਵਾਲੇ ਸਨ ਅਰ ਇਸ ਸਮੇਂ ਇਨ੍ਹਾਂ ਦੀ ਆਰਬਲਾ ਕੇਵਲ 12 ਵਰ੍ਹਿਆਂ ਦੀ ਸੀ। ਇਸ ਨੁਕਤੇ 'ਤੇ ਜਿੰਨਾ ਵੀ ਅਸੀਂ ਡੂੰਘਾਈ ਨਾਲ ਵਿਚਾਰ ਕਰਾਂਗੇ, ਓਨਾ ਹੀ ਇਹ ਸਾਨੂੰ ਹੋਰ ਮਹਾਨ ਨਜ਼ਰ ਆਉਣਗੇ। ਮਹਿਮਾ ਪ੍ਰਕਾਸ਼ ਦੇ ਲਿਖਾਰੀ ਜੀ ਅਨੁਸਾਰ ਮਾਤਾ ਖੀਵੀ ਦੀ ਕੁੱਖ ਨੂੰ ਭਾਗ ਲਾਉਣ ਵਾਲੀ ਇਹ ਧੀ ਗੁਰੂ ਅੰਗਦ ਜੀ ਦੇ ਘਰ ਹਰਿ-ਭਗਤਿ ਦਾ ਰੂਪ ਜਨਮੀ:

ਸ੍ਰੀ ਅੰਗਦ ਜੀ ਕੀ ਸੁਤਾ
ਬੀਬੀ ਅਮਰੋ ਨਾਮ।
ਹਰਿ ਨਿਜ ਭਗਤੀ ਬਪੁ ਧਰਿਓ
ਉਤਰੀ ਸਤਿਗੁਰ ਧਾਮ।32॥
ਗ੍ਰਿਹ ਧੰਧਾ ਸਭ ਸਿਧ ਕਰੇ
ਪਿਛਲੀ ਰਾਤ੍ਰ ਜਬ ਹੋਇ।
ਸਤਿਗੁਰ ਬਾਨੀ ਮੁਖ ਪੜੇ
ਕਰ ਸੋਂ ਦਹੀਂ ਬਿਲੋਇ।35॥
ਗੁਰੂ ਬਾਬੇ ਜੀ ਕਾ ਸ਼ਬਦ ਇਹੁ
ਮੁਖ ਬੀਬੀ ਕੀਓ ਉਚਾਰ।
ਵੈਰਾਗ ਭਗਤ ਪੂਰਨ ਤਹਾ
ਮੁਕਤ ਦੁਆਰ ਮੁਖ ਸਾਰੁ।40॥9॥
ਕਰਣੀ ਕਾਗਦੁ ਮਨੁ ਮਸਵਾਣੀ
ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ
ਚਲੀਐ ਤਉ ਗੁਣ ਨਾਹੀ ਅੰਤੁ ਹਰੇ॥1॥
ਚਿਤ ਚੇਤਸਿ ਕੀ ਨਹੀ ਬਾਵਰਿਆ॥
ਹਰਿ ਬਿਸਰਤ ਤੇਰੇ ਗੁਣ ਗਲਿਆ॥1॥
ਰਹਾਉ॥
ਜਾਲੀ ਰੈਨਿ ਜਾਲੁ ਦਿਨੁ ਹੂਆ
ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ
ਨਿਤ ਫਾਸਹਿ ਛੂਟਸਿ ਮੂੜੇ
ਕਵਨ ਗੁਣੀ॥2॥
ਕਾਇਆ ਆਰਣੁ ਮਨੁ ਵਿਚਿ ਲੋਹਾ
ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ
ਮਨੁ ਜਲਿਆ ਸੰਨ੍ਹੀ ਚਿੰਤ ਭਈ॥3॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ
ਤਉ ਨਾਨਕ ਤ੍ਰਿਸਟਸਿ ਦੇਹਾ॥4॥3॥
ਗ.ਗ੍ਰ.ਸਾ. ਪੰਨਾ 990

ਇਉਂ ਜਾਪਦਾ ਹੈ ਕਿ ਸ਼ਬਦ ਨੇ ਹਿਰਦੇ 'ਤੇ ਗਹਿਰੀ ਚੋਟ ਕੀਤੀ। ਇਨ੍ਹਾਂ ਨੇ ਬੀਬੀ ਜੀ ਨੂੰ ਕਿਹਾ:

ਹੇ ਪੁੱਤਰੀ! ਅਬ ਫੇਰ ਪਢਿ ਮੁਝ ਦੇਹੁ ਸੁਨਾਈ। (ਧੀਏ! ਇਕ ਵਾਰ ਫਿਰ ਪੜ੍ਹ)
ਮਰਯੋ ਹੁਤੋ ਮੈਂ ਸੁਧਾ ਕੀ ਬੂੰਦੈ
ਮੁਖਿ ਪਾਈ।...8॥15॥
(ਮੇਰੇ ਮਰੇ ਹੋਏ ਦੇ ਮੂੰਹ ਵਿਚ ਅੰਮ੍ਰਿਤ ਚੋਅ ਦਿੱਤਾ ਹੈ) ਗੁ.ਪ੍ਰ.ਸੂ. ਰਾਸਿ ਪਹਿਲੀ

ਮਧੁਰ ਗਲੇ ਨਾਲ ਬੀਬੀ ਜੀ ਨੇ ਜਦੋਂ ਫਿਰ ਸੁਣਾਇਆ ਤਾਂ ਬਾਬਾ ਜੀ ਝੂਮ ਉੱਠੇ। ਪੁੱਛਣ ਲੱਗੇ,

'ਇਹ ਬਿਸ਼ਨਪਦਾ ਕਿਸ ਦਾ ਹੈ'? ਬੀਬੀ ਅਮਰੋ ਜੀ ਦੱਸਿਆ,

'ਇਹ ਗੁਰੂ ਬਾਬਾ ਨਾਨਕ ਜੀ ਦਾ ਉਚਾਰਣ ਕੀਤਾ ਹੋਇਆ ਹੈ'।

ਤਬ ਬੀਬੀ ਅਮਰੋ ਕਹਿਯੋ ਸੁਨਾਇ।
ਗੁਰੂ ਨਾਨਕ ਜੀ ਕਾ ਬਿਸਨ ਪਦ ਗਾਇ।
ਮਮ ਪਿਤਾ ਅਗ੍ਰ ਬਲਵੰਡ ਨਿਤ ਗਾਇਆ।
ਮੈ ਸੁਨਿਓ ਤਹਾ ਤੇ ਹੀਏ
ਬਸਾਇਆ।43॥9॥ ਮਹਿਮਾ ਪ੍ਰਕਾਸ਼

'ਗੁਰੂ ਨਾਨਕ ਕਰਤਾਰਪੁਰ ਵਾਲੇ'? ਬਾਬਾ ਜੀ ਨੇ ਤਸੱਲੀ ਕਰਨੀ ਚਾਹੀ।

'ਹਾਂ ਜੀ! ਓਹੀ'। ਬੀਬੀ ਜੀ ਨੇ ਉੱਤਰ ਦਿੱਤਾ।

'ਮੈਂ ਉਨ੍ਹਾਂ ਦੇ ਦਰਸ਼ਨ ਕਿਵੇਂ ਕਰ ਸਕਦਾ ਹਾਂ'? ਅਗਲਾ ਪ੍ਰਸ਼ਨ ਹੋਇਆ ਤਾਂ ਬੀਬੀ ਜੀ ਨੇ ਵਿਸਥਾਰ ਨਾਲ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਹ ਜੋਤੀ-ਜੋਤਿ ਸਮਾ ਗਏ ਹਨ ਅਰ ਇਸ ਸਮੇਂ ਉਨ੍ਹਾਂ ਦੇ ਪਿਤਾ ਜੀ ਗੁਰੂ ਅੰਗਦ ਸਾਹਿਬ ਦੇ ਰੂਪ ਵਿਚ ਖਡੂਰ ਸਾਹਿਬ ਵਿਖੇ ਸੰਗਤਾਂ ਦੀ ਸੰਭਾਲ ਕਰ ਰਹੇ ਹਨ। ਬਾਬਾ ਜੀ ਨੇ ਜਦੋਂ ਉਨ੍ਹਾਂ ਦੇ ਦਰਸ਼ਨ ਕਰਨ ਦੀ ਤਾਂਘ ਪ੍ਰਗਟ ਕੀਤੀ ਤਾਂ ਬੀਬੀ ਜੀ ਕਿਹਾ,

'ਹੁਣ ਜਦੋਂ ਪਿਤਾ ਜੀ ਨੂੰ ਮਿਲਣ ਗਈ ਤਾਂ ਤੁਹਾਨੂੰ ਵੀ ਨਾਲ ਲੈ ਜਾਵਾਂਗੀ'। ਸੁਣ ਕੇ ਧਰਵਾਸ ਹੋਇਆ ਅਰ ਇਸ ਘਟਨਾ ਤੋਂ ਬਾਦ ਜਲਦੀ ਹੀ ਉਨ੍ਹਾਂ ਨਾਲ ਸ੍ਰੀ ਅਮਰਦਾਸ ਜੀ ਸੰਮਤ 1601 ਬਿ./1544 ਈ. ਨੂੰ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਕਰਨ ਖਡੂਰ ਸਾਹਿਬ ਪਹੁੰਚ ਗਏ।

ਬੀਬੀ ਪੜ੍ਹਦੀ ਸਬਦੁ ਅਮਰਦਾਸ ਸੁਣਿਆ।
ਬਚਨਾਂ ਕੇ ਸਰਿ ਲਗੇ ਹਿਰਦਾ ਗਇਆ
ਪੁਣਿਆ।19॥
ਸੰਮਤ ਸੋਲਾਂ ਸੈ ਇਕ ਭਇਆ ਮਿਲਾਪ।
ਅਠ ਨਉ ਸਾਲ ਟਹਲ ਕੀਨੀ ਤਜਿਆ
ਅਪਨਾ ਆਪਿ।..ਬੰਸਾਵਲੀਨਾਮਾ

**ਮਿਹੜੇ ਦਾ ਬ੍ਰਾਹਮਣ**

ਸਾਡੇ ਇਤਿਹਾਸਕਾਰ ਵਰਨਣ ਕਰਦੇ ਹਨ ਕਿ ਹੁਣ ਤਕ ਬਾਬਾ ਅਮਰਦਾਸ ਜੀ ਦੇ ਜੀਵਨ ਵਿਚ ਦੋ ਹੋਰ ਘਟਨਾਵਾਂ ਵੀ ਵਾਪਰੀਆਂ।ਸੰਭਵ ਹੈ ਇਹ ਦੋਵੇਂ ਘਟਨਾਵਾਂ 1597 ਬਿਕਰਮੀ/1540 ਈਸਵੀ ਨੂੰ ਤਦੋਂ ਵਾਪਰੀਆਂ ਜਦੋਂ ਆਪ ਜੀ ਹਰਿਦੁਆਰ ਤੋਂ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਅੰਬਾਲੇ ਦੇ ਨੇੜੇ ਪਿੰਡ ਮਿਹੜੇ ਇਕ ਧਰਮਸਾਲ ਵਿਚ ਰੁਕੇ। ਇਥੇ ਮੰਜੇ ਬਿਸਤਰੇ ਦੇ ਨਾਲ ਭੋਜਨ-ਪਾਣੀ ਦੀ ਸਹੂਲਤ ਵੀ ਸੀ। ਇਹ ਧਰਮਸਾਲ ਦੁਰਗਾ ਭੰਭੀ (ਸਾਰਸੁਤ) ਨਾਮ ਦੇ ਇਕ ਬ੍ਰਾਹਮਣ ਦੀ ਸੀ ਜੋ ਹੱਥ-ਰੇਖਾ ਗਣਿਤ (ਸਾਮੁਦ੍ਰਿਕ) ਦੀ ਚੰਗੀ ਸੋਝੀ ਰੱਖਦਾ ਸੀ।ਉਸ ਦੀ ਧਰਮਸਾਲ ਵਿਚ ਆਰਾਮ ਕਰ ਕੇ ਅੱਗੇ ਬਾਸਰ ਕੇ ਨੂੰ ਰਵਾਨਾ ਹੋਣ ਲਗਿਆਂ ਇਨ੍ਹਾਂ ਉਸ ਦਾ ਕਿਰਾਇਆ ਦੇਣਾ ਚਾਹਿਆ ਤਾਂ ਉਸ ਨੇ ਇਹ ਕਹਿ ਕੇ ਹੈਰਾਨ ਕਰ ਦਿੱਤਾ,

'ਮੈਂ ਹੁਣ ਕੁਝ ਨਹੀਂ ਲੈਣਾ ਪਰ, ਵਾਅਦਾ ਕਰ ਦਿਉ ਕਿ ਯੋਗ ਸਮਾਂ ਆਉਣ 'ਤੇ ਜਦੋਂ ਮੈਂ ਮੰਗਾਂ ਤੁਸੀਂ ਦਿਉਗੇ'। ਸੁਣ ਕੇ ਹੈਰਾਨ ਹੁੰਦਿਆਂ ਇਨ੍ਹਾਂ ਕਿਹਾ,

'ਪੰਡਤ ਜੀ! ਸਾਨੂੰ ਕੁਝ ਸਮਝ ਨਹੀਂ ਆਇਆ ਤੁਸੀਂ ਕੀ ਕਹਿ ਰਹਿ ਓ'?

'ਮੈਂ ਹਸਤਰੇਖਾ ਦਾ ਹਿਸਾਬ ਬਹੁਤ ਜਾਣਦਾ ਹਾਂ', ਦੁਰਗਾ ਕਹਿ ਰਿਹਾ ਸੀ, 'ਤੁਹਾਡੇ ਆਰਾਮ ਕਰਦਿਆਂ ਜਦੋਂ ਮੇਰਾ ਧਿਆਨ ਤੁਹਾਡੇ ਪੈਰਾਂ ਦੀਆਂ ਰੇਖਾਵਾਂ ਵੱਲ ਗਿਆ ਤਾਂ ਮੈਂ ਦੰਗ ਰਹਿ ਗਿਆ ਕਿ ਅਜਿਹੀਆਂ ਰੇਖਾਵਾਂ ਤਾਂ ਬਹੁਤ ਖ਼ਾਸ ਵਿਅਕਤੀਆਂ ਦੇ ਹੁੰਦੀਆਂ ਹਨ'।

'ਖ਼ਾਸ ਤੋਂ ਤੁਹਾਡਾ ਕੀ ਭਾਵ ਹੈ'? ਬਾਬਾ ਜੀ ਨੇ ਸੁਆਲ ਕੀਤਾ ਤਾਂ ਦੁਰਗਾ ਕਹਿਣ ਲੱਗਾ,



'ਜੀ! ਅਜਿਹੀਆਂ ਰੇਖਾਵਾਂ ਨੂੰ ਪਦਮ/ਕਮਲ/ਬਾਰਿਜ ਆਖਿਆ ਜਾਂਦਾ ਹੈ ਅਰ ਜਿਸ ਦੇ ਹੱਥਾਂ ਜਾਂ ਪੈਰਾਂ ਵਿਚ ਹੋਵੇ, ਉਹ ਚੱਕ੍ਰਵਰਤੀ ਰਾਜਾ ਜਾਂ ਅਵਤਾਰ ਹੁੰਦਾ ਹੈ'। ਇਹ ਸੁਣ ਆਪ ਜੀ ਹੱਸ ਪਏ ਤੇ ਆਖਣ ਲੱਗੇ,

'ਅਜਿਹਾ ਕੁਝ ਨਹੀਂ ਹੈ ਤੁਹਾਡਾ ਜੋ ਬਣਦਾ ਹੈ, ਹੁਣੇ ਲੈ ਲਵੋ'। ਸੁਣ ਕੇ ਦੁਰਗਾ ਕਹਿਣ ਲੱਗਾ,

'ਜੀ! ਮੈਨੂੰ ਆਪਣੀ ਵਿਦਿਆ 'ਤੇ ਵਿਸ਼ਵਾਸ਼ ਹੈ, ਜੇ ਅੱਜ ਨਹੀਂ ਤਾਂ ਭਲਕੇ ਅਜਿਹਾ ਜ਼ਰੂਰ ਵਰਤੇਗਾ। ਤੁਸੀਂ ਬੱਸ ਚੇਤਾ ਰੱਖਣਾ ਕਿ ਓਦੋਂ ਜੋ ਮੰਗਾਂ ਤੁਸੀਂ ਦਿਉਗੇ'। ਇਨ੍ਹਾਂ ਕਿਹਾ,

'ਜਿਵੇਂ ਠੀਕ ਸਮਝੋ'।

ਇਉਂ ਕਹਿ ਕੇ ਆਪ ਜੀ ਘਰ ਨੂੰ ਰਵਾਨਾ ਹੋ ਗਏ।

ੳ. ਤਬ ਸਾਹਿਬ ਜਬ ਜਾਗੇ ਤਬ ਤਿਆਰ ਹੋ ਕਰ ਘਰ ਕੋ ਚਲੇ। ਤਬ ਦੁਰਗੋ ਭੰਭੀ ਸੋ ਬਿਦਾ ਹੋਨੇ ਲਗੇ। ਤਬ ਦੁਰਗੋ ਨੇ ਕਹਾ- ਜੋ ਹਮ ਮੰਗੇਗੇ ਸੋ ਮਿਲੇਗਾ? ਤਬ ਸਾਹਿਬ ਕਹਿਆ- ਜੋ ਹਮਾਰੇ ਪਾਸ ਹੋਵੈਗਾ ਸੋ ਦੇਵੈਗਾ। ਤਬ ਦੁਰਗੋ ਕਹਿਆ- ਜੋ ਤੁਮਾਰੀ ਜਿਭਉ (ਜ਼ਬਾਨ/ਵਾਅਦਾ) ਹੋਇ। ਤਬ ਜੋ ਮਾਂਗੇਗੇ ਸੋ ਤੁਮ ਦੇਵਾ। ਤਬ ਬਚਨ ਹੋਇਆ-ਸੋ ਦੇਵੇਗੇ। ਤਬ ਘਰ ਕੋ ਚਲੇ। ਮਹਿਮਾ ਪ੍ਰਕਾਸ਼ (ਵਾਰਤਕ)

ਅ. ਦਿਜ ਭਾਖਯੋ 'ਤੁਮ ਪਦ ਪਦਮ ਪਦਮਾਪਤਿ ਜੈਸੇ।(ਬ੍ਰਹਮਣ ਨੇ ਕਿਹਾ 'ਤੁਹਾਡੇ ਪੈਰ ਵਿਚ ਵਿਸ਼ਨੂੰ ਵਾਂਗ ਕਮਲ ਦਾ ਚਿੰਨ੍ਹ ਹੈ)
ਅਤਿ ਉੱਤਮ ਲੱਛਨ ਇਹੀ ਫ਼ਲ ਭਯੋ ਨ ਕੈਸੇ! (ਇਹ ਬਹੁਤ ਉੱਤਮ ਚਿੰਨ ਅਜੇ ਤਕ ਵੀ ਪ੍ਰਗਟਿਆ ਨਹੀਂ!)
ਤਉ ਅਗਾਰੀ ਹੋਹਿਗੋ ਪ੍ਰਭੁ ਜੋਤਿ ਮਿਲੈ ਹੈ। (ਤਾਂ ਹੁਣ ਜ਼ਰੂਰ ਰੱਬੀ ਜੋਤ ਦੇ ਮਾਲਕ ਹੋਵੋਗੇ)
ਚੱਕ੍ਰਵਰਤਿ ਰਾਜਾ ਕਿਧੌਂ ਕਿਸ ਕਾਲ ਬਨੈ ਹੈ।23॥(ਜਾਂ ਚਕ੍ਰਵਰਤੀ ਰਾਜਾ ਕਿਸੇ ਸਮੇਂ ਵੀ ਤੁਸੀਂ ਹੋ ਸਕਦੇ ਓ)
ਨਿਰਸੰਸੈ ਮਮ ਬਾਰਤਾ ਨਿਸ਼ਚੈ ਕਰਿ ਲੀਜੈ।(ਬਿਨਾਂ ਸ਼ੰਕਾ ਮੇਰੇ ਕਹੇ ਤੇ ਭਰੋਸਾ ਕਰਨਾ)
ਐਸ਼ਵਰਜ ਹੋਇ ਤ ਜਾਚ ਹੌਂ ਤਬਹੂੰ ਤੁਮ ਦੀਜੈ'। (ਜਦੋਂ ਅਜਿਹਾ ਹੋਇਆ ਤਾਂ ਮੈਨੂੰ ਮੂੰਹ ਮੰਗਿਆ ਦੇਣਾ')

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

ਡਾ. ਅਮਨਪ੍ਰੀਤ ਸਿੰਘ ਬਰਾੜ
9653790000

# ਪੰਜਾਬ ਦੇ ਦਰਿਆਈ ਪਾਣੀ ਅਤੇ ਸਿਆਸਤ

**ਸਭ ਤੋਂ ਵੱਡੀ ਗੱਲ ਹਰਿਆਣਾ ਸਭ ਤੋਂ ਜਿਆਦਾ ਰੋਲਾ ਪਾਉਂਦਾ ਹੈ ਪਰ ਉਸ ਦਾ ਨਹਿਰਾਂ ਨਾਲ ਸਿੰਚਾਈ ਹੇਠ ਰਕਬਾ 45 ਪ੍ਰਤੀਸ਼ਤ ਹੈ ਜਦ ਕਿ ਪੰਜਾਬ ਵਿਚ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਨਹਿਰਾਂ ਨਾਲ ਸਿੰਚਾਈ ਹੋ ਰਹੀ ਹੈ। ਏਸੇ ਤਰ੍ਹਾਂ ਰਾਜਸਥਾਨ ਜੋ ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਲਈ ਬੈਠਾ ਉਥੇ ਵੀ 25.08 ਫੀਸਦੀ ਰਕਬਾ ਨਹਿਰਾਂ ਨਾਲ ਸਿੰਜਿਆ ਜਾਂਦਾ ਹੈ। ਤਰਾਸਦੀ ਇਹ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆ ਰਾਜਸਥਾਨ ਨੂੰ ਦਿੱਤੇ ਹਿੱਸੇ ਦਾ ਜ਼ਿਕਰ ਨਹੀਂ ਕਰਦੀਆ ਭਾਵੇਂ ਕਿ ਉਹ ਕਾਨੂੰਨੀ ਤੌਰ ਤੇ ਬੂੰਦ ਵੀ ਪਾਣੀ ਨਹੀਂ ਲੈ ਸਕਦਾ।**






ਪਾਣੀ ਦੀ ਸਾਡੇ ਜੀਵਨ ਵਿੱਚ ਕਿੰਨੀ ਮਹੱਤਤਾ ਹੈ ਇਸ ਗੱਲ ਦਾ ਅੰਦਾਜ਼ਾ ਹੇਠ ਲਿਖੇ ਵਿਸ਼ਲੇਸ਼ਣ ਤੋਂ ਲਾਇਆ ਜਾ ਸਕਦਾ ਹੈ। ਪਹਿਲਗਾਮ ਦੀ ਮੰਦਭਾਗੀ ਘਟਨਾ ਤੋਂ ਤੁਰੰਤ ਬਾਅਦ ਭਾਰਤ ਸਰਕਾਰ ਨੇ ਸਿੰਧੂ ਜਲ ਸੰਧੀ ਮੁਅੱਤਲ ਕਰਨ ਦਾ ਫੈਸਲਾ ਕੀਤਾ ਜੋ 1960 ਤੋਂ ਚਲੀ ਆ ਰਹੀ ਸੀ। ਉੱਧਰ ਨਾਲ ਹੀ ਗੁਆਂਢੀ ਦੇਸ਼ ਦੇ ਲੀਡਰਾਂ ਨੇ ਵੀ ਖੂਨ ਅਤੇ ਜੰਗ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ ਸਾਰੀ ਦੁਨੀਆ ਜਾਣਦੀ ਹੈ ਕਿ ਜੰਗ ਵਿੱਚ ਦੋਨਾਂ ਧਿਰਾਂ ਦਾ ਨੁਕ-ਸਾਨ ਹੁੰਦਾ ਹੈ। ਜੰਗ ਸ਼ੁਰੂ ਕਰਨੀ ਇੱਕ ਧਿਰ ਦੇ ਵੱਸ ਹੁੰਦੀ ਹੈ ਪਰ ਬੰਦ ਕਰਨੀ ਉਸ ਦੇ ਵੱਸ ਨਹੀਂ ਰਹਿੰਦੀ। ਰੂਸ ਅਤੇ ਯੂਕਰੇਨ ਦੀ ਜੰਗ ਦਾ ਸਭ ਨੂੰ ਪਤਾ ਹੈ ਕਿ ਕੁੱਝ ਦਿਨਾਂ ਤੋਂ ਵੱਧਦੀ ਸਾਲਾਂ ਤੱਕ ਪਹੁੰਚ ਗਈ। ਉੱਧਰ ਪਾਣੀ ਪਿੱਛੇ ਪੰਜਾਬ ਤੇ ਹਰਿਆਣਾ ਆਪਿਸ ਵਿੱਚ 1966 ਤੋਂ ਹੀ ਉਲਝੇ ਫਿਰਦੇ ਹਨ। ਕਿਸਾਨੀ ਅੰਦੋਲਨ ਵੇਲੇ ਵੀ ਸਿਆਸਤਦਾਨਾਂ ਨੇ ਦੋਹਾਂ ਸੂਬਿਆਂ ਦੇ ਕਿਸਾਨਾਂ ਵਿਚਾਲੇ ਇਹ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ ਪਰ ਦਿੱਲੀ ਦੀਆਂ ਬਰੂਹਾਂ ਤੇ ਬੈਠੇ ਕਿਸਾਨਾਂ ਨੇ ਇਸ ਚਾਲ ਨੂੰ ਨਕਾਰ ਦਿੱਤਾ। ਹੁਣ ਇਹ ਮੁੱਦਾ ਕਿਸਾਨਾਂ ਦੀ ਬਜਾਏ ਸਾਰੀ ਅਬਾਦੀ ਦਾ ਬਣਾ ਦਿੱਤਾ ਕਿ ਮਨੁੱਖਤਾ ਦੇ ਅਧਾਰ ਤੇ ਪੀਣ ਲਈ ਵੱਧ ਪਾਣੀ ਪੰਜਾਬ ਦੇ ਹਿੱਸੇ ਵਿੱਚੋਂ ਦਿੱਤਾ ਜਾਵੇ। ਭਲਾ ਸੋਚੋ ਸੂਬੇ ਦੀ ਸਰਕਾਰ, ਅਧਿਕਾਰੀ ਅਤੇ ਇੰਜਨੀਅਰ ਏਨੇ ਅਣਜਾਣ ਹਨ ਕਿ ਉਹ ਆਪਣੇ ਹਿੱਸੇ ਵਿੱਚੋਂ ਪੀਣ ਲਈ ਪਾਣੀ ਨਹੀਂ ਰੱਖ ਸਕੇ। ਉੱਧਰ ਦੋਨਾਂ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਨੇ ਰਲ ਕੇ ਆਪਣੇ ਸੂਬੇ ਦੇ ਹੱਕ ਵਿੱਚ ਮਤੇ ਪਾਏ ਹਨ। ਤਰਾਸਦੀ ਵੇਖੋ ਹਰਿਆਣੇ ਵਾਲੇ ਕਹਿੰਦੇ ਅਸੀਂ ਆਪਣੇ ਹਿੱਸੇ ਤੋਂ ਵੱਧ ਪਾਣੀ ਲੈਣ ਲਈ ਅਦਾਲਤ ਜਾਵਾਂਗੇ। ਗੱਲ ਕੀ ਸਰਕਾਰਾਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਹਟਾਉਣ ਲਈ ਜਦੋਂ ਲੋੜ ਪੈਂਦੀ ਹੈ ਪਾਣੀ ਦਾ ਮੁੱਦਾ ਚੁੱਕ ਲੈਂਦੀਆਂ ਹਨ ਕਿਉਂ ਕਿ ਜੀਵਨ ਵਿੱਚ ਪਾਣੀ ਦੀ ਮਹੱਤਤਾ ਸਭ ਤੋਂ ਜ਼ਿਆਦਾ ਹੈ।

ਜਦੋਂ ਰੌਲਾ ਪੈਂਦਾ ਹੈ, ਹਰ ਪਾਰਟੀ ਦਾ ਇਕੋ ਰਾਗ ਹੀ ਹੁੰਦਾ ਹੈ ਅਸੀਂ ਪਾਣੀ ਦੀ ਬੂੰਦ ਨਹੀ ਦੇਣੀ, ਪਰ ਸਵਾਲ ਇੱਥੇ ਇਹ ਹੈ ਕਿ ਪੰਜਾਬ ਦਾ 70 ਪ੍ਰਤੀਸ਼ਤ ਪਾਣੀ ਪਹਿਲਾਂ ਹੀ ਸੂਬੇ ਤੋਂ ਬਾਹਰ ਜਾ ਰਿਹਾ ਹੈ, ਫਿਰ ਬੂੰਦ ਦਾ ਸਵਾਲ ਕਿਥੇ ਰਹਿ ਗਿਆ। ਇਸ ਵੇਲੇ ਪੰਜਾਬ ਦੇ ਕੋਲ ਜੋ 30 ਪ੍ਰਤੀਸ਼ਤ ਪਾਣੀ ਬੱਚਿਆ ਹੈ ਉਹ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਸਿੰਚਾਈ ਕਰਦਾ ਹੈ ਬਾਕੀ 73 ਪ੍ਰਤੀਸ਼ਤ ਰਕਬਾ ਟਿਊਬਵੈਲਾਂ ਦੇ ਪਾਣੀ ਨਾਲ ਪਲਦਾ ਹੈ ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਉੱਪਰਲਾ ਪੱਤਣ ਸੁੱਕ ਚੁੱਕਾ ਹੈ ਅਤੇ ਹੇਠਲੇ ਪੱਤਣ ਵਿਚ ਪਾਣੀ ਸਿਰਫ ਪੰਜ ਸੱਤ ਸਾਲ ਦਾ ਹੀ ਰਹਿ ਗਿਆ ਹੈ। ਇਨਸਾਫ ਦਾ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਪੀਣ ਵਾਲਾ ਪਾਣੀ ਹਰ ਇਕ ਨੂੰ ਮਿਲਣਾ ਚਾਹੀਦਾ ਹੈ ਪਰ ਖੇਤੀ ਜਾਂ ਇੰਡਸਟਰੀ ਲਈ ਪਾਣੀ ਨੂੰ ਪਹਿਲ ਉਥੇ ਦੇਣੀ ਚਾਹੀਦੀ ਹੈ ਜਿਥੇ ਇਹ ਦਰਿਆ ਵਗਦੇ ਹਨ ਅਤੇ ਇਸ ਤੋਂ ਵੀ ਅੱਗੇ ਪ੍ਰਤੀ ਯੂਨਿਟ ਪਾਣੀ ਨਾਲ ਪੈਦਾਵਾਰ ਕਿੱਥੇ ਵੱਧ ਹੁੰਦੀ ਹੈ। ਜਿਹੜਾ ਪਾਣੀ ਰਾਜਸਥਾਨ ਨਹਿਰ ਰਾਹੀ ਰਾਜਸਥਾਨ ਜਾ ਰਿਹਾ ਹੈ ਉਸ ਦਾ ਬਹੁਤਾ ਹਿੱਸਾ ਫਾਇਦੇ ਦੀ ਜਗ੍ਹਾ ਨੁਕਸਾਨ ਕਰ ਰਿਹਾ ਹੈ ਜਿਹੜਾ ਪਾਣੀ ਨਹਿਰ ਦੇ ਪਹਿਲੇ ਪੜਾ ਨੂੰ ਦਿੱਤਾ ਗਿਆ ਉਸ ਨੇ ਪਹਿਲਾਂ ਸੇਮ ਲਿਆਂਦੀ ਫਿਰ ਸੇਮ ਨੂੰ ਠੀਕ ਕਰਨ ਲਈ ਨਹਿਰ ਦੇ ਨਾਲ ਦਰਖਤ ਲਾ ਕੇ ਜੰਗਲ ਖੜ੍ਹੇ ਕੀਤੇ ਗਏ। ਹੁਣ ਸੀਪੇਜ ਰੋਕਣ ਲਈ ਨਹਿਰ ਵਿਚ ਪਲਾਸਟਿਕ ਅਤੇ ਕੰਕਰੀਟ ਵਿਛਾਉਣ ਲਈ ਅਰਬਾਂ ਰੁਪਏ ਖਰਚੇ ਗਏ। ਪਾਣੀ ਦਾ ਜੀਰਨਾ (ਸੀਪੇਜ) ਤਾਂ ਰੋਕ ਲਵੋਂਗੇ ਪਰ 45 ਤੋਂ 50ਡ ਤੇ ਭਾਫ ਬਣ ਕੇ ਉੱਡਣ ਤੋਂ ਕਿਵੇਂ ਰੋਕੋਗੇ। ਕੀ ਇਹ ਪਾਣੀ ਬੰਦ ਪਾਈਪਾਂ ਰਾਹੀ ਨਹੀਂ ਸੀ ਲਿਜਾਇਆ ਜਾ ਸਕਦਾ ਤਾਂ ਕੇ ਵਰਤੋਂ ਯੋਗ ਪਾਣੀ ਵਧੇ ਅਤੇ ਬੱਚਿਆ ਪਾਣੀ ਜਿਹੜੇ ਸੂਬੇ ਵਿਚੋਂ ਪਾਣੀ ਲੈ ਕੇ ਜਾ ਰਹੇ ਹੋ ਉੱਥੇ ਹੀ ਵਰਤਿਆ ਜਾਵੇ। ਇਸ ਤਰ੍ਹਾਂ ਰਾਜਸਥਾਨ ਨਹਿਰ ਦੇ ਦੂਜੇ ਪੜਾ ਵਿੱਚ ਮੋਟਰਾਂ ਲਾ ਕੇ ਪਾਣੀ 30-30 ਫੁੱਟ ਉੱਚਾ ਚੁੱਕ ਕੇ ਟਿੱਬਿਆ ਤੇ ਛੱਡਿਆ ਜਾ ਰਿਹਾ। ਰੇਤੇ ਦੇ ਟਿੱਬੇ ਉੱਤੇ 45 ਤੋਂ 48ਡ ਤੇ ਕਿਹੜੀ ਤਕਨੀਕ ਨਾਲ ਪੈਦਾਵਾਰ ਹੋ ਸਕਦੀ ਹੈ?

ਸਭ ਤੋਂ ਵੱਡੀ ਗੱਲ ਹਰਿਆਣਾ ਸਭ ਤੋਂ ਜਿਆਦਾ ਰੋਲਾ ਪਾਉਂਦਾ ਹੈ ਪਰ ਉਸ ਦਾ ਨਹਿਰਾਂ ਨਾਲ ਸਿੰਚਾਈ ਹੇਠ ਰਕਬਾ 45 ਪ੍ਰਤੀਸ਼ਤ ਹੈ ਜਦ ਕਿ ਪੰਜਾਬ ਵਿਚ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਨਹਿਰਾਂ ਨਾਲ ਸਿੰਚਾਈ ਹੋ ਰਹੀ ਹੈ। ਏਸੇ ਤਰ੍ਹਾਂ ਰਾਜਸਥਾਨ ਜੋ ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਲਈ ਬੈਠਾ ਉਥੇ ਵੀ 25.08 ਫੀਸਦੀ ਰਕਬਾ ਨਹਿਰਾਂ ਨਾਲ ਸਿੰਜਿਆ ਜਾਂਦਾ ਹੈ। ਤਰਾਸਦੀ ਇਹ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆ ਰਾਜਸਥਾਨ ਨੂੰ ਦਿੱਤੇ ਹਿੱਸੇ ਦਾ ਜ਼ਿਕਰ ਨਹੀਂ ਕਰਦੀਆ ਭਾਵੇਂ ਕਿ ਉਹ ਕਾਨੂੰਨੀ ਤੌਰ ਤੇ ਬੂੰਦ ਵੀ ਪਾਣੀ ਨਹੀਂ ਲੈ ਸਕਦਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਇਸ ਗੱਲ ਤੇ ਨਹੀਂ ਆਉਂਦੀਆਂ ਕਿ ਬਾਰਿਸ਼ ਘੱਟ ਗਈ ਹੈ ਇਸ ਕਰਕੇ ਦਰਿਆਈ ਪਾਣੀ ਘੱਟ ਗਿਆ ਹੈ ਅਤੇ ਪਾਣੀ ਦੀ ਲੋੜ ਵੱਧ ਗਈ ਹੈ। ਦਰਿਆਈ ਪਾਣੀ ਦਾ ਮੁੱਲਾਂਕਣ ਦੁਬਾਰਾ ਕਰਕੇ ਕਾਨੂੰਨ ਅਤੇ ਸੂਬੈ ਦੀ ਲੋੜ ਅਨੁਸਾਰ ਅਤੇ ਪਾਣੀ ਦਾ ਵਰਤੋਂ ਦੀ ਕੁਸ਼ਲਤਾ ਦੇ ਹਿਸਾਬ ਨਾਲ ਪਾਣੀ ਦੀ ਦੁਬਾਰਾ ਵੰਡ ਕੀਤੀ ਜਾਵੇ। ਸਾਰੇ 1955 ਅਤੇ 1981 ਵਾਲੇ ਫੈਸਲਿਆਂ ਅਨੁਸਾਰ ਹੀ ਪੰਜਾਬ ਦਾ ਗਲਾ ਘੁੱਟਣਾ ਚਾਹੁੰਦੇ ਹਨ ਕਿਉਂ ਕਿ ਵੋਟ ਰਾਜਨੀਤੀ ਇਹੋ ਹੀ ਸਿਖਾਉਂਦੀ ਹੈ ਕਿ ਕਿਸੇ ਵੀ ਝਗੜੇ ਦਾ ਨਿਬੇੜਾ ਨਾ ਕਰੋ ਉਸ ਨੂੰ ਲਟਕਾਈ ਰੱਖੋ ਤਾਂ ਕਿ ਸਾਰੀਆਂ ਧਿਰਾਂ ਹੀ ਮਗਰ ਲੱਗੀਆਂ ਰਹਿਣ। ਰਾਜਨੀਤੀ ਵਾਲੇ ਤਾਂ ਛੱਡੋ ਸੰਵਿਧਾਨ ਦੇ ਰਾਖੇ ਵੀ ਕਾਨੂੰਨ ਤੋਂ ਹੱਟਕੇ ਦੱਬਕੇ ਮਾਰਦੇ ਹਨ।

ਹੜ੍ਹਾ ਦੀ ਮਾਰ:- ਪਾਣੀ ਹਰ ਸੂਬੈ ਨੂੰ ਚਾਹੀਦਾ ਹੈ ਪਰ ਜਦੋਂ ਬਾਰਿਸ਼ ਇਕਦਮ ਲੋੜ ਤੋਂ ਜਿਆਦਾ ਹੋ ਜਾਂਦੀ ਹੈ ਤਾਂ ਇਹ ਲੋਕ ਦਰਿਆਵਾਂ ਵਰਗੀਆਂ ਨਹਿਰਾਂ ਨੂੰ ਬੰਦ ਕਰਵਾ ਦਿੰਦੇ ਹਨ ਤਰਕ ਦਿੱਤਾ ਜਾਂਦਾ ਹੈ ਕਿ ਨਹਿਰਾਂ ਵਿਚ ਪੋਣ ਪੈ ਕੇ ਨਹਿਰਾਂ ਦਾ ਨੁਕਸਾਨ ਹੁੰਦਾ ਹੈ। ਜੇ ਪਾਣੀ ਨਹਿਰਾਂ ਵਿੱਚ ਛੱਡ ਕੇ ਵੰਡਿਆ ਜਾਵੇ ਤਾਂ ਲੋਕਾਂ ਦਾ ਨੁਕਸਾਨ ਘੱਟ ਹੋਵੇਗਾ। ਪੰਜਾਬੀਆਂ ਦੇ ਘਰ ਢਹਿ ਜਾਣ ਫਸਲਾਂ ਤਬਾਹ ਹੋ ਜਾਣ ਇਹ ਨੁਕਸਾਨ ਨਹੀਂ ਗਿਣਿਆਂ ਜਾਂਦਾ ਕਿਉਂ ਕਿ ਇਹ ਪੰਜਾਬ ਦਾ ਹੈ। ਕੀ ਕੇਂਦਰ ਸਰਕਾਰ ਦਾ ਇਹ ਫਰਜ਼ ਨਹੀ ਬਣਦਾ ਕਿ ਜਿੰਨੇ ਵੀ ਸੂਬੇ ਪਾਣੀ ਦਾ ਲਾਭ ਲੈਂਦੇ ਹਨ ਉਹ ਸਾਰੇ ਰਲ ਕੇ ਪੰਜਾਬ ਦੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ। ਮੈਂ ਛੋਟੇ ਮੋਟੇ ਹੜ੍ਹਾ ਦੀ ਮਾਰ ਦੀ ਗੱਲ ਨਹੀਂ ਕਰਦਾ ਮੈਂ ਉਹਨਾਂ ਹੜ੍ਹਾ ਦੀ ਮਾਰ ਦੀ ਗੱਲ ਕਰਦਾ ਹਾਂ ਜੋ ਭਾਖੜਾ ਡੈਮ ਵਿਚੋਂ ਪਾਣੀ ਛੱਡਣ ਨਾਲ ਆਏ। 1988 ਦੇ ਭਿਆਨਕ ਹੜ੍ਹ ਦਾ ਕਾਰਨ ਸੀ ਡੈਮ ਵਿਚ ਪਾਣੀ ਭਰਨ ਦਾ ਸਮਾਂ 30 ਸਤੰਬਰ ਤੱਕ ਦਾ ਹੈ ਪਰ ਡੈਮ ਨੂੰ ਸਿਰੇ ਤੱਕ ਉਸ ਤੋਂ ਪਹਿਲਾਂ ਹੀ ਭਰ ਲਿਆ ਗਿਆ ਪਰ ਜਦੋਂ 23-26 ਸਤੰਬਰ ਨੂੰ ਕੈਚਮੈਂਟ ਏਰੀਏ ਵਿਚ ਭਾਰੀ ਬਾਰਿਸ਼ (634ਮਮ) ਆਈ ਤਾਂ ਡੈਮ ਦੇ ਫਲੱਡ ਗੇਟ ਖੋਲ ਦਿੱਤੇ ਗਏ। ਜਿਸ ਕਾਰਨ ਭਾਰੀ ਮਾਤਰਾ ਵਿਚ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਪੰਜਾਬ ਦੇ 12989 ਪਿੰਡਾਂ ਵਿੱਚੋਂ 9000 ਪਿੰਡਾਂ ਵਿੱਚ ਪਾਣੀ ਭਰਿਆ ਜਿਹਨਾਂ ਵਿਚੋਂ 2500 ਪਿੰਡ ਤਾਂ ਬਿਲਕੁਲ ਹੀ ਡਹਿ ਡੇਰੀ ਹੋ ਗਏ। 34 ਲੱਖ ਲੋਕ ਪ੍ਰਭਾਵਿਤ ਹੋਏ। ਇਹਨਾਂ ਹੀ ਨਹੀਂ ਜਖਮਾਂ ਤੇ ਲੂਣ ਛਿੜਕਣ ਲਈ ਉਸ ਵੇਲੇ ਦੇ ਭਾਰਤ ਦੇ ਖੇਤੀ ਮੰਤਰੀ ਨੇ ਬਿਆਨ ਦਿੱਤਾ ਕਿ ਇਹ ਚੰਗਾ ਹੋਇਆ ਪੰਜਾਬ ਦੀ ਧਰਤੀ ਹੇਠਲਾ ਪਾਣੀ ਰੀਚਾਰਜ਼ ਹੋ ਜਾਵੇਗਾ।

ਸਾਲ 1993 ਵਿਚ 25 ਲੱਖ ਲੋਕ 44 ਸ਼ਹਿਰਾਂ/ਕਸਬਿਆਂ ਅਤੇ 4741 ਪਿੰਡਾਂ ਵਿਚ ਪ੍ਰਭਾਵਿਤ ਹੋਏ। 15 ਲੱਖ ਏਕੜ ਰਕਬੇ ਵਿਚ ਫਸਲ ਦਾ ਨੁਕਸਾਨ ਹੋਇਆ। ਸਾਲ 2023 ਵਿੱਚ ਕੀ ਵਾਪਰਿਆ ਇਹ ਸਾਰੇ ਪਾਠਕਾਂ ਨੇ ਪੜ੍ਹਿਆਂ, ਸੁਣਿਆ ਅਤੇ ਵੇਖਿਆ ਹੈ।

ਪੰਜਾਬ ਮਾਰੂਥਲ ਬਣਨ ਦੀ ਕਾਗਾਰ ਤੇ: ਇਸ ਵਕਤ ਪੰਜਾਬ ਦੇ 73 ਪ੍ਰਤੀਸ਼ਤ ਰਕਬੇ ਵਿਚ ਟਿਊਬਵੈਲਾਂ ਨਾਲ ਸਿੰਚਾਈ ਕੀਤੀ ਜਾਂਦੀ ਹੈ ਜਿਸ ਕਾਰਨ ਪੰਜਾਬ ਦੇ 76 ਪ੍ਰਤੀਸ਼ਤ ਬਲਾਕਾਂ ਵਿਚੋਂ ਪਾਣੀ ਜਿਆਦਾ ਕੱਢਿਆ ਜਾਂਦਾ ਹੈ ਜਿਸ ਕਾਰਨ ਪਾਣੀ ਹਰ ਸਾਲ ਇੱਕ ਮੀਟਰ ਤੱਕ ਹੇਠਾਂ ਜਾ ਰਿਹਾ ਹੈ, ਨੈਸ਼ਨਲ ਗਰੀਨ ਟਰਬਿਊਨਲ ਦੀ 2022 ਦੀ ਰਿਪੋਰਟ ਮੁਤਾਬਕ ਜੇ ਏਸੇ ਤਰ੍ਹਾਂ ਚਲਦਾ ਰਿਹਾ ਤਾਂ 2039 ਤੱਕ ਪਾਣੀ 300 ਮੀਟਰ (984 ਫੁੱਟ) ਤੋਂ ਹੇਠਾ ਚਲਾ ਜਾਵੇਗਾ। ਇਸ ਵੇਲੇ ਭਾਵੇਂ ਕਿ ਪਾਣੀ ਦਾ ਲੇਵਲ 30-50 ਮੀਟਰ ਹੈ ਪਰ ਚੰਗਾ ਪਾਣੀ ਲੈਣ ਲਈ ਕਿਸਾਨਾਂ ਨੇ ਬੋਰ 200 ਮੀਟਰ ਦੀ ਡੂੰਘਾਈ ਤੱਕ ਕੀਤੇ ਹੋਏ ਹਨ। ਪਰ ਜੇ ਪਾਣੀ ਦੀ ਸਤਹ ਹੀ 300 ਮੀਟਰ ਤੋਂ ਹੇਠਾਂ ਜਾਂਦੀ ਹੈ ਤਾਂ ਉੱਥੇ ਬੋਰ ਕਰਕੇ ਪਾਣੀ ਕੱਢਣਾ ਕਿਸਾਨ ਦੇ ਵੱਸ ਦੀ ਗੱਲ ਤਾਂ ਨਹੀਂ। ਬਿਨਾ ਪਾਣੀ ਤੋਂ ਜਮੀਨ ਬੰਜਰ ਹੋ ਜਾਵੇਗੀ। ਹਾਈਡਰਾਲੋਜਿਸਟ ਵਸ਼ਿਸ਼ਟ ਦੀ 2016 ਦੀ ਰਿਪੋਰਟ ਮੁਤਾਬਕ ਪੰਜਾਬ ਵਿਚ 1.27 ਮਿਲਿਅਨ ਹੇਕਟੇਅਰ ਮੀਟਰ ਦੀ ਘਾਟ ਸੀ।

ਪੰਜਾਬ ਦੀ ਮੌਜੂਦਾ ਸਰਕਾਰ ਨਹਿਰੀ ਪਾਣੀ ਹੇਠਾਂ ਰਕਬਾ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਜਦੋਂ ਸਾਡੇ ਕੋਲ ਪਾਣੀ ਹੀ ਸੀਮਤ ਹੈ ਫਿਰ ਰਕਬਾ ਵਧਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਮੰਗ ਨਹੀਂ ਘੱਟ ਸਕਦੀ ਭਾਵੇ ਨਹਿਰੀ ਪਾਣੀ 10 ਲੱਖ ਹੈਕਟੇਅਰ ਵਿਚ ਲਾ ਲਓ ਜਾਂ 15 ਲੱਖ ਹੈਕਟੇਅਰ ਵਿਚ ਵਰਤ ਲਵੋ। ਪੰਜਾਬ ਕੋਲ ਇਸ ਵਕਤ ਰੀਚਾਰਜੇਬਲ ਪਾਣੀ 21.44 ਬਿਲਿਅਨ ਕਿਊਬਿਕ ਮੀਟਰ ਹੈ ਜਦੋਂ ਕਿ ਅਸੀ ਕੱਡਦੇ 31.16 ਬਿਲਿਅਨ ਕਿਊਬਿਕ ਮੀਟਰ, ਭਾਵ ਕਸ਼ਮਤਾ ਦਾ 145 ਪ੍ਰਤੀਸ਼ਤ ਜੋ ਪਾਣੀ ਡੂੰਘਾ ਜਾਣ ਅਤੇ ਮਾਰੂਥਲ ਬਣਨ ਦਾ ਕਾਰਨ ਬਣਦਾ ਹੈ। ਪਾਣੀ ਦੀ ਇਹ ਵਰਤੋਂ ਵੀ ਘਟਾਈ ਨਹੀਂ ਜਾ ਸਕਦੀ ਕਿਉਂਕਿ ਕਿਸਾਨ ਛੋਟੇ ਹਨ ਉਹ ਫਸਲੀ ਘੱਣਤਾ ਘੱਟ ਨਹੀਂ ਕਰ ਸਕਦੇ ਕਿਉਂਕਿ ਮਹਿੰਗਾਈ ਕਾਰਨ ਪਰਿਵਾਰ ਦਾ ਪਹਿਲਾਂ ਹੀ ਗੁਜ਼ਾਰਾ ਮੁਸ਼ਕਿਲ ਨਾਲ ਚੱਲਦਾ ਹੈ।

ਨਿਚੋੜ:- ਅੱਜ ਲੋੜ ਹੈ ਕਿ ਨਹਿਰੀ ਪਾਣੀ ਦਾ ਦੁਬਾਰਾ ਮੁਲਆਂਕਣ ਕੀਤਾ ਜ਼ਾਵੇ ਹੈ। ਪਾਣੀ ਸਾਰੇ ਦੇਸ਼ ਲਈ ਇੱਕ ਦੁਰਲੱਭ ਵਸਤੂ ਜੋ ਪੀਣ ਲਈ ਹਰ ਇੱਕ ਨੂੰ ਮਿਲਣਾ ਚਾਹੀਦਾ ਹੈ। ਇਸ ਵੇਲੇ ਇਹ ਸੋਚਣਾ ਪਊਗਾ ਕਿ ਮਾਰੂਥਲ ਨੂੰ ਉਪਜਾਊ ਬਣਾਉਣ ਦੀ ਕੋਸ਼ਿਸ ਦੇ ਮੁਕਾਬਲੇ ਇੱਕ ਵੱਧੀਆ ਅਬਾਦ ਇਲਾਕੇ ਨੂੰ ਮਾਰੂਥਲ ਬਣਾਉਣਾ ਕਿੰਨੀ ਕੁ ਸਿਆਣਪ ਹੈ। ਪੰਜਾਬ ਦੇ ਸਿਆਸਤਦਾਨ ਅੱਜ ਆਪਣੇ ਮੱਤ ਭੇਦ ਭੁਲਾਕੇ ਪੰਜਾਬ ਲਈ ਇੱਕ ਸੁਰ ਅਵਾਜ ਉਠਾਉਣ ਕਿ ਪੰਜਾਬ ਦੀ ਪਾਣੀ ਦੀ ਵੰਡ ਅੱਜ ਦੀ ਸਥਿਤੀ ਨੂੰ ਲੈ ਕੇ ਹੋਵੇ ਖਾਸ ਕਰਕੇ ਰਾਪੇਰੀਅਨ ਐਕਟ ਮੁਤਾਬਕ। ਇਸ ਲਈ ਜੋ ਚਾਰਾਜੋਈ ਹੋ ਸਕਦੀ ਹੈ ਰਲ ਕੇ ਕਰੋ ਕਿਉਂਕਿ ਜਿੰਨਾ ਪਾਣੀ ਉਸ ਵੇਲੇ ਮਿਥਿੱਆ ਗਿਆ ਸੀ ਉਹਨਾਂ ਪਾਣੀ ਹੈ ਹੀ ਨਹੀਂ ਜੇ ਬਾਰਿਸ਼ ਹੀ ਤੀਜਾ ਹਿੱਸਾ ਘੱਟ ਗਈ (65 ਦੇ ਬਜਾਏ 45 ਸੈਂਟੀਮੀਟਰ ਪ੍ਰਤੀ ਸਾਲ) ਰਹਿ ਗਈ) ਤਾਂ ਪਾਣੀ ਕਿਥੋਂ ਆਵੇਗਾ। ਸਿਆਸੀ ਲੋਕਾਂ ਨੇ ਰਾਜ ਪੰਜਾਬ ਤੇ ਕਰਨਾ ਹੈ ਅਤੇ ਜੇ ਪੰਜਾਬ ਬਚੂਗਾ ਤਾਂ ਹੀ ਰਾਜ ਕਰੋਗੇ।

# ਸਿੱਖ ਵਿਗਿਆਨੀ ਹਰਪਿੰਦਰ ਰੰਧਾਵਾ ਨੇ ਕਣਕ ਦੀਆਂ ਦਰਜਨ ਕਿਸਮਾਂ ਤਿਆਰ ਕੀਤੀਆਂ

**ਖਾਸ ਖਬਰ**

## ✪ ਕੈਨੇਡਾ ਦੇ ਖੇਤੀਬਾੜੀ ਵਿਭਾਗ ਵਿੱਚ ਸੀਨੀਅਰ ਰਿਸਰਚ ਸਾਇੰਟਿਸਟ ਨੇ ਰੰਧਾਵਾ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ਼ ਸਸਕੈਚਵਨ ਤੋਂ ਪੜ੍ਹਾਈ ਕਰ ਚੁੱਕੇ ਹਰਪਿੰਦਰ ਸਿੰਘ ਰੰਧਾਵਾ ਕਣਕ ਦੀਆਂ ਦਰਜਨ ਦੇ ਕਰੀਬ ਕਿਸਮਾਂ ਤਿਆਰ ਕਰਕੇ ਕੈਨੇਡੀਅਨ ਕਿਸਾਨਾਂ ਦੀਆਂ ਵੱਖ ਵੱਖ ਸਮੱਸਿਆਵਾਂ ਨੂੰ ਖ਼ਤਮ ਕਰਨ ਵਿੱਚ ਮਦਦ ਕਰ ਚੁੱਕੇ ਹਨ। ਰੰਧਾਵਾ ਇਸ ਸਮੇਂ ਕੈਨੇਡਾ ਦੇ ਖੇਤੀਬਾੜੀ ਵਿਭਾਗ ਵਿੱਚ ਐਲਬਰਟਾ ਸੂਬੇ ਦੇ ਲੈਥਬ੍ਰਿਜ ਸ਼ਹਿਰ 'ਚ ਸੀਨੀਅਰ ਰਿਸਰਚ ਸਾਇੰਟਿਸਟ ਵਜੋਂ ਸੇਵਾਵਾਂ ਨਿਭਾ ਰਹੇ ਹਨ। ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਨਾਲ ਸੰਬੰਧਿਤ ਹਰਪਿੰਦਰ ਰੰਧਾਵਾ ਨੇ ਖੇਤੀਬਾੜੀ ਦੀ ਮਾਸਟਰ ਡਿਗਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕਰਨ ਤੋਂ ਬਾਅਦ ਕੁਝ ਸਮਾਂ ਪੰਜਾਬ ਵਿੱਚ ਨੌਕਰੀ ਕੀਤੀ ਅਤੇ 1997 ਵਿੱਚ ਕੈਨੇਡਾ ਦਾ ਰੁੱਖ ਕੀਤਾ। ਹਰਪਿੰਦਰ ਰੰਧਾਵਾ ਨੇ ਦੱਸਿਆ ਕਿ ਕੈਨੇਡਾ ਆਉਣ ਤੋਂ ਬਾਅਦ ਇਕ ਚੰਗੀ ਨੌਕਰੀ ਲਈ ਉਨਾਂ ਨੂੰ ਕਾਫ਼ੀ ਤਲਾਸ਼ ਕਰਨੀ ਪਈ ਅਤੇ ਉਨਾਂ ਨੇ ਪੀਐਚਡੀ ਕਰਨ ਦਾ ਸੋਚਿਆ।

ਰੰਧਾਵਾ ਨੇ ਸਸਕੈਚਵਨ ਪ੍ਰੋਵਿੰਸ ਵਿੱਚ ਯੂਨੀਵਰਸਿਟੀ ਆਫ਼ ਸਸਕੈਚਵਨ ਤੋਂ ਪੀਐਚਡੀ ਕੀਤੀ। ਕੁਝ ਸਮਾਂ ਯੂਐਸ ਵਿੱਚ ਕੰਮ ਕਰਨ ਉਪਰੰਤ ਰੰਧਾਵਾ ਨੇ 2007 ਤੋਂ ਕੈਨੇਡਾ ਦੇ ਖੇਤੀਬਾੜੀ ਵਿਭਾਗ ਵਿੱਚ ਕੰਮ ਕਰਨਾ ਸ਼ੁਰੂ ਕੀਤਾ।

ਕਿਸਾਨਾਂ ਲਈ ਦਰਜਨ ਕਿਸਮਾਂ ਤਿਆਰ ਕਰਨ ਦਾ ਮਾਣ-ਹਰਪਿੰਦਰ ਰੰਧਾਵਾ ਨੇ ਦੱਸਿਆ ਕਿ ਕੈਨੇਡਾ ਵਿੱਚ ਕਣਕ ਦੀ ਪੈਦਾਵਾਰ ਲੋੜ ਤੋਂ ਵਧੇਰੇ ਹੈ ਅਤੇ ਕਣਕ ਹੋਰਨਾਂ ਦੇਸ਼ਾਂ ਨੂੰ ਭੇਜੀ ਜਾਂਦੀ ਹੈ। ਰੰਧਾਵਾ ਨੇ ਕਿਹਾ ਕੈਨੇਡਾ ਵੱਲੋਂ 100 ਦੇ ਕਰੀਬ ਦੇਸ਼ਾਂ ਨੂੰ ਕਣਕ ਭੇਜੀ ਜਾਂਦੀ ਹੈ, ਜਿੱਥੇ ਇਹ ਬਰੈਡ, ਪਾਸਤਾ, ਆਟੇ ਸਮੇਤ ਵੱਖ ਵੱਖ ਤਰੀਕਿਆਂ ਨਾਲ ਖਾਧੀ ਜਾਂਦੀ ਹੈ। ਇਸ ਲਈ ਅਸੀਂ ਉਕਤ ਦੇਸ਼ਾਂ ਦੇ ਹਿਸਾਬ ਨਾਲ ਕਣਕ ਦੀਆਂ ਵੱਖ ਵੱਖ ਕਿਸਮਾਂ ਲਗਾਤਾਰ ਤਿਆਰ ਕਰਦੇ ਰਹਿੰਦੇ ਹਾਂ। ਆਪਣੇ ਕੰਮ ਬਾਰੇ ਦੱਸਦਿਆਂ ਰੰਧਾਵਾ ਨੇ ਕਿਹਾ ਕਿ ਉਨਾਂ ਨੇ ਆਪਣੀਆਂ ਕਿਸਮਾਂ ਨਾਲ ਕਿਸਾਨਾਂ ਦੀਆਂ ਕਈ ਸਮੱਸਿਆਵਾਂ ਦਾ ਹੱਲ ਕੀਤਾ ਹੈ। ਅਸੀਂ ਵੈਸਟਲੌਕ ਕਿਸਮ ਨਾਲ ਕਣਕ ਨੂੰ ਲੱਗਣ ਵਾਲੀ ਉੱਲੀ ਦੀ ਰੋਕਥਾਮ ਕੀਤੀ। ਇਸਤੋਂ ਇਲਾਵਾ ਅਜਿਹੀਆਂ ਕਿਸਮਾਂ ਤਿਆਰ ਕੀਤੀਆਂ ਜਿਨ੍ਹਾਂ ਨੂੰ ਪੀਲੀ ਕੁੰਗੀ ਦੀ ਸਮੱਸਿਆ ਨਹੀਂ ਆਉਂਦੀ।

ਕਣਕ ਉੱਪਰ ਹੀ ਕੰਮ ਕਰਨ ਬਾਰੇ ਸਵਾਲ ਦੇ ਜਵਾਬ ਵਿੱਚ ਰੰਧਾਵਾ ਨੇ ਕਿਹਾ ਇਕ ਕਿਸਾਨੀ ਪਰਿਵਾਰ ਵਿੱਚੋਂ ਹੋਣ ਕਰਕੇ ਮੇਰਾ ਲਗਾਅ ਖੇਤੀ ਨਾਲ ਸੀ। ਪੜ੍ਹਾਈ ਦੌਰਾਨ ਵੀ ਮੈਂ ਕਣਕ ਦੀਆਂ ਕਿਸਮਾਂ ਉੱਪਰ ਕੰਮ ਕੀਤਾ, ਜਿਸ ਨਾਲ ਮੇਰਾ ਲਗਾਅ ਇਸ ਫ਼ਸਲ ਨਾਲ ਲਗਾਤਾਰ ਵਧਦਾ ਗਿਆ। ਹਰਪਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਜਿੱਥੇ ਨਵੀਂ ਕਿਸਮ ਤਿਆਰ ਕਰਨਾ ਇਕ ਚੁਣੌਤੀਪੂਰਨ ਕੰਮ ਹੈ, ਉਥੇ ਹੀ ਨਾਮ ਰੱਖਣਾ ਕੋਈ ਸੌਖਾ ਕੰਮ ਨਹੀਂ ਹੈ। ਰੰਧਾਵਾ ਨੇ ਕਿਹਾ ਸਾਨੂੰ ਅਜਿਹਾ ਨਾਮ ਰੱਖਣਾ ਪੈਂਦਾ ਹੈ ਜੋ ਦੁਨੀਆ ਵਿੱਚ ਕਿਸੇ ਹੋਰ



ਨੇ ਨਾ ਰੱਖਿਆ ਹੋਵੇ। ਰੰਧਾਵਾ ਨੇ ਕਿਹਾ ਮੈਂ ਆਪਣੀਆਂ ਤਿਆਰ ਕੀਤੀਆਂ ਕਿਸਮਾਂ ਦਾ ਨਾਮ ਕਣਕ ਦੇ ਵੱਖ ਵੱਖ ਗੁਣਾਂ, ਕੈਨੇਡਾ ਦੇ ਸ਼ਹਿਰਾਂ ਅਤੇ ਖਿੱਤਿਆਂ ਦੇ ਨਾਮ 'ਤੇ ਰੱਖਦਾ ਹਾਂ।

ਹਰਪਿੰਦਰ ਰੰਧਾਵਾ ਵੱਲੋਂ ਆਪਣੀ ਇਕ ਕਿਸਮ ਦਾ ਨਾਮ ਇੰਡਸ ਰੱਖਿਆ ਗਿਆ ਜੋ ਕਿ ਸਿੰਧੂ ਘਾਟੀ ਸੱਭਿਅਤਾ ਤੋਂ ਲਿਆ ਗਿਆ ਹੈ। ਇਸਤੋਂ ਇਲਾਵਾ ਐਲਬਰਟਾ ਦੇ ਸ਼ਹਿਰ, ਕਰੌਸਫ਼ੀਲਡ ਅਤੇ ਵੈਸਟਲੌਕ ਉੱਪਰ ਵੀ ਨਾਮ ਰੱਖੇ ਗਏ ਹਨ। ਹਰਪਿੰਦਰ ਰੰਧਾਵਾ ਨੇ ਕਿਹਾ ਕਿ ਕਿਸਾਨਾਂ ਵੱਲੋਂ ਕੋਈ ਸਮੱਸਿਆ ਆਉਣ 'ਤੇ ਉਸਦਾ ਹੱਲ ਕਰਨ ਲਈ ਵਿਗਿਆਨੀਆਂ ਨੂੰ ਵਿਤੀ ਇਮਦਾਦ ਦਿੱਤੀ ਜਾਂਦੀ ਹੈ। ਉਨਾਂ ਦੱਸਿਆ ਕਿ ਵਿਗਿਆਨੀ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਨਵੀਂ ਕਿਸਮ ਦਾ ਬੀਜ ਤਿਆਰ ਕਰਦਾ ਹੈ, ਜਿਸਤੋਂ ਬਾਅਦ ਪ੍ਰਾਈਵੇਟ ਕੰਪਨੀਆਂ ਬੋਲੀ ਲਗਾ ਕੇ ਬੀਜ ਖ਼ਰੀਦ ਕੇ ਵੱਧ ਪੈਦਾਵਾਰ ਕਰਦੀਆਂ ਹਨ, ਜੋ ਕਿ ਵਿਕਰੀ ਲਈ ਤਿਆਰ ਹੁੰਦਾ ਹੈ। ਬੀਜ ਦੀ ਵਿਕਰੀ ਕਰਕੇ ਕੰਪਨੀਆਂ ਕੁਝ ਹਿੱਸਾ ਸਰਕਾਰੀ ਖੇਤੀਬਾੜੀ ਵਿਭਾਗ ਅਤੇ ਕਿਸਾਨਾਂ ਦੇ ਸੰਗਠਨਾਂ ਨੂੰ ਦਿੰਦੀਆਂ ਹਨ। ਹਰਪਿੰਦਰ ਰੰਧਾਵਾ ਨੇ ਕਿਹਾ ਕਿ ਕੋਈ ਵੀ ਨਵੀਂ ਕਿਸਮ ਨੂੰ ਤਿਆਰ ਹੋਣ ਵਿੱਚ ਦਹਾਕੇ ਦਾ ਸਮਾਂ ਲੱਗ ਜਾਂਦਾ ਹੈ ਪਰ ਅਸੀਂ ਸਮੇਂ ਨੂੰ ਘੱਟ ਕਰਨ ਲਈ ਕਈ ਤਕਨੀਕਾਂ ਦੀ ਵਰਤੋਂ ਕਰਦੇ ਹਾਂ। ਰੰਧਾਵਾ ਨੇ ਦੱਸਿਆ ਕਿ ਖ਼ੋਜ ਦੇ ਲਈ ਉਹ ਕੈਨੇਡਾ ਦੇ ਨਾਲ ਨਾਲ ਹੋਰਨਾਂ ਦੇਸ਼ਾਂ ਨੂੰ ਵੀ ਚੁਣਦੇ ਹਨ। ਉਨਾਂ ਕਿਹਾ ਕੈਨੇਡਾ ਵਿੱਚ ਕਣਕ ਸਾਲ ਵਿੱਚ ਸਿਰਫ਼ ਇਕ ਵਾਰ ਹੁੰਦੀ ਹੈ ਅਤੇ ਅਜਿਹੇ ਵਿੱਚ ਨਵੀਂ ਕਿਸਮ ਪੈਦਾ ਕਰਨ ਦੇ ਸਮੇਂ ਨੂੰ ਘਟਾਉਣ ਲਈ ਅਸੀਂ ਉਹੀ ਕਿਸਮ ਨੂੰ ਹੋਰਨਾਂ ਦੇਸ਼ਾਂ ਵਿੱਚ ਵੀ ਟੈਸਟ ਕਰਦੇ ਹਾਂ।

ਖੇਤੀਬਾੜੀ ਵਿਗਿਆਨੀ ਹਰਪਿੰਦਰ ਸਿੰਘ ਰੰਧਾਵਾ ਮੁਤਾਬਿਕ ਨਿਊਜ਼ੀਲੈਂਡ ਅਤੇ ਚਿੱਲੀ ਵਰਗੇ ਦੇਸ਼ਾਂ ਵਿੱਚ ਉਸ ਸਮੇਂ ਕਣਕ ਦੀ ਬਿਜਾਈ ਹੁੰਦੀ ਹੈ ਜਦੋਂ ਕੈਨੇਡਾ ਵਿੱਚ ਬਰਫ਼ ਪੈ ਰਹੀ ਹੁੰਦੀ ਹੈ ਅਤੇ ਇਸ ਨਾਲ ਸਮੇਂ ਦੀ ਬੱਚਤ ਹੁੰਦੀ ਹੈ।

# ✶ ਮਿੰਨੀ ਕਹਾਣੀਆਂ ✶

## ਅੰਨ੍ਹੇ ਦੇ ਹੱਥ 'ਚ ਲਾਲਟੈਣ

ਉਨ੍ਹੀਂ ਦਿਨੀਂ ਸਾਡੇ ਆਪਣੇ ਪਿੰਡ 'ਚ ਸਕੂਲ ਨਹੀਂ ਸੀ। ਮੈਨੂੰ ਕੱਚੀ-ਪਹਿਲੀ 'ਚ ਦਾਖ਼ਲ ਕਰਾਇਆ ਗਿਆ ਤਾਂ ਸਕੂਲ ਨੇੜੇ ਹੋਣ ਕਾਰਨ ਕੁਝ ਸਮਾਂ ਮੈਨੂੰ ਆਪਣੇ ਨਾਨਕੇ ਰਹਿਣਾ ਪਿਆ। ਉੱਥੇ ਨਾਲ ਦੇ ਪਿੰਡੋਂ ਇੱਕ ਅੰਨ੍ਹਾ ਵਿਅਕਤੀ ਬਾਬਾ ਅਹਿਮਦ ਉਰਫ਼ ਅਹਿਮਾਂ ਸਵੇਰੇ-ਸ਼ਾਮ ਮਾਮਾ ਜੀ ਤੋਂ ਕੁਰਾਨ-ਪਾਕ ਦਾ ਪਾਠ ਲੈਣ ਆਉਂਦਾ ਸੀ। ਉਹ ਜਿੰਨਾ ਸੁਣ ਕੇ ਜਾਂਦਾ, ਸ਼ਾਮ ਨੂੰ ਸੁਣਾ ਕੇ ਅਗਲਾ ਪਾਠ ਲੈ ਲੈਂਦਾ। ਸ਼ਾਮ ਦੀ ਨਮਾਜ਼ ਮਗਰੋਂ ਜਦੋਂ ਉਹ ਵਾਪਸ ਆਪਣੇ ਪਿੰਡ ਜਾਣਾ ਲੱਗਦਾ ਤਾਂ ਛੋਟੀ ਮਾਸੀ ਉਹਨੂੰ ਲਾਲਟੈਣ ਬਾਲ ਕੇ ਦਿੰਦੀ, ਜਿਹਨੂੰ ਉਹ ਖੱਬੇ ਹੱਥ 'ਚ ਫੜ ਲੈਂਦਾ ਤੇ ਸੱਜੇ ਹੱਥ 'ਚ ਫੜੀ ਸੋਟੀ ਨਾਲ ਰਾਹ ਟੋਂਹਦਾ ਹੋਇਆ ਚਲਿਆ ਜਾਂਦਾ। ਮੇਰਾ ਖ਼ਿਆਲ ਸੀ, ਉਹਨੂੰ ਥੋੜ੍ਹਾ ਬਹੁਤ ਨਜ਼ਰ ਆਉਂਦਾ ਹੋਵੇਗਾ, ਪਰ ਜਦੋਂ ਪਤਾ ਲੱਗਿਆ ਕਿ ਉਹ ਜਨਮ ਤੋਂ ਅੰਨ੍ਹਾ ਹੈ ਤੇ ਉਹਨੂੰ ਕੁਝ ਵੀ ਨਹੀਂ ਸੀ ਵਿਖਾਈ ਨਹੀਂ ਦਿੰਦਾ ਤਾਂ ਮੈਨੂੰ ਉਹਦੇ ਲਾਲਟੈਣ ਹੱਥ 'ਚ ਲੈ ਕੇ ਚੱਲਣ 'ਤੇ ਬੜੀ ਹੈਰਾਨੀ ਹੋਈ। ਇੱਕ ਦਿਨ ਨਿੱਕੀ ਮਾਸੀ ਤੋਂ ਉਸ ਬਾਰੇ ਪੁੱਛਿਆ ਤਾਂ ਕਹਿਣ ਲੱਗੀ, "ਉਸ ਸਮੇਂ ਪਿੰਡ ਦੇ ਰਾਹ 'ਤੇ ਲੋਕਾਂ ਦੀ ਖਾਸੀ ਆਵਾਜਾਈ ਹੁੰਦੀ ਹੈ।

ਮਾਲ-ਡੰਗਰ, ਟਾਂਗੇ ਤੇ ਗੱਡੇ ਵੀ ਚੱਲਦੇ ਹਨ ਤੇ ਲੁਕਣ-ਮੀਟੀ ਖੇਡਣ ਵਾਲੇ ਮੁੰਡੇ ਵੱਖਰਾ ਹੁੜਦੰਗ ਮਚਾਈ ਰੱਖਦੇ ਹਨ। ਬਾਬਾ ਅਹਿਮਾਂ ਲਾਲਟੈਣ ਇਸ ਲਈ ਹੱਥ 'ਚ ਰੱਖਦਾ ਹੈ ਕਿ ਦੂਜੇ ਉਸ ਨਾਲ ਟਕਰਾ ਨਾ ਜਾਣ।"

-ਸੁਰਜੀਤ

## ਮਜਬੂਰ ਦਿਵਸ

"ਜਦੋਂ ਤੀਕ ਸ਼ੋਸ਼ਤ ਵਰਗ ਇਕੱਠਾ ਨੀਂ ਹੁੰਦਾ, ਇਹ ਭੇੜੀਏ ਸਾਡਾ ਕਿਰਤੀਆਂ ਦਾ ਖ਼ੂਨ ਚੂਸਦੇ ਰਹਿਣਗੇ, ਚੂਸਦੇ ਰਹਿਣਗੇ, ਚੂਸਦੇ ਰਹਿਣਗੇ," ਮੈਂ ਪੂਰੇ ਜੋਸ਼ 'ਚ ਮਜ਼ਦੂਰ ਦਿਵਸ 'ਤੇ ਆਪਣਾ ਭਾਸ਼ਣ ਖ਼ਤਮ ਕੀਤਾ ਤਾਂ ਤਾੜੀਆਂ ਦੀ ਗੜਗੜਾਹਟ ਨਾਲ ਸ਼ਹਿਰ ਦੀ ਅਨਾਜ ਮੰਡੀ ਦੇ ਮਹਿੰਗੇ ਹੋਟਲ ਦਾ ਪੂਰਾ ਏਸੀ ਹਾਲ ਕਾਫ਼ੀ ਦੇਰ ਤਕ ਗੂੰਜਦਾ ਰਿਹਾ। ਫੇਰ ਕਈਆਂ ਨੂੰ ਸਨਮਾਨਿਤ ਕੀਤਾ ਗਿਆ ਤੇ ਪ੍ਰੋਗਰਾਮ ਸਮਾਪਤ ਹੋ ਗਿਆ। ਬਸ ਅਸੀਂ ਯੂਨੀਅਨ ਦੇ ਪੰਜ-ਸੱਤ ਅਹੁਦੇਦਾਰ ਸਰਕਾਰੀ ਮੁਲਾਜ਼ਮ ਹੀ ਬਚੇ ਸਾਂ। ਹਰਜੀਤ ਬੋਲਿਆ, "ਯਾਰ, ਗਰਮੀ ਬਹੁਤ ਏ, ਆ ਜੋ ਬੀਅਰ-ਸ਼ੀਅਰ ਲਾਈਏ। ਕਰਿਆ ਕਰੋ ਯਾਰੋ ਖਰਚਾ। ਇੰਨੀਆਂ ਤਨਖ਼ਾਹਾਂ ਕਬਰ 'ਚ ਲੈ ਕੇ ਜਾਣੀਆਂ ਨੇ?" ਅਸੀਂ ਸਾਰੇ ਹੀ ਹੱਸ ਪਏ। ਅਸਲ 'ਚ ਇਹ ਸਾਡੀ ਸਹਿਮਤੀ ਦਾ ਪ੍ਰਗਟਾਵਾ ਸੀ ਤੇ ਅਸੀਂ ਇਸੇ ਹੋਟਲ 'ਚ ਬਣੀ ਏਸੀ ਮਾਡਰਨ ਝੌਂਪੜੀ ਜਿਹੀ 'ਚ ਬਹਿ ਕੇ ਬਾਹਰਲੇ ਮੁਲਕ ਦੀ ਖ਼ਾਸ ਬੀਅਰਾਂ, ਮਹਿੰਗੀ ਸ਼ਰਾਬ ਆਦਿ ਪੀਣ ਵਿੱਚ ਰੁੱਝ ਗਏ।

ਚਲਦੇ ਪ੍ਰੋਗਰਾਮ 'ਚ ਮੈਨੂੰ ਮੇਰੇ ਆੜ੍ਹਤੀਏ ਦੇ ਮੁਨੀਮ ਚਿਮਨ ਦਾ ਫੋਨ ਆ ਗਿਆ, "ਮਾਸਟਰ ਜੀ, ਉਹ ਬਲਵੀਰ ਜਿਸ ਨੂੰ ਤੁਸੀਂ ਜਮੀਨ ਠੇਕੇ ਦਿੰਨੇ ਓ, ਉਹ ਸਾਰੀ ਫ਼ਸਲ ਵੇਚ ਗਿਆ ਸੀ। ਉਸ ਦਾ ਤੁਹਾਡੇ ਨਾਂ ਦਾ ਜੇ ਫਾਰਮ ਕੱਟਿਆ ਪਿਆ ਏ, ਹੋਰ ਕਿੱਧਰ ਟੈਕਸ ਦੇ ਯੱਭ 'ਚ ਪਵੋਗੇ! ਕਿੱਥੇ ਪੁਚਾਵਾਂ?" "ਆਜਾ ਯਾਰ, ਮੰਡੀ 'ਚ ਆਹ ਹੋਟਲ ਦੇ ਬਾਹਰ, ਮੈਂ ਆ ਗਿਆ।" ਮੈਂ ਖ਼ੁਸ਼ ਸੀ, ਨਾਲੇ ਪੁੰਨ ਤੇ ਨਾਲੇ ਫਲੀਆਂ ਜੋ ਮਿਲ ਰਹੇ ਸੀ। ਮੈਂ ਬਾਹਰ ਆਇਆ ਤਾਂ ਧੁੱਪ ਬੜੀ ਤੇਜ਼ ਸੀ। ਚਿਮਨ ਤੋਂ ਜੇ ਫਾਰਮ ਫੜ ਕੇ ਮੈਂ ਵਾਪਸ ਅੰਦਰ ਆਉਣ ਲੱਗਾ ਤਾਂ ਪਿੱਛੋਂ ਜਾਣੀ-ਪਛਾਣੀ ਆਵਾਜ਼ ਆਈ, "ਰਾਮ-ਰਾਮ ਭਾਈ ਜੀ।"

ਕਣਕ ਦੀਆਂ ਬੋਰੀਆਂ ਟਰੱਕ 'ਤੇ ਲੱਦਦਾ ਉਹ ਪਸੀਨੇ ਨਾਲ ਨਹਾਇਆ ਪਿਆ ਸੀ। "ਰਾਮ-ਰਾਮ, ਮਦਨ ਤੂੰ, ਕੀ ਗੱਲ ਮੰਡੀ 'ਚ ਲੱਗ ਗਿਆ ਏਂ?" ਮੇਰਾ ਪੁਰਾਣਾ ਖੇਤ ਵਾਲਾ ਕਾਮਾ ਮਦਨ ਸੀ। ਜਦੋਂ ਮੈਂ ਵਾਹੀ ਆਪ ਕਰਦਾ ਸੀ ਉਦੋਂ ਮਦਨ ਨੇ ਕਈ ਸਾਲ ਸਾਡੇ ਖੇਤ ਲਾਏ ਸਨ। "ਮਦਨ, ਯਾਰ ਆਪਣਾ ਪਿੰਡ, ਆਪਣਾ ਈ ਹੁੰਦਾ ਏ। ਇੱਥੇ ਆਉਣ ਦੀ ਕੀ ਸੁੱਝੀ ਤੈਨੂੰ?" ਬੀਅਰ ਦੇ ਸਰੂਰ 'ਚ ਮੇਰੀ ਪਿੰਡ ਵਾਲੀ ਸਰਦਾਰੀ ਜਾਗ ਗਈ।

"ਬਾਈ ਜੀ, ਕੰਮ ਤਾਂ ਚਲੋ ਤੁਸੀਂ ਵੀ ਬੜਾ ਕਰਾਉਂਦੇ ਸੀ ਪਰ ਖੁੱਲ੍ਹਾ ਖਾਣ-ਪੀਣ ਤੇ ਨਕਦ ਦਿਹਾੜੀ ਮਿਲਦੀ ਸੀ ਤਾਂ ਚੰਗਾ ਟਾਈਮ ਪਾਸ ਸੀ। ਬਾਅਦ 'ਚ ਤੁਹਾਡੇ ਵੱਡੇ ਚੌਧਰੀਆਂ ਦੇ ਈ ਸ਼ਰੀਕੇ 'ਚ ਹੱਡ ਤੋੜ ਕੇ ਮਿਹਨਤ ਕਰਦਾ, ਸ਼ਾਮ ਨੂੰ ਪੈਸੇ ਮੰਗਦਾ ਤਾਂ ਕਹਿੰਦੇ ਕੱਲ੍ਹ, ਫੇਰ ਮੰਗਦਾ ਤਾਂ ਮੰਗਲਵਾਰ ਆਵੀਂ, ਮੰਗਲਵਾਰ ਜਾਂਦਾ ਤਾਂ ਫੇਰ ਕੱਲ੍ਹ ਤੇ ਅਖੀਰ ਕਿੰਨੇ ਹੀ ਘਰਾਂ 'ਚੋਂ ਅੱਧ-ਪਚੱਧ ਛੱਡ, ਗੰਦੀਆਂ ਗਾਲ੍ਹਾਂ ਖਾ ਕੇ ਨਿਕਲਦਾ। ਮੈਂ ਫੇਰ ਵੀ ਉੱਥੇ ਈ ਵਗਦਾ ਰਿਹਾ ਪਰ ਇੱਕ ਦਿਨ ਤੁਹਾਡੇ ਈ ਸ਼ਰੀਕ ਜੈਲੇ ਨੰਬਰਦਾਰ ਨੇ ਕੱਖ ਲੈਣ ਗਈ ਮੇਰੀ ਘਰਦੀ ਦਾ ਹੱਥ ਫੜ ਲਿਆ।

ਭਾਵੇਂ ਅਸੀਂ ਜੈਲੇ ਦੀ ਮਾਂ-ਭੈਣ ਇੱਕ ਕਰ ਦਿੱਤੀ ਪਰ ਬਦਨਾਮੀ ਫੇਰ ਵੀ ਸਾਡੀ ਈ ਹੋਈ। ਬਸ ਉਸੇ ਦਿਨ ਮੈਨੂੰ ਪਤਾ ਲੱਗ ਗਿਆ ਬਈ ਸਾਡੇ ਕਿਰਤੀਆਂ ਦੇ ਕਦੇ ਕੋਈ ਪਿੰਡ-ਸ਼ਹਿਰ ਇਲਾਕੇ ਨੀਂ ਹੁੰਦੇ। ਸਾਡੇ ਤਾਂ ਬੱਸ ਵਿਹੜੇ-ਮੁਹੱਲੇ ਈ ਹੁੰਦੇ ਨੇ। ਮੈਂ ਫੇਰ ਸ਼ਹਿਰ ਆ ਗਿਆ। ਹਾਲ ਤਾਂ ਭਾਵੇਂ ਇੱਥੇ ਵੀ ਠੀਕ-ਠਾਕ ਈ ਏ ਪਰ ਚਲੋ ਗੱਡੀ ਚੱਲੀ ਆਉਂਦੀ ਏ। ਮਾਸਟਰ, ਮਹਿਸੂਸ ਨਾ ਕਰੀਂ, ਹੈ ਤਾਂ ਭਾਵੇਂ ਉਹ ਤੇਰੇ ਈ ਚਾਚੇ-ਤਾਏ ਪਰ ਅਜਿਹੇ ਭੇੜੀਏ ਸਾਡਾ ਖ਼ੂਨ ਆਖਰ ਕਦੋਂ ਤੱਕ ਚੂਸਦੇ ਰਹਿਣਗੇ, ਚੂਸਦੇ ਰਹਿਣਗੇ, ਚੂਸਦੇ ਰਹਿਣਗੇ?" ਉਸ ਦੀ ਗੱਲ ਖ਼ਤਮ ਹੋਣ 'ਤੇ ਭਾਵੇਂ ਇੱਕ ਵੀ ਤਾੜੀ ਨਹੀਂ ਵੱਜੀ ਪਰ ਇੰਝ ਲੱਗਿਆ ਜਿਵੇਂ ਕਿਸੇ ਨੇ ਮੇਰੇ ਮੂੰਹ 'ਤੇ ਕਰਾਰੀ ਚਪੇੜ ਮਾਰ ਦਿੱਤੀ ਹੋਵੇ। ਉਹ ਰਾਮ-ਰਾਮ ਕਰ ਕੇ ਫੇਰ ਬੋਰੀਆਂ ਲੱਦਣ ਲੱਗ ਗਿਆ। ਮੈਂ ਵਾਪਸ ਆ ਬੀਅਰ ਦਾ ਕੈਨ ਮੂੰਹ ਨੂੰ ਲਾਇਆ ਤਾਂ ਪਤਾ ਨਹੀਂ ਕਿਉਂ ਬੇਸਵਾਦ ਜਿਹਾ ਲੱਗ ਰਿਹਾ ਸੀ।

-ਅਸ਼ੋਕ ਸੋਨੀ

# ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ ਦਾ ਰਿਕਾਰਡ ਬਹੁਤ ਮਾੜਾ ਕਿਉਂ ?

## ✪ 2025 ਦੇ ਵਿਸ਼ਵ ਪ੍ਰੈੱਸ ਸੁਤੰਤਰਤਾ ਸੂਚਕਾਂਕ ਅਨੁਸਾਰ 180 ਦੇਸ਼ਾਂ ਵਿੱਚ 151ਵੇਂ ਸਥਾਨ ’ਤੇ
## ✪ ਮੀਡੀਆ ਹਾਊਸਾਂ ’ਤੇ ਵਿੱਤੀ ਨਿਰਭਰਤਾ ਅਤੇ ਕਾਰਪੋਰੇਟ ਮਾਲਕੀ ਨੇ ਸੁਤੰਤਰ ਰਿਪੋਰਟਿੰਗ ਨੂੰ ਸੀਮਤ ਕੀਤਾ

ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ ਦਾ ਰਿਕਾਰਡ ਬਹੁਤ ਮਾੜਾ ਬਣਿਆ ਹੋਇਆ ਹੈ। ਹਾਲਾਂਕਿ 2025 ਦੇ ਵਿਸ਼ਵ ਪ੍ਰੈੱਸ ਸੁਤੰਤਰਤਾ ਸੂਚਕਾਂਕ ਵਿੱਚ ਭਾਰਤ ਦੀ ਰੈਂਕਿੰਗ ਵਿੱਚ ਥੋੜ੍ਹਾ ਸੁਧਾਰ ਹੋਇਆ ਹੈ, ਪਰ ਇਹ ਅਜੇ ਵੀ 180 ਦੇਸ਼ਾਂ ਵਿੱਚ 151ਵੇਂ ਸਥਾਨ ’ਤੇ ਹੈ। ਪਿਛਲੇ ਸਾਲ ਭਾਰਤ ਦੀ ਰੈਂਕਿੰਗ 159 ਸੀ। ਪੈਰਿਸ ਸਥਿਤ ਅੰਤਰਰਾਸ਼ਟਰੀ ਸੰਸਥਾ ‘ਰਿਪੋਰਟਰਜ਼ ਵਿਦਾਊਟ ਬਾਰਡਰਜ਼’ ਦੀ 2025 ਦੀ ਰਿਪੋਰਟ ਅਨੁਸਾਰ, ਸੂਚੀ ਵਿੱਚ ਸਭ ਤੋਂ ਹੇਠਲੇ ਸਥਾਨ ’ਤੇ ਹੈ, ਜਦਕਿ ਨਾਰਵੇ ਪਹਿਲੇ ਸਥਾਨ ’ਤੇ ਹੈ। ਭੂਟਾਨ, ਪਾਕਿਸਤਾਨ, ਤੁਰਕੀ, ਫਲਸਤੀਨ, ਚੀਨ, ਰੂਸ, ਅਫਗਾਨਿਸਤਾਨ, ਸੀਰੀਆ ਅਤੇ ਉੱਤਰੀ ਕੋਰੀਆ ਨੂੰ ਭਾਰਤ ਨਾਲੋਂ ਹੇਠਲੇ ਸਥਾਨ ’ਤੇ ਰੱਖਿਆ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਸੱਤਾ ਵਿੱਚ ਵਾਪਸੀ ਤੋਂ ਬਾਅਦ ਪ੍ਰੈੱਸ ਦੀ ਸਥਿਤੀ ਵਿੱਚ ਗਿਰਾਵਟ ਆਈ ਹੈ। ਅਮਰੀਕਾ 2025 ਦੇ ਸੂਚਕਾਂਕ ਵਿੱਚ 57ਵੇਂ ਸਥਾਨ ’ਤੇ ਹੈ, ਜਦਕਿ ਪਿਛਲੇ ਸਾਲ ਇਹ 55ਵੇਂ ਸਥਾਨ ’ਤੇ ਸੀ।

ਰਿਪੋਰਟ ਅਨੁਸਾਰ, ਦੁਨੀਆ ਦੀ ਅੱਧੀ ਆਬਾਦੀ ਵਾਲੇ 42 ਦੇਸ਼ਾਂ ਵਿੱਚ ਪ੍ਰੈੱਸ ਦੀ ਸਥਿਤੀ “ਬਹੁਤ ਗੰਭੀਰ” ਹੈ, ਜਿੱਥੇ ਪ੍ਰੈੱਸ ਨੂੰ ਲਗਭਗ ਕੋਈ ਆਜ਼ਾਦੀ ਨਹੀਂ ਹੈ ਅਤੇ ਪੱਤਰਕਾਰੀ ਕਰਨਾ ਜੋਖਮ ਭਰਪੂਰ ਹੈ। ਗਾਜ਼ਾ ਵਿੱਚ ਚੱਲ ਰਹੀ ਜੰਗ ਦੌਰਾਨ 200 ਤੋਂ ਵੱਧ ਪੱਤਰਕਾਰ ਮਾਰੇ ਗਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲੀ ਫੌਜ ਨੇ ਗਾਜ਼ਾ ਵਿੱਚ ਕਈ ਨਿਊਜ਼-ਰੂਮਜ਼ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। 2023 ਵਿੱਚ ਜੰਗ ਸ਼ੁਰੂ ਹੋਣ ਤੋਂ ਬਾਅਦ ਗਾਜ਼ਾ ਵਿੱਚ 200 ਤੋਂ ਵੱਧ ਪੱਤਰਕਾਰਾਂ ਦੀ ਮੌਤ ਹੋ ਚੁੱਕੀ ਹੈ।

ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਕਈ ਕਾਰਨਾਂ ਕਰਕੇ ਖਤਰਾ ਹੈ। ਸਰਕਾਰ ਅਤੇ ਸੱਤਾਧਾਰੀ ਪਾਰਟੀਆਂ ਵੱਲੋਂ ਮੀਡੀਆ ’ਤੇ ਸਿੱਧਾ ਜਾਂ ਅਸਿੱਧਾ ਦਬਾਅ ਪਾਇਆ ਜਾਂਦਾ ਹੈ। ਇਸ ਵਿੱਚ ਵਿਗਿਆਪਨ ਫੰਡਿੰਗ ਰੋਕਣਾ, ਮੀਡੀਆ ਹਾਊਸਾਂ ’ਤੇ ਛਾਪੇਮਾਰੀ, ਅਤੇ ਕਾਨੂੰਨੀ ਕਾਰਵਾਈਆਂ ਸ਼ਾਮਲ ਹਨ। ਸੰਵੇਦਨਸ਼ੀਲ ਮੁੱਦਿਆ ’ਤੇ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ’ਤੇ ਯੂਏਪੀਏ (ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ) ਅਤੇ ਰਾਜਧਰੋਹ ਵਰਗੇ ਸਖ਼ਤ ਕਾਨੂੰਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ ਸਿਦੀਕ ਕਾਪਨ ਨੂੰ ਯੂਏਪੀਏ ਅਧੀਨ 2020 ਵਿੱਚ ਗ੍ਰਿਫਤਾਰ ਕੀਤਾ ਗਿਆ, 2022 ਵਿੱਚ ਜ਼ਮਾਨਤ ’ਤੇ ਰਿਹਾਅ ਕੀਤਾ ਗਿਆ। ਅਜੀਤ ਅੰਜੁਮ ਅਤੇ ਸਾਕਸ਼ੀ ਜੋਸ਼ੀ: ਸੰਵੇਦਨਸ਼ੀਲ ਰਿਪੋਰਟਿੰਗ ਕਾਰਨ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰਨਾ ਪਿਆ। ਕਸ਼ਮੀਰੀ ਪੱਤਰਕਾਰ: ਜਿਵੇਂ ਫਹਦ ਸ਼ਾਹ ਅਤੇ ਆਸਿਫ ਸੁਲਤਾਨ, ਜਿਨ੍ਹਾਂ ਨੂੰ ਪੀਐਸਏ (ਪਬਲਿਕ ਸੇਫਟੀ ਐਕਟ) ਅਧੀਨ




❛ ਪੰਜਾਬ ਟਾਈਮਜ ਅਨੁਸਾਰ ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਸਰਕਾਰੀ ਦਬਾਅ, ਕਾਰਪੋਰੇਟ ਮਾਲਕੀ, ਕਾਨੂੰਨੀ ਪਾਬੰਦੀਆਂ, ਅਤੇ ਸਮਾਜਿਕ ਧਮਕੀਆਂ ਨੇ ਗੰਭੀਰ ਸੰਕਟ ਵਿੱਚ ਪਾਇਆ ਹੈ। 151ਵੀਂ ਰੈਂਕਿੰਗ ਸੁਧਾਰ ਦਿਖਾਉਂਦੀ ਹੈ, ਪਰ ਅਜੇ ਵੀ ਸਥਿਤੀ ਚਿੰਤਾਜਨਕ ਹੈ। ਪੱਤਰਕਾਰੀ ਨੂੰ ਲੋਕ-ਪੱਖੀ ਅਤੇ ਸੁਤੰਤਰ ਬਣਾਉਣ ਲਈ ਸਰਕਾਰ, ਅਦਾਲਤਾਂ, ਅਤੇ ਸਮਾਜ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਸੁਪਰੀਮ ਕੋਰਟ ਅਤੇ ਹਾਈ ਕੋਰਟ ਨੂੰ ਪ੍ਰੈੱਸ ਦੀ ਆਜ਼ਾਦੀ ਦੀ ਸੁਰੱਖਿਆ ਲਈ ਵਧੇਰੇ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਜੇਲ ਵਿੱਚ ਰੱਖਿਆ ਗਿਆ। ਸੀਪੀਜੇ ਦੀ 2023 ਦੀ ਰਿਪੋਰਟ ਅਨੁਸਾਰ, ਭਾਰਤ ਵਿੱਚ 7-10 ਪੱਤਰਕਾਰ ਜੇਲ ਵਿੱਚ ਸਨ, ਪਰ ਅਸਲ ਅੰਕੜਾ ਇਸ ਤੋਂ ਵੱਧ ਹੋ ਸਕਦਾ ਹੈ ਕਿਉਂਕਿ ਸਾਰੇ ਮਾਮਲੇ ਜਨਤਕ ਨਹੀਂ ਹੁੰਦੇ।

ਪੱਤਰਕਾਰਾਂ ਨੂੰ ਸਿਆਸੀ ਸਮੂਹਾਂ, ਅਪਰਾਧੀਆਂ, ਅਤੇ ਕਾਰਪੋਰੇਟ ਸਮੂਹਾਂ ਵੱਲੋਂ ਧਮਕੀਆਂ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਪੱਤਰਕਾਰਾਂ ਦੀ ਹੱਤਿਆ ਵੀ ਹੋ ਚੁਕੀ ਹੈ, ਜਿਵੇਂ ਕਿ ਗੌਰੀ ਲੰਕੇਸ਼ ਦਾ ਕਤਲ। ਮੀਡੀਆ ਹਾਊਸਾਂ ’ਤੇ ਵਿੱਤੀ ਨਿਰਭਰਤਾ ਅਤੇ ਕਾਰਪੋਰੇਟ ਮਾਲਕੀ ਨੇ ਸੁਤੰਤਰ ਰਿਪੋਰਟਿੰਗ ਨੂੰ ਸੀਮਤ ਕਰ ਦਿੱਤਾ ਹੈ। ਵੱਡੇ ਕਾਰੋਬਾਰੀ ਘਰਾਣਿਆਂ ਦੀ ਮੀਡੀਆ ’ਤੇ ਪਕੜ ਨੇ ਸੰਪਾਦਕੀ ਸੁਤੰਤਰਤਾ ਨੂੰ ਘਟਾਇਆ ਹੈ। ਡਰ ਅਤੇ ਦਬਾਅ ਕਾਰਨ ਪੱਤਰਕਾਰ ਅਤੇ ਮੀਡੀਆ ਸੰਸਥਾਵਾਂ ਆਪਣੇ ਆਪ ਨੂੰ ਸੈਂਸਰ ਕਰਦੀਆਂ ਹਨ, ਜਿਸ ਨਾਲ ਸਰਕਾਰ ਵਿਰੋਧੀ ਜਾਂ ਸੰਵੇਦਨਸ਼ੀਲ ਮੁੱਦਿਆਂ ’ਤੇ ਰਿਪੋਰਟਿੰਗ ਘਟਦੀ ਹੈ।

ਭਾਰਤ ਵਿੱਚ ਜ਼ਿਆਦਾਤਰ ਮੀਡੀਆ ਹਾਊਸ ਵੱਡੇ ਕਾਰੋਬਾਰੀ ਸਮੂਹਾਂ ਦੇ ਅਧੀਨ ਹਨ, ਜੋ ਸਰਕਾਰ ਅਤੇ ਸੱਤਾਧਾਰੀ ਪਾਰਟੀਆਂ ਨਾਲ ਮਿਲ ਕੇ ਕੰਮ ਕਰਦੇ ਹਨ। ਇਹ ਮੀਡੀਆ ਸਰਕਾਰੀ ਅਤੇ ਕਾਰਪੋਰੇਟ ਹਿੱਤਾਂ ਨੂੰ ਤਰਜੀਹ ਦਿੰਦਾ ਹੈ, ਨਾ ਕਿ ਜਨਤਕ ਹਿੱਤਾਂ ਨੂੰ। ਕਈ ਮੀਡੀਆ ਸੰਸਥਾਵਾਂ ‘ਪੇਡ ਨਿਊਜ਼’ ਦੀ ਪ੍ਰਥਾ ਅਪਣਾਉਂਦੀਆਂ ਹਨ, ਜਿਸ ਵਿੱਚ ਸਿਆਸੀ ਪਾਰਟੀਆਂ ਜਾਂ ਵਿਅਕਤੀਆਂ ਤੋਂ ਪੈਸੇ ਲੈ ਕੇ ਉਨ੍ਹਾਂ ਦੇ ਹੱਕ ਵਿੱਚ ਖਬਰਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਮੀਡੀਆ ਹਾਊਸ ਟੀਆਰਪੀ ਅਤੇ ਮੁਨਾਫੇ ਨੂੰ ਵਧਾਉਣ ਲਈ ਸੰਵੇਦਨਸ਼ੀਲ ਅਤੇ ਵਿਵਾਦਪੂਰਨ ਮੁੱਦਿਆਂ ’ਤੇ ਧਿਆਨ ਕੇਂਦਰਿਤ ਕਰਦੇ ਹਨ, ਜਿਸ ਨਾਲ ਜਨਤਕ ਮੁੱਦਿਆਂ ਦੀ ਅਣਦੇਖੀ ਹੁੰਦੀ ਹੈ। ਪੱਤਰਕਾਰਾਂ ਦੀ ਅਸੁਰੱਖਿਆ: ਘੱਟ ਤਨਖਾਹ, ਅਸਥਿਰ ਨੌਕਰੀਆਂ, ਅਤੇ ਸੁਰੱਖਿਆ ਦੀ ਘਾਟ ਕਾਰਨ ਪੱਤਰਕਾਰ ਅਕਸਰ ਦਬਾਅ ਵਿੱਚ ਆ ਜਾਂਦੇ ਹਨ ਅਤੇ ਸੁਤੰਤਰ ਰਿਪੋਰਟਿੰਗ ਨਹੀਂ ਕਰ ਪਾਉਂਦੇ।

ਅਦਾਲਤਾਂ ’ਤੇ ਵੀ ਸਿਆਸੀ ਅਤੇ ਸਮਾਜਿਕ ਦਬਾਅ ਹੁੰਦੇ ਹਨ, ਜਿਸ ਕਾਰਨ ਉਹ ਪ੍ਰੈੱਸ ਦੀ ਆਜ਼ਾਦੀ ਦੇ ਮੁੱਦਿਆਂ ’ਤੇ ਸਰਗਰਮੀ ਨਾਲ ਦਖਲ ਨਹੀਂ ਦਿੰਦੀਆਂ। ਅਦਾਲਤੀ ਪ੍ਰਕਿਰਿਆਵਾਂ ਲੰਬੀਆਂ ਹੁੰਦੀਆਂ ਹਨ, ਜਿਸ ਕਾਰਨ ਪੱਤਰਕਾਰਾਂ ਨੂੰ ਤੁਰੰਤ ਰਾਹਤ ਨਹੀਂ ਮਿਲਦੀ। ਕਈ ਮਾਮਲਿਆਂ ਵਿੱਚ, ਪ੍ਰੈੱਸ ਦੀ ਆਜ਼ਾਦੀ ਨੂੰ ਖਤਰੇ ਦੀ ਗੰਭੀਰਤਾ ਨੂੰ ਅਦਾਲਤਾਂ ਸਮਝ ਨਹੀਂ ਪਾਉਂਦੀਆਂ ਜਾਂ ਇਸ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੋੜ ਦਿੱਤਾ ਜਾਂਦਾ ਹੈ। ਹਾਲਾਂਕਿ, ਸੁਪਰੀਮ ਕੋਰਟ ਨੇ ਕੁਝ ਮਾਮਲੇ ਇੰਡੀਅਨ ਐਕਸਪ੍ਰੈਸ ਅਤੇ ਐਨਡੀਟੀਵੀ ਵਰਗੇ ਮੀਡੀਆ ਹਾਊਸਾਂ ਦੇ ਮਾਮਲਿਆਂ ਵਿੱਚ ਪ੍ਰੈੱਸ ਦੀ ਆਜ਼ਾਦੀ ਦੀ ਵਕਾਲਤ ਕੀਤੀ ਹੈ, ਪਰ ਅਜਿਹੇ ਮਾਮਲੇ ਬਹੁਤ ਘੱਟ ਹਨ। ‘ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ’ ਅਤੇ ‘ਰਿਪੋਰਟਰਜ਼ ਵਿਦਾਊਟ ਬਾਰਡਰਜ਼’ ਵਰਗੀਆਂ ਸੰਸਥਾਵਾਂ ਅਨੁਸਾਰ, 2024 ਅਤੇ 2025 ਵਿੱਚ ਭਾਰਤ ਵਿੱਚ ਦਰਜਨਾਂ ਪੱਤਰਕਾਰ ਜੇਲਾਂ ਵਿੱਚ ਸਨ।

ਇਸੇ ਕਰਕੇ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਸੀਪੀਜੇ ਨੇ ਭਾਰਤ ਨੂੰ ਪੱਤਰਕਾਰਾਂ ਲਈ “ਖਤਰਨਾਕ” ਦੇਸ਼ ਕਰਾਰ ਦਿੱਤਾ, ਖਾਸ ਕਰਕੇ ਕਸ਼ਮੀਰ ਅਤੇ ਨਕਸਲ ਪ੍ਰਭਾਵਿਤ ਖੇਤਰਾਂ ਵਿੱਚ। ਫਰੀਡਮ ਹਾਊਸ: 2024 ਦੀ ਰਿਪੋਰਟ ਵਿੱਚ ਭਾਰਤ ਨੂੰ “ਆਜ਼ਾਦੀ ਦੀ ਘਟਦੀ ਸਥਿਤੀ” ਵਾਲਾ ਦੇਸ਼ ਦੱਸਿਆ ਸੀ, ਜਿਸ ਵਿੱਚ ਮੀਡੀਆ ’ਤੇ ਸਰਕਾਰੀ ਨਿਯੰਤਰਣ ਅਤੇ ਸੈਂਸਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ। ਬੀਬੀਸੀ, ਅਲ ਜਜੀਰਾ ਅਤੇ ਦਾ ਗਾਰਡੀਅਨ ਵਰਗੇ ਮੀਡੀਆ ਹਾਊਸਾਂ ਨੇ ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ’ਤੇ ਸਵਾਲ ਉਠਾਏ ਹਨ, ਖਾਸ ਕਰਕੇ ਸੰਵੇਦਨਸ਼ੀਲ ਮੁੱਦਿਆਂ (ਕਿਸਾਨ ਅੰਦੋਲਨ, ਸੀਏਏ-ਐਨਆਰਸੀ, ਕਸ਼ਮੀਰ) ’ਤੇ ਰਿਪੋਰਟਿੰਗ ਦੀਆਂ ਪਾਬੰਦੀਆਂ ਨੂੰ ਲੈ ਕੇ।

## ਨਸ਼ੇੜੀ ਨੇ ਪਤਨੀ ਦੀ ਕੀਤੀ ਮਾਰਕੁੱਟ, ਮੌਤ ਦੇ ਘਾਟ ਉਤਾਰਿਆ



ਤਰਨਤਾਰਨ-ਨਸ਼ੇ ਵਿੱਚ ਧੁੱਤ ਹੋਏ ਵਿਅਕਤੀ ਵੱਲੋਂ ਆਪਣੀ ਪਤਨੀ ਦਾ ਬੇਰਹਿਮੀ ਨਾਲ ਕੁੱਟਮਾਰ ਕਰਦੇ ਹੋਏ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ ਸਬੰਧੀ ਥਾਣਾ ਝਬਾਲ ਦੀ ਪੁਲਸ ਨੇ ਪਤੀ ਖਿਲਾਫ ਪਰਚਾ ਦਰਜ ਕਰਦੇ ਹੋਏ ਉਸ ਨੂੰ ਗ੍ਰਿਫਤਾਰ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੁਖਵੰਤ ਸਿੰਘ ਵਾਸੀ ਪਿੰਡ ਸੋਹਲ ਨੇ ਥਾਣਾ ਝਬਾਲ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦਾ ਗੁਰੂ ਨਾਨਕ ਬਰਿੱਕ ਨਾਮਕ, ਅੱਡਾ ਗੱਗੋ ਬੂਹਾ ਵਿਖੇ ਇਟਾਂ ਬਣਾਉਣ ਵਾਲਾ ਭੱਠਾ ਹੈ। ਜਿੱਥੇ ਸਿਧਾਰਥ ਪੁੱਤਰ ਮੁਹੰਮਦ ਸ਼ਹਾਦਤ ਵਾਸੀ ਮਾਈ ਖੰਡ, ਬਿਹਾਰ ਨਾਮਕ ਵਿਅਕਤੀ ਜੋ ਆਪਣੇ ਪਰਿਵਾਰ ਸਮੇਤ ਉਸ ਦੇ ਭੱਠੇ ਉਪਰ ਰਹਿੰਦਾ ਸੀ ਤੇ ਮਿਹਨਤ ਮਜ਼ਦੂਰੀ ਕਰਦਾ ਸੀ। ਬੀਤੀ 1 ਮਈ ਦੀ ਰਾਤ ਦੌਰਾਨ ਸਿਧਾਰਥ ਨੇ ਨਸ਼ਾ ਕੀਤਾ ਹੋਇਆ ਸੀ ਜੋ ਨਸ਼ੇ ਵਿੱਚ ਧੁੱਤ ਹੋ ਕੇ ਆਪਣੀ ਪਤਨੀ ਰਹੀਮਾ ਦੀ ਬੜੀ ਮਾਰਕੁੱਟ ਕਰਨ ਲੱਗ ਪਿਆ। ਸ਼ਰਾਬ ਦੇ ਨਸ਼ੇ ਵਿੱਚ ਹੋਣ ਕਰਕੇ ਸਿਧਾਰਥ ਨੇ ਆਪਣੀ ਪਤਨੀ ਦੀ ਕੁੱਟਮਾਰ ਕੀਤੀ ਅਤੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਸਿਧਾਰਥ ਦੀ ਪਤਨੀ ਦੇ ਸੱਟਾਂ ਜ਼ਿਆਦਾ ਲੱਗਣ ਕਰਕੇ ਉਸ ਦੀ ਮੌਤ ਹੋ ਗਈ।

# ਕਾਵਿ-ਕਿਆਰੀ

## ਦੋਗਲੀ ਨੀਤੀ

ਜ਼ਬਰਦਸਤੀ ਪਿਆਰ ਵੀ ਨਿਭਾਏ ਨਹੀਂ ਜਾਂਦੇ,
ਧੌਂਸ ਨਾਲ ਝੂਠ ਦੇ ਸੱਚ ਬਣਾਏ ਨਹੀਂ ਜਾਂਦੇ।

ਵਕਤੀ ਰਿਉੜੀਆਂ ਵੰਡ ਕੇ ਨੰਗੇ ਭੁੱਖੇ ਲੋਕਾਂ ਨੂੰ,
ਔੜਾਂ ਵਿੱਚ ਸਬਜ਼ ਬਾਗ ਦਿਖਾਏ ਨਹੀਂ ਜਾਂਦੇ।

ਭੁੱਖ ਅੰਬਾਂ ਦੀ ਬਾਖੜੀਆਂ ਨਾਲ ਮਿਟ ਨਹੀਂ ਸਕਦੀ,
ਸੁਪਨੇਂ ਸੁਰਗਾਂ ਦੇ ਨਰਕਾਂ ਵਿੱਚ ਦਿਖਾਏ ਨਹੀਂ ਜਾਂਦੇ।

ਬਿਨਾ ਸੂਰਜ ਤੋਂ ਉਜਾਲੇ ਕਦੀ ਵੀ ਨਹੀਂ ਦਿਸਦੇ,
ਹਨੇਰੇ ਵੇਚ ਕੇ ਵਪਾਰ ਸਦਾ ਚਲਾਏ ਨਹੀਂ ਜਾਂਦੇ।

ਮਿੱਠੀਆਂ ਤੇਰੀਆਂ ਗੱਲਾਂ ਤੇ ਯਕੀਨ ਕਿਵੇਂ ਕਰੀਏ ?
ਇਵੇਂ ਬੇਈਮਾਨ ਇਰਾਦੇ ਸਦਾ ਛੁਪਾਏ ਨਹੀਂ ਜਾਂਦੇ।

ਹਕੂਮਤ ਹੋਵੇਗੀ ਭਾਵੇਂ ਤੇਰੀ ਇਸ ਸ਼ਹਿਰ ਦੇ ਉੱਤੇ,
ਪਰ ਰਾਜ ਹਿਰਦਿਆਂ ਉੱਤੇ ਇੰਝ ਚਲਾਏ ਨਹੀਂ ਜਾਂਦੇ।

ਹੈ ਤੂੰ ਖੁਸ਼ ਕਿ ਤੇਰਾ ਜ਼ਿਕਰ ਹੈ ਹਰ ਜ਼ੁਬਾਨ ਉੱਤੇ,
ਪਰ ਤਲਖ਼ ਸ਼ਬਦਾਂ ਨਾਲ ਮਲੂਮ ਬਣਾਏ ਨਹੀਂ ਜਾਂਦੇ।

ਭਾਵੇਂ ਚੱਲਦੀ ਹੈ ਹਨੇਰੀ ਅੱਜ ਤੇਰੇ ਹੁਕਮਾਂ ਦੀ,
ਪਰ ਚਿਰਾਗ ਉਮੀਦਾਂ ਦੇ ਇੰਝ ਬੁਝਾਏ ਨਹੀਂ ਜਾਂਦੇ।

ਕਹਿਣ ਨੂੰ ਤਾਂ ਤੂੰ ਹੈਂ ਸਵਾਰ ਹੰਕਾਰ ਦੇ ਰੱਥ 'ਤੇ,
ਕਾਠ ਦੇ ਘੋੜੇ ਇਵੇਂ ਸਰਪਟ ਦੌੜਾਏ ਨਹੀਂ ਜਾਂਦੇ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਚਾਪਲੂਸੀਆਂ....



ਸੁਣੋ ਗੱਲ ਮੇਰੀ ਪੱਕੀ
ਜਿੰਨੇ ਕਰਨੀ ਤਰੱਕੀ
ਮਿਹਨਤਾਂ ਦੀ ਅੱਜ ਕੱਲ੍ਹ ਲੋੜ ਨਾ

ਲਾਓ ਅਫ਼ਸਰ-ਲੀਡਰ-ਮੀਡੀਆ ਨਾਲ ਯਾਰੀ
ਛੱਡੋ ਬਾਕੀ ਦੁਨੀਆਂ ਜੀ ਸਾਰੀ
ਚਾਪਲੂਸਾਂ ਦੀ ਅੱਜ ਕੱਲ੍ਹ ਥੋੜ ਨਾ
............................
ਪੈਸਾ ਹੈ ਪ੍ਰਧਾਨ ਜੀ
ਪੈਸਾ ਹੈ ਪ੍ਰਧਾਨ ਜੀ
ਵਿਕਦਾ ਇਮਾਨ ਜੀ
ਕਦਰਾਂ ਦੀ ਅੱਜ ਕੱਲ੍ਹ ਲੋੜ ਨਾ

ਲਾਓ ਅਫ਼ਸਰ-ਲੀਡਰ-ਮੀਡੀਆ ਨਾਲ ਯਾਰੀ
ਛੱਡੋ ਬਾਕੀ ਦੁਨੀਆਂ ਜੀ ਸਾਰੀ
ਚਾਪਲੂਸਾਂ ਦੀ ਅੱਜ ਕੱਲ੍ਹ ਥੋੜ ਨਾ
..............................
ਦੂਜਾ ਪਲੜਾ ਵੇਖ ਕੇ ਭਾਰੀ
ਦੂਜਾ ਪਲੜਾ ਵੇਖ ਕੇ ਭਾਰੀ
ਹੁਣ ਛੱਡ ਦਿੰਦੇ ਨੇ ਯਾਰੀ
ਸੱਚੇ ਅਸੂਲਾਂ ਦੀ ਅੱਜ ਕੱਲ੍ਹ ਲੋੜ ਨਾ

ਲਾਓ ਅਫ਼ਸਰ-ਲੀਡਰ-ਮੀਡੀਆ ਨਾਲ ਯਾਰੀ
ਛੱਡੋ ਬਾਕੀ ਦੁਨੀਆਂ ਜੀ ਸਾਰੀ
ਚਾਪਲੂਸਾਂ ਦੀ ਅੱਜ ਕੱਲ੍ਹ ਥੋੜ ਨਾ

ਕਰਨ ਮਹਾਜਨ, ਕਪੂਰਥਲਾ
9815906631

## ਸਪਤਾਹਿਕ ਪੇਪਰ-ਪੰਜਾਬ ਟਾਈਮਜ਼



ਦਿਨ ਸ਼ੁਕਰਵਾਰ ਸੁਹਾਇਆ
ਡਰਬੀ ਤੋਂ ਪੇਪਰ ਆਇਆ

ਚਲੋ ਬਜ਼ਾਰ ਨੂੰ ਚੱਲੀਏ ਹੋ ਜਾਓ ਕਾਇਮ!
ਪੜ੍ਹਾਂਗੇ ਅੱਜ ਪੰਜਾਬ ਟਾਈਮਜ!!
ਬਈ ਪੜ੍ਹਾਂਗੇ ਅੱਜ ਪੰਜਾਬ ਟਾਈਮ!!!

ਸਪਤਾਹਿਕ ਪੇਪਰ ਪੰਜਾਬ ਟਾਈਮਜ਼ ਨੂੰ ਐਰ ਗੈਰ ਨਾ ਜਾਣੀ।
ਲੇਖ ਲਿਖੇਂਦਾ ਸਿਰੇ ਦੇ, ਦਿਲਾਂ ਨੂੰ ਛੋਂਹਦੀ ਨਵੀਂ ਕਹਾਣੀ।
ਗਦ ਗਦ ਕਰਦੀ ਰੂਹ ਨੂੰ-ਕੱਢਕੇ ਦਿਲਾਂ ਦੇ ਵਹਿਮ!
ਬਈ ਪੜ੍ਹਾਂਗੇ ਅੱਜ ਪੰਜਾਬ ਟਾਈਮ!!

ਕਾਵਿ ਕਿਆਰੀ ਵਿੱਚ ਹੁੰਦੀਆਂ-ਗੀਤ ਕਵਿਤਾਵਾਂ ਗਜ਼ਲਾਂ ਤੇ ਰੁਬਾਈਆਂ।
ਪਾਠਕ ਪੜ੍ਹਦਾ ਵਾਹ ਵਾਹ ਕਰਦਾ ਹਰ ਇਕ ਦੇ ਮਨ-ਭਾਈਆਂ।
ਕੁਝ ਰਚਨਾਵਾਂ ਦਿਲ 'ਤੇ ਲਾਵਾਂ-ਦਿਲ ਵੀ ਜਾਂਦਾ ਸੈਹਿਮ!
ਬਈ ਪੜ੍ਹਾਂਗੇ ਅੱਜ ਪੰਜਾਬ ਟਾਈਮ!!
ਪੜ੍ਹਾਂਗੇ ਅੱਜ ਪੰਜਾਬ ਟਾਈਮ...

ਮਸ਼ਹੂਰੀ ਲਈ ਇਸ਼ਤਿਹਾਰ ਦਿਉ ਪੰਜਾਬ ਟਾਈਮਜ਼ ਨੂੰ ਬਿਜ਼ਨਿਸਮੈਨੋਂ।
ਕੰਮ ਕਾਰ ਵਿੱਚ ਵਾਧਾ ਹੋਊ ਨਾਲੇ ਮਜ਼ੇ ਨਾ ਖਾਉ ਪਹਿਨੋਂ।
ਚੜ੍ਹਦੀ ਕਲਾ ਹਮੇਸ਼ਾਂ ਹੋਊ-ਹੋ ਜਾਊ ਗਹਿਮਾ ਗੈਹਿਮ!
ਬਈ ਪੜ੍ਹਾਂਗੇ ਅੱਜ ਪੰਜਾਬ ਟਾਈਮ!
ਪੜ੍ਹਾਂਗੇ ਅੱਜ ਪੰਜਾਬ ਟਾਈਮ...

ਫੇਸ ਬੁੱਕ ਵਿੱਚ ਫਸ ਗਏ ਪਰਚੇ, ਖ਼ਬਰੇ ਡਰ ਗਏ ਗਾਹਕਾਂ ਦੇ ਸ਼ੋਰ ਤੋਂ।
ਚੰਨ ਜੰਡਿਆਲਵੀ ਲਵੇ ਪੰਜਾਬ ਟਾਈਮਜ਼ ਵੁਲਵਰਹੈਂਪਟਨ-ਡਡਲੀ ਰੋਡ ਸਮਰਾ ਸਟੋਰ ਤੋਂ।
ਖੋਲ੍ਹਕੇ ਪੜ੍ਹੇ ਪੰਜਾਬ ਟਾਈਮਜ਼ ਰੱਬ ਕਰੇਂਦਾ ਰੈਹਿਮ!
ਬਈ ਅੱਜ ਪੜ੍ਹਾਂਗੇ ਪੰਜਾਬ ਟਾਈਮ!
ਪੜ੍ਹੋ ਪੜ੍ਹੋ ਤੁਸੀਂ ਵੀ ਪੰਜਾਬ ਟਾਈਮ!!

ਗੀਤਕਾਰ-ਤਰਲੋਚਨ ਸਿੰਘ

## ਸਾਬਣ ਲਗਾਓ , ਸਾਬਣ ਲਗਾਓ



ਹਰ ਰੋਜ਼ ਸਾਬਣ ਨਾਲ਼ ਨਹਾਓ ,
ਸਾਬਣ ਨਾਲ ਨਹਾ ਕੇ
ਬਿਮਾਰੀਆਂ ਦੂਰ ਭਜਾਓ
ਸਾਬਣ ਲਗਾ ਕੇ
ਤੰਦਰੁਸਤ ਬਣ ਜਾਓ।
ਸਾਬਣ ਲਗਾਓ, ਸਾਬਣ ਲਗਾਓ
ਸਾਬਣ ਨਾਲ਼ ਰੋਜ਼ ਨਹਾਓ।
ਸਾਬਣ ਲਗਾ ਕੇ ਸੁੰਦਰ ਬਣ ਜਾਓ
ਸਾਬਣ ਲਗਾਓ, ਸਾਬਣ ਲਗਾਓ ,
ਸਾਬਣ ਨਾਲ਼ ਰੋਜ਼ ਨਹਾਉ।

ਅੰਮ੍ਰਿਤਪਾਲ ਸਿੰਘ , ਜਮਾਤ ਚੌਥੀ,
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ

* * * * * * *

## ਜਰਾ ਮਰਾ

ਮਸੀਂ ਮਸੀਂ ਹੀ ਜਦ ਕੋਈ ਪੱਬ ਧਰਦਾ ਏ।
ਪੁੱਛਿਆ ਜਾਣੇ ਬੰਦੇ ਦਾ ਕਿੰਝ ਸਰਦਾ ਏ।

ਮੌਤੋ ਪਹਿਲਾਂ ਹੀ ਨਾ ਜੀਵਨ ਮਾਰ ਦਏ,
ਏਸੇ ਗਲੋਂ ਹਰ ਕੋਈ ਹੀ ਡਰਦਾ ਏ।

ਨਾ ਹਾਲਾਤਾਂ ਨਾ ਹੋਰਾਂ ਨੂੰ ਦੋਸ਼ ਕੋਈ।
ਕੀਤਾ ਕਰਮ ਹੀ ਬੰਦੇ ਉੱਤੇ ਵਰ੍ਹਦਾ ਏ।

ਐਵੇਂ ਹੀ ਬਦਨਾਮ ਕੀਤਾ ਏ ਪਸ਼ੂਆਂ ਨੂੰ,
ਬੰਦੇ ਵਾਂਗੂੰ ਕੋਈ ਪਸ਼ੂ ਨਹੀਂ ਚਰਦਾ ਏ।

ਬੰਦੇ ਦਾ ਮੰਨਿਆਂ ਕਿ ਬੰਦਾ ਦਾਰੂ ਏ,
ਜੀਅ ਪ੍ਰਵਾਸੀ ਦਾ ਨਾ ਕੋਈ ਘਰ ਦਾ ਏ।

ਮਨ ਮੰਨੇ ਹਰ ਰੁੱਤ ਸੁਹਾਵੀ ਹੋ ਜਾਂਦੀ,
ਮਨ ਮਹਿੱਟਰ ਕੋਸੀ ਰੁੱਤੇ ਠਰਦਾ ਏ।

ਮੁਕਤੀ ਦੇ ਮਾਰਗ 'ਤੇ ਓਹੀ ਚਲਦਾ ਹੈ,
ਖਿੜੇ ਮੱਥੇ ਜੋ ਹਭੀ ਨਭੀ ਨੂੰ ਜਰਦਾ ਏ।

ਗੁਰਮੁਖ ਹੋਣੇ ਦਾ ਇੱਕੋ ਈ ਕਾਰਨ ਏ,
ਮਨਮੱਤ ਕਰਕੇ ਮੱਤ 'ਤੇ ਪੈਂਦਾ ਪਰਦਾ ਏ।

ਜੇ ਸਾਈਂ ਨਹੀਂ ਦਿਸਿਆ 'ਢੇਸੀ' ਆਪੇ ਚੋਂ,
ਤੇਰੇ ਮਨ ਦੇ ਸ਼ੀਸ਼ੇ 'ਤੇ ਈ ਗਰਦਾ ਏ।



ਕੁਲਵੰਤ ਸਿੰਘ 'ਢੇਸੀ'

* * * * * *

## ਕਾਵਿ-ਵਿਅੰਗ
## ਹਾਕਮੋਂ ਠੰਢ ਰੱਖੋ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਚਾਹੁੰਦਾ ਹੋਣਾ ਨੀ ਫੌਜੀ ਕੋਈ ਜੰਗ ਲੱਗੇ
ਚੜ੍ਹਿਆ ਚਾਅ ਹੈ ਨਫਰਤਾਂ ਮਾਰਿਆਂ ਨੂੰ।
ਪੁੱਤਰ ਸੈਨਾ ਵਿਚ ਉਨ੍ਹਾਂ ਦਾ ਹੋਣਾ ਨਹੀਂਉਂ
ਜਿਹੜੇ ਲਾ ਰਹੇ ਤੱਤਿਆਂ ਨਾਹਰਿਆਂ ਨੂੰ।
ਦੇਖੋ ਕਿੱਦਾਂ ਫਿਰ 'ਤਾਲੂ ਨੂੰ ਜੀਭ' ਲੱਗਣੀ
ਭੇਜੋ ਬਾਰਡਰ 'ਤੇ ਵੱਡਿਆਂ 'ਦਾਰਿਆਂ' ਨੂੰ।
ਜ਼ੁਲਮ ਕਰਦੇ ਨੂੰ ਕਰੜੀ ਜਿਹੀ ਸਜ਼ਾ ਦੇਵੋ
ਗੁਨਾਹਗਾਰ ਕਿਉਂ ਸਮਝਦੇ ਸਾਰਿਆਂ ਨੂੰ।
ਸ਼ਾਂਤੀ ਵਾਸਤੇ ਰਲ ਮਿਲ਼ਕੇ ਯਤਨ ਕਰੀਏ
ਤੁਰੀਏ ਅਮਨ ਦੇ 'ਪੱਬ ਵਿਚ ਪੱਬ' ਧਰਕੇ।
ਲਹੂ-ਪੀਣੀਆਂ ਜੰਗਾਂ ਤੋਂ ਦੂਰ ਰਹਿ ਕੇ
'ਹੁਕਮਰਾਨੋ ਜੀ' ਠੰਢੇ ਰਹੋ ਰੱਬ ਕਰਕੇ !

-ਤਰਲੋਚਨ ਸਿੰਘ ਦੁਪਾਲ ਪੁਰ
78146-92724

# ਦਿੱਲੀ ਹਾਈ ਕੋਰਟ ਦੀ ਫਟਕਾਰ ਤੋਂ ਬਾਅਦ ਬਾਬਾ ਰਾਮਦੇਵ ਨੇ ਮੰਗੀ ਮੁਆਫੀ

## ✪ ਵਿਵਾਦਪੂਰਨ ਪੋਸਟਾਂ ਹਟਾਉਣ ਦਾ ਕੀਤਾ ਵਾਅਦਾ, ਫਿਰਕੂਵਾਦ ਫੈਲਾਉਣ ਦੇ ਲੱਗ ਚੁਕੇ ਨੇ ਦੋਸ਼

ਨਵੀਂ ਦਿੱਲੀ-ਯੋਗ ਗੁਰੂ ਅਤੇ ਪਤੰਜਲੀ ਆਯੁਰਵੇਦ ਦੇ ਸੰਸਥਾਪਕ ਬਾਬਾ ਰਾਮਦੇਵ ਨੇ ਦਿੱਲੀ ਹਾਈ ਕੋਰਟ ਦੀ ਸਖ਼ਤੀ ਤੋਂ ਬਾਅਦ ਹਮਦਰਦ ਦੀ ਰੂਹ ਅਫਜ਼ਾ ਬਾਰੇ ਵਿਵਾਦਪੂਰਨ ਟਿੱਪਣੀ 'ਤੇ ਮੁਆਫੀ ਮੰਗੀ ਹੈ। ਰਾਮਦੇਵ ਨੇ ਅਦਾਲਤ ਵਿੱਚ ਹਲਫ਼ਨਾਮਾ ਦਾਇਰ ਕਰਕੇ ਵਾਅਦਾ ਕੀਤਾ ਕਿ ਉਹ ਭਵਿੱਖ ਵਿੱਚ ਅਜਿਹੇ ਅਪਮਾਨਜਨਕ ਬਿਆਨ ਜਾਂ ਸੋਸ਼ਲ ਮੀਡੀਆ ਪੋਸਟਾਂ ਤੋਂ ਪਰਹੇਜ਼ ਕਰਨਗੇ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 9 ਮਈ 2025 ਲਈ ਤੈਅ ਕੀਤੀ ਹੈ।

ਰਾਮਦੇਵ ਨੇ 3 ਅਪ੍ਰੈਲ 2025 ਨੂੰ ਪਤੰਜਲੀ ਦੇ ਗੁਲਾਬ ਸ਼ਰਬਤ ਦਾ ਪ੍ਰਚਾਰ ਕਰਦੇ ਹੋਏ ਰੂਹ ਅਫਜ਼ਾ ਵਿਰੁੱਧ "ਸ਼ਰਬਤ ਜਿਹਾਦ" ਵਾਲੀ ਟਿੱਪਣੀ ਕੀਤੀ ਸੀ, ਜਿਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਰੂਹ ਅਫਜ਼ਾ ਦੀ ਕਮਾਈ ਮਦਰੱਸਿਆਂ ਅਤੇ ਮਸਜਿਦਾਂ ਦੇ ਨਿਰਮਾਣ ਵਿੱਚ ਵਰਤੀ ਜਾਂਦੀ ਹੈ। ਇਸ ਬਿਆਨ ਨੂੰ ਅਪਮਾਨਜਨਕ ਅਤੇ ਸਮਾਜ ਵਿੱਚ ਵਿਵਾਦ ਪੈਦਾ ਕਰਨ ਵਾਲਾ ਮੰਨਿਆ ਗਿਆ। ਹਮਦਰਦ ਨੈਸ਼ਨਲ ਫਾਊਂਡੇਸ਼ਨ ਨੇ ਰਾਮਦੇਵ ਅਤੇ ਪਤੰਜਲੀ ਫੂਡਜ਼ ਲਿਮਟਿਡ ਵਿਰੁੱਧ ਦਿੱਲੀ ਹਾਈ ਕੋਰਟ ਵਿੱਚ ਮੁਕੱਦਮਾ ਦਾਇਰ ਕੀਤਾ।

### ਅਦਾਲਤ ਦੀ ਸਖ਼ਤੀ ਅਤੇ ਰਾਮਦੇਵ ਦਾ ਜਵਾਬ

22 ਅਪ੍ਰੈਲ ਨੂੰ ਜਸਟਿਸ ਅਮਿਤ ਬਾਂਸਲ ਨੇ ਰਾਮਦੇਵ ਦੀ ਟਿੱਪਣੀ ਨੂੰ "ਅਣਉਚਿਤ" ਕਰਾਰ ਦਿੱਤਾ ਅਤੇ ਕਿਹਾ ਕਿ ਇਸ ਨੇ "ਅਦਾਲਤ ਦੀ ਜ਼ਮੀਰ ਨੂੰ ਹਿਲਾ ਦਿੱਤਾ।"

ਅਦਾਲਤ ਨੇ ਰਾਮਦੇਵ ਨੂੰ ਵਿਵਾਦਪੂਰਨ ਵੀਡੀਓ ਅਤੇ ਸੋਸ਼ਲ ਮੀਡੀਆ ਪੋਸਟਾਂ ਹਟਾਉਣ ਲਈ 24 ਘੰਟੇ ਦਾ ਸਮਾਂ ਦਿੱਤਾ ਅਤੇ ਹਲਫ਼ਨਾਮਾ ਦਾਇਰ ਕਰਨ ਦਾ ਹੁਕਮ ਦਿੱਤਾ।

1 ਮਈ ਨੂੰ ਅਦਾਲਤ ਨੇ ਰਾਮਦੇਵ ਵਿਰੁੱਧ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨ ਦੀ ਚੇਤਾਵਨੀ ਦਿੱਤੀ, ਜਿਸ ਤੋਂ ਬਾਅਦ ਰਾਮਦੇਵ ਦੇ ਵਕੀਲ ਨੇ ਭਰੋਸਾ ਦਿੱਤਾ ਕਿ ਸਾਰੀ



ਇਤਰਾਜ਼ਯੋਗ ਸਮੱਗਰੀ 24 ਘੰਟਿਆਂ ਵਿੱਚ ਹਟਾ ਦਿੱਤੀ ਜਾਵੇਗੀ।

ਬੀਤੇ ਸ਼ੁੱਕਰਵਾਰ ਨੂੰ ਰਾਮਦੇਵ ਨੇ ਹਲਫ਼ਨਾਮਾ ਦਾਇਰ ਕੀਤਾ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਉਹ ਰੂਹ ਅਫਜ਼ਾ ਵਿਰੁੱਧ ਅਜਿਹੇ ਬਿਆਨ ਜਾਂ ਵੀਡੀਓ ਮੁੜ ਨਹੀਂ ਪੋਸਟ ਕਰਨਗੇ। ਹਾਲਾਂਕਿ, ਹਮਦਰਦ ਦੇ ਵਕੀਲ ਨੇ ਦੱਸਿਆ ਕਿ ਵਿਵਾਦਪੂਰਨ ਯੂਟਿਊਬ ਵੀਡੀਓ ਨੂੰ ਹਟਾਉਣ ਦੀ ਬਜਾਏ ਨਿੱਜੀ ਕਰ ਦਿੱਤਾ ਗਿਆ ਸੀ। ਰਾਮਦੇਵ ਦੇ ਵਕੀਲ ਨੇ ਅਦਾਲਤ ਦਾ ਸਤਿਕਾਰ ਕਰਦੇ ਹੋਏ ਕਿਹਾ, "ਸਾਡੇ ਕੋਲ 24 ਘੰਟੇ ਹਨ, ਅਸੀਂ ਅਦਾਲਤ ਦੇ ਨਿਰਦੇਸ਼ਾਂ ਦੀ ਪੂਰੀ ਪਾਲਣਾ ਕਰਾਂਗੇ।" ਅਦਾਲਤ ਨੇ ਮਾਮਲੇ ਨੂੰ 9 ਮਈ ਤੱਕ ਮੁਲਤਵੀ ਕਰ ਦਿੱਤਾ।

### ਰਾਮਦੇਵ ਦੇ ਪਿਛਲੇ ਵਿਵਾਦ

ਰਾਮਦੇਵ ਪਹਿਲਾਂ ਵੀ ਕਈ ਵਿਵਾਦਾਂ ਵਿੱਚ ਘਿਰੇ ਰਹੇ ਹਨ। 2021 ਵਿੱਚ, ਉਨ੍ਹਾਂ ਨੇ ਪਤੰਜਲੀ ਦੀ ਦਵਾਈ ਕੋਰੋਨਿਲ ਨੂੰ ਕੋਵਿਡ-19 ਦਾ ਇਲਾਜ ਦੱਸਿਆ, ਜਿਸ ਨੂੰ ਭਾਰਤੀ ਮੈਡੀਕਲ ਐਸੋਸੀਏਸ਼ਨ ਨੇ ਗੁੰਮਰਾਹਕੁਨ ਮੰਨਿਆ। ਸੁਪਰੀਮ ਕੋਰਟ ਨੇ 2024 ਵਿੱਚ ਪਤੰਜਲੀ ਦੇ ਗੁੰਮਰਾਹਕੁਨ ਇਸ਼ਤਿਹਾਰਾਂ 'ਤੇ ਰੋਕ ਲਗਾਈ ਅਤੇ ਰਾਮਦੇਵ ਨੂੰ ਜਨਤਕ ਮੁਆਫੀ ਪ੍ਰਕਾਸ਼ਿਤ ਕਰਨ ਦਾ ਹੁਕਮ ਦਿੱਤਾ। ਇਸ ਤੋਂ ਇਲਾਵਾ, ਰਾਮਦੇਵ ਦੇ ਅਲੋਪੈਥੀ ਵਿਰੁੱਧ "ਮੂਰਖ ਵਿਗਿਆਨ" ਵਾਲੇ ਬਿਆਨ ਅਤੇ ਪਤੰਜਲੀ ਦੇ ਉਤਪਾਦਾਂ 'ਤੇ ਨਕਲੀ ਸਮੱਗਰੀ ਦੇ ਦੋਸ਼ਾਂ ਨੇ ਵੀ ਸੁਰਖੀਆਂ ਬਟੋਰੀਆਂ। ਰਾਮਦੇਵ ਦੇ ਵਾਰ-ਵਾਰ ਵਿਵਾਦਪੂਰਨ ਬਿਆਨ ਅਤੇ ਕਾਰਵਾਈਆਂ ਕਾਰਨ ਅਦਾਲਤਾਂ ਉਨ੍ਹਾਂ 'ਤੇ ਸਖ਼ਤ ਨਜ਼ਰ ਰੱਖ ਰਹੀਆਂ ਹਨ। ਮੌਜੂਦਾ ਮਾਮਲੇ ਵਿੱਚ, ਰਾਮਦੇਵ ਦੀ ਮੁਆਫੀ ਅਤੇ ਸਮੱਗਰੀ ਹਟਾਉਣ ਦੇ ਵਾਅਦੇ ਨੇ ਮਾਮਲੇ ਨੂੰ ਅਸਥਾਈ ਤੌਰ 'ਤੇ ਸ਼ਾਂਤ ਕਰ ਦਿੱਤਾ ਹੈ, ਪਰ ਅਗਲੀ ਸੁਣਵਾਈ ਵਿੱਚ ਅਦਾਲਤ ਦਾ ਰੁਖ ਮਹੱਤਵਪੂਰਨ ਹੋਵੇਗਾ।

# ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਗੁਰਦੁਆਰਾ ਸਾਹਿਬ ਲੈਸਟਰ ਵਿਖੇ ਭਾਈ ਜੀਵਨ ਸਿੰਘ ਅਤੇ ਭਾਈ ਮਹਿਲ ਸਿੰਘ ਬੱਬਰ ਦੀ ਯਾਦ ਵਿੱਚ ਅਖੰਡ ਕੀਰਤਨ ਸਮਾਗਮ ਕਰਵਾਏ



ਸਮਾਗਮ ਦੌਰਾਨ ਦੀਵਾਨ ਵਿੱਚ ਹਾਜ਼ਰੀ ਭਰਦੀਆਂ ਹੋਈਆਂ ਸੰਗਤਾਂ

ਲੈਸਟਰ – ਇਥੇ ਨਵੇਂ ਬਣੇ ਗੁਰਦੁਆਰਾ ਸਾਹਿਬ ਲੈਸਟਰ ਵਿਖੇ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਗੁਰਦੁਆਰਾ ਸਾਹਿਬ ਲੈਸਟਰ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਤਿੰਨ ਦਿਨਾਂ ਅਖੰਡ ਕੀਰਤਨ ਸਮਾਗਮ ਵੀਰਵਾਰ, ਸ਼ੁੱਕਰਵਾਰ, ਸ਼ਨਿੱਚਰਵਾਰ ਨੂੰ ਕਰਵਾਏ ਗਏ । ਇਹ ਸਮਾਗਮ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਪੰਥ ਦੀਆਂ ਦੋ ਅਹਿਮ ਸ਼ਖ਼ਸੀਅਤਾਂ ਭਾਈ ਸਾਹਿਬ ਭਾਈ ਜੀਵਨ ਸਿੰਘ ਜੀ ਤੇ ਭਾਈ ਮਹਿਲ ਸਿੰਘ ਬੱਬਰ ਦੀ ਯਾਦ ਨੂੰ ਸਮਰਪਿਤ ਸਨ । ਯਾਦ ਰਹੇ ਭਾਈ ਜੀਵਨ ਸਿੰਘ ਜੀ ਪੰਥ ਦੇ ਬਹੁਤ ਹੀ ਮਨਮੋਹਣੇ ਗੁਰਸਿੱਖ ਸਨ, ਜਿਹਨਾਂ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤਖਤ ਸ੍ਰੀ ਪਟਨਾ ਸਾਹਿਬ ਅਤੇ ਪੰਥ ਦੇ ਹੋਰ ਵੀ ਅਹਿਮ ਗੁਰ ਅਸਥਾਨਾਂ ਤੇ ਸੇਵਾਵਾਂ ਨਿਭਾਈਆਂ। ਉਹਨਾਂ ਨੇ ਗੁਰਬਾਣੀ ਦਾ ਕੀਰਤਨ ਕਰਦਿਆਂ ਅਤੇ ਸਿੱਖ ਸੰਗਤਾਂ ਨੂੰ ਗੁਰਮਤਿ ਗਾਡੀ ਰਾਹ ਨਾਲ ਜੋੜਦਿਆਂ ਸਾਰੀ ਜ਼ਿੰਦਗੀ ਬਤੀਤ ਕੀਤੀ।

ਇਸੇ ਤਰ੍ਹਾਂ ਜਦੋਂ ਪੰਥ ਉਤੇ ਭੀੜ ਬਣੀ, ਵਿਸਾਖੀ 1978 ਅਤੇ ਜੂਨ 1984 ਵਾਲੇ ਸਾਕੇ ਵਾਪਰੇ ਤਾਂ ਭਾਈ ਮਹਿਲ ਸਿੰਘ ਬੱਬਰ ਨੇ ਏਅਰ ਫੋਰਸ ਦੀ ਨੌਕਰੀ ਛੱਡ ਕੇ ਪੰਥ ਦੀ ਅਜ਼ਾਦੀ ਦੇ ਜੁਝਾਰੂ ਸੰਘਰਸ਼ ਵਿੱਚ ਵਿਚਰਦਿਆਂ ਸਾਰਾ ਜੀਵਨ ਲਾ ਦਿੱਤਾ । ਇੱਕ ਵਾਰ ਪੰਥ ਸੇਵਾ ਲਈ ਘਰੋਂ ਕਦਮ ਚੁੱਕਿਆ ਤੇ ਮੁੜ ਘਰ ਵਾਪਸ ਨਹੀਂ ਗਏ। ਸਮਾਗਮ ਵਿੱਚ ਯੂ ਕੇ ਦੇ ਇਲਾਵਾ, ਯੂਰਪ ਦੇ ਕਈ ਦੇਸ਼ਾਂ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਆਦਿ ਤੋਂ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਸਿੰਘਣੀਆਂ ਨੇ ਸ਼ਾਮਿਲ ਹੋ ਕੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਅਤੇ ਸੰਗਤਾਂ ਨੂੰ ਗੁਰੂ–ਬਾਣੀ ਨਾਲ ਜੋੜਿਆ। ਕੀਰਤਨੀਆਂ ਵਿੱਚ ਭਾਈ ਨਿਰੰਜਣ ਸਿੰਘ ਜਵੱਦੀ ਕਲਾਂ, ਗਿਆਨੀ ਗੁਰਦੇਵ ਸਿੰਘ ਆਸਟ੍ਰੇਲੀਆ, ਭਾਈ ਦਿਲਵੀਰ ਸਿੰਘ ਸਿੰਘਾਪੁਰ, ਬੀਬੀ ਹਰਕਿਰਨ ਕੌਰ ਟੋਰੰਟੋ, ਭਾਈ ਹਰਸਿਮਰਨ ਸਿੰਘ ਲੱਲੀ ਯੂ ਕੇ, ਭਾਈ ਮਨਿੰਦਰ ਸਿੰਘ ਯੂ ਕੇ, ਭਾਈ ਜਗਪਾਲ ਸਿੰਘ ਯੂ ਕੇ, ਭਾਈ ਅਬਿਨਾਸ਼ ਸਿੰਘ ਯੂ ਕੇ ਅਤੇ ਹੋਰ ਵੀ ਸਿੰਘਾਂ ਸਿੰਘਣੀਆਂ ਨੇ ਹਾਜ਼ਰੀ ਭਰੀ ਅਤੇ ਕੀਰਤਨ ਦੇ ਲਾਹੇ ਪ੍ਰਾਪਤ ਕੀਤੇ।


ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

PUNJABI FOLK SINGERS, DANCERS AND MUSICIANS

URGENTLY REQUIRED

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv

Closing date for applications: 30 MAY 2025

**ਅਵਤਾਰ ਪੁਰਬ 'ਤੇ ਵਿਸ਼ੇਸ਼**

# ਭਲੇ ਅਮਰਦਾਸ ਗੁਣ ਤੇਰੇ, ਸ੍ਰੀ ਗੁਰੂ ਅਮਰਦਾਸ ਜੀ

**ਡਾ. ਚਰਨਜੀਤ ਸਿੰਘ ਗੁਮਟਾਲਾ**
0019375739812 (ਅਮਰੀਕਾ),
ਵਟਸਐਪ 919417533060



ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿੱਚ ਵਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਬਖ਼ਤ ਕੌਰ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ ਵੱਖ ਨਾਂ ਦੇਂਦੇ ਹਨ ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਿਆਂਦਾ।ਸੰਪਰਕ ਵਿੱਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ।ਇਹ ਵਾਕਿਆ 1597 ਬਿਕਰਮੀ/1540 ਈ. ਦਾ ਹੈ।

ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।

ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿੱਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ 'ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਲੇ ਜੁਲਾਹੇ ਨੇ ਆਪਣੀ ਵਹੁੱਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ 'ਅਮਰੂ ਨਿਥਾਵਾ' ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ।ਇਹ ਗੱਲ ਸੰਨ 1552 ਦੀ ਹੈ ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ 'ਨਿਥਾਵਿਆਂ ਦਾ ਥਾਂ', 'ਨਿਮਾਣਿਆਂ ਦਾ ਮਾਣ', 'ਨਿਤਾਣਿਆ ਦਾ ਤਾਣ', 'ਨਿਆਸਰਿਆਂ ਦਾ ਆਸਰਾ', 'ਨਿਓਟਿਆਂ ਦੀ ਓਟ', 'ਨਿਧਰਿਆ ਦੀ ਧਿਰ', 'ਨਿਗਤਿਆਂ ਦੀ ਗਤ' ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ।ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :- 1ਅੱਲਾਯਾਰ ਪਠਾਣ ਸੌਦਾਗਰ 2.ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ਕਰਪੁਰ 3. ਸਾਧਾਰਨ ਗੋਇੰਦਵਾਲ 4.ਸਾਵਣ ਮਲ ਗੋਇੰਦਵਾਲ 5. ਸੁੱਖਣ ਧਮਿਆਲ 6.ਹੰਦਾਲ ਜੰਡਿਆਲਾ 7.ਕੇਦਾਰੀ ਬਟਾਲਾ 8.ਖੇਡਾ ਖੇਮਕਰਨ 9.ਗੰਗੂਸ਼ਾਹ ਗੜ੍ਹ ਸ਼ੰਕਰ 10. ਦਰਬਾਰੀ ਮਜੀਠਾ 11. ਪਾਰੋ ਡੱਲਾ 12. ਫੇਰਾ ਮੀਰਪੁਰ 13. ਬੂਆ ਹਰਿ ਗੋਬਿੰਦਪੁਰ ਇਸਦੀ ਸੰਤਾਨ 14. ਬੇਣੀ ਚੂਹਨੀਆਂ 15. ਮਹੇਸ਼ਾ ਸੁਲਤਾਨਪੁਰ 16.ਮਾਈਦਾਸ ਨਰੋਲੀ (ਮਾਝਾ) 17.ਮਾਣਕ ਚੰਦ ਵੈਰੋਵਾਲ 18.ਮੁਰਾਰੀ ਖਾਈ (ਲਾਹੌਰ) 19.ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ 20. ਰੰਗ ਸ਼ਾਹ ਮੱਲ੍ਹ ਪੋਤਾ (ਜਲੰਧਰ) 21. ਰੰਗ ਦਾਸ ਘੜੂਆਂ (ਅੰਬਾਲਾ) 22.ਲਾਲੋ ਡੱਲਾ

ਆਪ ਜੀ ਨੇ ਵਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ, ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ।ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ ਪਾਤ ਅਤੇ ਆਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ।ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ ਤਾਂ ਉਸ ਨੇ ਵੀ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿੱਚ ਆਉਂਦਾ ਸੀ ਰਾਤ ਤੱਕ ਵਰਤ ਜਾਂਦਾ ਸੀ ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿੱਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿੱਚ ਪਤੀ ਦੇ ਮਰਨ 'ਤੇ ਵਿਧਵਾ ਨੂੰ ਪਤੀ ਦੀ ਚਿੱਖਾ 'ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ।ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਪਰਦੇ ਦੀ ਰਸਮ ਤੋਂ ਵੀ ਵਰਜਿਆ।

ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ 'ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ ਵੱਖ ਤੀਰਥ ਅਸਥਾਨਾਂ 'ਤੇ ਗਏ । ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁੱਖੀ ਸਿੱਖ ਵੀ ਗਏ।ਉਹ ਪਹਿਲਾਂ ਕੁਰਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ ਪਾਤ ਦਾ ਭਰਮ ਮਿਟਾਕੇ ਭਰੇ ਦਰਬਾਰ ਵਿੱਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ 'ਪ੍ਰੇਮੇ' ਨਾਲ ਵਿਆਹੀ। ਇੱਕ ਰਾਜਪੂਤ ਲੜਕੇ ਦੀ ਸ਼ਾਦੀ 'ਸੱਚਨ ਸੱਚ' ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ।

ਮਾਝੇ ਵਿੱਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿੱਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿੱਚ ਬਾਣੀ ਰਚੀ।ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਰਚੀ ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ,



ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ । ਕਾਵਿ ਰੂਪਾਂ ਵਿੱਚੋਂ ਆਪ ਜੀ ਨੇ ਪਦੇ, ਛੰਤ, ਅਸ਼ਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿੱਚ ਲਿਖੀ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ 'ਸੱਦ' ਸਿਰਲੇਖ ਹੇਠ ਦਰਜ ਕੀਤਾ ਹੈ।

ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿੱਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿੱਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਸੰਕਲਨ ਵੱਲ ਚੁਕਿਆ ਇੱਕ ਮਹੱਤਵਪੂਰਨ ਕਦਮ ਸੀ।ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ(1 ਸਤੰਬਰ 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

**ਸਹਾਇਕ ਪੁਸਤਕਾਂ**

1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9,ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018 2. ਸੁਖਦਿਆਲ ਸਿੰਘ (ਡਾ.) ,ਪੰਜਾਬ ਦਾ ਇਤਿਹਾਸ(ਗੁਰੂ ਕਾਲ :1469-1708), (ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012 3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008 4. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,5. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ ਐਸ ਔਲਖ ,ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁਕ ਸ਼ਾਪ, ਲੁਧਿਆਣਾ, 2014

# ਜੇ ਭਾਰਤ-ਪਾਕਿ ਯੁਧ ਹੋਇਆ ਤਾਂ ਪੂਰੇ ਵਿਸ਼ਵ ਉਪਰ ਖਤਰਨਾਕ ਪ੍ਰਭਾਵ ਪੈਣਗੇ

## ✪ ਪਰਮਾਣੂ ਯੁੱਧ ਦੀ ਭਵਿੱਖਬਾਣੀ ਬਾਰੇ 2019 ਦੀ ਕੋਲੋਰਾਡੋ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਕੀ ਕਿਹਾ ? ✪ ਵਾਤਾਵਰਨ ਤੇ ਖੁਰਾਕ ਦਾ ਉਜਾੜਾ ਹੋਵੇਗਾ, ਧੂੰਆਂ ਵਾਯੂਮੰਡਲ ਵਿੱਚ ਬਣਿਆ ਰਹੇਗਾ

### ਨਿਊਜ਼ ਵਿਸ਼ਲੇਸ਼ਣ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਯੁੱਧ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਹਾਲਾਂਕਿ, ਅੱਜ ਤੋਂ ਛੇ ਸਾਲ ਪਹਿਲਾਂ 2019 ਵਿੱਚ ਇੱਕ ਅਧਿਐਨ ਵਿੱਚ ਇਹ ਦੱਸਿਆ ਗਿਆ ਸੀ ਕਿ 2025 ਵਿੱਚ ਭਾਰਤ-ਪਾਕਿਸਤਾਨ ਵਿਚਕਾਰ ਯੁੱਧ ਹੋ ਸਕਦਾ ਹੈ। ਇਸ ਅਧਿਐਨ ਵਿੱਚ ਕਈ ਗੱਲਾਂ ਦਾ ਅਨੁਮਾਨ ਲਗਾਇਆ ਗਿਆ ਸੀ, ਪਰ ਮੁੱਖ ਫੋਕਸ ਇਸ ਗੱਲ 'ਤੇ ਸੀ ਕਿ ਜੇਕਰ ਪਰਮਾਣੂ ਯੁੱਧ ਹੋ ਜਾਵੇ ਤਾਂ ਕੀ ਹੋਵੇਗਾ ?

ਪਾਕਿਸਤਾਨ ਪਿਛਲੇ ਕਈ ਦਿਨਾਂ ਤੋਂ ਭਾਰਤ ਨਾਲ ਯੁੱਧ ਦੀਆਂ ਧਮਕੀਆਂ ਦੇ ਰਿਹਾ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਤੋਂ ਲੈ ਕੇ ਸੂਚਨਾ ਮੰਤਰੀ ਤੱਕ ਭਾਰਤ ਨੂੰ ਪਰਮਾਣੂ ਯੁੱਧ ਦੀਆਂ ਧਮਕੀਆਂ ਦੇ ਰਹੇ ਹਨ। ਇਸ ਦੌਰਾਨ ਭਾਰਤ ਨੇ ਹੁਣ ਤੱਕ ਸੰਜਮ ਵਰਤਿਆ ਹੈ ਅਤੇ ਬਿਆਨਬਾਜ਼ੀ ਤੋਂ ਪਰਹੇਜ਼ ਕੀਤਾ ਹੈ। ਡਬਲਯੂਆਈਓਐਨ ਨਿਊਜ਼ ਦੀ ਰਿਪੋਰਟ ਅਨੁਸਾਰ, ਇਸ ਅਧਿਐਨ ਦੀ ਅਗਵਾਈ ਕੋਲੋਰਾਡੋ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਰਟਗਰਜ਼ ਯੂਨੀਵਰਸਿਟੀ ਦੇ ਖੋਜਕਰਤਾਵਾਂ ਨਾਲ ਮਿਲ ਕੇ ਕੀਤੀ ਸੀ। ਇਸ ਨੂੰ ਸਾਇੰਸ ਅਡਵਾਂਸਜ਼ ਜਰਨਲ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਅਧਿਐਨ ਵਿੱਚ ਅਮਰੀਕੀ ਨੈਸ਼ਨਲ ਸੈਂਟਰ ਫਾਰ ਐਟਮਾਸਫੇਰਿਕ ਰਿਸਰਚ, ਫੈਡਰੇਸ਼ਨ ਆਫ ਅਮੈਰੀਕਨ ਸਾਇੰਟਿਸਟਸ, ਨੈਚੁਰਲ ਰਿਸੋਰਸਜ਼ ਡਿਫੈਂਸ ਕੌਂਸਲ, ਯੂਨੀਵਰਸਿਟੀ ਆਫ ਟੈਕਸਸ ਰੀਓ ਗ੍ਰਾਂਡੇ ਅਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਐਟ ਲਾਸ ਐਂਜਲਸ ਤੋਂ ਇਨਪੁਟਸ ਦੀ ਵਰਤੋਂ ਕੀਤੀ ਗਈ। ਅਧਿਐਨ ਦਾ ਮੁੱਖ ਉਦੇਸ਼ ਪਰਮਾਣੂ ਯੁੱਧ ਵਿਰੁੱਧ ਚੇਤਾਵਨੀ ਦੇਣਾ ਅਤੇ ਇਸ ਦੇ ਵਿਰੁੱਧ ਵਿਸ਼ਵ ਪੱਧਰ 'ਤੇ ਸੰਮੇਲਨਾਂ ਦੇ ਮਹੱਤਵ 'ਤੇ ਜ਼ੋਰ ਦੇਣਾ ਸੀ। ਖਾਸ ਤੌਰ 'ਤੇ, ਇਸ ਨੇ 2017 ਵਿੱਚ ਸੰਯੁਕਤ ਰਾਸ਼ਟਰ ਦੀ ਪਰਮਾਣੂ ਹਥਿਆਰਾਂ 'ਤੇ ਪਾਬੰਦੀ ਦੀ ਸੰਧੀ ਦੇ ਮਹੱਤਵ 'ਤੇ ਰੌਸ਼ਨੀ ਪਾਈ। ਲੇਖਕਾਂ ਨੇ ਉਸ ਸਮੇਂ ਉਪਲਬਧ ਡੇਟਾ ਦੇ ਅਧਾਰ 'ਤੇ ਅਨੁਮਾਨ ਲਗਾਇਆ ਸੀ ਕਿ ਦੋ ਦੱਖਣੀ ਏਸ਼ੀਆਈ ਦੇਸ਼ਾਂ ਵਿਚਕਾਰ ਪਰਮਾਣੂ ਯੁੱਧ ਕਿੰਨਾ ਵਿਨਾਸ਼ਕਾਰੀ ਹੋ ਸਕਦਾ ਹੈ, ਨਾ ਸਿਰਫ ਖੇਤਰ ਲਈ ਸਗੋਂ ਪੂਰੀ ਦੁਨੀਆ ਲਈ।

ਭਾਰਤ-ਪਾਕਿਸਤਾਨ ਪਰਮਾਣੂ ਯੁੱਧ ਦੇ ਕੀ ਨਤੀਜੇ ਹੋਣਗੇ ?-ਅਧਿਐਨ ਅਨੁਸਾਰ, ਪਰਮਾਣੂ ਯੁੱਧ ਦੀ ਸਥਿਤੀ ਵਿੱਚ 100 ਮਿਲੀਅਨ ਲੋਕ ਤੁਰੰਤ ਮਰ ਜਾਣਗੇ। ਕੰਪਿਊਟਰ ਸਿਮੂਲੇਸ਼ਨ ਦੀ ਵਰਤੋਂ ਕਰਦਿਆਂ ਅਧਿਐਨ ਵਿੱਚ ਅਨੁਮਾਨ ਲਗਾਇਆ ਗਿਆ ਹੈ ਕਿ ਜੇਕਰ ਭਾਰਤ 100 ਪਰਮਾਣੂ ਸਟ੍ਰੈਟੇਜਿਕ ਹਥਿਆਰਾਂ ਦੀ ਵਰਤੋਂ ਕਰਦਾ ਹੈ ਅਤੇ ਪਾਕਿਸਤਾਨ 150 ਦੀ ਵਰਤੋਂ ਕਰਦਾ ਹੈ, ਤਾਂ ਯੁੱਧ ਤੋਂ ਬਾਅਦ ਦੇ ਪ੍ਰਭਾਵਾਂ ਨਾਲ 50 ਮਿਲੀਅਨ ਤੋਂ 125 ਮਿਲੀਅਨ ਲੋਕ ਮਰ ਸਕਦੇ ਹਨ। ਇਸ ਤੋਂ ਬਾਅਦ ਵਿਸ਼ਵ ਭਰ ਵਿੱਚ ਵੱਡੇ ਪੱਧਰ 'ਤੇ ਭੁੱਖਮਰੀ ਹੋ ਸਕਦੀ ਹੈ, ਜਿਸ ਨਾਲ ਹੋਰ ਵੀ ਮੌਤਾਂ ਹੋ ਸਕਦੀਆਂ ਹਨ।

> ਵਿਸ਼ਵ ਮੀਡੀਆ ਸਹਿਮਤ ਹੈ ਕਿ ਭਾਰਤ-ਪਾਕਿਸਤਾਨ ਵਿਚਕਾਰ ਪਰਮਾਣੂ ਯੁੱਧ ਦੀ ਸੰਭਾਵਨਾ ਘੱਟ ਹੈ, ਪਰ ਅੱਤਵਾਦੀ ਹਮਲਿਆਂ, ਕਸ਼ਮੀਰ ਮੁੱਦੇ, ਅਤੇ ਗਲਤ ਅੰਦਾਜ਼ਿਆਂ ਕਾਰਨ ਸਥਿਤੀ ਅਚਾਨਕ ਵਿਗੜ ਸਕਦੀ ਹੈ। ਜ਼ਿਆਦਾਤਰ ਮੀਡੀਆ ਸੰਸਥਾਵਾਂ ਨੇ ਪਰਮਾਣੂ ਨਿਸ਼ਸਤਰੀਕਰਨ ਅਤੇ ਸੰਯੁਕਤ ਰਾਸ਼ਟਰ ਵਰਗੇ ਅੰਤਰਰਾਸ਼ਟਰੀ ਸੰਗਠਨਾਂ ਦੀ ਵਿਚੋਲਗੀ ਦੀ ਮੰਗ ਕੀਤੀ ਹੈ। 2019 ਦੀ ਸਟੱਡੀ ਨੂੰ ਅਕਸਰ ਹਵਾਲੇ ਵਜੋਂ ਵਰਤਿਆ ਜਾਂਦਾ ਹੈ, ਜੋ ਪਰਮਾਣੂ ਯੁੱਧ ਦੇ ਵਿਨਾਸ਼ਕਾਰੀ ਨਤੀਜਿਆਂ ਨੂੰ ਉਜਾਗਰ ਕਰਦੀ ਹੈ। ਮੌਜੂਦਾ ਸਥਿਤੀ ਅਸਥਿਰ ਹੈ, ਅਤੇ ਵਿਸ਼ਵ ਮੀਡੀਆ ਦੀ ਨਜ਼ਰ ਇਸ 'ਤੇ ਬਣੀ ਹੋਈ ਹੈ। ਸੰਘਰਸ਼ ਨੂੰ ਰੋਕਣ ਲਈ ਅੰਤਰਰਾਸ਼ਟਰੀ ਦਬਾਅ ਅਤੇ ਸੰਜਮੀ ਰਾਜਨੀਤਕ ਫੈਸਲਿਆਂ ਦੀ ਜ਼ਰੂਰਤ ਹੈ।

ਰਟਗਰਜ਼ ਯੂਨੀਵਰਸਿਟੀ ਦੇ ਵਾਤਾਵਰਣ ਵਿਗਿਆਨ ਵਿਭਾਗ ਦੇ ਐਲਨ ਰੋਬੌਕ, ਜੋ ਅਧਿਐਨ ਦੇ ਸਹਿ-ਲੇਖਕ ਹਨ, ਨੇ ਉਸ ਸਮੇਂ ਕਿਹਾ ਸੀ, "ਇਸ ਤਰ੍ਹਾਂ ਦਾ ਯੁੱਧ ਨਾ ਸਿਰਫ ਉਨ੍ਹਾਂ ਸਥਾਨਾਂ ਨੂੰ ਖਤਰੇ ਵਿੱਚ ਪਾਵੇਗਾ, ਜਿੱਥੇ ਬੰਬਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ, ਸਗੋਂ ਪੂਰੀ ਦੁਨੀਆ ਨੂੰ ਖਤਰਾ ਹੋਵੇਗਾ।" 2019 ਦੇ ਅਧਿਐਨ ਵਿੱਚ ਅਨੁਮਾਨ ਲਗਾਇਆ ਗਿਆ ਸੀ ਕਿ 2025 ਤੱਕ ਭਾਰਤ ਅਤੇ ਪਾਕਿਸਤਾਨ ਕੋਲ 400 ਤੋਂ 500 ਪਰਮਾਣੂ ਹਥਿਆਰ ਹੋ ਸਕਦੇ ਹਨ। ਭਾਰਤ ਅਤੇ ਪਾਕਿਸਤਾਨ ਨੂੰ ਪਰੰਪਰਾਗਤ ਤੌਰ 'ਤੇ ਸੁਰੱਖਿਆ ਵਿਸ਼ਲੇਸ਼ਕਾਂ ਨੇ ਦੋ ਪਰਮਾਣੂ-ਹਥਿਆਰਬੰਦ ਦੇਸ਼ਾਂ ਵਜੋਂ ਵਰਣਨ ਕੀਤਾ ਹੈ, ਜੋ ਇੱਕ-ਦੂਜੇ ਦੇ ਨੇੜੇ ਹਨ। 2019 ਦੇ ਅਧਿਐਨ ਦੇ ਅਨੁਮਾਨਾਂ ਅਨੁਸਾਰ, 2025 ਤੱਕ ਭਾਰਤ ਕੋਲ ਕੁੱਲ 400 ਤੋਂ 500 ਪਰਮਾਣੂ ਹਥਿਆਰ ਹੋ ਸਕਦੇ ਹਨ। ਇਨ੍ਹਾਂ ਹਥਿਆਰਾਂ ਦੀ ਵਿਸਫੋਟਕ ਸ਼ਕਤੀ 15 ਕਿਲੋਟਨ ਤੋਂ ਕਿਤੇ ਵੀ ਵਧ ਹੋ ਸਕਦੀ ਹੈ। ਇਹ 15,000 ਟਨ ਟੀਐਨਟੀ ਦੇ ਬਰਾਬਰ ਹੈ, ਜੋ 1945 ਵਿੱਚ ਹੀਰੋਸ਼ੀਮਾ 'ਤੇ ਸੁੱਟੇ ਗਏ ਅਮਰੀਕੀ ਬੰਬ ਦੇ ਬਰਾਬਰ ਹੈ।

'ਅਧਿਐਨ ਅਨੁਸਾਰ, ਜੇਕਰ ਭਾਰਤ ਅਤੇ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਸ ਨਾਲ ਅੱਗ ਲੱਗ ਸਕਦੀ ਹੈ, ਜਿਸ ਨਾਲ 16 ਮਿਲੀਅਨ ਤੋਂ 36 ਮਿਲੀਅਨ ਟਨ ਕਾਲਿਕ ਜਾਂ ਕਾਲਾ ਕਾਰਬਨ ਨਿਕਲ ਸਕਦਾ ਹੈ। ਇਹ ਧੂੰਆਂ ਧਰਤੀ ਦੇ ਉਪਰਲੇ ਵਾਯੂਮੰਡਲ ਵਿੱਚ ਜਾਵੇਗਾ ਅਤੇ ਕੁਝ ਹਫਤਿਆਂ ਵਿੱਚ ਪੂਰੀ ਦੁਨੀਆ ਨੂੰ ਢੱਕ ਲਵੇਗਾ। ਅਧਿਐਨ ਦੇ ਅਨੁਮਾਨਾਂ ਅਨੁਸਾਰ, ਕਾਲਿਕ ਸੂਰਜੀ ਰੇਡੀਏਸ਼ਨ ਨੂੰ ਸੋਖ ਲਵੇਗੀ ਅਤੇ ਹਵਾ ਨੂੰ ਗਰਮ ਕਰੇਗੀ। ਫੈਲਦੇ ਧੂੰਏ ਦੇ ਨਤੀਜੇ ਵਜੋਂ ਸੂਰਜ ਦੀ ਰੌਸ਼ਨੀ 35 ਪ੍ਰਤੀਸ਼ਤ ਤੱਕ ਘੱਟ ਜਾਵੇਗੀ। ਇਸ ਨਾਲ ਧਰਤੀ ਦੀ ਸਤਹਿ 5 ਡਿਗਰੀ ਸੈਲਸੀਅਸ ਤੱਕ ਠੰਢੀ ਹੋ ਜਾਵੇਗੀ। ਬਾਰਸ਼ ਵਿੱਚ 30 ਪ੍ਰਤੀਸ਼ਤ ਤੱਕ ਕਮੀ ਆਵੇਗੀ। ਅਧਿਐਨ ਅਨੁਸਾਰ, ਬਨਸਪਤੀ ਦੀ ਵਾਧੇ ਵਿੱਚ 30 ਪ੍ਰਤੀਸ਼ਤ ਤੱਕ ਦੀ ਗਿਰਾਵਟ ਆਵੇਗੀ। ਸਮੁੰਦਰ ਦੀ ਉਤਪਾਦਕਤਾ ਵਿੱਚ 15 ਪ੍ਰਤੀਸ਼ਤ ਤੱਕ ਦੀ ਕਮੀ ਆਵੇਗੀ। ਇਸ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਪ੍ਰਭਾਵਾਂ ਤੋਂ ਉਭਰਨ ਵਿੱਚ ਘੱਟੋ-ਘੱਟ 10 ਸਾਲ ਲੱਗਣਗੇ, ਕਿਉਂਕਿ ਧੂੰਆਂ ਵਾਯੂਮੰਡਲ ਵਿੱਚ ਬਣਿਆ ਰਹੇਗਾ।

ਕੀ ਇਸ ਅਧਿਐਨ ਅਨੁਸਾਰ ਜੰਗ ਹੋਣ ਦੀ ਸੰਭਾਵਨਾ ਹੈ ?-2019 ਦੀ ਸਟੱਡੀ ਨੇ 2025 ਵਿੱਚ ਭਾਰਤ-ਪਾਕਿਸਤਾਨ ਵਿਚਕਾਰ ਯੁੱਧ ਦੀ ਸੰਭਾਵਨਾ ਨੂੰ ਇੱਕ ਸੰਭਾਵਿਤ ਦ੍ਰਿਸ਼ ਵਜੋਂ ਪੇਸ਼ ਕੀਤਾ ਸੀ, ਜੋ ਕਿ ਖਾਸ ਤੌਰ 'ਤੇ ਪਰਮਾਣੂ ਯੁੱਧ ਦੇ ਵਿਨਾਸ਼ਕਾਰੀ ਨਤੀਜਿਆਂ ਨੂੰ ਉਜਾਗਰ ਕਰਨ ਲਈ ਸੀ। ਇਹ ਅਧਿਐਨ ਕਿਸੇ ਪੱਕੀ ਭਵਿੱਖਬਾਣੀ ਨਹੀਂ ਸੀ, ਸਗੋਂ ਇੱਕ ਚੇਤਾਵਨੀ ਸੀ, ਜੋ ਪਰਮਾਣੂ ਹਥਿਆਰਾਂ ਦੇ ਖਤਰਿਆਂ ਅਤੇ ਵਿਸ਼ਵਵਿਆਪੀ ਨਤੀਜਿਆਂ 'ਤੇ ਰੌਸ਼ਨੀ ਪਾਉਂਦੀ ਸੀ। ਹੁਣੇ ਜਿਹੇ ਪਹਿਲਗਾਮ ਅੱਤਵਾਦੀ ਹਮਲੇ (22 ਅਪ੍ਰੈਲ 2025) ਅਤੇ ਇਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਵਧਦੇ ਤਣਾਅ ਨੇ ਯੁੱਧ ਦੀ ਸੰਭਾਵਨਾ ਨੂੰ ਮੁੜ ਚਰਚਾ ਵਿੱਚ ਲਿਆਂਦਾ ਹੈ। ਪਾਕਿਸਤਾਨ ਦੇ ਮੰਤਰੀਆਂ ਵੱਲੋਂ ਪਰਮਾਣੂ ਯੁੱਧ ਦੀਆਂ ਧਮਕੀਆਂ ਅਤੇ ਭਾਰਤ ਵੱਲੋਂ ਸੰਜਮੀ ਪ੍ਰਤੀਕਿਰਿਆ ਦੇ ਬਾਵਜੂਦ, ਸਥਿਤੀ ਨਾਜ਼ੁਕ ਬਣੀ ਹੋਈ ਹੈ।

ਹਾਲਾਂਕਿ, ਖਬਰ ਅਤੇ ਸਟੱਡੀ ਦੇ ਅਧਾਰ 'ਤੇ, ਯੁੱਧ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ, ਪਰ ਇਹ ਸਿੱਧੇ ਤੌਰ 'ਤੇ ਯੁੱਧ ਦੀ ਪੁਸ਼ਟੀ ਨਹੀਂ ਕਰਦੀ। ਅਧਿਐਨ ਨੇ ਸੰਭਾਵਿਤ ਜੰਗੀ ਦ੍ਰਿਸ਼ 'ਤੇ ਜ਼ੋਰ ਦਿੱਤਾ ਸੀ, ਜੋ ਕਿ ਕਸ਼ਮੀਰ ਵਰਗੇ ਮੁੱਦਿਆਂ ਅਤੇ ਅੱਤਵਾਦੀ ਹਮਲਿਆਂ ਵਰਗੀਆਂ ਘਟਨਾਵਾਂ ਨਾਲ ਤਣਾਅ ਵਧਣ ਦੀ ਸਥਿਤੀ ਵਿੱਚ ਸੰਭਵ ਹੋ ਸਕਦਾ ਹੈ। ਅਮਰੀਕੀ ਖੁਫੀਆ ਰਿਪੋਰਟਾਂ (1980 ਅਤੇ 1990 ਦੇ ਦਹਾਕਿਆਂ ਤੋਂ ਡੀਕਲਾਸੀਫਾਈਡ) ਵੀ ਸੁਝਾਅ ਦਿੰਦੀਆਂ ਹਨ ਕਿ ਯੁੱਧ ਦੀ ਸੰਭਾਵਨਾ ਘੱਟ ਹੈ, ਪਰ "ਗਲਤ ਅੰਦਾਜ਼ੇ ਜਾਂ ਤਰਕਹੀਣ ਪ੍ਰਤੀਕਿਰਿਆ" ਕਾਰਨ ਇੱਕ ਰਵਾਇਤੀ ਸੰਘਰਸ਼ ਪਰਮਾਣੂ ਸੰਘਰਸ਼ ਵਿੱਚ ਬਦਲ ਸਕਦਾ ਹੈ। ਮੌਜੂਦਾ ਸਮੇਂ ਵਿੱਚ, ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਸਰਹੱਦਾਂ ਨੂੰ ਬੰਦ ਕਰ ਦਿੱਤਾ ਹੈ, ਜੋ ਤਣਾਅ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਪਰ, ਭਾਰਤ ਦੀ ਸੰਜਮੀ ਨੀਤੀ ਅਤੇ ਵਿਸ਼ਵ ਭਾਈਚਾਰੇ ਦੀ ਨਜ਼ਰ ਇਸ ਮੁੱਦੇ 'ਤੇ ਹੋਣ ਕਾਰਨ, ਤੁਰੰਤ ਯੁੱਧ ਦੀ ਸੰਭਾਵਨਾ ਘੱਟ ਜਾਪਦੀ ਹੈ, ਹਾਲਾਂਕਿ ਸਥਿਤੀ ਅਸਥਿਰ ਹੈ।

**ਵਿਸ਼ਵ ਪੱਧਰ ਦੀਆਂ ਅਖਬਾਰਾਂ ਦਾ ਦ੍ਰਿਸ਼ਟੀਕੋਣ**

ਵਿਸ਼ਵ ਪੱਧਰ ਦੀਆਂ ਅਖਬਾਰਾਂ ਅਤੇ ਮੀਡੀਆ ਸੰਸਥਾਵਾਂ ਨੇ ਭਾਰਤ-ਪਾਕਿਸਤਾਨ ਵਿਚਕਾਰ ਵਧਦੇ ਤਣਾਅ ਅਤੇ ਸੰਭਾਵਿਤ ਯੁੱਧ, ਖਾਸ ਕਰਕੇ ਪਰਮਾਣੂ ਯੁੱਧ ਦੇ ਮੁੱਦੇ 'ਤੇ ਵਿਆਪਕ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਹੇਠਾਂ ਕੁਝ ਮੁੱਖ ਵਿਸ਼ਲੇਸ਼ਣ ਹਨ, ਜੋ ਵੱਖ-ਵੱਖ ਸਰੋਤਾਂ ਅਤੇ ਮੌਜੂਦਾ ਜਾਣਕਾਰੀ 'ਤੇ ਅਧਾਰਤ ਹਨ:

ਬੁਲੇਟਿਨ ਆਫ ਦਿ ਐਟੋਮਿਕ ਸਾਇੰਟਿਸਟਸ: ਇਸ ਨੇ 2019 ਦੀ ਸਟੱਡੀ ਦੇ ਹਵਾਲੇ ਨਾਲ ਭਾਰਤ-ਪਾਕਿਸਤਾਨ ਪਰਮਾਣੂ ਯੁੱਧ ਦੇ ਵਿਸ਼ਵਵਿਆਪੀ ਨਤੀਜਿਆਂ 'ਤੇ ਚਰਚਾ ਕੀਤੀ। ਇਸ ਅਨੁਸਾਰ, ਪਰਮਾਣੂ ਯੁੱਧ ਨਾ ਸਿਰਫ ਦੱਖਣੀ ਏਸ਼ੀਆ ਨੂੰ, ਸਗੋਂ ਪੂਰੀ ਦੁਨੀਆ ਨੂੰ ਵਾਤਾਵਰਣ ਅਤੇ ਮਾਨਵੀ ਨੁਕਸਾਨ ਦੇ ਮਾਮਲੇ ਵਿੱਚ ਤਬਾਹ ਕਰ ਸਕਦਾ ਹੈ। ਇਸ ਨੇ ਪਰਮਾਣੂ ਨਿਸ਼ਸਤਰੀਕਰਨ ਦੀ ਮੰਗ ਨੂੰ ਦੁਹਰਾਇਆ।

ਦਿ ਨਿਊਯਾਰਕ ਟਾਈਮਜ਼ ਅਤੇ ਵਾਸ਼ਿੰਗਟਨ ਪੋਸਟ: ਇਨ੍ਹਾਂ ਅਖਬਾਰਾਂ ਨੇ ਪਹਿਲਗਾਮ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਵਧਦੇ ਤਣਾਅ 'ਤੇ ਰਿਪੋਰਟਿੰਗ ਕੀਤੀ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਕਸ਼ਮੀਰ ਮੁੱਦਾ ਅਤੇ ਅੱਤਵਾਦੀ ਗਤੀਵਿਧੀਆਂ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਦਾ ਮੁੱਖ ਕਾਰਨ ਹਨ। ਉਨ੍ਹਾਂ ਨੇ ਅਮਰੀਕੀ ਖੁਫੀਆ ਰਿਪੋਰਟਾਂ ਦਾ ਹਵਾਲਾ ਦਿੱਤਾ, ਜੋ ਸੁਝਾਅ ਦਿੰਦੀਆਂ ਹਨ ਕਿ ਗਲਤ ਅੰਦਾਜ਼ੇ ਜਾਂ ਅਚਾਨਕ ਫੈਸਲੇ ਪਰਮਾਣੂ ਸੰਘਰਸ਼ ਨੂੰ ਜਨਮ ਦੇ ਸਕਦੇ ਹਨ।

ਬੀਬੀਸੀ ਅਤੇ ਅਲ ਜਜ਼ੀਰਾ: ਇਨ੍ਹਾਂ ਅੰਤਰਰਾਸ਼ਟਰੀ ਮੀਡੀਆ ਸੰਸਥਾਵਾਂ ਨੇ ਭਾਰਤ ਦੀ ਸੰਜਮੀ ਪਹੁੰਚ ਅਤੇ ਪਾਕਿਸਤਾਨ ਦੀਆਂ ਧਮਕੀਆਂ 'ਤੇ ਰਿਪੋਰਟ ਕੀਤੀ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਵਿਸ਼ਵ ਭਾਈਚਾਰੇ, ਖਾਸ ਕਰਕੇ ਸੰਯੁਕਤ ਰਾਸ਼ਟਰ ਅਤੇ ਅਮਰੀਕਾ, ਨੂੰ ਸੰਘਰਸ਼ ਨੂੰ ਰੋਕਣ ਲਈ ਮਦਦ ਕਰਨੀ ਚਾਹੀਦੀ। ਉਨ੍ਹਾਂ ਨੇ 2019 ਦੀ ਸਟੱਡੀ ਦੇ ਅੰਕੜਿਆਂ ਨੂੰ ਵੀ ਸਾਹਮਣੇ ਰੱਖਿਆ, ਜੋ ਪਰਮਾਣੂ ਯੁੱਧ ਦੇ ਵਿਨਾਸ਼ਕਾਰੀ ਨਤੀਜਿਆਂ ਨੂੰ ਦਰਸਾਉਂਦੀ ਹੈ।

ਦਿ ਗਾਰਡੀਅਨ: ਇਸ ਨੇ ਵਾਤਾਵਰਣ ਪ੍ਰਭਾਵਾਂ 'ਤੇ ਜ਼ੋਰ ਦਿੱਤਾ, ਜਿਵੇਂ ਕਿ ਸਟੱਡੀ ਵਿੱਚ ਜ਼ਿਕਰ ਕੀਤਾ ਗਿਆ ਸੀ ਕਿ ਪਰਮਾਣੂ ਯੁੱਧ ਨਾਲ ਨਿਕਲਣ ਵਾਲਾ ਕਾਲਾ ਕਾਰਬਨ ਵਿਸ਼ਵਵਿਆਪੀ ਜਲਵਾਯੂ ਸੰਕਟ ਪੈਦਾ ਕਰ ਸਕਦਾ ਹੈ, ਜਿਸ ਨਾਲ ਖੇਤੀਬਾੜੀ ਅਤੇ ਸਮੁੰਦਰੀ ਉਤਪਾਦਕਤਾ 'ਤੇ ਲੰਮੇ ਸਮੇਂ ਲਈ ਅਸਰ ਪੈ ਸਕਦਾ ਹੈ।

ਇੰਡੀਆ ਟੂਡੇ ਤੇ ਡਬਲਯੂਆਈਓਐਨ (ਭਾਰਤੀ ਮੀਡੀਆ): ਭਾਰਤੀ ਮੀਡੀਆ ਨੇ ਪਾਕਿਸਤਾਨ ਦੀਆਂ ਧਮਕੀਆਂ ਨੂੰ "ਗਿੱਦੜ ਭਬਕੀ" ਦੱਸਦਿਆਂ, ਭਾਰਤ ਦੀ ਸੰਜਮੀ ਅਤੇ ਮਜ਼ਬੂਤ ਸੁਰੱਖਿਆ ਨੀਤੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਟੱਡੀ ਦੇ ਅੰਕੜਿਆਂ ਨੂੰ ਸਾਹਮਣੇ ਰੱਖਦਿਆਂ, ਪਰਮਾਣੂ ਯੁੱਧ ਦੇ ਮਨੁੱਖੀ ਅਤੇ ਵਾਤਾਵਰਣ ਨੁਕਸਾਨ 'ਤੇ ਚਿੰਤਾ ਜਤਾਈ।

# ਯੂਕਰੇਨ ਜੰਗ ਦੌਰਾਨ ਰੂਸ ਕੀ ਪ੍ਰਮਾਣੂ ਹਥਿਆਰ ਚਲਾਏਗਾ ?

## ✪ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕਰ ਰਹੇ ਨੇ ਜੰਗਬੰਦੀ ਦੀਆਂ ਕੋਸ਼ਿਸ਼ਾਂ ✪ ਕੀ ਰੂਸ-ਯੂਕਰੇਨ ਜੰਗ ਰੁਕਣ ਦੀ ਸੰਭਾਵਨਾ ਹੈ ?

ਖਾਸ ਖਬਰ

ਰੂਸ ਅਤੇ ਯੂਕਰੇਨ ਵਿਚਕਾਰ ਤਿੰਨ ਸਾਲ ਤੋਂ ਵੱਧ ਸਮੇਂ ਤੋਂ ਜਾਰੀ ਜੰਗ ਦੇ ਵਿਚਕਾਰ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਨੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦਾ ਜ਼ਿਕਰ ਕਰਕੇ ਅਮਰੀਕਾ ਅਤੇ ਯੂਕਰੇਨ ਨੂੰ ਚਿਤਾਵਨੀ ਦਿੱਤੀ ਹੈ। ਪੁਤਿਨ ਨੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਯੂਕਰੇਨ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਜ਼ਰੂਰਤ ਨਹੀਂ ਪਵੇਗੀ, ਪਰ ਰੂਸ ਕੋਲ ਜੰਗ ਨੂੰ ਆਪਣੇ ਹਿਸਾਬ ਨਾਲ ਖਤਮ ਕਰਨ ਦੀ ਪੂਰੀ ਸਮਰੱਥਾ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਜੰਗਬੰਦੀ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪੁਤਿਨ ਦੇ ਬਿਆਨ ਨੇ ਪ੍ਰਮਾਣੂ ਜੰਗ ਦੀਆਂ ਚਰਚਾਵਾਂ ਨੂੰ ਹੋਰ ਤੇਜ਼ ਕਰ ਦਿੱਤਾ ਹੈ, ਖਾਸਕਰ ਜਦੋਂ ਭਾਰਤ-ਪਾਕਿਸਤਾਨ ਵਿਚਕਾਰ ਵੀ ਤਣਾਅ ਵਧ ਰਿਹਾ ਹੈ।

ਰੂਸ ਅਤੇ ਯੂਕਰੇਨ ਵਿਚਕਾਰ ਜੰਗਬੰਦੀ ਦੀਆਂ ਕੋਸ਼ਿਸ਼ਾਂ ਨਾਕਾਮ ਹੋ ਰਹੀਆਂ ਹਨ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੇਂਸਕੀ ਨੇ ਰੂਸ ਦੇ 72 ਘੰਟਿਆਂ ਦੇ ਜੰਗਬੰਦੀ ਪ੍ਰਸਤਾਵ ਨੂੰ ਖਾਰਜ ਕਰ ਦਿੱਤਾ, ਜਿਸ ਨੂੰ ਰੂਸ ਨੇ ਦੂਜੇ ਵਿਸ਼ਵ ਯੁੱਧ ਦੀ ਜਿੱਤ



ਦੀ ਵਰ੍ਹੇਗੰਢ ਮੌਕੇ ਪੇਸ਼ ਕੀਤਾ ਸੀ। ਜ਼ੇਲੇਂਸਕੀ ਨੇ ਇਸ ਨੂੰ ਰੂਸ ਦਾ 'ਦਿਖਾਵਾ' ਕਰਾਰ ਦਿੱਤਾ। ਰੂਸ ਨੇ 8 ਤੋਂ 10 ਮਈ ਤੱਕ ਇਕਤਰਫਾ ਜੰਗਬੰਦੀ ਦਾ ਐਲਾਨ ਕੀਤਾ ਹੈ, ਪਰ ਉਸ ਦੇ ਹਮਲੇ ਜਾਰੀ ਹਨ, ਜਿਸ ਨਾਲ ਸ਼ਾਂਤੀ ਦੀਆਂ ਸੰਭਾਵਨਾਵਾਂ ਧੁੰਦਲੀਆਂ ਹਨ।

### ਇਸ ਜੰਗ ਦਾ ਯੂਕਰੇਨ ਅਤੇ ਰੂਸ ਨੂੰ ਕੀ ਨੁਕਸਾਨ ਹੋਇਆ ?

ਰੂਸ-ਯੂਕਰੇਨ ਜੰਗ ਨੇ ਦੋਵਾਂ ਦੇਸ਼ਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਯੂਕਰੇਨ ਦੇ ਸ਼ਹਿਰ ਤਬਾਹ ਹੋ ਗਏ ਹਨ, ਲੱਖਾਂ ਲੋਕ ਵਿਸਥਾਪਿਤ ਹੋਏ ਹਨ, ਅਤੇ ਅਰਥਵਿਵਸਥਾ ਚਰਮਰਾ ਗਈ ਹੈ। ਰੂਸ ਨੂੰ ਵੀ ਅੰਤਰਰਾਸ਼ਟਰੀ ਪਾਬੰਦੀਆਂ, ਆਰਥਿਕ ਸੰਕਟ ਅਤੇ ਫੌਜੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 2022 ਤੋਂ ਸ਼ੁਰੂ ਹੋਈ ਇਸ ਜੰਗ ਵਿੱਚ ਹਜ਼ਾਰਾਂ ਸੈਨਿਕ ਅਤੇ ਨਾਗਰਿਕ ਮਾਰੇ ਜਾ ਚੁੱਕੇ ਹਨ, ਜਿਸ ਨੇ ਦੋਵਾਂ ਦੇਸ਼ਾਂ ਦੀ ਸਮਾਜਿਕ-ਆਰਥਿਕ ਸਥਿਤੀ ਨੂੰ ਕਮਜ਼ੋਰ ਕਰ ਦਿੱਤਾ ਹੈ।

### ਯੂਰਪ ਅਤੇ ਅਮਰੀਕਾ ਦੀ ਇਸ ਮਾਮਲੇ ਵਿੱਚ ਕੀ ਸਥਿਤੀ ਹੈ ?

ਯੂਰਪ ਅਤੇ ਅਮਰੀਕਾ ਯੂਕਰੇਨ ਦੇ ਸਮਰਥਨ ਵਿੱਚ ਹਨ, ਪਰ ਉਹ ਸਿੱਧੇ ਤੌਰ 'ਤੇ ਜੰਗ ਵਿੱਚ ਸ਼ਾਮਲ ਨਹੀਂ ਹਨ। ਅਮਰੀਕਾ ਨੇ ਯੂਕਰੇਨ ਨੂੰ ਅਰਬਾਂ ਡਾਲਰ ਦੀ ਸੈਨਿਕ ਅਤੇ ਵਿੱਤੀ ਮਦਦ ਦਿੱਤੀ ਹੈ, ਜਦਕਿ ਯੂਰਪੀਅਨ ਯੂਨੀਅਨ ਨੇ ਵੀ ਹਥਿਆਰ ਅਤੇ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕੀਤੀ ਹੈ। ਹਾਲਾਂਕਿ, ਟਰੰਪ ਦੀਆਂ ਜੰਗਬੰਦੀ ਦੀਆਂ ਕੋਸ਼ਿਸ਼ਾਂ ਨੂੰ ਰੂਸ ਅਤੇ ਯੂਕਰੇਨ ਦੀਆਂ ਵੱਖਰੀਆਂ ਸ਼ਰਤਾਂ ਕਾਰਨ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਯੂਰਪ ਵਿੱਚ ਊਰਜਾ ਸੰਕਟ ਅਤੇ ਆਰਥਿਕ ਅਸਥਿਰਤਾ ਵੀ ਇਸ ਜੰਗ ਦੇ ਪ੍ਰਭਾਵਾਂ ਦਾ ਨਤੀਜਾ ਹਨ।

### ਯੂਐਨਓ ਕੀ ਦਖਲਅੰਦਾਜ਼ੀ ਕਰੇਗਾ

ਸੰਯੁਕਤ ਰਾਸ਼ਟਰ (ਯੂਐਨਓ) ਨੇ ਜੰਗ ਸ਼ੁਰੂ ਹੋਣ ਤੋਂ ਬਾਅਦ ਕਈ ਵਾਰ ਸ਼ਾਂਤੀ ਦੀ ਅਪੀਲ ਕੀਤੀ ਹੈ, ਪਰ ਇਸ ਦੀ ਦਖਲਅੰਦਾਜ਼ੀ ਸੀਮਤ ਰਹੀ ਹੈ। ਯੂਐਨ ਸੁਰੱਖਿਆ ਪਰਿਸ਼ਦ ਵਿੱਚ ਰੂਸ ਦੀ ਵੀਟੋ ਸ਼ਕਤੀ ਕਾਰਨ ਕੋਈ ਸਖ਼ਤ ਕਾਰਵਾਈ ਨਹੀਂ ਹੋ ਸਕੀ। ਰੂਸ ਦੇ ਵਿਰੋਧ ਕਾਰਨ ਯੂਐਨ ਦੇ ਪ੍ਰਸਤਾਵ ਅਕਸਰ ਅਸਫਲ ਹੋ ਜਾਂਦੇ ਹਨ। ਹਾਲਾਂਕਿ, ਯੂਐਨ ਮਾਨਵਤਾਵਾਦੀ ਸਹਾਇਤਾ ਅਤੇ ਸ਼ਰਨਾਰਥੀਆਂ ਦੀ ਮਦਦ ਲਈ ਕੰਮ ਕਰ ਰਿਹਾ ਹੈ, ਪਰ ਜੰਗ ਰੋਕਣ ਵਿੱਚ ਇਸ ਦੀ ਭੂਮਿਕਾ ਅਸਰਦਾਰ ਨਹੀਂ ਰਹੀ।

# ਪਾਕਿ ਨਾਲ ਜੰਗ ਦੇ ਖਤਰੇ ਨੂੰ ਭਾਪਦਿਆਂ ਭਾਰਤੀ ਗ੍ਰਹਿ ਮੰਤਰਾਲੇ ਵਲੋਂ ਮੌਕ ਡਰਿੱਲ ਦੇ ਨਿਰਦੇਸ਼

ਦਿੱਲੀ-ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਨਾਲ ਤਣਾਅ ਵਧਣ ਕਾਰਨ ਕੇਂਦਰੀ ਗ੍ਰਹਿ ਮੰਤਰਾਲੇ ਨੇ 7 ਮਈ ਨੂੰ ਕਈ ਰਾਜਾਂ ਵਿੱਚ ਮੌਕ ਡਰਿੱਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਵਿੱਚ ਹਵਾਈ ਹਮਲੇ ਦੀ ਚਿਤਾਵਨੀ ਲਈ ਸਾਇਰਨ ਵਜਾਉਣਾ, ਨਾਗਰਿਕ ਸੁਰੱਖਿਆ ਸਿਖਲਾਈ, ਬਲੈਕਆਊਟ ਉਪਾਵਾਂ, ਮਹੱਤਵਪੂਰਨ ਸਥਾਪਨਾਵਾਂ ਨੂੰ ਲੁਕਾਉਣਾ ਅਤੇ ਨਿਕਾਸੀ ਯੋਜਨਾਵਾਂ ਦੀ ਰਿਹਰਸਲ ਸ਼ਾਮਿਲ ਹੈ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to:**
**Panjab Times, Bridle Gate Lane, Derby, DE24 0QW**
**or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਸਿੱਖਾਂ ਨੂੰ ਉਨ੍ਹਾਂ ਮੁੱਦਿਆਂ ਉਤੇ ਸੁਚੇਤ ਹੋਣ ਦੀ ਲੋੜ ਹੈ ਜੋ ਭਵਿੱਖ ਵਿਚ ਉਨ੍ਹਾਂ ਲਈ ਘਾਤਕ ਸਿੱਧ ਹੋਣਗੇ

ਅੰਗਰੇਜ਼ੀ ਅਖ਼ਬਾਰ "ਹਿੰਦੁਸਤਾਨ ਟਾਈਮਜ਼" ਦੇ ਪੰਨਾ ਨੰਬਰ 6 ਉਤੇ ਛਪੀ ਉਪਰੋਕਤ ਖ਼ਬਰ ਅਨੁਸਾਰ ਨਵੀਂ ਐਜੂਕੇਸ਼ਨ ਪਾਲਿਸੀ ਰਾਹੀਂ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਲਈ ਵਿਸ਼ਿਆਂ ਦੇ ਸਿਲੇਬਸਾਂ ਨੂੰ ਵਿਸ਼ੇਸ਼ ਮੰਤਵਾਂ ਅਨੁਸਾਰ ਸੋਧਿਆ ਜਾ ਰਿਹਾ ਹੈ। ਜਿਥੇ ਪੁਰ-ਾਤਨ ਗ੍ਰੰਥ ਗੀਤਾ, ਮਹਾਂਭਾਰਤ ਆਦਿ ਨੂੰ ਸ਼ਾਮਿਲ ਕਰਨ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ, ਉਥੇ ਭਾਰਤ ਦੇ ਨਜ਼ਦੀਕੀ ਮੁਸਲਿਮ ਦੇਸ਼ਾਂ ਤੇ ਕਸ਼ਮੀਰ ਨਾਲ ਸਬੰਧਿਤ ਵੇਰਵੇ ਹਟਾਏ ਜਾ ਰਹੇ ਹਨ। ਕੀ ਜਿਥੋਂ ਸਿੱਖੀ ਉਪਜੀ ਤੇ ਸਿੱਖ ਇਤਿਹਾਸ ਬਣਿਆ, ਪੰਜਾਬੀ ਬੋਲੀ ਦੀ ਭਰਮਾਰ ਹੈ, ਉਨ੍ਹਾਂ ਪਾਕਿਸਤਾਨ, ਬੰਗਲਾਦੇਸ਼ ਤੇ ਕਸ਼ਮੀਰ ਖਿਤਿਆਂ ਨੂੰ ਅਣਦੇਖਿਆਂ ਕਰਨ ਦੇ ਕੀ ਸਿਟੇ ਨਿਕਲਣਗੇ ? ਇਸ ਦੇ ਨਾਲ ਹੀ *ਵਿਤਕਰੇ* ਤੇ *ਮਾਈਨਾਰਟੀ* ਨਾਲ ਸਬੰਧਿਤ ਟਾਪਿਕਸ ਵੀ ਹਟਾਏ ਜਾਣ ਦੀਆਂ ਹਦਾਇਤਾਂ ਦਾ ਪਤਾ ਲੱਗ ਰਿਹਾ ਹੈ।

ਅਜਿਹੇ ਮੁੱਦੇ ਅਜੋਕੀ ਸਿਆਸਤ ਤੇ ਰਾਜਨੀਤੀ ਤੋਂ ਪ੍ਰੇਰਿਤ ਹਨ, ਜਿਨ੍ਹਾਂ ਨੂੰ ਸਿੱਖ ਆਗੂਆਂ ਵਲੋਂ ਦੂਜੀਆਂ ਕੌਮਾਂ ਨਾਲ ਮਿਲ ਕੇ ਸਿਆਸੀ ਤੌਰ ਉੱਤੇ ਤਾਂ ਹੀ ਨਜਿੱਠਿਆ ਜਾ ਸਕਦਾ ਹੈ, ਜੇ ਇਨ੍ਹਾਂ ਪ੍ਰਤੀ ਚੇਤੰਨ ਹੋਇਆ ਜਾਵੇ। ਇਹ ਨਹੀਂ ਕਿ ਅਖ਼ਬਾਰਾਂ ਆਦਿ ਵਿਚ ਪੜਦੇ ਤਾਂ ਸਾਰੇ ਹੀ ਹਨ, ਪਰ ਮੁੱਦੇ ਕੌਣ ਫ਼ੜੇ ਤੇ ਉਠਾਏ ਕੌਣ ?

# ਅੰਮ੍ਰਿਤਸਰ ਵਿਚ ਗਊਆਂ ਦਾ ਕਤਲ, ਗੋਲਡਨ ਟੈਂਪਲ ਐਕਸਪ੍ਰੈੱਸ ਵਿਚ ਮਾਸ ਬਰਾਮਦ

## ✪ ਗਊ ਮਾਸ ਦੀ ਤਸਕਰੀ ਦਾ ਖੁਲਾਸਾ, ਕੇਸ ਦਰਜ



ਅੰਮ੍ਰਿਤਸਰ-ਅੰਮ੍ਰਿਤਸਰ ਤੋਂ ਮੁੰਬਈ ਜਾਣ ਵਾਲੀ ਗੋਲਡਨ ਟੈਂਪਲ ਐਕਸਪ੍ਰੈੱਸ 'ਚ 1283 ਕਿੱਲੋ ਗਊ ਮਾਸ ਬਰਾਮਦ ਹੋਇਆ। ਸਟੇਟ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਰਿਪੋਰਟ ਨੇ ਪੁਸ਼ਟੀ ਕੀਤੀ ਕਿ ਇਹ ਗਊ ਮਾਸ ਹੀ ਸੀ। ਜਾਂਚ ਤੋਂ ਪਤਾ ਲੱਗਾ ਕਿ ਗਊਆਂ ਨੂੰ ਅੰਮ੍ਰਿਤਸਰ 'ਚ ਕਤਲ ਕਰਕੇ 16 ਥਰਮੋਕੋਲ ਡੱਬਿਆਂ 'ਚ ਬਰਫ਼ ਨਾਲ ਪੈਕ ਕੀਤਾ ਗਿਆ ਅਤੇ ਪਾਰਸਲ ਦੇ ਰੂਪ 'ਚ ਮੁੰਬਈ ਭੇਜਿਆ ਜਾ ਰਿਹਾ ਸੀ। ਪਾਰਸਲ ਅੰਮ੍ਰਿਤਸਰ ਦੇ ਵਿਜੇ ਸਿੰਘ ਨੇ ਭੇਜਿਆ ਸੀ, ਜੋ ਮੁੰਬਈ ਦੇ ਜ਼ਫਰ ਸ਼ਬੀਰ ਨੂੰ ਮਿਲਣਾ ਸੀ। ਵਡੋਦਰਾ 'ਚ ਬਰਾਮਦਗੀ ਤੋਂ ਬਾਅਦ ਦੋਵੇਂ ਮੁਲਜ਼ਮ ਫਰਾਰ ਹਨ। ਵਿਜੇ ਸਿੰਘ ਦਾ ਆਧਾਰ ਕਾਰਡ ਪੈਕੇਟ ਨਾਲ ਮਿਲਿਆ, ਜੋ ਜਾਂਚ 'ਚ ਅਹਿਮ ਸਬੂਤ ਹੈ। ਵਡੋਦਰਾ ਅਤੇ ਅੰਮ੍ਰਿਤਸਰ ਰੇਲਵੇ ਪੁਲਿਸ ਨੇ ਜਾਂਚ ਤੇਜ਼ ਕਰ ਦਿੱਤੀ ਹੈ। ਇਹ ਮਾਮਲਾ ਸਥਾਨਕ ਪੱਧਰ 'ਤੇ ਗਊ ਹੱਤਿਆ ਦੇ ਗੈਰ-ਕਾਨੂੰਨੀ ਰੈਕੇਟ ਦੀ ਸੰਭਾਵਨਾ ਵੱਲ ਇਸ਼ਾਰਾ ਕਰਦਾ ਹੈ।

ਸਿਹਤ ਤੇ ਸੁੰਦਰਤਾ










# ਰੋਜ਼ਾਨਾ ਇੱਕ ਕੇਲਾ ਖਾਣ ਨਾਲ ਹੱਡੀਆਂ ਰਹਿਣਗੀਆਂ ਮਜ਼ਬੂਤ

ਕੇਲਾ ਇਕ ਅਜਿਹਾ ਫਲ ਹੈ ਜੋ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਹਰ ਕਿਸੇ ਨੂੰ ਪਸੰਦ ਹੁੰਦਾ ਹੈ। ਇਹ ਸਾਰਾ ਸਾਲ ਬਜ਼ਾਰ ਵਿੱਚ ਉਪਲਬਧ ਰਹਿੰਦਾ ਹੈ। ਕੇਲਾ ਸਿਹਤ ਲਈ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਇਸ ਵਿੱਚ ਕਾਰਬੋਹਾਈਡਰੇਟ, ਫਾਈਬਰ, ਪੋਟਾਸ਼ੀਅਮ, ਵਿਟਾਮਿਨ-ਬੀ6, ਵਿਟਾਮਿਨ-ਸੀ, ਵਿਟਾਮਿਨ-ਏ, ਮੈਗਨੀਸ਼ੀਅਮ, ਕਾਪਰ ਆਦਿ ਬਹੁਤ ਸਾਰੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜੋ ਸਰੀਰ ਨੂੰ ਊਰਜਾ ਦੇਣ, ਦਿਲ ਦੀ ਸਿਹਤ ਨੂੰ ਬਣਾਈ ਰੱਖਣ, ਪਾਚਨ ਕਿਰਿਆ ਨੂੰ ਸੁਧਾਰਨ, ਮਾਨਸਿਕ ਸਥਿਤੀ ਨੂੰ ਸੰਤੁਲਿਤ ਕਰਨ ਅਤੇ ਚਮੜੀ ਨੂੰ ਨਿਖਾਰਨ ਲਈ ਇੱਕ ਵਧੀਆ ਆਪਸ਼ਨ ਹੈ। ਆਓ ਜਾਣਦੇ ਹਾਂ ਕਿ ਰੋਜ਼ਾਨਾ ਕੇਲਾ ਖਾਣਾ ਸਰੀਰ ਲਈ ਕਿਵੇਂ ਫਾਇਦੇਮੰਦ ਹੁੰਦਾ ਹੈ।

ਕੇਲਾ ਕਾਰਬੋਹਾਈਡਰੇਟ ਦਾ ਇੱਕ ਚੰਗਾ ਸਰੋਤ ਹਨ, ਖਾਸ ਕਰਕੇ ਕੁਦਰਤੀ ਸ਼ੱਕਰ ਜਿਵੇਂ ਕਿ ਗਲੂਕੋਜ਼, ਫਰੂਟੋਜ਼ ਅਤੇ ਸੁਕਰਲੋਜ਼। ਇਹ ਸਰੀਰ ਨੂੰ ਤੁਰੰਤ ਊਰਜਾ ਪ੍ਰਦਾਨ ਕਰਦਾ ਹੈ। ਇਸ ਲਈ ਇਸ ਨੂੰ ਤਤਕਾਲ ਊਰਜਾ ਲਈ ਸਭ ਤੋਂ ਵਧੀਆ ਸਨੈਕ ਮੰਨਿਆ ਜਾਂਦਾ ਹੈ।

ਵਿਟਾਮਿਨ ਤੇ ਖਣਿਜਾਂ ਨਾਲ ਭਰਪੂਰ- ਕੇਲੇ ਵਿਚ ਵਿਟਾਮਿਨ ਏ, ਸੀ ਅਤੇ ਬੀ6 ਤੋਂ ਇਲਾਵਾ ਮੈਗਨੀਜ਼, ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਵਰਗੇ ਖਣਿਜ ਵੀ ਪਾਏ ਜਾਂਦੇ ਹਨ, ਜੋ ਚੰਗੀ ਸਿਹਤ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ। ਵਿਟਾਮਿਨ ਏ ਅੱਖਾਂ ਦੀ ਸਿਹਤ ਅਤੇ ਨਜ਼ਰ ਲਈ ਜ਼ਰੂਰੀ ਹੈ। ਮੈਗਨੀਸ਼ੀਅਮ



ਅਤੇ ਮੈਗਨੀਜ਼ ਹੱਡੀਆਂ ਦੀ ਸਿਹਤ ਲਈ ਜ਼ਰੂਰੀ ਹਨ।

ਹੱਡੀਆਂ ਨੂੰ ਬਣਾਏ ਮਜ਼ਬੂਤ-ਕੇਲੇ ਵਿੱਚ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਪਾਇਆ ਜਾਂਦਾ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕਰਦਾ ਹੈ। ਇਸ ਨੂੰ ਖਾਣ ਨਾਲ ਓਸਟੀਓਪੋਰੋਸਿਸ ਵਰਗੀਆਂ ਬਿਮਾਰੀਆਂ ਦਾ ਖਤਰਾ ਘੱਟ ਹੋ ਜਾਂਦਾ ਹੈ।

ਚਮੜੀ ਲਈ ਫਾਇਦੇਮੰਦ-ਕੇਲੇ ਵਿੱਚ ਵਿਟਾਮਿਨ ਸੀ ਅਤੇ ਹੋਰ ਐਂਟੀਆਕਸੀਡੈਂਟ ਹੁੰਦੇ ਹਨ, ਜੋ ਸਕਿਨ ਨੂੰ ਪੋਸ਼ਣ ਦੇਣ ਵਿੱਚ ਮਦਦ ਕਰਦੇ ਹਨ। ਇਹ ਸਕਿਨ ਨੂੰ ਸੁਧਾਰਨ ਅਤੇ ਸੁਰੱਖਿਆ ਦੇਣ ਵਿੱਚ ਮਦਦਗਾਰ ਹੁੰਦੇ ਹਨ। ਇਸ ਤੋਂ ਇਲਾਵਾ ਇਹ ਇਮਿਊਨ ਸਿਸਟਮ ਨੂੰ ਮਜ਼ਬੂਤਕਰਨ ਅਤੇ ਸਰੀਰ 'ਚੋਂ ਹਾਨੀਕਾਰਕ ਤੱਤਾਂ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ।

ਪਾਚਨ ਕਿਰਿਆ ਸਿਹਤਮੰਦ ਰਹਿੰਦੀ ਹੈ- ਕੇਲਾ ਫਾਈਬਰ ਨਾਲ ਭਰਪੂਰ ਹੁੰਦਾ ਹੈ, ਜੋ ਪਾਚਨ ਤੰਤਰ ਨੂੰ ਠੀਕ ਰੱਖਦਾ ਹੈ। ਇਸ ਵਿੱਚ ਪੈਕਟਿਨ ਨਾਮਕ ਇੱਕ ਮਿਸ਼ਰਣ ਹੁੰਦਾ ਹੈ, ਜੋ ਪੇਟ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ ਅਤੇ ਕਬਜ਼ ਨੂੰ ਰੋਕਦਾ ਹੈ।

ਦਿਲ ਦੀ ਸਿਹਤ ਲਈ ਮਹੱਤਵਪੂਰਨ- ਕੇਲੇ ਵਿੱਚ ਪੋਟਾਸ਼ੀਅਮ ਭਰਪੂਰ ਮਾਤਰਾ ਵਿੱਚ ਹੁੰਦਾ ਹੈ, ਜੋ ਬੀਪੀ ਨੂੰ ਕੰਟਰੋਲ ਕਰਨ ਅਤੇ ਦਿਲ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਪੋਟਾਸ਼ੀਅਮ ਦਿਲ ਦੀ ਧੜਕਣ ਨੂੰ ਆਮ ਅਤੇ ਖੂਨ ਦੀਆਂ ਨਾੜੀਆਂ ਨੂੰ ਸਿਹਤਮੰਦ ਰੱਖਦਾ ਹੈ।

ਮਾਨਸਿਕ ਸਿਹਤ ਲਈ ਫਾਇਦੇਮੰਦ-ਕੇਲੇ 'ਚ ਵਿਟਾਮਿਨ ਬੀ6 ਹੁੰਦਾ ਹੈ, ਜੋ ਦਿਮਾਗ ਦੇ ਕੰਮ ਨੂੰ ਬਿਹਤਰ ਬਣਾਉਂਦਾ ਹੈ। ਇਹ ਮਾਨਸਿਕ ਤਣਾਅ, ਚਿੰਤਾ ਅਤੇ ਉਦਾਸੀ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

## ਬਦਲਦੇ ਮੌਸਮ ਵਿਚ ਰੱਖੋ ਚਮੜੀ ਦਾ ਖ਼ਾਸ ਖਿਆਲ

➢ ਬੇਜਾਨ ਹੋ ਚੁੱਕੀ ਚਮੜੀ ਨੂੰ ਦੂਰ ਕਰਨ ਲਈ ਹਫ਼ਤੇ ਵਿਚ ਇਕ ਵਾਰ ਸਾਰੇ ਸਰੀਰ 'ਤੇ ਚੀਨੀ ਦੇ ਦਾਣੇ ਮਲੋ । ਚਮੜੀ ਨਿਖਰ ਆਵੇਗੀ। ਰੁੱਖੀ ਚਮੜੀ 'ਤੇ ਪਾਲਕ, ਮਲਾਈ ਅਤੇ ਸ਼ਹਿਦ ਦੇ ਪੇਸਟ ਨੂੰ ਲਗਾਉਣ ਨਾਲ ਚਮੜੀ ਦਾ ਰੁੱਖਾਪਣ ਖ਼ਤਮ ਹੋ ਜਾਵੇਗਾ ਅਤੇ ਚਮੜੀ ਵਿਚ ਨਿਖਾਰ ਆ ਜਾਵੇਗਾ।

➢ ਦਹੀਂ ਵਿਚ ਇਕ ਚੁਟਕੀ ਹਲਦੀ ਮਿਲਾਓ, ਇਸ ਨੂੰ ਚਿਹਰੇ, ਗਰਦਨ ਅਤੇ ਹੱਥਾਂ 'ਤੇ ਲਗਾ ਲਓ। ਚੰਗੀ ਤਰ੍ਹਾਂ ਸੁੱਕ ਜਾਣ 'ਤੇ ਰਗੜ ਕੇ ਉਤਾਰ ਦਿਓ ਅਤੇ ਨਹਾ ਲਓ। ਇਸ ਨਾਲ ਚਿਹਰੇ 'ਤੇ ਚਮਕ ਆਉਂਦੀ ਹੈ। ਸੰਤਰੇ ਦੇ ਛਿਲਕੇ ਧੁੱਪ ਵਿਚ ਸੁਕਾ ਕੇ ਬਰੀਕ ਪੀਸ ਲਓ ਅਤੇ ਉਸ ਪਾਊਡਰ ਨੂੰ ਦੁੱਧ ਵਿਚ 5 ਮਿੰਟ ਦੇ ਲਈ ਭਿਉਂ ਕੇ ਰੱਖੋ। ਫਿਰ ਚਿਹਰੇ ਤੇ ਗਰਦਨ 'ਤੇ 15-20 ਮਿੰਟ ਤੱਕ ਲਗਾਓ। ਉਸ ਦੇ ਬਾਅਦ ਹਲਕੇ ਹੱਥਾਂ ਨਾਲ ਰਗੜ ਕੇ ਠੰਢੇ ਪਾਣੀ ਨਾਲ ਚਿਹਰਾ ਅਤੇ ਗਰਦਨ ਧੋ ਲਓ ।

## * ਚੁੰਝਾਂ-ਪ੍ਰੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਸੌ ਦਿਨਾਂ 'ਚ ਹੀ ਅਮਰੀਕਨ ਲੋਕਾਂ ਦਾ ਟਰੰਪ ਤੋਂ ਹੋਇਆ ਮੋਹ ਭੰਗ- ਇਕ ਖ਼ਬਰ

-ਵਕਤੋਂ ਮੈਂ ਖੁੰਝ ਗਈ, ਘੜਾ ਦੇਖ ਨਾ ਲਿਆ ਟੁਣਕਾ ਕੇ।



*ਬਠਿੰਡਾ ਜੇਲ੍ਹ ਵਿਚੋਂ ਚਿੱਟੇ ਨਾਲ ਫੜਿਆ ਗਿਆ ਏ. ਐਸ. ਆਈ. ਇਕ ਖ਼ਬਰ

-ਇਕ ਨੂੰ ਰੋਨੀਂ ਏਂ, ਉਤ ਗਿਆ ਈ ਆਵਾ।

*ਰਾਜਸਥਾਨ 'ਚ ਨੀਟ ਦਾ ਪੇਪਰ 40 ਲੱਖ 'ਚ ਵੇਚਣ ਵਾਲੇ ਤਿੰਨ ਬੰਦੇ ਗ੍ਰਿਫ਼ਤਾਰ- ਇਕ ਖ਼ਬਰ

-ਬਸ ਚੋਰ ਹੀ ਫੜਿਉ, ਕਦੇ ਚੋਰ ਦੀ ਮਾਂ ਨੂੰ ਨਾ ਫੜਿਉ।

*ਨੈਨੀਤਾਲ ਦੇ ਇਕ ਹਾਇਰ ਸੈਕੰਡਰੀ ਸਕੂਲ ਦੀ ਦਸਵੀਂ ਜਮਾਤ ਦਾ ਇਕ ਵੀ ਵਿਦਿਆਰਥੀ ਪਾਸ ਨਹੀਂ ਹੋਇਆ- ਇਕ ਖ਼ਬਰ

-ਉੱਤਰਾਖੰਡ ਦੀ ਸਰਕਾਰ 'ਵਧਾਈ' ਦੀ ਹੱਕਦਾਰ ਐ ਬਈ।



*ਹਰਿਆਣੇ 'ਚ ਚੁਣੀ ਹੋਈ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਸੈਣੀ ਅਤੇ ਖੱਟਰ ਨਾਲ ਹੋਈ -ਇਕ ਖ਼ਬਰ

-ਯਾਨੀ ਕਿ ਸਰਕਾਰੀ ਗੁ. ਪ੍ਰਬੰਧਕ ਕਮੇਟੀ ਦੀ ਮੀਟਿੰਗ ਸਰਕਾਰ ਨਾਲ ਹੋਈ।

*ਹਰਿਆਣੇ ਤੋਂ ਬਾਅਦ ਹੁਣ ਹਿਮਾਚਲ ਵੀ ਬੀ. ਬੀ. ਐਮ. ਬੀ. ਤੋਂ ਮੰਗਣ ਲੱਗਾ ਪਾਣੀ- ਇਕ ਖ਼ਬਰ

-ਘੜੇ ਨੂੰ ਹੱਥ ਲਾਇਆ, ਸਾਰਾ ਟੱਬਰ ਤ੍ਰਿਹਾਇਆ।



*ਸ਼੍ਰੋਮਣੀ ਅਕਾਲੀ ਦਲ ਤੋਂ ਸਵਾਇ ਕੋਈ ਪਾਰਟੀ ਵੀ ਪਾਣੀਆਂ ਦੇ ਮਸਲੇ 'ਤੇ ਗੰਭੀਰ ਨਹੀਂ- ਵਿਨਰਜੀਤ ਗੋਲਡੀ

-ਜਿਨ੍ਹੀਂ ਨਹਿਰਾਂ ਦੇ ਕਿਨਾਰੇ ਉਚੇ ਕਰ ਕੇ ਆਪਣੇ 'ਮਿੱਤਰਾਂ' ਨੂੰ ਵਾਧੂ ਪਾਣੀ ਦਿਤਾ, ਉਹ ਵੀ ਬੋਲਦੇ ਐ।



*ਪੰਜਾਬ ਸਰਕਾਰ ਨੇ ਜੀ. ਐੱਸ. ਟੀ. ਦੀ ਉਗਰਾਹੀ 'ਚ ਰਿਕਾਰਡ ਕਾਇਮ ਕੀਤਾ- ਹਰਪਾਲ ਚੀਮਾ

-ਪਰ ਪੰਜਾਬ ਸਰਕਾਰ ਨੂੰ ਕੀ ਮਿਲਦਾ ਵਿਚੋਂ ਚੀਮਾ ਸਾਹਿਬ?

*ਕੇਂਦਰ ਦੇ ਪੰਜਾਬ ਵਿਰੋਧੀ ਵਤੀਰੇ ਦੀ ਪੰਜਾਬ ਚੇਤਨਾ ਮੰਚ ਵਲੋਂ ਨਿਖੇਧੀ- ਇਕ ਖ਼ਬਰ

-ਜੱਗ ਭਾਵੇਂ ਕਰੇ ਨਿੰਦਿਆ, ਸੱਸ ਪਿੱਟਣੀ ਪੰਜੇਬਾਂ ਪਾ ਕੇ।



*ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਪ੍ਰਦੇਸ਼ ਕਾਂਗਰਸ ਇਕਜੁੱਟ ਖੜ੍ਹੀ ਹੈ- ਬਾਜਵਾ

-ਮੈਨੂੰ ਬਗਲੀ ਸਿਖਾ ਦੇ ਗ਼ਲ ਪਾਉਣੀ, ਚੱਲੂੰਗੀ ਤੇਰੇ ਨਾਲ ਜੋਗੀਆ।



*ਅੱਸੀਵਿਆਂ 'ਚ ਕਾਂਗਰਸ ਤੋਂ ਹੋਈਆਂ ਗ਼ਲਤੀਆਂ ਦੀ ਮੈਂ ਜ਼ਿੰਮੇਵਾਰੀ ਲੈਂਦਾ ਹਾਂ- ਰਾਹੁਲ ਗਾਂਧੀ

-ਨੀ ਚਰਖ਼ਾ ਬੋਲ ਪਿਆ, ਹਰ ਗੱਲ ਨਾਲ ਭਰਦਾ ਹੁੰਗਾਰੇ।

*ਨੀਟ ਪ੍ਰੀਖਿਆ 'ਚ ਸਿੱਖ ਵਿਦਿਆਰਥੀਆਂ ਦੇ ਕੜੇ ਲੁਹਾਏ ਜਾਣ 'ਤੇ ਚੀਫ਼ ਖ਼ਾਲਸਾ ਦੀਵਾਨ ਨੇ ਰੋਸ ਪ੍ਰਗਟਾਇਆ- ਇਕ ਖ਼ਬਰ

-ਬਸ ਰੋਸ ਪ੍ਰਗਟਾਅ ਕੇ ਫਿਰ ਮੂਤ ਦੀ ਝੱਗ ਵਾਂਗ ਬੈਠ ਜਾਂਦੇ ਹੋ, ਦੁਸ਼ਮਣ ਤੁਹਾਡੀ ਕਮਜ਼ੋਰੀ ਜਾਣਦਾ ਹੈ।



*ਮੋਦੀ ਨੇ ਏਅਰ ਚੀਫ਼ ਮਾਰਸ਼ਲ ਏ. ਪੀ. ਸਿੰਘ ਨਾਲ ਕੀਤੀ ਮੁਲਾਕਾਤ- ਇਕ ਖ਼ਬਰ

-ਮੁੰਡਾ ਤੇਰਾ ਮੈਂ ਚੁੱਕ ਲਊਂ, ਚਲ ਚਲੀਏ ਜਰਗ ਦੇ ਮੇਲੇ।

*ਈ. ਡੀ. ਨੂੰ ਝੂਠੇ ਦੋਸ਼ ਲਗਾਉਣ ਦੀ ਆਦਤ ਪੈ ਗਈ ਹੈ- ਸੁਪਰੀਮ ਕੋਰਟ

-ਕਾਦਰਯਾਰ ਅਣਹੋਣੀਆਂ ਕਰਨ ਜਿਹੜੇ, ਆਖ਼ਰਵਾਰ ਉਹਨਾਂ ਪਛੋਤਾਵਣਾ ਜੀ।



*ਪੰਜਾਬ ਸਰਕਾਰ ਡੈਮ ਸੇਫ਼ਟੀ ਐਕਟ ਅਤੇ ਜਲ ਸੋਧ ਐਕਟ ਨੂੰ ਰੱਦ ਕਰੇ- ਲੱਖੋਵਾਲ, ਮੇਹਲੋਂ

-ਹੌਲੀ ਹੌਲੀ ਰੋ ਨੀ ਜਿੰਦੇ, ਰੋਣਾਂ ਉਮਰਾਂ ਦਾ ਪੈ ਗਿਆ ਪੱਲੇ।

* * * * * * *



# ਦਿਲਜੀਤ ਦੋਸਾਂਝ ਸ਼ਾਹੀ ਪੰਜਾਬੀ ਵਿਰਾਸਤੀ ਪੋਸ਼ਾਕ ਵਿਚ Met Gala ਪੁੱਜਿਆ



ਦਿਲ ਲੂਮਿਨਾਟੀ ਟੂਰ ਤੋਂ ਮਹੀਨਿਆਂ ਬਾਅਦ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਮੇਟ ਗਾਲਾ 2025 ਦੇ ਨੀਲੇ ਕਾਰਪੈਟ ਤੇ ਪਟਿਆਲਾ ਦੇ ਮਹਾਰਾਜਾ ਨੂੰ ਸ਼ਰਧਾਂਜਲੀ ਵਜੋਂ ਇਕ ਸ਼ਾਹੀ ਸਫੈਦ ਪਹਿਰਾਵੇ ਵਿਚ ਪੁੱਜਿਆ। ਇਹ ਪਹਿਰਾਵਾ ਅਮਰੀਕੀ-ਨੇਪਾਲੀ ਡਿਜ਼ਾਈਨਰ ਪ੍ਰਬਲ ਗੁਰੰਗ ਵੱਲੋਂ ਡਿਜ਼ਾਈਨ ਕੀਤਾ ਗਿਆ ਸੀ, ਜਿਸ ਨੇ ਪਹਿਲਾਂ ਨਿਊਯਾਰਕ ਵਿਚ ਮੈਟਰੋਪੋਲੀਟਨ ਮਿਊਜ਼ੀਅਮ ਆਫ਼ ਆਰਟ ਵਿਖੇ ਸਾਲਾਨਾ ਆਯੋਜਿਤ ਫੈਸ਼ਨ ਚੈਰਿਟੀ ਪ੍ਰੋਗਰਾਮ ਲਈ ਬਾਲੀਵੁੱਡ ਅਦਾਕਾਰਾ ਆਲੀਆ ਭੱਟ ਲਈ ਪਹਿਰਾਵਾ ਤਿਆਰ ਕੀਤਾ ਸੀ।





Pick a favourite.
Then pick another

You're better off with

Specsavers

Ask in store for details
or see specsavers.co.uk

[Frames subject to availability]. Cannot be used with any other offers. Second pair from the same price range or below. Both pairs include standard 1.5 single-vision lenses (or 1.6 for £170 Rimless ranges). Varifocal/bifocal: pay for lenses in first pair only. Excludes SuperDigital, SuperDrive varifocals, SuperReaders 1-2-3 occupational lenses and safety eyewear. Additional charge for extra lens options.


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਐਨ ਐਚ ਐਸ (NHS) ਦੇ ਡਾਕਟਰ ਵੱਡੀ ਉਮਰ ਦੇ ਏਸ਼ੀਆਈ ਲੋਕਾਂ ਨੂੰ ਦਿਲ ਦੀ ਜਾਂਚ ਕਰਵਾਉਣ ਦੀ ਸਿਫਾਰਸ਼ ਕਰਦੇ ਹਨ

ਅਨੁਮਾਨ ਲਗਾਇਆ ਜਾਂਦਾ ਹੈ ਕਿ ਯੂਕੇ ਵਿੱਚ 15 ਲੱਖ ਤੋਂ ਵੀ ਵੱਧ ਏਸ਼ੀਆਈ ਲੋਕ ਹਾਰਟ ਵੈਲਵ ਦੀ ਬਿਮਾਰੀ ਨਾਲ ਜੀ ਰਹੇ ਹਨ— ਇਹ ਬਿਮਾਰੀ ਗੰਭੀਰ ਅਤੇ ਘਾਤਕ ਸਾਬਤ ਹੋ ਸਕਦੀ ਹੈ। ਐਨ ਐਚ ਐਸ (NHS) ਵਿੱਚ ਕੰਮ ਕਰਦੇ ਦਿਲ ਦੇ ਮਾਹਰ ਡਾਕਟਰ ਹੁਣ ਦਿਲ ਦੀ ਜਾਂਚ ਕਰਨ ਵਾਸਤੇ ਤੁਹਾਡੇ ਸ਼ਹਿਰ ਵਿੱਚ ਮੁਫਤ ਕੈਂਪ ਲਗਾ ਰਹੇ ਹਨ, ਜਿਸ ਵਿੱਚ ਏਸ਼ੀਆਈ ਲੋਕਾਂ ਨੂੰ ਸ਼ਾਮਿਲ ਹੋਣ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਦਿਲ ਦੀ ਜਾਂਚ ਹੋਵੇਗੀ ।

ਦਿਲ ਦੇ ਵੈਲਵ ਜਦੋਂ ਠੀਕ ਤਰੀਕੇ ਨਾਲ ਕੰਮ ਨਹੀਂ ਕਰਦੇ ਤਾਂ ਮਰੀਜਾਂ ਨੂੰ ਸਾਹ ਦੀ ਘਾਟ, ਛਾਤੀ ਵਿੱਚ ਦਰਦ, ਥਕਾਵਟ, ਅਤੇ ਆਲਸ, ਪੈਰਾਂ ਵਿੱਚ ਸੋਜਿਸ਼, ਬੇਹੋਸ਼ੀ ਵਰਗੇ ਲੱਛਣ ਹੋ ਸਕਦੇ ਹਨ ਸਕਦੇ ਹਨ ਅਤੇ ਅਕਸਰ ਆਮ ਬੁਢ਼ਾਪੇ ਵਾਂਗ ਹੀ ਲੱਗਦੇ ਹਨ। ਜਦੋਂ ਇਸ ਬਿਮਾਰੀ ਨੂੰ ਦਿਲ ਦੇ ਸਕੈਨ ਦੇ ਨਾਲ ਪਛਾਣ ਲਿਆ ਜਾਵੇ ਤਾਂ ਹਾਰਟ ਵੈਲਵ ਸਰਜਰੀ ਇਨਸਾਨ ਦੀ ਜਾਨ ਬਚਾ ਸਕਦੀ ਹੈ । ਇਹ ਹਾਰਟ ਸਰਜਰੀ ਵੱਡੇ ਆਪਰੇਸ਼ਨ (SAVR) ਨਾਲ ਕੀਤੀ ਜਾਂਦੀ ਹੈ. ਕੁਝ ਮਰੀਜ਼ਾਂ ਵਿੱਚ ਇਸ ਸਰਜਰੀ ਛੋਟੇ ਅਪਰੇਸ਼ਨ (Taiv) ਨਾਲ ਵੀ ਕੀਤੀ ਜਾ ਸਕਦੀ ਹੈ ।

**ਹਾਰਟ ਵੈਲਵ ਦੀ ਬਿਮਾਰੀ - ਕੋਮਾਂਤਰੀ ਸਿਹਤ ਅੰਤਰ**

ਅਨੁਮਾਨ ਹੈ ਕੀ ਯੂਕੇ ਵਿੱਚ ਜੰਨਮੇ ਗੋਰੇ ਲੋਕ ਜੋ ਅੰਗਰੇਜ਼ੀ ਨੂੰ ਪਹਿਲੀ ਭਾਸ਼ਾ ਵਜੋਂ ਬੋਲਦੇ ਹਨ, ਹਾਰਟ ਵੈਲਵ ਦੀ ਬੀਮਾਰੀ ਦੀ ਪਛਾਣ ਅਤੇ ਹਾਰਟ ਸਪੈਸ਼ਲਿਸਟ ਦੀ




ਸਲਾਹ ਛੇਤੀ ਲੈ ਲੈਂਦੇ ਹਨ । ਇੱਕ ਤਾਜ਼ਾ ਰਿਪੋਰਟ ਵਿਚੋਂ ਪਤਾ ਲੱਗਾ ਕਿ ਕਾਲੇ ਜਾਂ ਦੱਖਣੀ ਏਸ਼ੀਆਈ ਮਰੀਜ਼ ਗੋਰੇ ਲੋਕਾਂ ਦੀ ਤੁਲਨਾ ਵਿੱਚ ਹਾਰਟ ਵੈਲਵ ਸਰਜਰੀ ਵਾਸਤੇ ਘੱਟ ਉਪਲਬਧ ਹੋਂਦੇ ਹਨ ।.

ਸਨ 2023 - 2024 ਵਿੱਚ ਇਕ ਰਿਪੋਰਟ ਨੇ ਖੁਲਾਸਾ ਕੀਤਾ ਕਿ 96% ਠਅੜੀ ਸਰਜਰੀਆਂ ਸਿਰਫ਼ ਗੋਰੇ ਲੋਕਾਂ ਲਈ ਕੀਤੀਆਂ ਗਈਆਂ (ਜਦੋਂ ਕਿ ਕਾਲੇ/ਕਾਲੇ-ਬ੍ਰਿਟਿਸ਼ ਅਤੇ ਏਸ਼ੀਆਈ/ ਏਸ਼ੀਆਈ-ਬ੍ਰਿਟਿਸ਼ ਲਈ ਸਿਰਫ਼ 3%) ।

ਵੈਲਵ ਫੋਰ ਲਾਈਫ ਅਤੇ ਹਾਰਟ ਵੈਲਵ ਡਿਜੀਜ ਨਾਮ ਦੇ ਦੋ ਉਪਰਾਲੇ ਐਨ ਐਚ ਐਸ (NHS) ਵਿੱਚ ਕੀਤੇ ਗਏ ਹਨ ਜਿਨ੍ਹਾਂ ਦਾ ਮਕਸਦ ਸਾਰੇ ਹਾਰਟ ਵੈਲਵ ਮਰੀਜ਼ਾਂ ਲਈ ਸਹੀ ਤੇ ਟਾਈਮ ਸਿਰ ਇਲਾਜ ਮੁਹਈਆ ਕਰਾਉਣਾ ਹੈ. ਜੇ ਕੋਈ ਬਜ਼ੁਰਗ ਲੋਕ ਸਧਾਰਨ ਤੌਰ ਤੇ ਸਾਹ ਦੀ ਤਕਲੀਫ ਅਤੇ ਥਕਾਵਟ ਮਹਿਸੂਸ ਕਰਦੇ ਹਨ ਜਾਂ ਉਨਾਂ ਨੂੰ ਚੱਕਰ ਆਉਂਦੇ ਹਨ, ਉਹ Your Heart Matters ਟਰੱਕ 'ਤੇ ਫ਼ਰੀ ਦਿਲ ਦੀ ਜਾਂਚ ਕਰਵਾ ਸਕਦੇ ਹਨ।

ਇੱਕ ਜੀਵਨ-ਬਚਾਉਣ ਵਾਲਾ ਟਰੱਕ ਅਗਲੇ ਹਫ਼ਤਿਆਂ ਵਿੱਚ ਯੂਕੇ 'ਚ ਦੌਰਾ ਕਰੇਗਾ ਅਤੇ ਵੱਡੀ ਉਮਰ ਦੇ ਲੋਕਾਂ ਵਾਸਤੇ ਫ਼ਰੀ ਦਿਲ ਦੀ ਜਾਂਚ ਪੇਸ਼ ਕਰਦਾ ਹੈ। ਇਹ ਉਪਰਾਲਾ ਹਰੇਕ ਜਣੇ ਵਾਸਤੇ ਖੁੱਲਾ ਹੈ, ਪਰ ਸੰਯੋਜਕ ਖਾਸ ਕਰ ਏਸ਼ੀਆਈ ਕਮਿਊਨਟੀ ਦੇ ਲੋਕਾਂ ਨੂੰ ਸ਼ਾਮਿਲ ਹੋਣ ਲਈ ਉਤਸ਼ਾਹਤ ਕਰਨਾ ਚਾਹੁੰਦੇ ਹਨ।

**ਟਰੱਕ ਲੋਕੇਸ਼ਨ (ਅਡਰੈਸ)**

Slough ਸਲੋਹ (9 ਮਈ, Asda Superstore, Slough)
Leicester ਲੈਸਟਰ (13 ਮਈ, Clock Tower, Leicester)
Newcastle ਨਿਊਕਾਸਲ (16 ਮਈ, Asda Byker Superstore)

ਜੇਕਰ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ, ਕਿਰਪਾ ਕਰਕੇ ਸੰਪਰਕ ਕਰੋ।

ਇਸ ਮਹੱਤਵਪੂਰਣ ਉਪਰਾਲੇ ਬਾਰੇ ਸਮੁੱਚੀ ਕਮਿਊਨਟੀ ਨੂੰ ਜਾਣਕਾਰੀ ਦਿਓ!

* * * * * *

## ਕੈਲੀਫੋਰਨੀਆ ਵਿਚ ਇਕ ਛੋਟਾ ਜਹਾਜ਼ ਦੋ ਘਰਾਂ ਉਪਰ ਡਿੱਗਾ, 2 ਮੌਤਾਂ



**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਿਮੀ ਵੈਲੀ,ਕੈਲੀਫੋਰਨੀਆ ਵਿਚ ਇਕ ਛੋਟਾ ਜਹਾਜ਼ ਦੋ ਘਰਾਂ ਉਪਰ ਡਿੱਗ ਜਾਣ ਦੀ ਖਬਰ ਹੈ। ਇਸ ਘਟਨਾ ਵਿਚ ਹੈਲੀਕਾਪਟਰ ਵਿਚ ਸਵਾਰ ਦੋਨੋਂ ਵਿਅਕਤੀ ਮਾਰੇ ਗਏ। ਡਿੱਗਣ ਉਪਰੰਤ ਅੱਗ ਲੱਗ ਗਈ । ਵੈਂਟੂਰਾ ਕਾਊਂਟੀ ਫਾਇਰ ਵਿਭਾਗ ਨੇ ਕਿਹਾ ਹੈ ਕਿ ਜਹਾਜ਼ ਦੁਪਹਿਰ 2.10 ਵਜੇ ਦੇ ਕਰੀਬ ਦੋ ਮੰਜਿਲਾ ਇਮਾਰਤ ਉਪਰ ਡਿੱਗਾ । ਘਰਾਂ ਵਿਚ ਪਰਿਵਾਰਕ ਮੈਂਬਰ ਮੌਜੂਦ ਸਨ ਪਰੰਤੂ ਉਨਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਸਿਮੀ ਵੈਲੀ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਹਾਜ਼ ਵਿਚ ਸਵਾਰ ਸਾਰੇ ਵਿਅਕਤੀ ਮਾਰੇ ਗਏ ਹਨ। ਘਟਨਾ ਵਿਚ ਇਕ ਕੁੱਤੇ ਦੀ ਵੀ ਮੌਤ ਹੋਈ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਨੇ ਕਿਹਾ ਹੈ ਕਿ 4 ਸੀਟਾਂ ਵਾਲੇ ਇਕ ਇੰਜਣ ਵਾਲੇ ਜਹਾਜ਼ ਨੇ ਲਾਂਕਾਸਟਰ ਵਿਚ ਵਿਲੀਅਮ ਜੈ ਫੌਕਸ ਹਵਾਈ ਪੱਟੜੀ ਤੋਂ ਕੈਮਾਰੀਲੋ ਹਵਾਈ ਅੱਡੇ ਲਈ ਉਡਾਣ ਭਰੀ ਸੀ ਪਰੰਤੂ ਜਹਾਜ਼ ਆਪਣੇ ਟਿਕਾਣੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਲਾਸ ਏਂਜਲਸ ਡਾਊਨਟਾਊਨ ਤੋਂ ਤਕਰੀਬਨ 40 ਮੀਲ ਦੂਰ ਤਬਾਹ ਹੋ ਗਿਆ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।**

# SERVICE TO COMMEMORATE THE 80TH ANNIVERSARY OF VE DAY







A service is being held to mark the ending of Second World War n Europe which ended on 8th May 1945. The special service at Leicester Cathedral will be attended by The Lord-Lieutenant of Leicestershire Mike Kapur OBE CSt.J, the Lord Mayor of Leicester Councillor Bhupen Dave, the Chairman of Leicestershire County Council Councillor Joe Orson, the Mayor of Leicester Sir Peter Soulsby and other Civic dignitaries on Thursday 8th May 2025 starting at 5.30 pm.

Over 400 000 Sikhs served in the British armed Forces during the two World Wars. Approximately 83,005 Sikh Soldiers were killed during World War 1 and 2. Additionally 109,045 Sikh Soldiers were seriously wounded. An event in Birmingham in May 2023 paid tribute to the 1.5 million Sikh volunteers in the Indian army who fought alongside the British military during the two world wars and honoured the 83,005 Sikh Soldiers who gave their lives during the conflicts.

The Sikh community all over the world are remembering all those Sikh Soldiers who sacrificed their lives and were seriously wounded. All Guru Nanak Naam leva Sadh Sangat Ji go to Gurdwaras regularly or whenever possible. Singh Sabha Gurdwara, Derby , Guru Nanak Gurdwara, Birmingham and some other Gurdwaras are pro-active in raising awareness of Sikhs' sacrifices and contributions across the world.

Eight members of the 1995 formed Punjabi Listeners Club that promotes Punjabi Language and Sikh religion are also attending the service. The Co-Ordinator of Punjabi Listeners Club Tarlochan Singh Virk wishes to sincerely thank the Invitations Office of Leicestershire Lieutenancy Office for their kindness in giving us the opportunity to remember all those who died in the World Wars and were seriously wounded so that we can live in freedom.

WE WILL REMEMBER THEM

# ਦੇਸ਼ ਭਗਤ ਯਾਦਗਾਰ ਕਮੇਟੀ ਦਾ ਸੁਨੇਹਾ; ਜੰਗ ਖ਼ੁਦ ਹੀ ਮਸਲਾ ਹੈ; ਮਸਲੇ ਦਾ ਹੱਲ ਨਹੀਂ



ਜਲੰਧਰ-: "ਚੜ੍ਹਦੇ ਅਤੇ ਲਹਿੰਦੇ ਸਾਂਝੇ ਪੰਜਾਬ ਦੇ ਆਵਾਮ ਦੇ ਦੇਸ਼ ਭਗਤ ਪ੍ਰਤੀਨਿੱਧਾਂ ਵੱਲੋਂ ਆਜ਼ਾਦੀ ਅਤੇ ਅਮਨ ਦੀਆਂ ਬਹਾਰਾਂ ਮਾਨਣ ਲਈ 1913 'ਚ ਅਮਰੀਕਾ ਵਿਖੇ ਸਿਰਜੀ ਗ਼ਦਰ ਪਾਰਟੀ ਦੇ ਵਾਰਸਾਂ ਵੱਲੋਂ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਚੇਤਨਾ ਦੇ ਚਾਨਣ ਦਾ ਛੱਟਾ ਦੇਣ ਲਈ ਬਣਾਈ ਇਬਾਦਤਗਾਹ, ਦੇਸ਼ ਭਗਤ ਯਾਦਗਾਰ ਹਾਲ ਦੀ ਪ੍ਰਬੰਧਕ ਅਤੇ ਸੇਵਾਦਾਰ, ਦੇਸ਼ ਭਗਤ ਯਾਦਗਾਰ ਕਮੇਟੀ ਨੇ ਲੋਕ- ਮਾਰੂ ਜੰਗ ਦੇ ਭਾਂਬੜ ਬਾਲੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਦੋਵੇਂ ਮੁਲਕਾਂ ਦੇ ਲੋਕਾਂ ਦੇ ਖਿਲਾਫ਼ ਨਿਹੱਕੀ ਜੰਗ ਹੈ, ਜਿਸਦਾ ਹਰ ਮਾਨਵ ਦਰਦੀ, ਇਨਸਾਫ਼ ਅਤੇ ਅਮਨ ਪਸੰਦ ਵਿਅਕਤੀ ਨੂੰ ਬੇਖੌਫ਼ ਹੋ ਕੇ ਵਿਰੋਧ ਕਰਨ ਦੀ ਲੋੜ ਹੈ"।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਾਰੀ ਕੀਤੇ ਲਿਖਤੀ ਬਿਆਨ 'ਚ ਉਪਰੋਕਤ ਟਿੱਪਣੀ ਕਰਦਿਆਂ ਕਿਹਾ ਹੈ ਕਿ ਕਮੇਟੀ ਪਹਿਲੇ ਦਿਨ ਤੋਂ ਹੀ ਪਹਿਲਗਾਮ ਦੀ ਹਿਰਦੇਵੇਦਕ ਘਟਨਾ ਦੀ ਕਰੜੀ ਨਿੰਦਾ ਕਰਦੇ ਹੋਏ ਮੁਜ਼ਰਿਮਾਂ ਦੀ ਪੈੜ ਜਨਤਾ ਦੀ ਨਜ਼ਰ ਕਰਨ ਦੀ ਮੰਗ ਕਰਦੀ ਆ ਰਹੀ ਹੈ। ਕਮੇਟੀ ਦਾ ਵਿਚਾਰ ਹੈ ਕਿ ਲੋਕਾਂ ਦੇ ਸੰਦੇਹ ਅਤੇ ਮੂੰਹ ਫੱਟ ਬਿਆਨਾਂ ਦਾ ਤਸੱਲੀਬਖ਼ਸ਼ ਜਵਾਬ ਦੇਣ ਦੀ ਭਾਜਪਾ ਹਕੂਮਤ ਦੀ ਨੈਤਿਕ ਜ਼ਿੰਮੇਵਾਰੀ ਹੈ। ਉਸ ਪਾਸੇ ਇੱਕ ਵੀ ਕਦਮ ਪੁੱਟਣ ਦੀ ਬਜਾਏ ਉਲਟਾ ਅੱਧੀ ਰਾਤ ਪਾਕਿਸਤਾਨ ਤੇ ਕੀਤੇ ਮਿਜ਼ਾਇਲ ਹਮਲੇ ਦਾ ਜਸ਼ਨ ਮਨਾਉਣ ਅਤੇ ਕੌਮੀ ਅੰਧ ਰਾਸ਼ਟਰਵਾਦ ਦੀ ਧੂਣੀ ਉਪਰ ਤੇਲ ਛਿੜਕਣ ਲਈ ਸਭਨਾਂ ਸ਼ਕਤੀਆਂ ਨੂੰ ਥਾਪੜਾ ਦਿੱਤਾ ਜਾ ਰਿਹਾ ਹੈ। ਇਹ ਅੰਨ੍ਹੀ ਦੌੜ, 'ਅੱਖ ਕੱਢਣ ਬਦਲੇ ਅੱਖ ਕੱਢਣ' ਦੀ ਅੰਨ੍ਹੀ ਦੌੜ 'ਚ ਗ਼ਲਤਾਨ ਹੋ ਕੇ ਅੰਨਿਆਂ ਦਾ ਸੰਸਾਰ ਬਣਾ ਧਰਨਾ ਹੋਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦਾ ਸਾਫ਼ ਅਤੇ ਸਪੱਸ਼ਟ ਵਿਚਾਰ ਹੈ ਕਿ ਕੇਂਦਰ ਦੀ ਭਾਜਪਾ ਹਕੂਮਤ 'ਵਿਸ਼ਵ ਦੇ ਥਾਣੇਦਾਰ' ਹੋਣ ਦੇ ਹੰਕਾਰ 'ਚ ਗਲਤਾਨ ਤਾਕਤਾਂ ਦੇ ਇਸ਼ਾਰਿਆਂ 'ਤੇ ਉਹਨਾਂ ਦੇ ਆਰਥਕ, ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਅਤੇ ਮੁਲਕ ਦੇ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਲਈ ਰਾਹ ਪੱਧਰਾ ਕਰਨ ਵਾਸਤੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਲੋਕਾਂ ਦੀ ਸੁਰਤੀ ਜੰਗ ਦੇ ਝੱਖੜਾਂ ਵਿੱਚ ਰੋਲ਼ ਦੇਣਾ ਚਾਹੁੰਦੀ ਹੈ।

ਉਹਨਾਂ ਕਿਹਾ ਕਿ ਕੇਂਦਰੀ ਹਕੂਮਤ ਅਤੇ ਪੁਲਸ ਰਾਜ ਬਣਾ ਧਰਨ ਲਈ ਪੰਜਾਬ ਹਕੂਮਤ ਨੇ ਕਾਰਪੋਰੇਟ ਘਰਾਣਿਆਂ ਅੱਗੇ ਜੰਗਲ,ਜਲ, ਜ਼ਮੀਨ, ਸਿੱਖਿਆ, ਸਿਹਤ ਆਦਿ ਸਭ ਸਾਧਨ ਅਤੇ ਕੁਦਰਤੀ ਅਨਮੋਲ ਸਰੋਤ ਪਰੋਸਣ ਲਈ ਲੋਕਾਂ ਖ਼ਿਲਾਫ਼ ਜੰਗ ਛੇੜ ਰੱਖੀ ਹੈ। ਜੰਗ ਰਾਹੀਂ ਅੰਧ ਰਾਸ਼ਟਰਵਾਦ ਦੀ ਗਰਦੋ ਗੁਬਾਰ ਦਾ ਓਹਲਾ ਕਰਕੇ ਲੋਕਾਂ ਦਾ ਧਿਆਨ ਆਪਣੀਆਂ ਹਕੀਕੀ ਮੰਗਾਂ ਮਸਲਿਆਂ ਤੋਂ ਹਟਾ ਕੇ ਬੱਸ ਜੰਗ ਦੇ ਧੂੰਏ ਵਿੱਚ ਬਦਲ ਦੇਣ ਦਾ ਮਨਸੂਬਾ ਹੈ। ਕਮੇਟੀ ਨੇ ਰੋਸ ਪ੍ਰਗਟਾਇਆ ਹੈ ਕਿ ਪਹਿਲਗਾਮ 'ਚ ਪਹਿਲਾਂ ਤਾਂ ਲੋਕਾਂ ਦੀ ਸੁਰੱਖਿਆ ਦਾ ਪ੍ਰਬੰਧ ਨਾ ਕਰਨਾ, ਫ਼ਿਰ ਘਟਨਾ ਉਪਰੰਤ ਘੰਟਿਆਂ ਬੱਧੀ ਲੋਕਾਂ ਦੀ ਹਾਹਾਕਾਰ ਨਾ ਸੁਣਨਾ, ਪ੍ਰਧਾਨ ਮੰਤਰੀ ਦਾ ਜਵਾਬਦੇਹ ਨਾ ਹੋਣਾ ਅਤੇ ਅੱਜ ਪੂਰੀ ਫੁਰਤੀ ਨਾਲ 'ਕੌਮ ਦੇ ਨਾਮ ਸੰਦੇਸ਼' ਦਿੰਦੇ ਹੋਏ ਅੰਧਰਾਸ਼ਟਰਵਾਦ ਅਤੇ ਫ਼ਿਰਕੂ ਮਾਹੌਲ ਬਣਾ ਧਰਨ ਲਈ ਗੈਰ ਜਿੰਮੇਵਾਰਾਨਾ ਟਿੱਪਣੀਆਂ ਕਰਨਾ ਲੋਕ ਮਨਾਂ ਅੰਦਰ ਉੱਗੀਆਂ ਸ਼ੰਕਾਵਾਂ ਨੂੰ ਹੀ ਹੋਰ ਪੱਕਾ ਕਰਦੀ ਹੈ ਕਿ ਪਹਿਲਗਾਮ ਦੇ ਦਰਦਨਾਕ ਕਾਂਡ ਦੀ ਸਕਰਿਪਟ ਦਾ ਅਸਲ ਸੱਚ ਕੀ ਹੈ!

## 16.70 ਕਰੋੜ ਡਾਲਰ ਦਾ ਜੈਕਪਾਟ ਨਿਕਲਣ ਦੇ ਬਾਅਦ ਪੁਲਿਸ ਅਫਸਰ ਉਪਰ ਹਮਲਾ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਹੋਇਆ ਕੈਂਟੁਕੀ ਵਾਸੀ



ਲਾਟਰੀ ਨਿਕਲਣ ਉਪਰੰਤ ਪਰਿਵਾਰਕ ਮੈਂਬਰਾਂ ਨਾਲ ਜੇਮਜ ਫਾਰਥਿੰਗ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਂਟੁਕੀ ਦੇ ਵਸਨੀਕ ਇਕ ਵਿਅਕਤੀ ਨੂੰ 16.70 ਕਰੋੜ ਡਾਲਰ ਦਾ ਪਾਵਰਬਾਲ ਜੈਕਪਾਟ ਨਿਕਲਣ ਤੋਂ ਬਾਅਦ ਇਕ ਬਾਰ ਵਿਚ ਹੋਈ ਲੜਾਈ ਵਿੱਚ ਕਥਿੱਤ ਤੌਰ 'ਤੇ ਪੁਲਿਸ ਅਫਸਰ ਉਪਰ ਹਮਲਾ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਨੁਸਾਰ ਜੇਮਜ ਫਾਰਥਿੰਗ ਤੇ ਉਸ ਦੀ ਦੋਸਤ ਕੁੜੀ ਨੂੰ ਸੇਂਟ ਪੀਟ ਬੀਚ, ਫਲੋਰਿਡਾ ਵਿਚ ਟਰੇਡ ਵਿੰਡਜ ਰਿਜ਼ਾਰਟ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰੀ ਵਾਰੰਟ ਅਨੁਸਾਰ 50 ਸਾਲ ਫਾਰਥਿੰਗ ਨੇ ਹੋਈ ਤਕਰਾਰ ਦੌਰਾਨ ਇਕ ਵਿਅਕਤੀ ਦੇ ਚੇਹਰੇ ਉਪਰ ਘਸੁੰਨ ਮਾਰਿਆ ਤੇ ਜਦੋਂ ਪਾਈਨਲਾਸ ਕਾਊਂਟੀ ਦੇ ਸ਼ੈਰਿਫ ਡਿਪਟੀ ਨੇ ਦਖਲ ਦੇ ਕੇ ਝਗੜਾ ਖਤਮ ਕਰਵਾਉਣ ਦਾ ਯਤਨ ਕੀਤਾ ਤਾਂ ਉਸ ਨੇ ਉਸ ਉਪਰ ਵੀ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਪੁਲਿਸ ਅਫਸਰ ਦਾ ਚੇਹਰਾ ਸੁੱਜ ਗਿਆ ਤੇ ਲਾਲ ਹੋ ਗਿਆ।

ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫਾਰਥਿੰਗ ਨੇ ਮੌਕੇ ਉਪਰੋਂ ਭੱਜਣ ਦਾ ਯਤਨ ਕੀਤਾ ਪਰੰਤੂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਦੋਸਤ ਕੁੜੀ ਨੂੰ ਵੀ ਝਗੜੇ ਦੇ ਮਾਮਲੇ ਵਿਚ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਦੋਸਤ ਕੁੜੀ ਨਸ਼ੇ ਵਿਚ ਧੁੱਤ ਸੀ ਤੇ ਉਹ ਗਾਲਾਂ ਕੱਢ ਰਹੀ ਸੀ। ਦੋਨਾਂ ਵਿਰੁੱਧ ਵੱਖ ਵੱਖ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

## ਰੱਖਿਆ ਸਕੱਤਰ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ, ਫ਼ੌਜ ਨੂੰ ਕਾਰਵਾਈ ਦੀ ਖੁੱਲ੍ਹੀ ਛੋਟ

ਦਿੱਲੀ-ਰੱਖਿਆ ਸਕੱਤਰ ਰਾਜੇਸ਼ ਕੁਮਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਭਾਰਤ-ਪਾਕਿਸਤਾਨ ਤਣਾਅ ਦੇ ਮੱਦੇਨਜ਼ਰ ਅਹਿਮ ਮੀਟਿੰਗ ਕੀਤੀ, ਜੋ ਅੱਧੇ ਘੰਟੇ ਤੋਂ ਵੱਧ ਚੱਲੀ। ਮੋਦੀ ਨੇ ਪਹਿਲਗਾਮ ਹਮਲੇ ਤੋਂ ਬਾਅਦ ਤਿੰਨੋਂ ਫ਼ੌਜਾਂ ਦੇ ਮੁਖੀਆਂ, ਰੱਖਿਆ ਮੰਤਰੀ, ਸੀਡੀਐਸ ਅਤੇ ਐਨਐਸਏ ਨਾਲ ਮੁਲਾਕਾਤ ਕਰਕੇ ਫ਼ੌਜ ਨੂੰ ਕਾਰਵਾਈ ਦੀ ਖੁੱਲ੍ਹੀ ਛੋਟ ਦਿੱਤੀ।

## ਅੰਮ੍ਰਿਤਪਾਲ ਸਿੰਘ 'ਤੇ ਐਨਐਸਏ ਵਧਾਉਣ ਖਿਲਾਫ ਰੋਸ ਮਾਰਚ



ਅੰਮ੍ਰਿਤਸਰ-ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ 'ਤੇ ਤੀਜੀ ਵਾਰ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕੀਤੇ ਜਾਣ ਦੇ ਵਿਰੋਧ ਵਿੱਚ ਅਕਾਲੀ ਦਲ ਅਤੇ ਵਾਰਿਸ ਪੰਜਾਬ ਜਥੇਬੰਦੀ ਨੇ ਅੰਮ੍ਰਿਤਸਰ ਵਿੱਚ ਡੀਸੀ ਦਫਤਰ ਤੱਕ ਰੋਸ ਮਾਰਚ ਕੀਤਾ। ਮਾਰਚ ਵਿੱਚ ਅੰਮ੍ਰਿਤਪਾਲ ਦੇ ਪਿਤਾ ਬਾਪੂ ਤਰਸੇਮ ਸਿੰਘ ਸਮੇਤ ਕਈ ਆਗੂ ਸ਼ਾਮਲ ਸਨ। ਪ੍ਰਦਰਸ਼ਨਕਾਰੀਆਂ ਨੇ 'ਐਨਐਸਏ ਰੱਦ ਕਰੋ' ਅਤੇ 'ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕਰੋ' ਵਰਗੇ ਨਾਅਰਿਆਂ ਵਾਲੀਆਂ ਤਖਤੀਆਂ ਚੁੱਕੀਆਂ। ਡੀਸੀ ਦਫਤਰ ਵਿਖੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ। ਬਾਪੂ ਤਰਸੇਮ ਸਿੰਘ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਨੂੰ ਸੰਵਿਧਾਨਿਕ ਜ਼ਿੰਮੇਵਾਰੀ ਸਮਝਦਿਆਂ ਗੰਭੀਰਤਾ ਨਾਲ ਲੈਣ।

## ਅੰਮ੍ਰਿਤਸਰ ਦੇ ਹੋਟਲ ਵਿੱਚ ਕੁੜੀ ਨਾਲ ਸਮੂਹਿਕ ਬਲਾਤਕਾਰ

**✪ ਪੀੜਤ ਨੇ ਲਗਾਈ ਇਨਸਾਫ ਦੀ ਗੁਹਾਰ ✪ ਨਿਹੰਗ ਜਥੇਬੰਦੀਆਂ ਨੇ ਮੰਗੀ ਸਖ਼ਤ ਕਾਰਵਾਈ**



ਅੰਮ੍ਰਿਤਸਰ-ਅੰਮ੍ਰਿਤਸਰ ਦੇ ਬੱਸ ਸਟੈਂਡ ਨਜ਼ਦੀਕ ਸਥਿਤ ਇੱਕ ਨਿੱਜੀ ਹੋਟਲ ਵਿੱਚ ਇੱਕ ਕੁੜੀ ਨਾਲ ਸਮੂਹਿਕ ਜਬਰ-ਜ਼ਿਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਕੁੜੀ ਨੇ ਦੱਸਿਆ ਕਿ ਉਹ ਆਪਣੇ ਦੋਸਤ ਨਾਲ ਦਰਬਾਰ ਸਾਹਿਬ ਦਰਸ਼ਨਾਂ ਲਈ ਆਈ ਸੀ ਅਤੇ ਬਾਅਦ ਵਿੱਚ ਹੋਟਲ ਵਿੱਚ ਪਾਣੀ ਪੀਣ ਗਈ, ਜਿੱਥੇ ਉਸ ਦੇ ਦੋਸਤ ਨੇ ਆਪਣੇ ਸਾਥੀਆਂ ਨੂੰ ਬੁਲਾ ਕੇ ਜਬਰ-ਜ਼ਿਨਾਹ ਕਰਵਾਇਆ। ਪੀੜਤ ਨੇ ਇਨਸਾਫ ਦੀ ਮੰਗ ਕੀਤੀ ਹੈ। ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਪਰਮਜੀਤ ਸਿੰਘ ਅਕਾਲੀ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇੱਕ ਕੁੜੀ ਰੋ ਰਹੀ ਹੈ ਅਤੇ ਉਸ ਨਾਲ ਜਬਰ-ਜ਼ਿਨਾਹ ਹੋਇਆ। ਮੌਕੇ 'ਤੇ ਪਹੁੰਚੀਆਂ ਜਥੇਬੰਦੀਆਂ ਨੇ ਸਖ਼ਤ ਕਾਰਵਾਈ ਦੀ ਮੰਗ ਕੀਤੀ। ਪੁਲਸ ਚੌਂਕੀ ਇੰਚਾਰਜ ਕਪਿਲ ਦੇਵ ਨੇ ਕਿਹਾ ਕਿ ਪੀੜਤ ਦਾ ਮੈਡੀਕਲ ਕਰਵਾਇਆ ਜਾ ਰਿਹਾ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

## ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਕਰਤਾਰਪੁਰ ਸਾਹਿਬ ਲਾਂਘਾ ਬੰਦ, ਸ਼ਰਧਾਲੂਆਂ 'ਤੇ ਰੋਕ

ਗੁਰਦਾਸਪੁਰ-ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤ ਵੱਲੋਂ ਕੀਤੇ ਹਮਲੇ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਹੈ। ਡੇਰਾ ਬਾਬਾ ਨਾਨਕ ਦੀ ਅੰਤਰਰਾਸ਼ਟਰੀ ਸਰਹੱਦ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਸ਼ਰਧਾਲੂਆਂ ਨੂੰ ਰੋਕ ਦਿੱਤਾ ਗਿਆ। ਇਸ ਕਾਰਨ ਸ਼ਰਧਾਲੂਆਂ ਵਿੱਚ ਨਿਰਾਸ਼ਾ ਦੇਖੀ ਗਈ।

# ਮਾਲਟਨ ਗੁਰਦੁਆਰੇ ਦੀ ਸਿੱਖ ਪਰੇਡ ਬਾਰੇ ਗੋਦੀ ਮੀਡੀਆ ਕਿਉਂ ਭੜਕਿਆ ?

## ✪ ਇੰਟਰਨੈਸ਼ਨਲ ਮੀਡੀਆ ਨੇ ਇਸ ਖਬਰ ਦੀ ਪੁਸ਼ਟੀ ਨਹੀਂ ਕੀਤੀ ✪ ਕੀ ਝਾਕੀਆਂ ਵਿਚ ਮੋਦੀ, ਸ਼ਾਹ ਅਤੇ ਜੈਸ਼ੰਕਰ ਨੂੰ ਜੇਲ੍ਹ ਵਿੱਚ ਬੰਦ ਦਿਖਾਇਆ ਗਿਆ ?

**ਖਾਸ ਖਬਰ** ਮਈ 2025 ਵਿੱਚ ਟੋਰਂਟੋ ਦੇ ਮਾਲਟਨ ਗੁਰਦੁਆਰੇ ਨੇੜੇ ਇੱਕ ਪਰੇਡ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ। ਇਸ ਵਿੱਚ ਕੁਝ ਖਾਲਿਸਤਾਨੀ ਸਮਰਥਕਾਂ ਵੱਲੋਂ ਨਾਅਰੇਬਾਜ਼ੀ ਅਤੇ ਭਾਰਤ ਸਰਕਾਰ ਦੇ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਂਦੇ ਪੋਸਟਰ ਦਿਖਾਏ ਗਏ। ਸ਼ੋਸ਼ਲ ਮੀਡੀਆ ਵਿਚ ਇਹ ਵੀ ਦੋਸ਼ ਲਗਾਇਆ ਗਿਆ ਕਿ ਕੈਨੇਡਾ ਦੇ ਟੋਰਂਟੋ ਦੇ ਮਾਲਟਨ ਗੁਰਦੁਆਰੇ ਵਿੱਚ ਖਾਲਿਸਤਾਨੀ ਸੰਗਠਨਾਂ ਵੱਲੋਂ ਆਯੋਜਿਤ ਪਰੇਡ ਦੌਰਾਨ, 8 ਲੱਖ ਹਿੰਦੂਆਂ ਨੂੰ ਭਾਰਤ ਵਾਪਸ ਭੇਜਣ ਦੀ ਮੰਗ ਦੇ ਨਾਲ-ਨਾਲ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਜੇਲ੍ਹ ਵਿੱਚ ਬੰਦ ਦਿਖਾਇਆ ਗਿਆ।

ਪੱਤਰਕਾਰ ਡੈਨੀਅਲ ਬੋਰਡਮੈਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਵੀਡੀਓ ਸਾਂਝਾ ਕਰਕੇ ਇਸ ਪਰੇਡ ਵੱਲ ਧਿਆਨ ਖਿੱਚਿਆ ਅਤੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਖਾਲਿਸਤਾਨੀ ਖਾੜਕੂਵਾਦ ਨਾਲ ਨਜਿੱਠਣ ਦੀ ਰਣਨੀਤੀ 'ਤੇ ਸਵਾਲ ਉਠਾਏ। ਬੋਰਡਮੈਨ ਨੇ ਇਸ ਪਰੇਡ ਨੂੰ ਸਮਾਜਿਕ ਸ਼ਾਂਤੀ ਲਈ ਵੱਡਾ ਖ਼ਤਰਾ ਦੱਸਿਆ ਅਤੇ ਹਿੰਦੂ ਵਿਰੋਧੀ ਬਿਆਨਬਾਜ਼ੀ ਲਈ ਇਸ




ਦੀ ਨਿੰਦਾ ਕੀਤੀ।

ਕੁਝ ਭਾਰਤੀ ਮੀਡੀਆ ਆਜ ਤਕ ਵਰਗੇ ਨੇ ਇਸ ਨੂੰ ਹਿੰਦੂ-ਵਿਰੋਧੀ ਗਤੀਵਿਧੀ ਦੱਸਿਆ, ਪਰ ਇਸ ਦਾ ਕੋਈ ਸਪੱਸ਼ਟ ਸਬੂਤ ਨਹੀਂ ਮਿਲਿਆ। ਪਰੇਡ ਸਥਾਨਕ ਸੀਮਤ ਪ੍ਰਦਰਸ਼ਨ ਜਾਪਦੀ ਹੈ, ਜਿਸ ਦਾ ਮੁੱਖ ਫੋਕਸ 1984 ਦੇ ਸਿੱਖ ਕਤਲੇਆਮ ਅਤੇ ਸਿੱਖ ਕੈਦੀਆਂ ਦੀ ਰਿਹਾਈ ਵਰਗੇ ਮੁੱਦੇ ਸਨ।

ਸਿੱਖ ਭਾਈਚਾਰੇ ਲਈ ਅਜਿਹੀਆਂ ਪਰੇਡਾਂ ਅਕਸਰ 1984 ਦੀਆਂ ਘਟਨਾਵਾਂ ਅਤੇ ਭਾਰਤ ਸਰਕਾਰ ਦੀਆਂ ਨੀਤੀਆਂ ਵਿਰੁੱਧ ਰੋਸ ਦਾ ਪ੍ਰਗਟਾਵਾ ਹੁੰਦੀਆਂ ਹਨ। ਸਿੱਖ ਆਗੂਆਂ ਦਾ ਮੰਨਣਾ ਹੈ ਕਿ ਇਹ ਪ੍ਰਦਰਸ਼ਨ ਨਿਆਂ ਦੀ ਮੰਗ ਅਤੇ ਸਿੱਖ ਪਛਾਣ ਨੂੰ ਜ਼ਾਹਿਰ ਕਰਨ ਦਾ ਤਰੀਕਾ ਹਨ, ਨਾ ਕਿ ਕਿਸੇ ਭਾਈਚਾਰੇ ਵਿਰੁੱਧ ਨਫ਼ਰਤ। ਓਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਨੇ ਸਪੱਸ਼ਟ ਕੀਤਾ ਹੈ ਕਿ ਸਿੱਖ ਭਾਈਚਾਰਾ ਹਿੰਸਾ ਜਾਂ ਵਿਰਕੂਵਾਦ ਦਾ ਸਮਰਥਨ ਨਹੀਂ ਕਰਦਾ ਅਤੇ ਹਿੰਦੂ-ਸਿੱਖ ਸਾਂਝ ਨੂੰ ਮਹੱਤਵ ਦਿੰਦਾ ਹੈ।

ਇਸ ਘਟਨਾ ਨੂੰ ਅੰਤਰਰਾਸ਼ਟਰੀ ਮੁੱਖਧਾਰਾ ਮੀਡੀਆ (ਬੀਬੀਸੀ, ਦਾ ਗਲੋਬ ਐਂਡ ਮੇਲ, ਜਾਂ ਸੀਐਨਐਨ) ਵਿੱਚ ਵਿਸਤ੍ਰਿਤ ਕਵਰੇਜ ਨਹੀਂ ਮਿਲੀ। ਇਹ ਸੰਕੇਤ ਦਿੰਦਾ ਹੈ ਕਿ ਪਰੇਡ ਸ਼ਾਇਦ ਸਥਾਨਕ ਅਤੇ ਸੀਮਤ ਮਹੱਤਵ ਦੀ ਸੀ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਅਤੇ ਭਾਰਤੀ ਮੀਡੀਆ ਦੀਆਂ ਰਿਪੋਰਟਾਂ ਨੇ ਇਸ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ, ਪਰ ਬਿਨਾਂ ਸੁਤੰਤਰ ਸਰੋਤਾਂ ਦੀ ਪੁਸ਼ਟੀ ਦੇ ਇਸ ਨੂੰ ਪੂਰੀ ਤਰ੍ਹਾਂ ਸੱਚ ਮੰਨਣਾ ਮੁਸ਼ਕਿਲ ਹੈ।

ਮਾਲਟਨ ਪਰੇਡ ਦੀ ਖਬਰ ਅਧੂਰੀ ਜਾਣਕਾਰੀ ਅਤੇ ਅਣਪੁਸ਼ਟ ਰਿਪੋਰਟਾਂ 'ਤੇ ਅਧਾਰਿਤ ਹੈ। ਸੋਸ਼ਲ ਮੀਡੀਆ ਦੀ ਅਤਿਕਥਨੀ ਨੇ ਸਿੱਖ-ਹਿੰਦੂ ਤਣਾਅ ਦੀ ਗਲਤ ਧਾਰਨਾ ਪੈਦਾ ਕੀਤੀ ਹੈ। ਸਿੱਖ ਭਾਈਚਾਰਾ ਸਮਾਜਿਕ ਸਦਭਾਵਨਾ ਅਤੇ ਸਹਿਯੋਗ ਦੀ ਵਕਾਲਤ ਕਰਦਾ ਹੈ, ਪਰ ਅਜਿਹੀਆਂ ਘਟਨਾਵਾਂ ਦੀ ਸੁਤੰਤਰ ਜਾਂਚ ਅਤੇ ਸੰਜਮ ਵਾਲੀ ਰਿਪੋਰਟਿੰਗ ਦੀ ਜ਼ਰੂਰਤ ਹੈ।

ਮਾਲਟਨ ਪਰੇਡ ਦੀ ਖਬਰ ਨਾ ਪੂਰੀ ਤਰ੍ਹਾਂ ਸੱਚੀ ਹੈ, ਨਾ ਝੂਠੀ। ਇਹ ਇੱਕ ਸਥਾਨਕ ਪ੍ਰਦਰਸ਼ਨ ਸੀ, ਜਿਸ ਨੂੰ ਸੋਸ਼ਲ ਮੀਡੀਆ ਅਤੇ ਕੁਝ ਮੀਡੀਆ ਨੇ ਵਧਾ-ਚੜ੍ਹਾ ਕੇ ਪੇਸ਼ ਕੀਤਾ। ਸੁਤੰਤਰ ਪੁਸ਼ਟੀ ਦੀ ਘਾਟ ਕਾਰਨ ਇਸ ਦੀ ਪ੍ਰਮਾਣਿਕਤਾ ਅਜੇ ਸਵਾਲਾਂ ਹੇਠ ਹੈ। ਸਿੱਖ ਭਾਈਚਾਰਾ ਜੂਨ ਤੇ ਨਵੰਬਰ 84 ਦੀਆਂ ਘਟਨਾਵਾਂ ਨੂੰ ਨਿਆਂ ਦੀ ਮੰਗ ਦਾ ਹਿੱਸਾ ਮੰਨਦਾ ਹੈ, ਨਾ ਕਿ ਨਫ਼ਰਤ ਦੀ ਮੁਹਿੰਮ।

## ਵਧਦੇ ਤਣਾਅ ਵਿਚਾਲੇ ਕਰਤਾਰਪੁਰ ਲਾਂਘਾ ਕੀਤਾ ਬੰਦ

ਦਸ ਦਈਏ 22 ਅਪ੍ਰੈਲ 2025 ਨੂੰ ਪਹਿਲਗਾਮ ਵਿਚ ਅੱਤਵਾਦੀਆਂ ਨੇ ਬੇਕਸੂਰ ਲੋਕਾਂ ਫ਼ਰਸਤੁੱਤੇ ਹਮਲਾ ਕਰ ਦਿਤਾ ਸੀ। ਜਿਸ ਤੋਂ ਬਾਅਦ ਹੁਣ ਭਾਰਤ ਵਲੋਂ ਪਾਕਿਸਤਾਨ ਨਾਲ ਵਧਦੇ ਤਣਾਅ ਵਿਚਾਲੇ ਜੰਗ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸੇ ਦੌਰਾਨ ਕਰਤਾਰਪੁਰ ਲਾਂਘੇ ਨੂੰ ਬੰਦ ਕਰਨ ਨੂੰ ਲੈ ਕੇ ਜਾਣਕਾਰੀ ਮਿਲੀ ਹੈ।

ਮਿਲੀ ਜਾਣਕਾਰੀ ਮੁਤਾਬਕ ਕਰਤਾਰਪੁਰ ਸਾਹਿਬ ਪਾਕਿਸਤਾਨ ਜਾਣ ਵਾਲੇ 60 ਦੇ ਕਰੀਬ ਸ਼ਰਧਾਲੂਆਂ ਨੂੰ ਭਾਰਤ ਵਾਲੇ ਪਾਸੇ ਚੈਕ ਪੋਸਟ ਤੋਂ ਹੀ ਵਾਪਸ ਭੇਜ ਦਿਤਾ ਗਿਆ। ਕੇਂਦਰੀ ਗ੍ਰਹਿ ਮੰਤਰਾਲੇ ਦੀ ਇੰਮੀਗ੍ਰੇਸ਼ਨ ਬਿਊਰੋ ਨੇ ਅਗਲੇ ਹੁਕਮਾਂ ਤਕ ਕਰਤਾਰਪੁਰ ਲਾਂਘਾ ਬੰਦ ਕਰ ਦਿਤਾ ਹੈ। ਇੰਟੈਗਰੇਟਿਡ ਚੈਕ ਪੋਸਟ ਤੇ ਇਕੱਤਰ ਹੋਏ ਸ਼ਰਧਾਲੂਆਂ ਨੂੰ ਅੱਜ ਸਵੇਰੇ ਡੇਢ ਘੰਟੇ ਦੀ ਉਡੀਕ ਮਗਰੋਂ ਵਾਪਸ ਉਨ੍ਹਾਂ ਦੇ ਘਰਾਂ ਨੂੰ ਭੇਜ ਦਿਤਾ ਗਿਆ। ਜ਼ਿਕਰਯੋਗ ਹੈ ਕਿ ਅੱਜ 491 ਲੋਕਾਂ ਨੂੰ ਪਾਕਿਸਤਾਨ ਜਾਣ ਦੀ ਮਨਜ਼ੂਰੀ ਮਿਲੀ ਸੀ। ਇਕ ਸ਼ਰਧਾਲੂ ਤਰਸੇਮ ਸਿੰਘ ਨੇ ਕਿਹਾ ਕਿ ਸਾਨੂੰ ਡੇਢ ਘੰਟੇ ਤਕ ਉਡੀਕ ਕਰਨ ਲਈ ਮਜਬੂਰ ਕੀਤਾ ਗਿਆ।

## ਪਹਿਲਗਾਮ ਦਾ ਜਵਾਬ ਹੈ ਆਪ੍ਰੇਸ਼ਨ ਸਿੰਦੂਰ', ਅਮਿਤ ਸ਼ਾਹ ਨੇ ਕਿਹਾ

### ✪ ਫੌਜ 'ਤੇ ਮਾਣ, ਅਸੀਂ ਅੱਤਵਾਦ ਨੂੰ ਜੜ੍ਹਾਂ ਤੋਂ ਖਤਮ ਕਰਾਂਗੇ

ਜੰਮੂ-ਆਪ੍ਰੇਸ਼ਨ ਸਿੰਦੂਰ ਬਾਰੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਪਹਿਲਗਾਮ ਵਿੱਚ ਸਾਡੇ ਮਾਸੂਮ ਭਰਾਵਾਂ ਦੀ ਬੇਰਹਿਮੀ ਨਾਲ ਹੱਤਿਆ ਦਾ ਭਾਰਤ ਦਾ ਜਵਾਬ ਹੈ। ਮੋਦੀ ਸਰਕਾਰ ਭਾਰਤ ਅਤੇ ਇਸਦੇ ਲੋਕਾਂ 'ਤੇ ਕਿਸੇ ਵੀ ਹਮਲੇ ਦਾ ਢੁਕਵਾਂ ਜਵਾਬ ਦੇਣ ਲਈ ਵਚਨਬੱਧ ਹੈ। ਭਾਰਤ ਅੱਤਵਾਦ ਨੂੰ ਜੜ੍ਹੋਂ ਪੁੱਟਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

### -ਮਾਮਲਾ ਕੈਨੇਡਾ ਭੇਜਣ ਦੇ ਨਾਮ 'ਤੇ ਠੱਗੀ ਦਾ -

## ਪਿਹੋਵਾ ਦੇ ਜੋੜੇ ਨੇ ਦੋ ਨੌਜਵਾਨਾਂ ਨਾਲ ਕੀਤੀ 60 ਲੱਖ ਦੀ ਠੱਗੀ

ਲੁਧਿਆਣਾ-ਪਿਹੋਵਾ ਦੇ ਵਿਜੈ ਕੁਮਾਰ ਅਤੇ ਉਸ ਦੀ ਪਤਨੀ ਤਮੰਨਾ ਨੇ ਲੁਧਿਆਣਾ ਦੇ ਅਵਤਾਰ ਸਿੰਘ ਅਤੇ ਮੁਹਾਲੀ ਦੇ ਸਾਹਿਲ ਨੂੰ ਕੈਨੇਡਾ ਭੇਜਣ ਦੇ ਨਾਮ 'ਤੇ 30-30 ਲੱਖ ਰੁਪਏ ਦੀ ਠੱਗੀ ਕੀਤੀ। ਮੁਲਜ਼ਮਾਂ ਨੇ ਆਪਣੇ ਆਪ ਨੂੰ ਸਰਕਾਰੀ ਏਜੰਟ ਦੱਸ ਕੇ ਨਕਦ ਅਤੇ ਕਿਸ਼ਤਾਂ ਵਿੱਚ ਪੈਸੇ ਲਏ। ਵੀਜ਼ਾ ਨਾ ਮਿਲਣ 'ਤੇ ਪੈਸੇ ਮੰਗਣ ਤੋਂ ਬਾਅਦ ਮੁਲਜ਼ਮਾਂ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਸਿਟੀ ਪਿਹੋਵਾ ਪੁਲਿਸ ਨੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ ਹੈ।

### ਜੇਲ੍ਹ ਵਿਚੋਂ ਆਈਐਸਆਈ ਨਾਲ ਡੀਲ

## ਨਸ਼ਾ ਤਸਕਰ ਹਰਪ੍ਰੀਤ ਨੇ ਦੋ ਜਾਸੂਸਾਂ ਨੂੰ ਬਣਾਇਆ ਭਾਰਤ ਵਿਰੋਧੀ ਹਥਿਆਰ

### ✪ ਭਾਰਤੀ ਫੌਜੀ ਟਿਕਾਣਿਆਂ ਦੀ ਜਾਣਕਾਰੀ ਆਈਐਸਆਈ ਤੱਕ ਪਹੁੰਚਾਈ, 35 ਹਜ਼ਾਰ ਰੁਪਏ ਮਿਲਣ ਦੀ ਪੁਸ਼ਟੀ



ਸ੍ਰੀਨਗਰ-ਸ੍ਰੀਨਗਰ ਦੇ ਪਹਿਲਗਾਮ ਹਮਲੇ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਸਰਹੱਦੀ ਇਲਾਕਿਆਂ 'ਚ ਚੌਕਸੀ ਵਧਾ ਦਿੱਤੀ ਹੈ। ਅੰਮ੍ਰਿਤਸਰ ਪੁਲਿਸ ਨੇ ਫਲਕਸ਼ੇਰ ਮਸੀਹ ਅਤੇ ਸੂਰਜ ਮਸੀਹ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਪਾਕਿਸਤਾਨ ਦੀ ਆਈਐਸਆਈ ਨਾਲ ਮਿਲਕੇ ਭਾਰਤੀ ਫੌਜੀ ਟਿਕਾਣਿਆਂ ਦੀ ਜਾਣਕਾਰੀ ਭੇਜ ਰਹੇ ਸਨ। ਇਹ ਡੀਲ ਜੇਲ੍ਹ 'ਚ ਬੰਦ ਨਸ਼ਾ ਤਸਕਰ ਹਰਪ੍ਰੀਤ ਉਰਫ਼ ਕਿੱਟੂ ਨੇ ਕਰਵਾਈ ਸੀ। ਪੁਲਿਸ ਅਨੁਸਾਰ ਦੋਵੇਂ ਪਿਛਲੇ ਡੇਢ ਸਾਲ ਤੋਂ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਿਲ ਸਨ। ਆਈਐਸਆਈ ਤੋਂ ਉਨ੍ਹਾਂ ਨੂੰ ਹਵਾਲਾ ਰਾਹੀਂ 25 ਹਜ਼ਾਰ ਅਤੇ ਬੈਂਕ ਰਾਹੀਂ 10 ਹਜ਼ਾਰ ਰੁਪਏ ਮਿਲੇ। ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹਰਪ੍ਰੀਤ ਨੂੰ ਵੀ ਜਲਦ ਗ੍ਰਿਫ਼ਤਾਰ ਕੀਤਾ ਜਾਵੇਗਾ।

## ਅੰਮ੍ਰਿਤਸਰ ਵਿਚ ਖਾੜਕੂ ਨੈੱਟਵਰਕ ਦਾ ਪਰਦਾਫਾਸ਼, ਤਿੰਨ ਮੁਲਜ਼ਮ ਗ੍ਰਿਫ਼ਤਾਰ

### ✪ ਪੰਜਾਬ ਪੁਲਿਸ ਨੇ ਯੂਕੇ-ਆਧਾਰਿਤ ਗੈਂਗਸਟਰ ਨਾਲ ਜੁੜੇ ਤਿੰਨ ਖਾੜਕੂਆਂ ਨੂੰ ਹਥਿਆਰਾਂ ਸਣੇ ਕੀਤਾ ਕਾਬੂ

ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਅੱਤਵਾਦੀ ਨੈੱਟਵਰਕ ਦੇ ਤਿੰਨ ਮੁਲਜ਼ਮਾਂ-ਵਿਜੇ ਮਸੀਹ, ਅੰਗਰੇਜ ਸਿੰਘ, ਅਤੇ ਇਕਬਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਇਹ ਯੂਕੇ-ਅਧਾਰਤ ਗੈਂਗਸਟਰ ਧਰਮਪ੍ਰੀਤ ਸਿੰਘ ਅਤੇ ਤਰਨਤਾਰਨ ਦੇ ਜੱਸਾ ਪੱਟੀ ਨਾਲ ਜੁੜੇ ਹਨ। ਪੁਲਿਸ ਨੇ 3 ਗਲੌਕ ਪਿਸਤੌਲ, 3 ਬੇਰੇਟਾ ਪਿਸਤੌਲ, 40 ਜ਼ਿੰਦਾ ਕਾਰਤੂਸ, 4 ਮੋਬਾਈਲ ਫੋਨ, ਅਤੇ ਇਕ ਐਕਟਿਵਾ ਸਕੂਟਰ ਬਰਾਮਦ ਕੀਤਾ। ਜਾਂਚ ਵਿੱਚ ਪਤਾ ਲੱਗਾ ਕਿ ਮੁਲਜ਼ਮ ਅੰਤਰਰਾਸ਼ਟਰੀ ਅਪਰਾਧਿਕ ਸਿੰਡੀਕੇਟਾਂ ਨਾਲ ਸੰਪਰਕ ਵਿੱਚ ਸਨ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਰਗਰਮੀ ਵਿੱਚ ਸ਼ਾਮਲ ਸਨ। ਪੀ.ਐਸ. ਲੋਪੋਕੇ ਵਿਖੇ ਮਾਮਲਾ ਦਰਜ ਕਰਕੇ ਜਾਂਚ ਜਾਰੀ ਹੈ।

# ਭਾਸ਼ਾ ਵਿਭਾਗ ਪੰਜਾਬ ਦੇ ਖਰੜੇ ਕਿਉਂ ਨਹੀਂ ਛਾਪ ਰਹੀ ?

**ਖਾਸ ਖਬਰ** ✪ ਸ਼੍ਰੋਮਣੀ ਕਮੇਟੀ ਸਰਕਾਰ ਨਾਲ ਸੰਪਰਕ ਕਰਕੇ ਸਿਖ ਇਤਿਹਾਸ ਦੇ ਸਰੋਤ ਛਾਪੇ

ਭਾਸ਼ਾ ਵਿਭਾਗ ਪੰਜਾਬ ਦੇ ਖਰੜੇ ਛਾਪੇ ਨਾ ਜਾਣ ਦਾ ਮੁੱਖ ਕਾਰਨ ਸਰਕਾਰੀ ਪ੍ਰਵਾਨਗੀ ਅਤੇ ਫੰਡਾਂ ਦੀ ਕਮੀ ਨਾਲ ਜੁੜਿਆ ਹੋ ਸਕਦਾ ਹੈ। ਵਿਭਾਗ ਵੱਲੋਂ 86 ਮਹੱਤਵਪੂਰਨ ਕਿਤਾਬਾਂ ਨੂੰ ਮੁੜ ਛਾਪਣ ਲਈ ਪ੍ਰਵਾਨਗੀ ਭੇਜੀ ਗਈ ਸੀ, ਪਰ ਲੰਮੇ ਸਮੇਂ ਤੋਂ ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਸੂਤਰਾਂ ਮੁਤਾਬਕ, ਵਿਭਾਗ ਦੇ 'ਬਾਲ ਤੇ ਗਿਆਨ ਸਹਿਤ ਸੈਕਸ਼ਨ' ਵਿੱਚ ਸਮਗਰੀ ਦੀ ਘਾਟ ਅਤੇ ਸਰਕਾਰੀ ਲਾਪਰਵਾਹੀ ਕਾਰਨ ਸਥਿਤੀ ਗੰਭੀਰ ਹੋ ਚੁੱਕੀ ਹੈ। ਇਸ ਦੇ ਨਾਲ ਹੀ, ਵਿਭਾਗ ਦੇ ਅਧਿਕਾਰੀਆਂ ਦੀ ਗੈਰ ਮੌਜੂਦਗੀ (ਜਿਵੇਂ ਨਿਰਦੇਸ਼ਕ ਦਾ ਵਿਦੇਸ਼ੀ ਦੌਰੇ 'ਤੇ ਹੋਣਾ) ਵੀ ਸਮੱਸਿਆ ਨੂੰ ਵਧਾ ਰਹੀ ਹੈ।



### ਕੀ ਫੰਡਾਂ ਦੀ ਕਮੀ ਹੈ ?

ਹਾਲਾਂਕਿ ਸਿੱਧੇ ਤੌਰ 'ਤੇ ਫੰਡਾਂ ਦੀ ਕਮੀ ਦਾ ਜ਼ਿਕਰ ਨਹੀਂ ਹੈ, ਪਰ ਸਰਕਾਰੀ ਪ੍ਰਵਾਨਗੀ ਵਿੱਚ ਦੇਰੀ ਅਤੇ ਵਿਭਾਗ ਦੀ ਅਹਿਮੀਅਤ ਨਜ਼ਰਅੰਦਾਜ਼ ਹੋਣ ਦੀ ਗੱਲ ਇਸ ਵੱਲ ਇਸ਼ਾਰਾ ਕਰਦੀ ਹੈ ਕਿ ਬਜਟ ਜਾਂ ਸਰੋਤਾਂ ਦੀ ਕਮੀ ਇੱਕ ਵੱਡੀ ਰੁਕਾਵਟ ਹੋ ਸਕਦੀ ਹੈ। ਵਿਭਾਗ ਦੇ ਪੁਸਤਕ ਭੰਡਾਰ ਵਿੱਚ 1520 ਕਿਤਾਬਾਂ ਤੋਂ ਸਿਰਫ਼ 92 ਕਿਤਾਬਾਂ ਬਚਣਾ ਵੀ ਸਰੋਤਾਂ ਦੀ ਕਮੀ ਅਤੇ ਪ੍ਰਬੰਧਕੀ ਢਿੱਲ ਦਾ ਸੰਕੇਤ ਦਿੰਦਾ ਹੈ।

### ਮਹਾਨਕੋਸ਼ ਕਿਉਂ ਨਹੀਂ ਛਾਪਿਆ ਗਿਆ ?

ਭਾਈ ਕਾਹਨ ਸਿੰਘ ਨਾਭਾ ਦੁਆਰਾ ਰਚਿਤ ਮਹਾਨਕੋਸ਼, ਜੋ ਪੰਜਾਬੀ ਭਾਸ਼ਾ ਦੀ ਸਭ ਤੋਂ ਅਹਿਮ ਕ੍ਰਿਤ ਮੰਨੀ ਜਾਂਦੀ ਹੈ, ਦੀਆਂ ਕਾਪੀਆਂ ਸਾਲ ਤੋਂ ਵੱਧ ਸਮੇਂ ਤੋਂ ਖਤਮ ਹੋ ਚੁੱਕੀਆਂ ਹਨ। ਇਸ ਦੇ ਮੁੜ ਪ੍ਰਕਾਸ਼ਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੋਈ, ਜਿਸ ਦਾ ਕਾਰਨ ਸਰਕਾਰੀ ਮਨਜ਼ੂਰੀ ਵਿੱਚ ਦੇਰੀ ਅਤੇ ਵਿਭਾਗ ਦੀ ਪ੍ਰਕਾਸ਼ਨ ਸਮਰੱਥਾ ਦੀ ਕਮੀ ਹੋ ਸਕਦੀ ਹੈ। ਮਹਾਨਕੋਸ਼ ਵਰਗੀ ਮਹੱਤਵਪੂਰਨ ਕਿਤਾਬ ਦੀ ਅਣਹੋਂਦ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਸੰਭਾਲ ਲਈ ਗੰਭੀਰ ਸਵਾਲ ਖੜੇ ਕਰਦੀ ਹੈ।

### ਕਿਹੜੀਆਂ ਪੁਸਤਕਾਂ ਛਾਪੀਆਂ ਨਹੀਂ ਜਾ ਸਕੀਆਂ ?

ਵਿਭਾਗ ਦੇ ਪੁਸਤਕ ਭੰਡਾਰ ਵਿੱਚ ਸਿਰਫ਼ 92 ਕਿਤਾਬਾਂ ਬਚੀਆਂ ਹਨ, ਜਦਕਿ 1520 ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਸਨ। ਖਾਸ ਤੌਰ 'ਤੇ, ਹੇਠ ਲਿਖੀਆਂ ਕਿਤਾਬਾਂ ਦੀਆਂ ਕਾਪੀਆਂ ਖਤਮ ਹੋ ਚੁੱਕੀਆਂ ਹਨ ਅਤੇ ਮੁੜ ਨਹੀਂ ਛਾਪੀਆਂ ਗਈਆਂ: ਮਹਾਨਕੋਸ਼ (ਭਾਈ ਕਾਹਨ ਸਿੰਘ ਨਾਭਾ) ਵਿਸ਼ਵ ਬਾਲ ਕੋਸ਼ ਬਾਲ ਸੈਕਸ਼ਨ ਦੀਆਂ ਕਿਤਾਬਾਂ ਜਿਵੇਂ: ਵੰਨ-ਸੁਵੰਨੇ ਗੁਲਾਬ, ਹੈਲੀਕਾਪਟਰ, ਮੋਟਰਕਾਰ ਹੋਰ ਗਿਆਨਵਾਨ ਕਿਤਾਬਾਂ, 86 ਮਹੱਤਵਪੂਰਨ ਕਿਤਾਬਾਂ, ਜਿਨ੍ਹਾਂ ਨੂੰ ਮੁੜ ਛਾਪਣ ਲਈ ਪ੍ਰਵਾਨਗੀ ਭੇਜੀ ਗਈ ਸੀ, ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਹਾਲਾਂਕਿ, ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਕੀਤੀਆਂ ਜਾਣ ਵਾਲੀਆਂ ਕਿਤਾਬਾਂ ਵਿੱਚ ਪੰਜਾਬੀ ਸਾਹਿਤ, ਸਭਿਆਚਾਰ, ਅਤੇ ਸੰਭਵ ਤੌਰ 'ਤੇ ਸਿੱਖ ਇਤਿਹਾਸ ਨਾਲ ਸਬੰਧਤ ਸਮਗਰੀ ਸ਼ਾਮਲ ਹੋ ਸਕਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਇਤਿਹਾਸ, ਧਰਮ, ਅਤੇ ਸਭਿਆਚਾਰ ਨਾਲ ਸਬੰਧਤ ਸਾਹਿਤ ਪ੍ਰਕਾਸ਼ਿਤ ਕਰਨ ਦੀ ਸਮਰੱਥਾ ਰੱਖਦੀ ਹੈ। ਜੇਕਰ ਭਾਸ਼ਾ ਵਿਭਾਗ ਕੋਲ ਸਰੋਤਾਂ ਦੀ ਕਮੀ ਹੈ, ਤਾਂ ਸਿੱਖ ਇਤਿਹਾਸ ਨਾਲ ਸਬੰਧਤ ਖਰੜਿਆਂ ਨੂੰ ਸ਼੍ਰੋਮਣੀ ਕਮੇਟੀ ਨੂੰ ਸੌਂਪਣਾ ਇੱਕ ਵਿਹਾਰਕ ਹੱਲ ਹੋ ਸਕਦਾ ਹੈ। ਹਾਲਾਂਕਿ, ਇਸ ਲਈ ਸਰਕਾਰੀ ਅਤੇ ਸੰਸਥਾਗਤ ਸਹਿਮਤੀ ਦੀ ਲੋੜ ਹੋਵੇਗੀ।

ਪੰਜਾਬ ਟਾਈਮਜ ਅਨੁਸਾਰ ਸਰਕਾਰ ਨੂੰ ਤੁਰੰਤ ਕਾਰਵਾਈ ਕਰਕੇ ਵਿਭਾਗ ਦੀ ਸਮਰੱਥਾ ਵਧਾਉਣੀ ਚਾਹੀਦੀ ਹੈ ਤਾਂ ਜੋ ਪੰਜਾਬੀ ਸਾਹਿਤ ਦੀ ਸੰਭਾਲ ਅਤੇ ਪ੍ਰਸਾਰ ਨੂੰ ਯਕੀਨੀ ਬਣਾਇਆ ਜਾ ਸਕੇ।

## ਭਈਏ ਦਾ ਸਾਥੀਆਂ ਵੱਲੋਂ ਕਤਲ

ਮੋਗਾ-ਮੋਗਾ ਦੇ ਪਿੰਡ ਘੋਲੀਆ ਖੁਰਦ ਵਿੱਚ ਬਿਹਾਰ ਦੇ ਪ੍ਰਵਾਸੀ ਮਜ਼ਦੂਰ ਵਿਜੈ ਕੁਮਾਰ ਦਾ ਉਸ ਦੇ ਸਾਥੀਆਂ ਮਹੇਸ਼ ਰਾਮ ਅਤੇ ਰਾਮ ਸ਼ਰਨ ਨੇ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ।

ਬਹਿਸਬਾਜ਼ੀ ਕਾਰਨ ਹੋਏ ਇਸ ਕਤਲ ਤੋਂ ਬਾਅਦ ਪੁਲਿਸ ਨੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਮਾਮਲਾ ਦਰਜ ਕੀਤਾ।

## ਹੈਰੋਇਨ ਬਰਾਮਦਗੀ ਦੌਰਾਨ ਗੋਲੀਬਾਰੀ, ਮੁਲਜ਼ਮ ਜ਼ਖ਼ਮੀ ਤੇ ਗ੍ਰਿਫਤਾਰ

ਬਟਾਲਾ-ਬਟਾਲਾ ਵਿੱਚ ਹੈਰੋਇਨ ਬਰਾਮਦਗੀ ਲਈ ਗਏ ਮੁਲਜ਼ਮ ਮੋਹਿਤ ਕੁਮਾਰ ਨੇ ਪੁਲਿਸ 'ਤੇ ਗੋਲੀਆਂ ਚਲਾਈਆਂ। ਜਵਾਬੀ ਕਾਰਵਾਈ ਵਿੱਚ ਪੁਲਿਸ ਦੀ ਗੋਲੀ ਮੁਲਜ਼ਮ ਦੀ ਲੱਤ ਵਿੱਚ ਲੱਗੀ, ਜਿਸ ਨੂੰ ਗ੍ਰਿਫਤਾਰ ਕਰਕੇ ਹਸਪਤਾਲ ਦਾਖਲ ਕਰਵਾਇਆ ਗਿਆ। ਮੁਲਜ਼ਮ ਬਦਨਾਮ ਗਿਰੋਹ ਦਾ ਮੈਂਬਰ ਹੈ।

## ਪਰਿਵਾਰਕ ਕਲੇਸ਼ ਕਾਰਣ ਪ੍ਰੋਫੈਸਰ ਦੀ ਪਤਨੀ ਅਤੇ ਬੱਚੀ ਦੀ ਜ਼ਹਿਰ ਨਾਲ ਮੌਤ

ਭਵਾਨੀਗੜ੍ਹ-ਭਵਾਨੀਗੜ੍ਹ ਵਿੱਚ ਪ੍ਰੋਫੈਸਰ ਸੰਦੀਪ ਸਿੰਘ ਦੀ ਪਤਨੀ ਸੁਖਵਿੰਦਰ ਕੌਰ ਅਤੇ 9 ਸਾਲ ਦੀ ਬੱਚੀ ਰਸਮਪ੍ਰੀਤ ਕੌਰ ਨੇ ਪਰਿਵਾਰਕ ਕਲੇਸ਼ ਕਾਰਨ ਜ਼ਹਿਰ ਨਿਗਲ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਮਾਂ ਨੇ ਪਤੀ, ਸੱਸ ਅਤੇ ਨਨਾਣ 'ਤੇ ਤੰਗ-ਪ੍ਰੇਸ਼ਾਨੀ ਦਾ ਦੋਸ਼ ਲਗਾਇਆ। ਪੁਲਿਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿਤੀ ਹੈ।

## ਡਾਕਟਰ ਕੋਲ ਕੰਮ ਕਰਦੇ ਪਿਤਾ ਦੇ ਪਿੱਛੇ ਗਈ 4 ਸਾਲਾ ਬੱਚੀ ਨਾਲ ਬਲਾਤਕਾਰ

### ✪ ਦੋਸ਼ੀ ਜਬਰ ਜਨਾਹ ਤੇ ਪੋਕਸੋ ਐਕਟ ਦੀਆਂ ਧਾਰਾਵਾਂ ਤਹਿਤ ਨਾਮਜਦ

ਤਰਨਤਾਰਨ-ਚਾਰ ਸਾਲ ਦੀ ਬੱਚੀ ਨੂੰ ਆਪਣੇ ਘਰ ਲਿਜਾ ਕੇ ਕਥਿਤ ਤੌਰ 'ਤੇ ਜਬਰ ਜਨਾਹ ਕਰਨ ਦੇ ਦੋਸ਼ ਹੇਠ ਥਾਣਾ ਸਦਰ ਤਰਨਤਾਰਨ ਦੀ ਪੁਲਿਸ ਨੇ ਇਕ ਜਣੇ ਖਿਲਾਫ ਕੇਸ ਦਰਜ ਕੀਤਾ ਹੈ। ਜਦੋਂਕਿ ਨਾਮਜ਼ਦ ਕੀਤਾ ਵਿਅਕਤੀ ਅਜੇ ਫਰਾਰ ਦੱਸਿਆ ਜਾ ਰਿਹਾ ਹੈ। ਇਕ ਮਹਿਲਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸਦਾ ਪਤੀ ਦੁਪਹਿਰ ਕਰੀਬ 2 ਵਜੇ ਪਿੰਡ ਵਿਚ ਹੀ ਡਾਕਟਰ ਦੀ ਦੁਕਾਨ 'ਤੇ ਕੰਮ ਕਰਨ ਲਈ ਗਿਆ ਅਤੇ ਉਸਦੇ ਦੋ ਬੱਚੇ ਵੀ ਪਿੱਛੇ ਪਿੱਛੇ ਚਲੇ ਗਏ। ਕੁਝ ਚਿਰ ਬਾਅਦ ਉਸਦਾ ਪਤੀ ਵਾਪਸ ਆਇਆ ਪਰ ਬੱਚੇ ਨਾਲ ਨਹੀਂ ਸਨ। ਉਸਨੇ ਆਪਣੇ ਪਤੀ ਸਮੇਤ ਬੱਚਿਆਂ ਦੀ ਭਾਲ ਸ਼ੁਰੂ ਕੀਤੀ ਤਾਂ ਲੜਕਾ ਘਰ ਵਿਚ ਹੀ ਖੇਡਦਾ ਮਿਲ ਗਿਆ ਪਰ ਚਾਰ ਸਾਲ ਦੀ ਲੜਕੀ ਨਾ ਮਿਲੀ। ਉਹ ਉਸ ਨੂੰ ਲੱਭਦੇ ਹੋਏ ਗਲੀ ਵਿਚ ਆਵਾਜ਼ ਦੇ ਰਹੇ ਸੀ ਤਾਂ ਮੁਲਜ਼ਮ ਵਿਅਕਤੀ ਦੇ ਘਰ ਅੰਦਰੋਂ ਉਨ੍ਹਾਂ ਦੀ ਲੜਕੀ ਨੇ ਅੱਗੋਂ ਆਵਾਜ਼ ਦੇ ਦਿੱਤੀ। ਉਨ੍ਹਾਂ ਦਰਵਾਜ਼ਾ ਖੜਕਾਇਆ ਤਾਂ ਉਹ ਮੌਕੇ ਤੋਂ ਦੌੜ ਗਿਆ। ਉਸਨੇ ਸ਼ਿਕਾਇਤ ਵਿਚ ਦੱਸਿਆ ਕਿ ਮੁਲਜ਼ਮ ਨੇ ਉਸਦੀ ਚਾਰ ਸਾਲਾ ਕੁੜੀ ਨਾਲ ਜਬਰ ਜਨਾਹ ਕੀਤਾ ਹੈ। ਮਾਮਲੇ ਦੀ ਜਾਂਚ ਕਰ ਰਹੀ ਮਹਿਲਾ ਏਐੱਸਆਈ ਬਲਵਿੰਦਰ ਕੌਰ ਨੇ ਦੱਸਿਆ ਕਿ ਸੋਨੂੰ ਨੂੰ ਜਬਰ ਜਨਾਹ ਤੇ ਪੋਕਸੋ ਐਕਟ ਦੀਆਂ ਧਾਰਾਵਾਂ ਤਹਿਤ ਨਾਮਜ਼ਦ ਕਰ ਲਿਆ ਗਿਆ ਹੈ।

## ਗ਼ੈਰਕਾਨੂੰਨੀ ਪਰਵਾਸੀਆਂ ਨੂੰ ਦੇਸ਼ ਛੱਡਣ ਲਈ 1000 ਅਮਰੀਕੀ ਡਾਲਰ ਦੇਵੇਗਾ ਟਰੰਪ ਪ੍ਰਸ਼ਾਸਨ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਨੇ ਸੋਮਵਾਰ ਨੂੰ ਕਿਹਾ ਕਿ ਉਹ ਦੇਸ਼ ਵਿਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਉਨ੍ਹਾਂ ਪ੍ਰਵਾਸੀਆਂ ਨੂੰ 1,000 ਅਮਰੀਕੀ ਡਾਲਰ ਦਾ ਭੁਗਤਾਨ ਕਰੇਗਾ, ਜੋ ਸਵੈ-ਇੱਛਾ ਨਾਲ ਆਪਣੇ ਦੇਸ਼ ਪਰਤਣ ਦੀ ਵਿਉਂਤਾਂ ਘੜ ਰਹੇ ਹਨ। ਗ੍ਰਹਿ ਸੁਰੱਖਿਆ ਵਿਭਾਗ ਨੇ ਇਕ ਪ੍ਰੈੱਸ ਬਿਆਨ ਵਿਚ ਕਿਹਾ ਕਿ ਉਹ ਯਾਤਰਾ ਸਹਾਇਤਾ ਲਈ ਭੁਗਤਾਨ ਕਰੇਗਾ ਤੇ ਜਿਹੜੇ ਲੋਕ ਸੀਬੀਪੀ ਹੋਮ ਨਾਂ ਦੇ ਐਪ ਦੀ ਵਰਤੋਂ ਕਰਕੇ ਸਰਕਾਰ ਨੂੰ ਦੱਸਣਗੇ ਕਿ ਉਹ ਘਰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ ਤਾਂ ਅਜਿਹੇ ਵਿਅਕਤੀਆਂ ਨੂੰ ਉਨ੍ਹਾਂ ਦੇ ਮੁਲਕ ਵਾਪਸ ਭੇਜਣ ਦਾ ਪ੍ਰਬੰਧ ਕੀਤਾ ਜਾਵੇਗਾ।

## ਸਾਬਕਾ ਫ਼ੌਜੀ ਕਤਲ ਮਾਮਲੇ ਵਿਚ ਗੈਂਗਸਟਰ ਤੇ ਕਾਂਗਰਸੀ ਆਗੂ ਸਣੇ ਚਾਰ ਸ਼ਾਮਲ, ਕੇਸ ਦਰਜ



ਪੱਟੀ/ਕੈਰੋਂ-ਪਿੰਡ ਦੁੱਬਲੀ ਵਿਖੇ ਸ਼ਨਿਚਰਵਾਰ ਤੜਕਸਾਰ ਫੌਜ ਤੋਂ ਸੇਵਾਮੁਕਤ ਅਤੇ ਹੁਣ ਆੜ੍ਹਤ ਦਾ ਕਾਰੋਬਾਰ ਕਰਦੇ ਵਿਅਕਤੀ ਨੂੰ ਦੁਕਾਨ 'ਤੇ ਬੈਠਿਆਂ ਗੋਲੀਆਂ ਮਾਰ ਕੇ ਕਤਲ ਕਰਨ ਦੇ ਮਾਮਲੇ ਵਿਚ ਥਾਣਾ ਸਦਰ ਪੱਟੀ ਦੀ ਪੁਲਿਸ ਨੇ ਚਾਰ ਲੋਕਾਂ ਵਿਰੁੱਧ ਕੇਸ ਦਰਜ ਕੀਤਾ ਹੈ ਜਿਨ੍ਹਾਂ 'ਚ ਗੈਂਗਸਟਰ, ਕਾਂਗਰਸੀ ਆਗੂ ਅਤੇ ਦੋ ਹੋਰ ਵਿਅਕਤੀਆਂ ਦੇ ਨਾਂ ਸ਼ਾਮਲ ਹਨ।

ਮੁਕੱਦਮੇ 'ਚ ਨਾਮਜ਼ਦ ਗੈਂਗਸਟਰ ਅਫਰੀਦੀ ਤੂਤਾਂ ਵਾਲਾ ਅਕਤੂਬਰ 2024 'ਚ ਆਪ ਆਗੂ ਰਾਜ ਤਲਵੰਡੀ ਦੇ ਕਤਲ ਮਾਮਲੇ ਦਾ ਵੀ ਮੁੱਖ ਮੁਲਜ਼ਮ ਅਤੇ ਵਿਦੇਸ਼ੀ ਗੈਂਗਸਟਰ ਪ੍ਰਭ ਦਾਸੂਵਾਲ ਦੇ ਗਰੁੱਪ ਦਾ ਮੈਂਬਰ ਦੱਸਿਆ ਜਾ ਰਿਹਾ ਹੈ। ਮ੍ਰਿਤਕ ਦੇ ਪੁੱਤਰ ਲਵਜੀਤ ਸਿੰਘ ਦੇ ਬਿਆਨਾਂ 'ਤੇ ਦਰਜ ਕੀਤੇ ਗਏ ਉਕਤ ਕੇਸ ਵਿਚ ਉਕਤ ਗੈਂਗਸਟਰ ਤੋਂ ਇਲਾਵਾ ਗੁਰਦਿਆਲ ਸਿੰਘ ਨਾਮਕ ਕਾਂਗਰਸੀ ਆਗੂ ਵੀ ਸ਼ਾਮਲ ਹੈ ਜਿਸ ਦੀ ਪਤਨੀ ਪਿੰਡ ਦੁਬਲੀ ਦੀ ਸਾਬਕਾ ਸਰਪੰਚ ਹੈ ਅਤੇ ਉਹ ਕਾਂਗਰਸ ਪਾਰਟੀ ਦਾ ਸਰਗਰਮ ਆਗੂ ਵੀ ਦੱਸਿਆ ਜਾ ਰਿਹਾ। ਥਾਣਾ ਸਦਰ ਪੱਟੀ ਦੇ ਮੁਖੀ ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਪੀੜਤ ਪਰਿਵਾਰ ਨੇ ਸ਼ੱਕ ਕੀਤਾ ਹੈ ਕਿ ਇਹ ਕਤਲ ਦੋ ਭਰਾ ਰਣਜੀਤ ਸਿੰਘ ਅਤੇ ਨਿਸ਼ਾਨ ਸਿੰਘ ਵਾਸੀ ਭੋਜੋਕੇ, ਗੁਰਦਿਆਲ ਸਿੰਘ ਵਾਸੀ ਦੁਬਲੀ ਅਤੇ ਗੁਰਵਿੰਦਰ ਸਿੰਘ ਅਫਰੀਦੀ ਵਾਸੀ ਤੂਤ ਨੇ ਕੀਤਾ ਹੈ ਜਿਸ ਦੇ ਚੱਲਦਿਆਂ ਉਕਤ ਚਾਰਾਂ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ ਇਲਾਕੇ 'ਚ ਇਸ ਕਤਲ ਨੂੰ ਫਿਰੌਤੀ ਦੇ ਮਾਮਲੇ ਨਾਲ ਜੋੜਿਆ ਜਾ ਰਿਹਾ ਸੀ ਪਰ ਪੁਲਿਸ ਵੱਲੋਂ ਦਰਜ ਕੀਤੇ ਕੇਸ ਮੁਤਾਬਕ ਇਹ ਮਾਮਲਾ ਰੰਜਿਸ਼ ਦਾ ਮੰਨਿਆ ਜਾ ਸਕਦਾ ਹੈ।

# ਸੰਵੇਦਨਸ਼ੀਲ ਲੋਕ ਕਵੀ ਨਛੱਤਰ ਸਿੰਘ 'ਭੋਗਲ' ਦੀ 'ਜੀਵਨਧਾਰਾ'



ਡਾ. ਗੁਰਦਿਆਲ ਸਿੰਘ ਰਾਏ

ਅਸੀਂ ਅਕਸਰ ਸਾਧਾਰਨ ਗੱਲਬਾਤ ਵਿਚ ਕਈ ਵਾਰ ਇਹ ਆਖਦੇ ਹਾਂ ਕਿ 'ਫਲਾਣਾ' ਕਵੀ ਗਿਆਨਵਾਨ ਹੈ, ਵਿਚਾਰਵਾਨ ਹੈ, ਬੌਧਿਕ ਹੈ, ਸੁਖਮਤਾ ਫੜਨ ਵਾਲਾ ਸੂਝਵਾਨ ਹੈ ਅਤੇ 'ਫਲਾਣਾ' ਨਹੀਂ। ਇਹ ਗਲ ਕਹਿੰਦਿਆਂ, ਇਹ ਗੱਲ ਸੋਚਦਿਆਂ ਸ਼ਾਇਦ ਅਸੀਂ ਡਾ: ਰੌਸ਼ਨ ਲਾਲ ਆਹੂਜਾ ਦੇ ਕਥਨ ਅਨੁਸਾਰ ਇਹ ਨਹੀਂ ਕਹਿਣਾ ਚਾਹੁੰਦੇ ਕਿ ਇਹਨਾਂ ਕਵੀਆਂ ਦੇ 'ਵਿਚਾਰਾਂ ਵਿਚ ਭੇਦ' ਹੈ ਪਰ ਸ਼ਾਇਦ ਇਹ ਕਿ 'ਇਹਨਾਂ ਦੇ ਭਾਵਾਂ ਵਿਚ ਭੇਦ' ਹੈ। ਅਸਲ ਵਿਚ ਜਿਸ ਨੂੰ ਅਸੀਂ ਵਿਚਾਰਸ਼ੀਲ ਕਹਿੰਦੇ ਹਾਂ ਉੱਥੇ ਕਵੀ ਕੇਵਲ ਆਪਣੇ ਵਿਚਾਰ ਹੀ ਨਹੀਂ ਪੇਸ਼ ਕਰ ਰਿਹਾ ਹੁੰਦਾ, ਜਿਸ ਕਾਰਨ ਕਿ ਉਹ ਕਵੀ ਹੈ, ਸਗੋਂ ਵਿਚਾਰ ਦਾ ਭਾਵ-ਰੂਪ ਵੀ ਪ੍ਰਗਟ ਕਰ ਰਿਹਾ ਹੁੰਦਾ ਹੈ। ਇਹ ਵਿਚਾਰ ਤੇ ਭਾਵ ਧੁੰਧਲੇ ਵੀ ਹੋ ਸਕਦੇ ਹਨ, ਸਪਸ਼ਟ ਅਤੇ ਨਿਸਚਤ ਵੀ। ਸਾਡੇ ਸਾਹਮਣੇ ਇਕ ਵੱਡੀ ਸਮੱਸਿਆ ਕਵਿਤਾ ਨੂੰ ਸਮਝਣ ਅਤੇ ਪੜਚੋਲਣ ਲਈ ਵਿਚਾਰ ਅਤੇ ਭਾਵਾਂ ਦਾ ਸਮਤੋਲ ਕਰਨ ਦੀ ਹੈ।

ਬਰਤਾਨੀਆ ਵੱਸਦਾ ਨਛੱਤਰ ਸਿੰਘ ਭੋਗਲ (ਭਾਖੜੀਆਣਾ) ਗਿਆਨ ਅਤੇ ਸੂਝ ਰੱਖਣ ਵਾਲਾ ਨੇਕ-ਦਿਲ ਇਨਸਾਨ ਹੀ ਨਹੀਂ ਸਗੋਂ ਚੰਗੇ ਵਿਚਾਰਾਂ ਦਾ ਧਾਰਨੀ ਅਤੇ ਸਰਬਤ ਦਾ ਭਲਾ ਮੰਗਣ ਵਾਲਾ, ਕਵਿਤਾ ਨੂੰ ਸਮਰਪਿਤ, ਵਿਚਾਰ ਅਤੇ ਭਾਵਾਂ ਵਿੱਚ ਸਮਤੋਲ ਰੱਖਣ ਵਾਲਾ ਸੰਵੇਦਨਸ਼ੀਲ ਲੋਕ ਕਵੀ ਹੈ। 1977 ਤੋਂ ਲਿਖਣਾ ਆਰੰਭ ਕਰਨ ਮਗਰੋਂ ਉਸ ਦੇ ਕਦਮ ਪਿਛਾਂ ਨਹੀਂ ਮੁੜੇ। ਕਲਮ ਖੜੋਤ ਵਿੱਚ ਨਹੀਂ ਆਈ ਅਤੇ ਉਹ ਨਿਰੰਤਰਤਾ ਨਾਲ ਲਿਖਦਾ ਆ ਰਹਾ ਹੈ।

ਪਰਸੰਨਤਾ ਵਾਲੀ ਗੱਲ ਇਹ ਹੈ ਕਿ ਲੋਕ ਕਵੀ ਭੋਗਲ ਆਪਣੇ ਚਾਰ ਕਾਵਿ ਸੰਗ੍ਰਹਿ: (1) 'ਕਲਮ ਤਾਈਂ ਫਰਿਆਦ' (2014) ਕਰਦਿਆਂ, (2) 'ਦੱਸ ਕਿੱਥੇ ਵਸੀਏ', ਦਾ ਝੋਰਾ ਲਈ, (3) 'ਸੁੱਖ ਦੇ ਸਾਥੀ' (2023) ਲੱਭਦਿਆਂ ਭਾਲਦਿਆਂ, (4) 'ਕਲਮ' ਦੇ ਸਹਾਰੇ ਕਲਮ ਦੀ ਨੋਕ ਤਿੱਖੀ ਕਰਦਿਆਂ ਹੁਣ 85 ਕਵਿਤਾਵਾਂ ਨਾਲ ਲਬਰੇਜ਼ 'ਜੀਵਨਧਾਰਾ' ਦਾ ਕਾਵਿ-ਢੋਆ ਲੈ ਕੇ ਪੰਜਾਬੀ-ਸਾਹਿਤ ਨੂੰ ਮਾਲਾ-ਮਾਲ ਕਰਨ ਦੀ ਆਪਣੀ ਚਾਹ ਨੂੰ ਹੋਰ ਉਚਿਆਈਆਂ ਬਖ਼ਸ਼ਣ ਦੇ ਰਾਹ ਤੁਰ ਪਿਆ ਹੈ। ਕਵੀ ਭੋਗਲ ਨੇ ਅਤਿ ਦੇ ਸੁੰਦਰ ਸ਼ਬਦਾਂ ਰਾਹੀਂ ਆਪਣੀ 52 ਪੰਨੇ 'ਤੇ ਦਰਜ 'ਕਵਿਤਾ' ਨਾਂ ਦੀ ਕਵਿਤਾ ਵਿੱਚ ਆਪਣੇ ਵੱਖਰੇ ਅੰਦਾਜ਼ ਰਾਹੀਂ ਕਵਿਤਾ ਦੀ ਜੋ ਪਰਿਭਾਸ਼ਾ ਬੰਨ੍ਹੀ ਹੈ, ਉਹ ਵਿਚਾਰਨ ਯੋਗ ਹੈ ਅਤੇ 'ਜੀਵਨਧਾਰਾ' ਦੀ ਇਸ ਲੜੀ ਵਿੱਚ ਉਸ ਦਾ ਜ਼ਿਕਰ ਕਰਨਾ ਬੜਾ ਉਚਿੱਤ ਰਹੇਗਾ।

ਬਾਰਾਂ ਬੰਦਾਂ ਦੀ 'ਕਵਿਤਾ' ਪੜ੍ਹਨ, ਜਾਨਣ ਅਤੇ ਮਾਣਨ ਯੋਗ ਇੱਕ ਬਾ-ਕਮਾਲ ਰਚਨਾ ਹੈ ਜਿਸ ਰਾਹੀਂ ਕਵੀ ਆਪਣੀ ਸਿਰਜਣਾ ਸਬੰਧੀ ਕੁਝ ਹੱਦਾਂ ਸਿਰਜਦਾ ਵੀ ਨਜ਼ਰ ਆਉਂਦਾ ਹੈ ਅਤੇ ਨਾਲ ਹੀ ਆਪਣੇ ਵਰਤੀਂਦੇ ਸ਼ਬਦਾਂ ਦੀ ਚੋਣ, ਵਰਤੋਂ ਅਤੇ ਨਿਭਾਅ ਦੇ ਦਰਸ਼ਣ ਵੀ ਕਰਾ ਦਿੰਦਾ ਹੈ। ਕਵੀ ਭੋਗਲ ਦੀ ਸ਼ਬਦ-ਰਚਨਾ ਸੁਹਿਰਦ ਮਨੁੱਖੀ ਜਜ਼ਬਿਆਂ/ਭਾਵਨਾਵਾਂ ਦਾ ਪ੍ਰਗਟਾਅ ਲੈ-ਬੱਧ ਰੂਪ ਵਿੱਚ ਕਰਦੀ ਨਜ਼ਰ ਆਉਂਦੀ ਹੈ। ਉਹ ਆਪਣੇ ਵਿਚਾਰਾਂ ਨੂੰ ਗਿਆਨ ਦੀ ਪੁੱਠ ਦੇਂਦਿਆਂ ਕਲਪਨਾ ਦੀ ਸਹਾਇਤਾ ਨਾਲ ਸੱਚਾਈ ਦੇ ਰੂ-ਬ-ਰੂ ਕਰਾ ਦਿੰਦਾ ਹੈ। ਜੀ ਕਰਦਾ ਹੈ ਕਿ ਸਾਰੀ ਕਵਿਤਾ ਹੀ ਪਾਠਕਾਂ ਗੋਚਰੇ ਕਰ ਦੇਵਾਂ ਪਰ ਨਹੀਂ, ਕੇਵਲ ਕੁਝ ਬੰਦ ਹੀ 'ਰਿੱਝੀ ਦਾਲ' ਨੂੰ ਟੋਹਣ ਹਿੱਤ ਹਾਜ਼ਰ ਹਨ:

ਕੁਝ ਕਵਿਤਾਵਾਂ ਗਾਈਆਂ ਜਾਵਣ,  
ਕੁਝ ਪੜ੍ਹੀਆਂ ਕੁਝ ਸੁਣੀਆਂ।  
ਕੁਝ ਉਮਰਾਂ ਦੇ ਦਰਦ ਹੰਢਾਵਣ,  
ਸੀਨੇ ਉੱਤੇ ਖੁਣੀਆਂ।

ਕੁਝ ਵਿਹੜੇ ਦੇ ਰੁੱਖਾਂ ਉੱਤੇ,  
ਲੱਗਣ ਸੂਹੇ ਰੰਗੀਆਂ।  
ਕੁਝ ਹਵਾ ਦੇ ਬੁੱਲੇ ਬਣਕੇ,  
ਦਰਦ-ਏ-ਦਿਲ ਬਣ ਡੰਗੀਆਂ।  
ooo  
ਕੁਝ ਕਵਿਤਾਵਾਂ ਪਰੀਆਂ ਵਰਗੀਆਂ,  
ਅਰਸ਼ੋਂ ਉੱਤਰ ਆਈਆਂ।  
ਨੈਣਾਂ ਵਿੱਚੋਂ ਮਸਤੀ ਡਲ੍ਹਕੇ,  
ਪਿਆਰ ਦੀਆਂ ਤ੍ਰਿਹਾਈਆਂ।

ਅੱਖਰਾਂ ਦੀ ਬਾਤ ਪਾਉਂਦਿਆਂ ਉਹ ਲਿਖਦਾ ਹੈ:

ਕਈ ਕਵੀ ਲਿਖ ਦਿੰਦੇ ਕਵਿਤਾ  
ਬਣ ਸ਼ਬਦਾਂ ਦੇ ਸਾਥੀ।  
ਅੱਖਰਾਂ ਸੰਗ ਉਹ ਤੁਰਦੇ ਜਾਂਦੇ,  
ਜਿਉਂ ਮਸਤੀ ਵਿੱਚ ਹਾਥੀ।

ਉਮਰਾਂ ਦੇ ਦਰਦ ਹੰਢਾਵਣ, ਖੁਣੀਆਂ, ਮਸਤੀ ਦਾ ਦੁਹਰਾਉ, ਆਦਿ ਸ਼ਬਦਾਂ ਦੀ ਚੋਣ, ਸ਼ਬਦਾਂ ਦੀ ਯੋਗ ਵਰਤੋਂ ਦਾ ਆਨੰਦ ਮਾਣਦਿਆਂ ਹੀ ਪਾਠਕ/ਸਰੋਤਾ ਕੀਲਿਆ ਜਾਂਦਾ ਹੈ। ਲੈ ਵਿੱਚ ਪਰੋਏ ਸ਼ਬਦ, ਦਿਲ ਨੂੰ ਧੂਹ ਤਾਂ ਪਾਉਂਦੇ ਹੀ ਹਨ ਪਰ ਨਾਲ ਹੀ ਕਾਵਿ-ਪਠਨ ਕਰਨ ਵਾਲੇ ਜਾਂ ਕਵਿਤਾ ਸੁਣਨ ਵਾਲਿਆਂ ਨੂੰ ਵੀ ਆਪਣੇ ਨਾਲ ਨਾਲ, ਕਾਵਿ ਦਰਿਆ ਦੀਆਂ ਲਹਿਰਾਂ ਸੰਗ ਲੋਟ-ਪੋਟ ਹੋ ਜਾਣ ਲਈ ਮਜ਼ਬੂਰ ਕਰਦੀਆਂ ਹਨ। ਕਵੀ ਅਣਦਿਸਦੇ ਰਾਹਾਂ ਵੱਲ ਤੋਰਦਿਆਂ ਵੇਦਨਾ ਨਾਲ ਪੀੜਤ ਹੋਇਆ ਸੰਵੇਦਨਸ਼ੀਲ ਹੋ ਜਾਂਦਾ ਹੈ। ਸੰਗੀਤਕ ਲੈ, ਧੁੰਨ, ਸ਼ਬਦ-ਕਲਪਨਾ ਅਤੇ ਚਿੰਤਨ ਨਾਲ ਲਬਰੇਜ਼ ਲਹਿਜੇ ਵਿੱਚ ਉਹ ਪਾਠਕ ਨੂੰ ਆਪਣੇ ਨਾਲ ਤੋਰਨ-ਜੋੜਨ ਵਿਚ ਸਫ਼ਲਤਾ ਪਰਾਪਤ ਕਰਦਾ ਹੈ। ਫਿਰ ਕਵੀ ਨੂੰ ਕਵਿਤਾ 'ਮਹਿਬੂਬਾ' ਵਰਗੀ ਲੱਗਦੀ ਹੈ ਅਤੇ ਕਦੇ ਅੰਮੀ ਜਾਈ, ਕਦੇ ਸਕੇ ਭਰਾਵਾਂ ਵਰਗੀ ਅਤੇ ਕਦੇ ਕਵਿਤਾ ਦਰਿਆ ਦੇ ਵਹਿਣ ਵਾਂਗ ਆਪਣਾ ਰਾਹ ਬਣਾਉਂਦੀ ਦਿਸਦੀ ਹੈ:

ਇੱਕ ਕਵਿਤਾ ਮੈਨੂੰ ਸੋਹਣੀ ਲੱਗੀ,  
ਵਾਂਗ ਸੁਰਾਹੀ ਸੂਰਤ।  
ਉਹ ਉੱਮਰਾਂ ਦੀ ਸਾਥਣ ਵਰਗੀ,  
ਪਾਕਿ ਪਵਿੱਤਰ ਮੂਰਤ।

ਕਵੀ ਨਛੱਤਰ ਸਿੰਘ ਭੋਗਲ ਨੇ ਕਵਿਤਾਵਾਂ ਵਿੱਚ ਲਏ ਵਿਸ਼ਿਆਂ ਸਬੰਧੀ 'ਕੁਝ ਸ਼ਬਦ ਮੇਰੇ ਵੱਲੋਂ' ਵਿੱਚ ਸਪਸ਼ਟ ਕੀਤਾ ਹੈ:

'ਮੇਰੀਆਂ ਰਚਨਾਵਾਂ ਦੇ ਵਿਸ਼ੇ ਜਿੱਥੇ ਪਿੰਡ, ਸ਼ਹਿਰ, ਗਲੀਆਂ-ਮੁਹੱਲੇ, ਨਹਿਰਾਂ-ਕੱਸੀਆਂ, ਛੱਪੜ-ਟੋਭੇ, ਦਰਿਆਵਾਂ, ਝੀਲਾਂ, ਦਰਖ਼ਤਾਂ, ਪਸ਼ੂ-ਪੰਛੀਆਂ ਅਤੇ ਕੁਦਰਤੀ ਨਜ਼ਾਰਿਆਂ ਨਾਲ ਓਤ-ਪੋਤ ਹਨ ਉੱਥੇ ਜ਼ਾਤਿ-ਪਾਤ, ਗੰਧਲੀ ਸਿਆਸਤ, ਨਿਆ-ਪ੍ਰਣਾਲੀ, ਸਮਾਜਿਕ ਬੁਰਿਆਈਆਂ ਅਤੇ ਖੂਬੀਆਂ, ਖ਼ਾਸ ਤੌਰ 'ਤੇ, ਧਰਮਾਂ ਦੀ ਆੜ ਵਿੱਚ ਸਦੀਆਂ ਤੋਂ ਲਤਾੜੇ ਜਾ ਰਹੇ ਇਨਸਾਨਾਂ ਦੇ ਦਰਦ ਨੂੰ ਹਮੇਸ਼ਾਂ ਆਪਣੀ ਬੁੱਕਲ ਵਿੱਚ ਲੈ ਕੇ ਪਾਠਕਾਂ ਦੇ ਰੂ-ਬ-ਰੂ ਹੁੰਦੇ ਰਹੇ ਹਨ।'

ਇਸ ਕਾਵਿ ਸੰਗ੍ਰਹਿ ਦਾ ਨਾਮ 'ਜੀਵਨਧਾਰਾ' ਰੱਖਿਆ ਗਿਆ ਹੈ: ਜੀਵਨ ਅਤੇ ਧਾਰਾ। 'ਜੀਵਨਧਾਰਾ' ਇੱਕ ਅਤਿ ਵਿਆਪਕ ਸੰਕਲਪ ਹੈ। ਇਹ ਵਿਆਪਕ ਸੰਕਲਪ ਸਾਨੂੰ ਸਿੱਖਿਆ ਦਿੰਦਾ ਹੈ ਕਿ ਜੀਵਨ ਇੱਕ ਲਗਾਤਾਰ ਜਾਂ ਨਿਰੰਤਰ ਚੱਲਣ ਵਾਲੀ ਯਾਤਰਾ ਹੈ। ਇਹ 'ਜੀਵਨਧਾਰਾ' ਬਿਨਾਂ ਕਿਸੇ ਠਹਿਰਾਅ ਦੇ, ਨਦੀ ਵਾਂਗ, ਸਦਾ ਹੀ ਅਗ੍ਹਾਂ ਹੋਰ ਅਗ੍ਹਾਂ ਵੱਗਦੀ ਚਲੀ ਜਾਂਦੀ ਹੈ। ਜੀਵਨ ਤੇ ਧਾਰਾ ਦਾ ਚੋਲੀ-ਦਾਮਨ ਦਾ ਸਾਥ ਹੈ। ਧਾਰਾ ਲਗਾਤਾਰ ਵਹਿਣ ਵਾਲੀ ਤਾਕਤ ਹੁੰਦੀ ਹੈ ਜੋ ਜੀਵਨ ਨੂੰ ਇੱਕ ਨਦੀ ਵਾਂਗ ਆਪਣੇ ਰਸਤੇ ਵਿੱਚ ਆਉਣ ਵਾਲੇ ਹਰ ਪੱਥਰ ਅਤੇ ਰੁਕਾਵਟ ਨੂੰ ਪਾਰ ਕਰਦੀ ਹੋਈ ਆਪਣੀ ਮਸਤ ਚਾਲੇ ਵਗਦੀ ਰਹਿੰਦੀ ਹੈ। ਜੀਵਨ ਕਦੇ ਵੀ ਇਕਸਾਰ ਨਹੀਂ ਰਹਿੰਦਾ। ਮਨੁੱਖੀ ਜੀਵਨ ਤਜਰਬਿਆਂ, ਨਿੱਜੀ ਸੰਘਰਸ਼ਾਂ ਅਤੇ ਭਾਵਨਾਵਾਂ ਦੀਆਂ ਲਪਟਾਂ ਤੋਂ ਬੱਚਦਾ, ਸਿੱਖਦਾ, ਸਦਾ ਹੀ ਅੱਗੇ ਹੋਰ ਅੱਗੇ, ਹੁਣ ਨਾਲੋਂ ਨਵਾਂ-ਨਕੋਰ ਜਾਂ ਬੇਹਿਤਰ ਬਣਨ ਦੀ ਕੋਸ਼ਿਸ਼ ਵਿੱਚ ਜੁੱਟਿਆ ਰਹਿੰਦਾ ਹੈ। 'ਜੀਵਨਧਾਰਾ' ਇਸ ਸੰਗ੍ਰਹਿ ਦੀ ਪਹਿਲੀ ਕਵਿਤਾ ਹੈ ਜਿਸਦੇ ਨਾਂ 'ਤੇ ਹੀ ਇਸ ਕਾਵਿ-ਸੰਗ੍ਰਹਿ ਦਾ ਨਾਮ ਰੱਖਿਆ ਗਿਆ। ਇਹ ਕਵਿਤਾ 'ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ' ਦੇ ਕਾਰਨਾਮਿਆਂ ਨੂੰ ਸਮਰਪਿਤ ਸੁੰਦਰ ਸ਼ੇਅਰ ਨਾਲ ਆਰੰਭ ਹੁੰਦੀ ਹੈ:

ਲਾ ਕੇ ਟਿੰਡ ਦਾ ਸਿਰ੍ਹਾਣਾ,  
ਸੁੱਤਾ ਮਾਹੀ ਮਤਵਾਲਾ।  
ਨੰਗੇ ਪੈਰ, ਪੈਰੀਂ ਛਾਲੇ,  
ਸ਼ਾਹੀ ਸ਼ਹਿਨਸ਼ਾ ਨਿਰਾਲਾ।  
ਆਪੇ ਗੁਰੂ ਆਪੇ ਚੇਲਾ,  
ਕਿੱਸਾ ਡੂੰਘੇ ਰਾਜ਼ਾਂ ਵਾਲਾ।  
ਜੇ ਕੋਈ ਧਰਮ ਪਿਤਾ ਜੱਗ ਦਾ,  
ਉਹ ਮੇਰਾ ਪ੍ਰੀਤਮ ਬਾਜਾਂ ਵਾਲ਼ਾ।

ਇਸ ਕਵਿਤਾ ਵਿੱਚ ਬੜੇ ਹੀ ਸੁੰਦਰ ਢੰਗ ਨਾਲ, ਭਾਵਨਾ ਵਿੱਚ ਗੜੁੱਚ ਹੋ ਕੇ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਚਿੱਤਰ ਪੇਸ਼ ਕੀਤਾ ਹੈ। ਸਾਰਾ ਪਰਵਾਰ ਵਿਛੜਿਆ ਤਾਂ ਸਰਸਾ ਨਦੀ ਧਾਹਾਂ ਮਾਰ ਉੱਠੀ:

ਸਰਸਾ ਨੇ ਧਾਹਾਂ ਮਾਰੀਆਂ,  
ਜਦੋਂ ਵਿਛੜਿਆ ਸੀ ਪਰਵਾਰ।  
ਹੋ ਲਾਲਚੀ ਦਗ਼ਾ ਕਮਾ ਗਿਆ,  
ਉਹ ਗੰਗੂ ਜਿਹਾ ਬਦਕਾਰ।

ਅਸੀਂ ਵੇਖਦੇ ਹਾਂ ਕਿ 'ਜੀਵਨਧਾਰਾ' ਕਾਵਿ-ਸੰਗ੍ਰਹਿ ਵਿੱਚ ਹੋਰ ਵੀ ਬੇਅੰਤ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਸਿੱਖ ਧਰਮ ਅਤੇ ਸਿਖ ਗੁਰੂ ਸਾਹਿਬਾਨ ਸਬੰਧੀ ਕਵਿਤਾਵਾਂ, ਸਿੱਖੀ ਲਈ ਆਪਾ ਵਾਰਨ ਵਾਲੇ ਗੁਰ-ਸਿੱਖਾਂ ਦੀ ਗਾਥਾ, ਸਿਰਲੱਥ ਯੋਧਿਆਂ-ਜਰਨੈਲਾਂ ਨਾਲ ਸਬੰਧਤ ਇਤਿਹਾਸਕ ਘਟਨਾਵਾਂ, ਪਰਾਪਤ ਹੋਈਆਂ ਜਿੱਤਾਂ ਦਾ ਵਰਨਣ, ਭਗਤ ਸਾਹਿਬਾਨਾਂ ਦੀਆਂ ਜੀਵਨੀਆਂ ਅਤੇ ਧਾਰਮਿਕ-ਸਮਾਜਕ ਤਿਉਹਾਰਾਂ ਅਦਿ ਸਬੰਧੀ ਰਚਨਾਵਾਂ ਵੀ ਅਤਿ ਸੁੰਦਰ ਸ਼ਬਦਾਂ, ਬਿੰਬਾਂ, ਪ੍ਰਤੀਕਾਂ ਅਤੇ ਅਲੰਕਾਰਾਂ ਰਾਹੀਂ ਦਰਜ ਕੀਤੀਆਂ ਗਈਆਂ ਹਨ। ਇਹ ਕਵਿਤਾਵਾਂ ਜਿੱਥੇ ਸਿੱਖ ਗੁਰੂਆਂ ਅਤੇ ਭਗਤ ਸਾਹਿਬਾਨਾਂ, ਸੂਰਬੀਰ ਯੋਧਿਆਂ ਨੂੰ ਸ਼ਰਧਾਂਜਲੀ ਹਨ ਉਸਦੇ ਨਾਲ ਹੀ ਵਿਅੰਗਾਤਮਿਕ ਢੰਗ ਵਰਤਦਿਆਂ ਡੇਰਾਵਾਦ ਦੇ ਕੋੜ੍ਹ ਅਤੇ ਧਰਮ ਅਤੇ ਸਮਾਜ ਵਿੱਚ ਆਈਆਂ ਕੁਰੀਤੀਆਂ ਨੂੰ ਵੀ ਉਜਾਗਰ ਕਰਦੀਆਂ ਹਨ।




ਪੰਨਾ 85 ਉੱਪਰ 'ਅੰਧ ਵਿਸ਼ਵਾਸੀ ਸਿੱਖ' ਨਾਂ ਦੀ ਦਰਜ ਕਵਿਤਾ 'ਸਿੱਖਾਂ' ਵਿੱਚ ਆ ਰਹੀ ਅੱਧੋ-ਗਤੀ ਦਾ ਬੜਾ ਹੀ ਵਿਅੰਗਮਈ ਦ੍ਰਿਸ਼ ਪੇਸ਼ ਕਰਦੀ ਹੈ। ਗੁਰੂ ਨਾਨਕ ਦੇ ਪੈਰੋਕਾਰ ਆਪਣੇ ਗੁਰਾਂ ਦੇ ਉਪਦੇਸ਼ ਨੂੰ ਭੁਲਾ ਕੇ ਕਿਵੇਂ ਕਰਮ-ਕਾਂਡ ਦੇ ਚੱਕਰਾਂ ਵਿੱਚ ਗਲਤਾਨ ਹੋ ਕੇ 'ਸਿੱਖ' ਅਖਵਾਉਣ ਦਾ ਹੱਕ ਵੀ ਗੁਆ ਰਹੇ ਹਨ। ਸਿੱਖਾਂ ਦੀ ਇਹ ਹਾਲਤ ਕੇਵਲ ਭਾਰਤ ਵਿੱਚ ਹੀ ਨਹੀਂ ਸਗੋਂ ਸੰਸਾਰ ਭਰ ਵਿੱਚ ਵੱਸਣ ਵਾਲੇ ਸਿੱਖਾਂ ਨੂੰ ਵੀ ਸਮਝਣੀ ਬਣਦੀ ਹੈ। ਮੁਸੀਬਤਾਂ ਤੋਂ ਘਬਰਾ ਕੇ ਬੰਦਾ-ਕੇਵਲ ਸਿੱਖ ਹੀ ਨਹੀਂ, ਸਾਰੇ ਹੀ, ਕੀ ਕੁਝ ਕਰਨ ਲਈ ਤਿਆਰ ਹੋ ਜਾਂਦੇ ਹਨ? ਨਮੂਨਾ ਵੇਖਣ ਵਾਲਾ ਹੈ:

ਮੜ੍ਹੀਆਂ-ਮੱਠ, ਮੂਰਤਾਂ ਪੂਜਾਂ  
ਧਾਗੇ ਤਵੀਤ ਕਰਵਾ ਲੈਨਾਂ ਹਾਂ।  
ਜਾਦੂ-ਟੂਣੇ, ਤੰਤਰ-ਮੰਤਰ,  
ਪੱਤਰੀ ਵੀ ਖੁਲਵਾ ਲੈਨਾਂ ਹਾਂ।

ਰਾਹੂ-ਕੇਤੂ ਤੋਂ ਮੈਂ ਡਰਦਾ,  
ਪਾਂਧੇ ਨੂੰ ਹੱਥ ਵਿਖਾ ਲੈਨਾਂ ਹਾਂ।  
ਵਹਿਮਾਂ-ਭਰਮਾਂ ਦੇ ਵਿੱਚ ਫਸਕੇ,  
ਜੀਵਨ ਨਰਕ ਬਣਾ ਚੁੱਕਾ ਹਾਂ।  
ਸਿੱਖ ਅਖਵਾਉਣ ਦੇ ਕਾਬਲ ਨਹੀਂ ਮੈਂ,  
ਇਹ ਹੱਕ ਆਪ ਗੁਆ ਚੁੱਕਾ ਹਾਂ।

(ਬਾਕੀ ਹਿਸਾ ਸਫ਼ਾ 58 ਤੇ ਪੜ੍ਹੋ)

57 ਸਫ਼ੇ ਦੀ ਬਾਕੀ

'ਸੱਚ ਬਨਾਮ ਝੂਠ' ਕਵਿਤਾ ਵਿੱਚ ਬੜੇ ਹੀ ਸਹਿਜ ਨਾਲ ਅਤੇ ਦਾਰਸ਼ਨਿਕ ਅੰਦਾਜ਼ ਵਿੱਚ ਕਵੀ ਸਪਸ਼ਟ ਕਰਦਾ ਹੈ ਕਿ ਸੰਸਾਰ ਦੇ ਕਿਸੇ ਖ਼ਿੱਤੇ ਵਿੱਚ ਵੀ ਚਲੇ ਜਾਈਏ ਕਈ ਵਾਰ, ਕਈ ਸਥਿੱਤੀਆਂ ਵਿੱਚ ਸੱਚ ਬੋਲਣਾ ਬਹੁਤ ਔਖਾ ਬਹਿੰਦਾ ਹੈ। ਸੱਚ ਬੋਲਣ ਨਾਲ ਅੱਗ ਮਚਣ ਦਾ ਡਰ ਰਹਿੰਦਾ ਹੈ ਪਰ ਬੰਦਾ ਕਰੇ ਤਾਂ ਕੀ ਕਰੇ? ਕੀ ਚੁੱਪ ਹੋ ਜਾਵੇ ਜਾਂ ਚੁੱਪ ਦੀ ਸਾਜ਼ਿਸ਼ ਵਿੱਚ ਸ਼ਾਮਿਲ ਹੋ ਜਾਵੇ? ਜਦੋਂ ਆਪਣੇ ਹੀ ਖ਼ੁਦਗਰਜ਼ ਹੋ ਕੇ, ਆਪਣਾ ਮਤਲਬ ਕੱਢ ਕੇ ਪਰਾਏ ਹੋ ਜਾਣ ਅਤੇ ਆਪਣੇ ਹੀ ਪਿੱਠ ਵਿੱਚ ਛੁਰਾ ਮਾਰ ਜਾਣ ਤਾਂ ਕੀ ਹੋਵੇ? ਕੀ ਕੀਤਾ ਜਾਵੇ? ਬਿਡੰਬਣਾ ਵੇਖੋ ਕਿ ਜਿੱਥੇ ਕੌਮ ਦੇ ਵਾਰਸਾਂ ਅਤੇ ਸਿਰਲੱਥ ਜੋਧਿਆਂ ਨੇ ਬੇਲਣਿਆਂ ਵਿੱਚ ਪੀੜੇ ਜਾ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਉੱਥੇ ਹੀ ਸੱਤਾ ਨੇ, ਉਸੇ ਕੌਮ ਦੇ ਨੌਜਵਾਨਾਂ ਨੂੰ ਅਤਿਵਾਦੀ ਕਹਿ ਕਹਿ ਨਾ ਕੇਵਲ ਭੰਡਿਆ 'ਤੇ ਜ਼ਲੀਲ ਹੀ ਕੀਤਾ ਸਗੋਂ ਉਨ੍ਹਾਂ ਉੱਪਰ ਤਸ਼ੱਦਦ ਢਾਹੁਣ ਦੀ ਇੰਤਹਾ ਵੀ ਕੀਤੀ ਅਤੇ ਕੋਹ ਕੋਹ ਮਾਰਿਆ ਵੀ। ਸੰਵੇਦਨਸ਼ੀਲ ਕਵੀ ਭੋਗਲ ਦਾ ਮਨ ਅਜਿਹੀ ਹਾਲਤ ਵੇਖਦਿਆਂ ਕੁਰਲਾ ਉੱਠਦਾ ਹੈ, 'ਹਰਖ ਹੁੰਦਾ ਤੇ ਜਾਗੇ ਰੋਸਾ, ਨੇਕੀ ਜਦੋਂ ਕੋਈ ਭੁੱਲਦਾ', ਅਤੇ ਉਹ ਆਪਣਾ ਰੋਸਾ ਦਰਜ ਕਰਵਾਉਣੋਂ ਨਹੀਂ ਝਿੱਜਕਦਾ:

ਆਪਣਿਆਂ ਕਲ੍ਹ ਕਰੀ ਕੁਤਾਹੀ,
ਅੱਜ ਭੁਗਤਣੀ ਪੈਂਦੀ।
ਸੱਪ ਦੇ ਮੂੰਹ ਵਿੱਚ ਆਈ ਕਿਰਲੀ,
ਨਾ ਛੱਡੇ ਨਾ ਖਾਏ।

ਸਿਵਿਆਂ ਦੇ ਵਿੱਚ ਧੂੰਆਂ ਚੜ੍ਹਿਆ,
ਮਾਂਵਾਂ ਦੀ ਅੱਖ ਰੋਈ।
ਬੇਦੋਸ਼ਾਂ ਦੇ ਲਹੂ ਨੁਹਾਵਣ,
ਇੱਕੋ ਕੁੱਖ ਦੇ ਜਾਏ।

'ਕਲਮਾਂ ਨੂੰ ਤਾਹਨਾਂ' ਨਾਂ ਦੀ ਕਵਿਤਾ ਵਿੱਚ ਕਵੀ ਭੋਗਲ ਨੇ ਬਹੁਤ ਹੀ ਸੁੰਦਰ, ਮਾਰਮਿਕ ਅਤੇ ਦਿਲ ਨੂੰ ਧੂਹ ਪਾਉਣ ਵਾਲੇ ਸ਼ਬਦਾਂ ਰਾਹੀਂ 'ਮਨੀਪੁਰ ਕਾਂਡ ਦੇ ਜ਼ਬਰਜਿਨਾਹ ਅਤੇ ਦਹਿਸ਼ਤ ਵਿਰੁੱਧ ਆਪਣੀ ਆਵਾਜ਼ ਉਠਾਈ ਹੈ। ਇਨਸਾਨੀਅਤ ਦੇ ਆਲਮੀ ਇਤਿਹਾਸ ਵਿੱਚ ਕਈ ਵਾਰ ਅਜਿਹੇ ਦਰਦਨਾਕ ਪਲ ਆਉਂਦੇ ਹਨ ਜਦੋਂ ਸਮਾਜਕ ਸੋਚ, ਵਿਧੀਆਂ ਅਤੇ ਸੰਸਕਾਰਾਂ ਦਾ ਆਧਾਰ ਸਾਡੀ ਆਤਮਾ ਤੱਕ ਨੂੰ ਵਲੂੰਧਰ ਕੇ ਰੱਖ ਦਿੰਦਾ ਹੈ। ਇਹ ਕਵਿਤਾ ਬੇ-ਹਿੱਸ ਜਾਂ ਅਹਿਸਾਸ ਵਿਹੂਣੇ ਸਮਾਜ ਦੀ ਕਰੂਰਤਾ ਨੂੰ ਉਜਾਗਰ ਕਰਨ ਵਿੱਚ ਸਫ਼ਲ ਰਹੀ ਹੈ। ਕਈ ਕਿੰਤੂ-ਪਰੰਤੂ ਕੀਤੇ ਜਾ ਸਕਦੇ ਹਨ ਕਿ ਸਮੁੱਚੇ ਸਮਾਜ ਜਾਂ ਦੇਸ਼ ਨੂੰ ਦੋਸ਼ੀ ਨਹੀਂ ਗਰਦਾਨਿਆ ਜਾਣਾ ਚਾਹੀਦਾ। ਪਰ ਇਸ ਗੱਲ ਵਿੱਚ ਵੀ ਤਾਂ ਕੋਈ ਦੋ ਰਾਵਾਂ ਨਹੀਂ ਕਿ ਭਾਰਤ ਵਾਸੀ ਧਰਮ ਦੇ ਨਾਂ ਤੇ ਡੀਂਗਾਂ ਮਾਰਦਿਆਂ 'ਇਸਤਰੀ ਨੂੰ ਦੇਵੀ' ਬਣਾ ਕੇ ਪੂਜਣ ਤੱਕ ਜਾਂਦੇ ਹਨ ਪਰ ਮਾਵਾਂ, ਭੈਣਾਂ, ਬੇਟੀਆਂ ਦੀ ਬੇਹੁਰਮਤੀ ਕਰਨ ਵੇਲੇ ਪੈਰਾਂ ਵਿੱਚ ਰੋਲਣ ਨੂੰ ਕੋਈ ਗੁਨਾਹ ਨਹੀਂ ਸਮਝਦੇ। ਅੱਜ ਔਰਤ ਦੀ ਇੱਜ਼ਤ, ਉਸਦੇ ਮੌਲਿਕ ਅਧਿਕਾਰਾਂ ਅਤੇ ਉਸ ਦੀ ਆਜ਼ਾਦੀ ਨੂੰ ਇੱਕ ਖਿਡੌਣਾ ਬਣਾਇਆ ਜਾਂਦਾ ਹੈ। ਸਿਤਮ ਦੀ ਗੱਲ ਇਹ ਹੈ ਕਿ 'ਇਸਤਰੀ' ਦੀ ਪੱਤ ਦੀ ਸੁਰੱਖਿਆ ਲਈ ਅਤੇ ਉਸ ਉੱਪਰ ਹੋ ਰਹੇ ਜ਼ੁਲਮਾਂ ਦੀ ਰਾਖੀ ਲਈ ਪੁਲਸ, ਆਮ ਲੋਕ, ਸਰਕਾਰ, ਨੇਤਾ, ਲਿਖਾਰੀ, ਮੀਡੀਆ ਆਦਿ ਦੇ ਮੂੰਹੀਂ ਜੰਦਰੇ ਵੱਜੇ ਰਹਿੰਦੇ ਨੇ। ਇਹ 'ਸਸ਼ਕਤ-ਕਵਿਤਾ' ਦੱਬੀਆਂ-ਕੁਚਲੀਆਂ ਅਬਲਾਵਾਂ ਦੀ ਵਿਆਕੁਲ ਆਵਾਜ਼ ਨੂੰ ਉਭਾਰਦਿਆਂ, ਚੁੱਪ ਰਹਿਣ ਵਾਲਿਆਂ ਨੂੰ ਝੰਝੋੜਦੀ ਹੈ, ਲਲਕਾਰਦੀ ਹੈ ਅਤੇ ਅਜਿਹੇ ਗੰਦੇ ਸਮਾਜ ਵਿਰੁੱਧ ਰੋਹ ਉਪਜਾਉਣ ਦੇ ਯਤਨ ਕਰਦਿਆਂ 'ਮਨੁੱਖਤਾ' ਨੂੰ ਜਾਗਣ ਲਈ ਸੁਚੇਤ ਕਰਦਿਆਂ ਜੀਵਨ ਦੀ ਧਾਰਾ ਨੂੰ ਬਦਲਣ ਲਈ ਕਵੀ ਭੋਗਲ ਵੰਗਾਰਦਿਆਂ ਕੂਕ ਉੱਠਦਾ ਹੈ:

ਸੁੱਤੀਏ ਕਲਮੇਂ ਜਾਗ ਪੈ,
ਤੈਨੂੰ ਅਣੱਖ ਰਹੀ ਲਲਕਾਰ,
ਹੈ ਛਲਣੀਂ ਹੋਈ ਆਬਰੂ,
ਰੋਂਦੀ ਇਜ਼ਤ ਭੁੱਬਾਂ ਮਾਰ।

ਨਿਰਬਸਤਰ ਤੱਕ ਵਿਚਾਰੀਆਂ,
ਸ਼ਰਮ 'ਚ ਡੁੱਬਾ ਜੱਗ।
ਦਰਿੰਦਿਆਂ ਮੂਹਰੇ ਲਾ ਲਈਆਂ,
ਜਿਉਂ ਗਊਆਂ ਦਾ ਵੱਗ।

ਸ਼ਰਮਾਂ ਨੇ ਘੁੰਡ ਕੱਢ ਲਏ,
ਸਾਡਾ ਵਿਰਸਾ ਚੁੱਕਾ ਖੋ।
ਹੋਈ ਦਾਗ਼ੀ ਚਿੱਟੀ ਪੱਗ ਹੈ,
ਰਹੀ ਅੱਗ ਦੇ ਅੱਥਰੂ ਰੋ।
੦੦੦
ਦੇਵੀ ਪੂਜਾ ਕਰਨ ਲਈ,
ਰਹੇ ਮੂਰਤੀਆਂ ਤਾਂਈਂ ਸਜਾਅ।
ਔਰਤਾਂ ਕਰਕੇ ਨੰਗੀਆਂ,
ਰਹੇ ਗਲੀਆਂ ਵਿੱਚ ਘੁਮਾਅ।

ਸਮੁੱਚੀ ਕਵਿਤਾ ਸਾਡੇ ਸਮਾਜ ਦੀ ਵਿਡੰਬਨਾ ਨੂੰ ਸਪਸ਼ਟ ਕਰਨ ਦਾ ਜੇਰਾ ਕਰਦੀ ਹੈ। ਅੱਜ ਜਦੋਂ ਕਿ ਅਸੀਂ 21ਵੀਂ ਸਦੀ ਵਿੱਚ ਆ ਪੁੱਜੇ ਹਾਂ, ਤਾਂ ਵੀ ਅਬਲਾਵਾਂ/ ਇਸਤਰੀਆਂ ਨਾਲ ਹਿੰਸਾ ਅਤੇ ਉਹਨਾਂ ਦੀ ਇਜ਼ਤ ਨਾਲ ਖੇਡਣ ਵਾਲੇ ਅਖਾਉਤੀ ਇਖਲਾਕੀ, ਆਰਥਿਕ, ਧਾਰਮਿਕ, ਸਮਾਜਕ/ਰਾਜਨੀਤਕ ਜਾਂ ਤਕਨੀਕੀ ਉੱਨਤੀ ਦੀਆਂ ਸਿੱਖਰਾਂ ਛੋਹ ਰਹੇ ਲੋਕ ਕਿਸੇ ਜੰਗਲੀ ਦੌਰ ਦੇ ਜਾਨਵਰ ਦਿਸਦੇ ਹਨ। ਸ਼ਹੀਦ ਭਗਤ ਸਿੰਘ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਕੁਝ ਇਸ ਤਰ੍ਹਾਂ ਆਖਿਆ ਸੀ: ਕਿਸੇ ਵੀ ਸਮਾਜ ਵਿੱਚ ਸਭ ਤੋਂ ਵੱਡੀ ਗੁਲਾਮੀ ਉਹ ਹੁੰਦੀ ਹੈ ਜਦੋਂ ਲੋਕ ਸੋਚਣਾਂ ਅਤੇ ਸੁਆਲ ਕਰਨਾ ਛੱਡ ਦਿੰਦੇ ਹਨ। ਇਸ ਲਈ, ਕਵੀ ਭੋਗਲ ਦੇ ਆਖਣ ਅਨੁਸਾਰ ਜੇਕਰ ਅਸੀਂ ਚਾਹੁੰਦੇ ਹਾਂ ਕਿ ਇਹ ਸੰਸਾਰ ਬਿਹਤਰ ਹੋਵੇ, ਹਿੰਸਾ ਘਟੇ, ਅਬਲਾਵਾਂ ਦੀ ਦੁਰਦਸ਼ਾ ਬੰਦ ਹੋਵੇ, ਕਿਸੇ ਵੀ ਮਜ਼ਲੂਮ ਉੱਪਰ ਜ਼ੁਲਮ ਕੀਤੇ ਜਾਣ ਦੀ ਸੰਭਾਵਨਾਂ ਦੀ ਲਗਾਮ ਕੱਸੀ ਜਾਵੇ ਤਾਂ ਚੁੱਪੀ ਦਾ ਤਿਆਗ ਕਰਨਾ ਪਵੇਗਾ। ਹਰ ਅਨਿਆਇ ਦੇ ਵਿਰੁੱਧ ਬੋਲਣਾ ਪਵੇਗਾ, ਲਿਖਣਾ ਪਵੇਗਾ ਅਤੇ ਇਨਸਾਫ਼ ਦੀ ਪ੍ਰਾਪਤੀ ਲਈ ਯਤਨ ਕਰਨਾ ਪਵੇਗਾ।

ਕਵੀ ਆਪਣੇ ਆਲੇ-ਦੁਆਲੇ ਵਾਪਰਨ ਵਾਲੇ ਵਰਤਾਰਿਆਂ ਸਬੰਧੀ ਜਾਗਰੂਕ ਹੈ ਅਤੇ ਉਹ ਆਪਣੇ ਪਾਠਕਾਂ ਨੂੰ ਆਪਣੀ ਕਵਿਤਾ ਨਾਲ ਜੋੜੀ ਰੱਖਣ ਵਿੱਚ ਸਫ਼ਲ ਰਹਿੰਦਿਆਂ 'ਖ਼ਤਰੇ ਦੀ ਖੇਡ' ਵਿੱਚ ਸ਼ਾਮਿਲ ਇਨਸਾਨਾਂ ਨੂੰ ਸਾਵਧਾਨ ਕਰਨੋਂ ਵੀ ਪਿੱਛੇ ਨਹੀਂ ਹਟਦਾ। ਉਸਦੀ ਕਵਿਤਾ ਸਿੱਧਾ ਕੋਈ ਪਰਚਾਰ ਨਹੀਂ ਕਰਦੀ ਸਗੋਂ ਉਹ ਪੋਲੇ-ਪੋਲੇ ਸ਼ਬਦਾਂ ਨਾਲ ਟਕੋਰਾਂ ਲਾ ਲਾ, ਧੁੱਜਾਂ ਮਾਰਦਿਆਂ ਪਾਠਕਾਂ ਅਤੇ ਕਾਵਿ-ਸਰੋਤਿਆਂ ਦੀ ਸੋਚ ਨੂੰ ਟੁੰਬਦਾ ਹੈ। ਧੋਖੇ ਕਰਨ ਵਾਲਿਆਂ, ਮੌਤ ਦਾ ਸਾਮਾਨ ਚੁੱਕੀ, ਵੇਚਦੇ ਫਿਰਦੇ ਪ੍ਰਮਾਣੂ ਹਥਿਆਰਾਂ ਵਾਲਿਆਂ, ਮਜ਼ਬੀ ਦੰਗੇ ਕਰਵਾਉਣ ਵਾਲਿਆਂ ਅਤੇ ਰਾਜਨੀਤਕਾਂ ਤੋਂ ਸੁਚੇਤ ਰਹਿਣ ਲਈ ਹੋਕਾ ਦੇਂਦਿਆਂ ਲਿਖਦਾ ਹੈ:

ਨਾਲ ਖ਼ਤਰਿਆਂ ਖੇਡਦਾ,
ਅੱਜ ਕਲ੍ਹ ਦਾ ਇਨਸਾਨ,
ਮਾਨਵਤਾ ਨੂੰ ਖੂੰਜੇ ਲਾ ਕੇ,
ਬਣਿਆਂ ਫਿਰੇ ਹੈਵਾਨ।
ਭਰਮੀ ਟੋਲੀ, ਵਹਿਮੀ ਲਾਣਾ,
ਰਚਦਾ ਨਵੇਂ ਅਡੰਬਰ,
ਪੱਥਰਾਂ ਦੇ ਰੱਬ ਪੂਜੀ ਜਾਂਦਾ,
ਮੜ੍ਹੀਆਂ, ਮੱਠ, ਮਸਾਣ।
੦੦੦
ਮਜ਼ਬੀ ਦੰਗੇ ਆਪ ਕਰਾਵੇ,
ਈਰਖਾ ਦੀ ਅੱਗ ਬਾਲ੍ਹੇ,
ਤਰਸ ਦੇ ਪਾਤਰ ਬਣੇ ਵਿਚਾਰੇ,
ਗੀਤਾ, ਗ੍ਰੰਥ-ਕੁਰਾਨ।
ਰੁੱਖਾਂ ਨਾਲ ਦੁਸ਼ਮਣੀ ਕੀਤੀ,
ਬਿੱਖ ਘੋਲੀ ਵਿੱਚ ਪਾਣੀ,
ਹਵਾਵਾਂ ਨੂੰ ਪ੍ਰਦੂਸ਼ਤ ਕਰਕੇ,
ਖ਼ਤਰੇ ਪਾਈ ਜਾਨ।

ਅਤੇ ਅੰਤ 'ਭੋਗਲ' ਨਵੇਂ ਚੁਗਿਰਦੇ ਦੀ ਭਾਲ ਵਿੱਚ ਲਿਖਦਾ ਹੈ:

'ਭੋਗਲ' ਕੋਈ ਜੁਗਤ ਬਣਾ ਕੇ,
ਸਿਰਜੀਏ ਨਵਾਂ ਚੁਗਿਰਦਾ,
ਜਿਹੜਾ ਸਮੇਂ ਦੀ ਨਬਜ਼ ਪਛਾਣੇ,
ਲੱਭੇ ਕੋਈ ਲੁਕਮਾਨ।

ਕਾਵਿ ਪੁਸਤਕ 'ਜੀਵਨਧਾਰਾ' ਦੀਆਂ ਕਵਿਤਾਵਾਂ ਮਨੁੱਖੀ ਭਾਵਨਾਵਾਂ ਨੂੰ ਬਹੁਤ ਹੀ ਗੰਭੀਰਤਾ ਨਾਲ ਛੋਹੰਦੀਆਂ ਹਨ ਅਤੇ ਪਾਠਕਾਂ ਨੂੰ ਅਤਮ-ਮੰਥਨ ਲਈ ਉਤਸ਼ਾਹਿਤ ਕਰਦੀਆਂ ਹਨ। ਸਾਡਾ ਹਰਮਨ ਪਿਆਰਾ ਲੋਕ ਕਵੀ ਨਛੱਤਰ ਸਿੰਘ ਭੋਗਲ ਕਵਿਤਾ ਦੇ ਰੂਪ ਅਤੇ ਵਿਸ਼ੇ-ਵਸਤੂ ਸਬੰਧੀ ਚੇਤੰਨ ਹੈ। ਉਹ ਆਪਣੇ ਪੁਰਾਣੇ ਵਿਰਸੇ, ਤਿਉਹਾਰਾਂ, ਰਵਾਇਤਾਂ, ਸਿੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਢਾਂਚੇ ਅਤੇ ਵਰਤਾਰੇ ਦੀ ਰੱਗ ਰੱਗ ਤੋਂ ਵਾਕਿਫ਼ ਹੈ।

ਕਵੀ ਭੋਗਲ ਆਪਣੀ ਪਰੰਪਰਾ ਨਾਲ ਪੂਰੀਂ ਤਰ੍ਹਾਂ ਜੁੜਿਆ ਹੋਇਆ ਹੈ। ਉਹ ਸਮਾਜਕ, ਸਭਿਆਚਾਰਕ, ਇਤਿਹਾਸਕ, ਧਾਰਮਕ ਅਤੇ ਅਧਿਆਤਮਕ ਸਰੋਕਾਰਾਂ ਦਾ ਖਿਆਲ ਰੱਖਣ ਵਾਲਾ ਮਾਨਵਤਾ ਦਾ ਸ਼ੈਦਾਈ ਕਵੀ ਹੈ। ਲੋਕ-ਭਲਾਈ ਲਈ ਉਸਦੀ ਕਵਿਤਾ ਵਿਚਲਾ ਸਹਿਜ, ਸੁਹਜ, ਸੱਚ ਸਾਦਗੀ, ਸੁਹੱਪਣ, ਅਤੇ ਸਿਅਣਪ ਸਦਾ ਹੀ ਕਾਇਮ ਰਹਿੰਦੀ ਹੈ। ਭਾਸ਼ਾਈ ਸੂਝ-ਬੂਝ, ਸੁਹਜ ਭਰੀ, ਤਾਲਬੱਧ, ਸੁੰਦਰ, ਸੰਗੀਤਕ ਸ਼ਬਦਾਂ ਦੀ ਜੜਤ ਅਤੇ ਬਿੰਬ, ਪ੍ਰਤੀਕ ਅਤੇ ਅਲੰਕਾਰਾਂ ਨਾਲ ਲਬਰੇਜ਼ ਕਵਿਤਾ ਕਹਿਣ ਵਾਲੇ ਕਵੀ ਨਛੱਤਰ ਸਿੰਘ ਭੋਗਲ ਨੂੰ ਇਸ ਪੰਜਵੇਂ ਕਾਵਿ-ਸੰਗ੍ਰਹਿ 'ਜੀਵਨਧਾਰਾ' ਲਈ ਮੁਬਾਰਕਾਂ।

128 ਪੰਨਿਆ ਦਾ ਕਾਵਿ-ਸੰਗ੍ਰਹਿ 'ਜੀਵਨਧਾਰਾ' ਸਾਹਿਬਦੀਪ ਪਬਲੀਕੇਸ਼ਨ ਵਾਲਿਆਂ ਨੇ ਪ੍ਰਕਾਸ਼ਿਤ ਕਿਤਾ ਹੈ।

### ਮਿੰਨੀ ਕਹਾਣੀ

## ਸਹੀ ਫੈਸਲਾ

"ਭਾਅ ਜੀ, ਤੁਹਾਡੇ ਭਾਣਜੇ ਦਾ ਵਿਆਹ ਅਗਲੇ ਮਹੀਨੇ ਆਣ ਨੂੰ ਫਿਰਦਾ। ਤੁਹਾਡਾ ਭਾਣਜਾ ਕਿਸੇ ਗਾਇਕ ਜੋੜੀ ਨੂੰ ਵਿਆਹ ਲਈ ਬੁੱਕ ਕਰਵਾਣ ਲਈ ਕਹਿੰਦਾ ਆ। ਤੁਹਾਡੇ ਨਾਲ ਜਿਹੜੀ ਰੋਪੜ ਵਾਲੀ ਮੈਡਮ ਪੜ੍ਹਾਂਦੀ ਆ, ਉਸ ਦੀ ਸਹੇਲੀ ਵੀ ਵਧੀਆ ਗਾ ਲੈਂਦੀ ਆ। ਪਿਛਲੇ ਸਾਲ ਉਹ ਸਾਡੇ ਪਿੰਡ ਦੌਲਤ ਪੁਰ ਆਪਣੇ ਗਾਇਕ ਸਾਥੀ ਨਾਲ ਵਿਆਹ ਤੇ ਆਈ ਸੀ। ਉਦੋਂ ਉਸ ਦਾ ਰੇਟ ਡੇਢ ਲੱਖ ਸੀ। ਹੁਣ ਉਸ ਦਾ ਰੇਟ ਪੁੱਛ ਕੇ ਦੱਸਿਓ।" ਮਨਜੀਤ ਨੇ ਟੈਲੀਫੋਨ ਤੇ ਆਪਣੇ ਮਾਸਟਰ ਵੀਰ ਕੁਲਵਿੰਦਰ ਸਿੰਘ ਨੂੰ ਕਿਹਾ।

"ਅੱਛਾ ਭੈਣ, ਮੈਂ ਮੈਡਮ ਤੋਂ ਹੁਣੇ ਪੁੱਛ ਕੇ ਦੱਸਦਾਂ।" ਮਨਜੀਤ ਦੇ ਮਾਸਟਰ ਵੀਰ ਕੁਲਵਿੰਦਰ ਸਿੰਘ ਨੇ ਅੱਗੋਂ ਜਵਾਬ ਦਿੱਤਾ। ਉਸ ਨੇ ਮੈਡਮ ਨੂੰ ਫੋਨ ਕਰਕੇ ਆਖਿਆ, "ਮੈਡਮ ਜੀ, ਆਪਣੀ ਰੋਪੜ ਵਾਲੀ ਗਾਇਕਾ ਸਹੇਲੀ ਨੂੰ ਪੁੱਛਿਓ ਕਿ ਉਸ ਦਾ ਅੱਜ ਕੱਲ੍ਹ ਵਿਆਹਾਂ ਵਿੱਚ ਗਾਣ ਦਾ ਕੀ ਰੇਟ ਆ?"

ਮੈਡਮ ਨੇ ਆਪਣੀ ਗਾਇਕਾ ਸਹੇਲੀ ਨੂੰ ਟੈਲੀਫੋਨ ਕਰਕੇ ਪਹਿਲਾਂ ਉਸ ਦਾ ਹਾਲ-ਚਾਲ ਪੁੱਛਿਆ ਤੇ ਫਿਰ ਵਿਆਹਾਂ ਵਿੱਚ ਗਾਣ ਦਾ ਰੇਟ ਪੁੱਛਿਆ। ਮੈਡਮ ਦੀ ਗਾਇਕਾ ਸਹੇਲੀ ਨੇ ਅੱਗੋਂ ਜਵਾਬ ਦਿੱਤਾ, "ਭੈਣੇ ਅੱਜ ਕੱਲ੍ਹ ਸਾਡਾ ਵਿਆਹਾਂ ਵਿੱਚ ਗਾਣ ਦਾ ਰੇਟ ਦੋ ਲੱਖ ਆ। ਤੇਰੇ ਕਰਕੇ ਦਸ, ਪੰਦਰਾਂ ਹਜ਼ਾਰ ਘਟਾ ਲਵਾਂਗੇ।"

ਜਦੋਂ ਮਾਸਟਰ ਕੁਲਵਿੰਦਰ ਸਿੰਘ ਨੇ ਆਪਣੀ ਭੈਣ ਨੂੰ ਰੇਟ ਬਾਰੇ ਦੱਸਿਆ, ਤਾਂ ਉਹ ਬੋਲੀ, "ਭਾਅ ਜੀ, ਅਸੀਂ ਏਨੀ ਮਹਿੰਗੀ ਗਾਇਕ ਜੋੜੀ ਕੀ ਕਰਨੀ ਆਂ? ਇੱਥੋਂ ਕੋਈ ਲੋਕਲ ਗਾਇਕ ਵਿਆਹ ਵਿੱਚ ਗਾਣ ਲਈ ਲੈ ਚੱਲਾਂਗੇ। ਵੀਹ, ਪੱਚੀ ਹਜ਼ਾਰ ਲੈ ਕੇ ਉਸ ਨੇ ਮੰਨ ਜਾਣਾ ਆਂ। ਬਾਕੀ ਪੌਣੇ ਦੋ ਲੱਖ ਦੇ ਨੂੰਹ ਨੂੰ ਗਹਿਣੇ ਪਾ ਦਿਆਂਗੇ। ਨਾਲੇ ਨੂੰਹ ਵੀ ਖੁਸ਼ ਹੋ ਜਾਊਗੀ।"

"ਭੈਣੇ ਗੱਲ ਤਾਂ ਤੇਰੀ ਠੀਕ ਆ। ਨੂੰਹ ਨੂੰ ਖੁਸ਼ ਕਰਨਾ ਵੀ ਜ਼ਰੂਰੀ ਆ।" ਮਨਜੀਤ ਦੇ ਮਾਸਟਰ ਵੀਰ ਕੁਲਵਿੰਦਰ ਸਿੰਘ ਨੇ ਆਖਿਆ।



ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ ਐਮ ਐਲ ਏ ਹਾਊਸ
ਕੈਨਾਲ ਰੋਡ, ਨਵਾਂ ਸ਼ਹਿਰ-144514
ਫੋਨ 9915803554

# ਮਜਦੂਰ ਤੋਂ ਲੈ ਕੇ ਲੈਕਚਰਾਰ ਤੱਕ ਦਾ ਸਫਰ ਤਹਿ ਕਰਨ ਵਾਲਾ : ਤੇਜਾ ਸਿੰਘ

ਮੇਜਰ ਸਿੰਘ ਨਾਭਾ
ਮੋਬ.9463553962



ਅਧਿਆਪਕ ਕੌਮ ਦਾ ਨਿਰਮਾਤਾ ਮੰਨਿਆ ਜਾਂਦਾ ਹੈ। ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ। ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਸ਼੍ਰ. ਤੇਜਾ ਸਿੰਘ ਲੈਕਚਰਾਰ ਹਿੰਦੀ ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਪਟਿਆਲਾ ਤੋਂ ਤਕਰੀਬਨ 37 ਸਾਲ ਦੀ ਸੇਵਾ ਪੂਰੀ ਕਰਕੇ 31 ਅਗਸਤ 2016 ਨੂੰ ਬਿਨ੍ਹਾਂ ਵਾਧਾ ਲਏ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ ਜਿਲ੍ਹਾ ਪਟਿਆਲਾ ਵਿਖੇ 15 ਅਗਸਤ 1958 ਨੂੰ ਮਾਤਾ ਸਵ: ਸ੍ਰੀਮਤੀ ਅਜਮੇਰ ਕੌਰ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸਵ: ਸ੍ਰ. ਸਾਵਨ ਸਿੰਘ ਇੱਕ ਸੱਚੀ ਕਿਰਤ ਕਰਨ ਵਾਲੇ ਇਨਸਾਨ ਸਨ।ਤੇਜਾ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਹੀ ਸਰਕਾਰੀ ਹਾਈ ਸਕੂਲ ਤੋਂ ਪ੍ਰਾਪਤ ਕਰਕੇ 1975 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਆਪ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ ਸੰਸਕ੍ਰਿਤ ਕਾਲਜ ਨਾਭਾ ਵਿਖੇ ਪ੍ਰਭਾਕਰ ਕਰਨ ਲਈ 1975 ਵਿੱਚ ਹੀ ਦਾਖਲਾ ਲੈ ਲਿਆ। ਪ੍ਰਭਾਕਰ ਦੀ ਪ੍ਰੀਖਿਆ ਦੇ ਨਤੀਜਾ ਆਉਣ ਤੇ ਉਸ ਦੀ ਕੰਪਾਰਟਮੈਂਟ ਆ ਗਈ। ਪਰਿਵਾਰ ਵੱਡਾ ਹੋਣ ਕਰਕੇ ਗਰੀਬੀ ਸਾਫ ਝਲਕਤੀ ਸੀ ਇਸੇ ਕਰਕੇ ਦੁਬਾਰਾ ਪੇਪਰ ਦੇਣ ਦੀ ਹਿੰਮਤ ਨਾ ਹੋਣ ਕਰਕੇ ਉਨ੍ਹਾਂ ਤਿੰਨ ਸਾਲ ਖੇਤੀਬਾੜੀ 'ਚ ਘਰਦਿਆਂ ਨਾਲ ਹੱਥ ਵਟਾਇਆ ਅਤੇ ਮਜਦੂਰੀ ਕਰਨ 'ਚ ਵੀ ਕੋਈ ਝਿਜਕ ਨਹੀਂ ਕੀਤੀ। ਉਨ੍ਹਾਂ ਨੇ ਸੋਚਿਆ ਕਿ ਸੱਪਾਂ ਦੀਆਂ ਸਿਰੀਆਂ ਮਿਧਣ ਨਾਲੋਂ ਤਾਂ ਦੁਬਾਰਾ ਪੜ੍ਹਾਈ ਕਰਨੀ ਹੀ ਚੰਗੀ ਹੈ ਉਨ੍ਹਾਂ ਨੇ ਹੌਸ਼ਲਾ ਕਰਕੇ ਪ੍ਰਾਈਵੇਟ ਤੌਰ ਤੇ ਫੀਸ ਭਰ ਕੇ ਪ੍ਰਭਾਕਰ ਦੀ ਪ੍ਰੀਖਿਆ 1978 ਵਿੱਚ ਪਾਸ ਕਰ ਲਈ। ਇਸ ਉਪਰੰਤ ਉਨ੍ਹਾਂ ਨੇ ਸਟੇਟ ਕਾਲਜ ਪਟਿਆਲਾ ਵਿੱਚ ਅਧਿਆਪਕ ਬਣਨ ਲਈ ਓ.ਟੀ. ਵਿੱਚ ਦਾਖਲਾ ਲੈ ਲਿਆ ਜਿਸ ਦੀ ਫੀਸ ਅਤੇ ਹੋਰ ਖਰਚਿਆਂ ਲਈ ਉਨ੍ਹਾਂ ਨੂੰ ਪੈਸੇ ਇੱਕ ਪਿੰਡ ਦੇ ਹੀ ਸੇਵਾ ਮੁਕਤ ਸੂਬੇਦਾਰ ਤੋਂ ਉਧਾਰ ਲੈਣੇ ਪਏ। ਉਨ੍ਹਾਂ ਨੇ ਇੱਕ ਸਾਲ ਦੀ ਓ.ਟੀ. ਦੀ ਪ੍ਰੀਖਿਆ ਸਤੰਬਰ 1979 ਵਿੱਚ ਪਾਸ ਕਰਕੇ ਅਧਿਆਪਕ ਲੱਗਣ ਦੀ ਯੋਗਤਾ ਪ੍ਰਾਪਤ ਕਰ ਲਈ। ਉਨ੍ਹਾਂ ਦੀ ਸੋਚ ਅਤੇ ਉਮੀਦ ਨੂੰ ਉਸੀ ਸਾਲ ਹੀ ਬੂਰ ਪੈ ਗਿਆ ਜਦੋਂ ਉਨ੍ਹਾਂ ਦੀ ਜਿਲ੍ਹਾ ਸਿੱਖਿਆ ਅਫਸਰ ਪਟਿਆਲਾ ਵਲੋਂ ਐਡਹਾਕ ਪੱਧਰ ਤੇ ਬਤੌਰ ਹਿੰਦੀ ਟੀਚਰ ਨਿਯੁਕਤੀ ਹੋਣ ਉਪਰੰਤ ਉਨ੍ਹਾਂ ਨੇ 31 ਦਸੰਬਰ 1979 ਨੂੰ ਸਰਕਾਰੀ ਹਾਈ ਸਕੂਲ ਟਿੱਬੀ (ਜਿਲ੍ਹਾ ਪਟਿਆਲਾ ਹੁਣ ਫਤਿਹਗੜ੍ਹ ਸਾਹਿਬ) ਵਿਖੇ ਐਡਹਾਕ ਤੌਰ ਤੇ ਅਧਿਆਪਨ ਦਾ ਸਫਰ ਸ਼ੁਰੂ ਕੀਤਾ। ਉਨ੍ਹਾਂ ਦੇ ਮਨ ਵਿੱਚ ਉਚੇਰੀ ਪੜ੍ਹਾਈ ਪ੍ਰਾਈਵੇਟ ਤੌਰ ਤੇ ਕਰਨ ਦੀ ਤਮੰਨਾ ਕਰਕੇ ਉਨ੍ਹਾਂ ਨਾਭੇ ਰਿਹਾਇਸ਼ ਕਰ ਲਈ। ਉਨ੍ਹਾਂ ਦੀ ਪ੍ਰੈਪ ਵਿੱਚ ਅੰਗਰੇਜ਼ੀ ਦੀ ਰੀਅਪੀਅਰ ਆ ਗਈ ਪਰ ਬੀ.ਏ. ਭਾਗ ਪਹਿਲਾ ਪਾਸ ਕਰ ਲਿਆ। ਰੀਅਪੀਅਰ ਕਾਰਨ ਉਨ੍ਹਾਂ ਦਾ ਮਨ ਟੁੱਟ ਗਿਆ ਉਨ੍ਹਾਂ ਨੇ ਪੜ੍ਹਾਈ ਕਰਨੀ ਛੱਡ ਦਿੱਤੀ। ਟਿੱਬੀ ਸਕੂਲ ਤੋਂ ਉਨ੍ਹਾਂ ਦੀ ਬਦਲੀ ਸ.ਮਿ.ਸ. ਬਹੇੜ (ਪਟਿਆਲਾ) ਹੋ ਗਈ। ਇਥੇ 20 ਮਈ 1981 ਨੂੰ ਉਨ੍ਹਾਂ ਨੇ ਹਾਜ਼ਰੀ ਦਿੱਤੀ। ਇਸੇ ਦੌਰਾਨ ਉਨ੍ਹਾਂ ਦਾ ਵਿਆਹ ਬਾਗੜੀਆਂ ਵਿਖੇ ਅਕਤੂਬਰ 1981 ਵਿੱਚ ਸਵ: ਸ੍ਰ. ਜੰਗੀਰ ਸਿੰਘ (ਪੰਚ) ਦੀ ਪੁੱਤਰੀ ਕਮਲਜੀਤ ਕੌਰ ਨਾਲ ਹੋ ਗਿਆ। ਉਨ੍ਹਾਂ ਸ.ਮਿ.ਸ. ਬਹੇੜ ਵਿਖੇ ਤਕਰੀਬਨ ਇੱਕ ਸਾਲ ਦੀ ਸੇਵਾ ਨਿਭਾਉਣ ਉਪਰੰਤ ਆਪਸੀ ਬਦਲੀ ਸ.ਹ.ਸ. ਤੰਦਾਬੱਧਾ ਵਿਖੇ ਹੋਣ ਤੇ 24 ਅਪ੍ਰੈਲ 1982 ਨੂੰ ਇਸ ਸਕੂਲ਼ ਵਿੱਚ ਹਾਜ਼ਰੀ ਦਿੱਤੀ। ਉਨ੍ਹਾਂ ਨੇ ਆਪਸੀ ਬਦਲੀ ਸ.ਹ.ਸ.ਮਲ੍ਹੇਵਾਲ ਵਿਖੇ ਕਰਵਾਕੇ 20 ਮਈ 1983 ਨੂੰ ਹਾਜ਼ਰੀ ਦੇ ਕੇ ਇਸ ਸਕੂਲ ਵਿੱਚ ਆਪਣੀ ਡਿਊਟੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੀ ਇਸ ਸਕੂਲ ਵਿੱਚ ਰੈਗੂਲਰ ਨਿਯੁਕਤੀ 10 ਅਗਸਤ 1984 ਨੂੰ ਪਿਛਲੀ ਤਾਰੀਖ 22 ਅਕਤੂਬਰ 1982 ਤੋਂ ਹੋ ਗਈ। ਇਥੇ ਉਨ੍ਹਾਂ ਦੇ ਸੰਪਰਕ ਵਿੱਚ ਅਧਿਆਪਕ ਸ੍ਰੀ ਨਿਗਮ ਸਰੂਪ ਸਾਸ਼ਤਰੀ ਆਏ। ਉਚੇਰੀ ਪੜ੍ਹਾਈ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸਿਰਫ ਇੰਗਲਿਸ਼ ਵਿਸ਼ੇ ਨਾਲ ਬੀ.ਏ. ਕਰਨ ਦਾ ਮੌਕਾ ਦਿੱਤਾ, ਦੋਹਾਂ ਨੇ ਦਾਖਲਾ ਲੈਣ ਦਾ ਮਨ ਬਣਾਇਆ ਪਰ ਰਸਤੇ 'ਚੋਂ ਹੀ ਖਾ ਪੀ ਕੇ ਕਿਸੇ ਕਾਰਨ ਮੁੜ ਆਏ ਜਿਸ ਕਾਰਨ ਇਹ ਮੌਕਾ ਖੁੰਝ ਗਿਆ। ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੱਤਰ ਵਿਹਾਰ ਸਿੱਖਿਆ ਰਾਹੀਂ ਪ੍ਰਭਾਕਰ ਅਤੇ ਗਿਆਨੀ ਪਾਸ ਵਾਲਿਆਂ ਲਈ ਬੀ.ਏ. ਦੋ ਸਾਲਾਂ 'ਚ ਤਿੰਨ ਵਿਸ਼ਿਆਂ ਨਾਲ ਕਰਨ ਦੀ ਆਗਿਆ ਦੇ ਦਿੱਤੀ। ਲੰਬੇ ਵਕਫੇ ਬਾਅਦ ਤੇਜਾ ਸਿੰਘ ਨੇ 1990 ਵਿੱਚ ਪੱਤਰ-ਵਿਹਾਰ ਰਾਹੀਂ ਦਾਖਲਾ ਲੈ ਲਿਆ ਅਤੇ 1992 ਵਿੱਚ ਬੀ.ਏ. ਪਾਸ ਕਰ ਲਈ। ਉਨ੍ਹਾਂ ਨੇ 1994 ਵਿੱਚ ਪੱਤਰ-ਵਿਹਾਰ ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਐਡ ਕਰ ਲਈ। ਉਨ੍ਹਾਂ ਨੇ 1996 ਵਿੱਚ ਐਮ.ਏ. ਹਿੰਦੀ ਅਤੇ 1999 ਵਿੱਚ ਐਮ.ਏ. (ਪੰਜਾਬੀ) ਪੱਤਰ-ਵਿਹਾਰ ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਰ ਲਈ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਤੋਂ ਹੀ ਐਮ. ਐਡ. ਪੱਤਰ-ਵਿਹਾਰ ਰਾਹੀਂ 1998 ਵਿੱਚ ਕਰ ਲਈ। ਉਨ੍ਹਾਂ ਦੀ ਤਰੱਕੀ ਸਰਕਾਰੀ ਸੈਕੰਡਰੀ ਸਕੂਲ਼ ਮਲ੍ਹੇਵਾਲ ਤੋਂ ਬਤੌਰ ਸ.ਸ. ਮਾਸਟਰ ਸ.ਮਿ.ਸ. ਰਾਮਗੜ੍ਹ ਵਿਖੇ ਹੋ ਗਈ ਅਤੇ ਉਨ੍ਹਾਂ ਨੇ 6 ਨਵੰਬਰ 1995 ਨੂੰ ਹਾਜ਼ਰ ਹੋ ਕੇ ਸੇਵਾ ਆਰੰਭ ਕਰ ਦਿੱਤੀ। ਉਹ ਇਸ ਸਕੂਲ ਵਿੱਚ ਬੱਚਿਆਂ ਨੂੰ ਵੱਖ-ਵੱਖ ਕੰਪੀਟੀਸ਼ਨਾਂ ਜਿਵੇਂ ਵਿਦਿਅਕ, ਸਭਿਆਚਾਰਕ, ਖੇਡਾਂ ਆਦਿ 'ਚ ਭਾਗ ਦਿਵਾਉਣ ਲਈ ਤਿਆਰੀ ਕਰਵਾਉਂਦੇ ਰਹੇ। ਉਹ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਨੈਤਿਕ ਸਿਖਿਆ ਆਦਿ ਬਾਰੇ ਲੈਕਚਰ ਦਿੰਦੇ ਰਹੇ। ਉਹ ਪੜ੍ਹਾਈ ਵਿੱਚ ਕਮਜੋਰ ਅਤੇ ਗਰੀਬ ਬੱਚਿਆਂ ਨੂੰ ਸਕੂਲ ਸਮੇਂ ਤੋਂ ਬਾਅਦ ਪੜ੍ਹਾਉਂਦੇ ਰਹੇ। ਜੋ ਵੀ ਫੰਡ ਉਨ੍ਹਾਂ ਨੂੰ ਮਿਲਦਾ ਉਸ ਨੂੰ ਸਲੀਕੇ ਨਾਲ ਸਾਂਭ ਕੇ ਰੱਖਣਾ, ਸਮੇਂ ਸਿਰ ਪੂਰਾ



ਕਰਨਾ ਉਨ੍ਹਾਂ ਦੀ ਆਦਤ ਰਹੀ ਹੈ। ਉਹ 2003-04 ਵਿੱਚ ਇੰਡੀਅਨ ਰੈਡ ਕਰਾਸ ਦੇ ਲਾਈਫ ਮੈਂਬਰ ਇਨਰੋਲ ਹੋਏ। ਸਕਾਊਟ ਮਾਸਟਰ ਦਾ ਬੇਸਿਕ ਕੋਰਸ ਉਨ੍ਹਾਂ 2005 ਵਿੱਚ ਸਫਲਤਾਪੂਰਵਕ ਸਪੰਨ ਕੀਤਾ। ਇਥੋਂ ਉਨ੍ਹਾਂ ਦੀ ਤਰੱਕੀ ਬਤੌਰ ਲੈਕਚਰਾਰ ਹਿੰਦੀ ਹੋਣ ਤੇ ਉਹ ਰਸਮੀ ਤੌਰ ਤੇ 9 ਜੂਨ 2008 ਨੂੰ ਸ.ਸ.ਸ.ਸ. ਲੜਕੀਆਂ ਨਾਭਾ ਵਿਖੇ ਹਾਜ਼ਰ ਹੋ ਗਏ। ਉਨ੍ਹਾਂ ਨੂੰ ਮਹਿਕਮੇ ਵਲੋਂ ਸ.ਸ.ਸ.ਸ.ਚਲੈਲਾ (ਪਟਿਆਲਾ) ਵਿਖੇ ਸਟੇਸ਼ਨ ਮਿਲਣ ਤੇ ਉਨ੍ਹਾਂ ਨੇ 1 ਅਗਸਤ 2008 ਨੂੰ ਇਸ ਸਕੂਲ਼ ਵਿੱਚ ਹਾਜ਼ਰੀ ਦਿੱਤੀ। ਉਹ 30 ਸਤੰਬਰ 2010 ਨੂੰ ਪੋਸਟ ਸਮੇਤ ਬਦਲੀ ਕਰਵਾ ਕੇ ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ਼ ਮਾਡਲ ਟਾਊਨ ਪਟਿਆਲਾ ਵਿਖੇ ਹਾਜ਼ਰ ਹੋ ਕੇ ਸੇਵਾ ਨਿਭਾਉਣ ਲੱਗੇ। ਇਥੇ ਉਨ੍ਹਾਂ ਲੱਗਭੱਗ ਛੇ ਸਾਲ ਬੜੀ ਲਗਨ, ਮਿਹਨਤ, ਦ੍ਰਿੜਤਾ ਨਾਲ ਪੜ੍ਹਾਇਆ। ਤਕਰੀਬਨ ਤਿੰਨ ਸਾਲ ਇਥੇ ਉਨ੍ਹਾ ਨੇ ਮਿਡਲ ਵਿੰਗ ਵਿੱਚ ਬਤੌਰ ਇੰਚਾਰਜ਼ ਪ੍ਰਿੰਸੀਪਲ ਸੇਵਾ ਨਿਭਾਈ ਅਤੇ ਵੱਡੇ ਸਟਾਫ ਦਾ ਜੀ.ਪੀ.ਐਫ. ਅਤੇ ਜੀ.ਆਈ.ਐਸ. ਦਾ ਕੰਮ ਹਮੇਸ਼ਾ ਸਾਫ-ਸੁੱਥਰਾ ਅਤੇ ਅਪਟੂਡੇਟ ਕਰ ਕੇ ਰੱਖਿਆ। ਉਨ੍ਹਾਂ ਨੇ ਅਧਿਆਪਕ-ਵਿਦਿਆਰਥੀ ਦੇ ਪਵਿੱਤਰ ਰਿਸ਼ਤੇ ਨੂੰ ਉੱਚੇ ਮੁਕਾਮ ਤੇ ਲਿਜਾਣ ਲਈ ਸਮਰਪਿਤ ਹੋ ਕੇ ਦਿਲੋਂ ਕੰਮ ਕੀਤਾ। ਜਿਲ੍ਹਾ ਸਿੱਖਿਆ ਅਫਸਰ (ਸੈ: ਸਿ:) ਪਟਿਆਲਾ ਵਲੋਂ ਅਧਿਆਪਕ ਦਿਵਸ਼ 2014 ਨੂੰ ਉਨ੍ਹਾਂ ਦੀਆਂ ਸਾਨਦਾਰ ਸੇਵਾਵਾਂ ਨੂੰ ਦੇਖਦਿਆਂ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ। ਕਿਰਤ ਕਰਨ, ਲਗਨ, ਹਿੰਮਤ, ਦ੍ਰਿੜ ਇਰਾਦੇ ਦੀ ਮਿਸਾਲ ਉਨ੍ਹਾ ਦੇ ਨਾਭਾ ਵਿਖੇ ਘਰ ਦੇ ਦੁੱਧ ਲਈ ਮੱਝਾਂ ਰੱਖਣ ਤੋਂ ਮਿਲਦੀ ਹੈ। ਉਹ ਸਕੂਲ਼ ਸਮੇਂ ਤੋਂ ਬਾਦ ਮੱਝਾਂ ਲਈ ਚਾਰਾ ਅਤੇ ਹੋਰ ਸੰਭਾਲ ਦੇ ਕੰਮ ਵੀ ਨਾਲੋ-ਨਾਲ ਕਰਦੇ ਰਹੇ। ਵਾਧੂ ਦੁੱਧ ਸੇਲ ਵੀ ਕਰਦੇ ਰਹੇ। ਉਨ੍ਹਾਂ ਨੇ ਬਹੁਤੀ ਸਰਵਿਸ ਸਾਈਕਲ ਤੇ ਜਾ ਕੇ ਕੀਤੀ। ਉਹ ਰੋਜ਼ਾਨਾ ਆਉਣ-ਜਾਣ 120 ਕਿਲੋਮੀਟਰ ਸਾਈਕਲ ਤੇ ਬਹੇੜ ਸਕੂਲ਼ ਜਾਂਦੇ ਰਹੇ। ਹੁਣ ਵੀ ਉਹ ਸਿਹਤ ਪ੍ਰਤੀ ਜਾਗਰੂਕ ਹਨ।

ਉਨ੍ਹਾਂ ਦੀ ਬੇਟੀ ਰੁਪਿੰਦਰ ਕੌਰ ਬੀ.ਏ. , ਹੈਲਥ ਐਂਡ ਬਿਊਟੀ ਦਾ ਕੋਰਸ ਕਰਕੇ ਸ.ਸ.ਸ.ਸ. ਨਦਾਮਪੁਰ ਵਿਖੇ ਵੋਕੇਸ਼ਨਲ ਟਰੇਨਰ ਦੀ ਸੇਵਾ ਨਿਭਾ ਰਹੀ ਹੈ। ਉਹ ਪਟਿਆਲਾ ਵਿਖੇ ਆਪਣੇ ਪਤੀ ਗੁਰਵਿੰਦਰ ਸਿੰਘ, ਬੇਟੀ ਸਹਿਜਲੀਨ ਕੌਰ ਅਤੇ ਬੇਟੇ ਸਮਰਵੀਰ ਸਿੰਘ ਨਾਲ ਰਹਿ ਰਹੀ ਹੈ। ਬੇਟਾ ਹਰਪ੍ਰੀਤ ਸਿੰਘ ਐਮ.ਬੀ.ਏ.(ਪੋਸਟ-ਗ੍ਰੇਜੂਏਟ) ਆਪਣੀ ਪਤਨੀ ਅਮਨਦੀਪ ਕੌਰ ਅਤੇ ਬੇਟੀ ਅਜਲਜੋਤ ਕੌਰ ਨਾਲ ਮੁਹਾਲੀ ਵਿਖੇ ਰਹਿ ਰਿਹਾ ਹੈ। ਦੂਸਰਾ ਬੇਟਾ ਦਵਿੰਦਰ ਸਿੰਘ (ਐਮ.ਟੈਕ.) ਆਪਣੀ ਪਤਨੀ ਲਵਪ੍ਰੀਤ ਕੌਰ ਅਤੇ ਬੇਟੇ ਗੁਰਸ਼ਬਦ ਸਿੰਘ ਨਾਲ ਆਸਟ੍ਰੇਲੀਆ ਵਿਖੇ ਰਹਿ ਰਿਹਾ ਹੈ। ਤੇਜਾ ਸਿੰਘ ਨੇ ਤਕਰੀਬਨ 37 ਸਾਲ ਈਮਾਨਦਾਰੀ ਨਾਲ ਬੇਦਾਗ ਸ਼ਾਨਦਾਰ ਸੇਵਾ ਨਿਭਾ ਕੇ ਮਾਣ ਪ੍ਰਾਪਤ ਕੀਤਾ ਹੈ। ਉਹ ਧਾਰਮਿਕ ਬਿਰਤੀ ਵਾਲੇ ਮਿਹਨਤੀ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ। ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਸਿਹਤਯਾਬੀ ਅਤੇ ਪਰਿਵਾਰਕ ਖੁਸ਼ੀਆਂ ਬਖਸ਼ੇ।

## ਮਿੰਨੀ ਕਹਾਣੀ : ਮੌਤ ਚੰਗੀ ਆ

ਪਿਛਲੇ ਇਕ ਮਹੀਨੇ ਤੋਂ ਮੈਂ ਮਲੇਰੀਆ ਨਾਲ ਪੀੜਤ ਸਾਂ। ਇਸ ਸਮੇਂ ਦੌਰਾਨ ਮੇਰੀ ਭੂਆ ਦੇ ਸਭ ਤੋਂ ਛੋਟੇ ਲੜਕੇ ਜਸਵੀਰ ਦੀ ਮੌਤ ਹੋ ਗਈ ਸੀ। ਸਿਹਤ ਠੀਕ ਨਾ ਹੋਣ ਕਾਰਨ ਮੈਂ ਨਾ ਤਾਂ ਉਸ ਦੇ ਸਸਕਾਰ ਤੇ ਅਤੇ ਨਾ ਹੀ ਅੰਤਮ ਅਰਦਾਸ ਵਿੱਚ ਸ਼ਾਮਲ ਹੋ ਸਕਿਆ ਸਾਂ। ਅੱਜ ਕੁਝ ਚੰਗਾ ਮਹਿਸੂਸ ਕਰ ਰਿਹਾ ਸਾਂ। ਇਸ ਕਰਕੇ ਮੈਂ ਜਸਵੀਰ ਦੀ ਮੌਤ ਦਾ ਅਫਸੋਸ ਕਰਨ ਲਈ ਉਸ ਦੇ ਘਰ ਪਹੁੰਚ ਗਿਆ ਸਾਂ। ਮੈਨੂੰ ਆਇਆ ਦੇਖ ਕੇ ਜਸਵੀਰ ਦਾ ਮੁੰਡਾ ਮੇਰੀ ਭੂਆ ਦੇ ਵੱਡੇ ਲੜਕੇ ਨੂੰ ਵੀ ਸੱਦ ਲਿਆਇਆ। ਉਸ ਨੇ ਅਫਸੋਸ ਦੀਆਂ ਗੱਲਾਂ ਕਰਦਿਆਂ ਆਖਿਆ, "ਮਾਸਟਰ ਜੀ, ਤੁਹਾਨੂੰ ਪਤਾ ਹੀ ਆ, ਮੇਰਾ ਛੋਟਾ ਭਰਾ ਪਿਛਲੇ ਚਾਰ ਸਾਲ ਤੋਂ ਚੂਲਾ ਟੁੱਟਣ ਕਰਕੇ ਮੰਜੇ ਤੇ ਪਿਆ ਸੀ। ਉਹ ਨਾ ਤਾਂ ਤੁਰ ਸਕਦਾ ਸੀ, ਨਾ ਚੰਗੀ ਤਰ੍ਹਾਂ ਬੈਠ ਸਕਦਾ ਸੀ। ਉਹ ਟੱਟੀ, ਪੇਸ਼ਾਬ ਮੰਜੇ ਤੇ ਹੀ ਕਰਦਾ ਸੀ। ਉਸ ਦੀ ਪਤਨੀ ਤੇ ਬੱਚਿਆਂ ਨੂੰ ਹੀ ਪਤਾ ਆ, ਉਨ੍ਹਾਂ ਨੇ ਚਾਰ ਸਾਲ ਕਿਵੇਂ ਗੁਜ਼ਾਰੇ ਆ। ਉਹ ਉਸ ਨੂੰ ਦਿਨ ਨੂੰ ਵੀ ਸੰਭਾਲਦੇ ਸਨ ਤੇ ਰਾਤ ਨੂੰ ਵੀ। ਫੇਰ ਘਰ ਦਾ ਸਾਰਾ ਕੰਮ ਵੀ ਕਰਦੇ ਸਨ। ਹੁਣ ਤਾਂ ਉਸ ਦੇ ਸਰੀਰ ਤੇ ਟਾਕੀਆਂ ਵੀ ਪੈ ਗਈਆਂ ਸਨ। ਲੋਕ ਕਹਿੰਦੇ ਆ, ਮੌਤ ਮਾੜੀ ਆ ਪਰ ਮੈਂ ਕਹਿੰਨਾਂ, ਮੌਤ ਚੰਗੀ ਆ ਜਿਸ ਨੇ ਮੇਰੇ ਛੋਟੇ ਭਰਾ ਨੂੰ ਇਸ ਨਰਕ ਭਰੀ ਜ਼ਿੰਦਗੀ ਚੋਂ ਕੱਢ ਦਿੱਤਾ ਆ।" ਜਸਵੀਰ ਦੇ ਸਸਕਾਰ ਤੇ ਅਤੇ ਅੰਤਮ ਅਰਦਾਸ ਵਿੱਚ ਸ਼ਾਮਲ ਨਾ ਹੋਣ ਦਾ ਜਿਹੜਾ ਬੋਝ ਮੇਰੇ ਮਨ ਤੇ ਸੀ, ਉਹ ਆਪਣੀ ਭੂਆ ਦੇ ਵੱਡੇ ਲੜਕੇ ਦੀਆਂ ਭਾਵਪੂਰਤ ਗੱਲਾਂ ਸੁਣ ਕੇ ਲਹਿ ਗਿਆ ਸੀ।

ਮਹਿੰਦਰ ਸਿੰਘ ਮਾਨ, ਸਾਮ੍ਹਣੇ ਅੰਗਦ ਸਿੰਘ ਐਮ ਐਲ ਏ ਹਾਊਸ ਕੈਨਾਲ ਰੋਡ, ਨਵਾਂ ਸ਼ਹਿਰ-144514 ਫੋਨ 9915803554

# ਰਾਸ਼ਟਰੀ ਚਿਕਿਤਸਕ ਦਿਵਸ : ਡਾਕਟਰ ਭਗਵਾਨ- ਰੋਗੀ ਪ੍ਰੇਸ਼ਾਨ

**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



''ਰਾਸ਼ਟਰੀ ਚਿਕਿਤਸਕ ਦਿਵਸ ਸਾਲ 2025 ਦਾ ਥੀਮ ਹੈ-''ਫਾਈਟ ਫਾਰ ਕੇਅਰ'' ਯਾਨਿ ਰੋਗੀਆਂ ਦੀ ਦਿਲੋ-ਜਾਨ ਨਾਲ ਦੇਖਭਾਲ। ਡਾਕਟਰ ਅਤੇ ਉਨਾਂ ਦੀ ਟੀਮ ਦਾ ਇੱਕੋ ਹੀ ਮਕਸਦ ਹੈ ਹਰ ਕੋਸ਼ਿਸ਼ ਦੁਆਰਾ ਰੋਗੀ ਨੂੰ ਦੇਖਭਾਲ ਨਾਲ ਬਚਾਉਣਾ-

ਹੈਲਥ ਮੀਡੀਆ ਕੈਨੇਡਾ (ਡਾ. ਅਨਿਲ ਧੀਰ)-ਰੋਗੀ ਦੀ ਪ੍ਰਾਪਰ ਕੇਅਰ ਲਈ ਰਾਸ਼ਟਰੀ ਪੱਧਰ 'ਤੇ ਚਿਕਿਤਸਕ ਦਿਵਸ 2025 ਸੇਲੀਬਰੇਟ ਕੀਤਾ ਗਿਆ। ਰਾਸ਼ਟਰੀ ਚਿਕਿਤਸਕ ਦਿਵਸ ਸਾਲ 2025 ਦਾ ਥੀਮ ਹੈ-''ਫਾਈਟ ਫਾਰ ਕੇਅਰ'' ਅੰਤਰਰਾਸ਼ਟਰੀ ਪੱਧਰ 'ਤੇ ਡਾਕਟਰ ਪੂਰੀ ਮਿਹਨਤ ਨਾਲ ਆਪਣੀ ਟੀਮ ਦੇ ਸਹਿਯੋਗ ਨਾਲ ਰੋਗੀ ਨੂੰ ਹੈਲਦੀ ਲਾਈਫ ਜਉਣ ਵਿਚ ਮਦਦ ਕਰ ਰਹੇ ਹਨ। ਵਿਸ਼ਵ ਭਰ ਵਿਚ ਨਰਸਾਂ, ਸਪੋਰਟ ਵਰਕਰ, ਲੈਬ ਤਕਨੀਸ਼ੀਅਨ, ਫਾਰਮਾਸਿਸਟ ਅਤੇ ਬਾਕੀ ਖੇਤਰਾਂ ਦੇ ਮਾਹਿਰ ਰੋਗੀਆਂ ਨੂੰ ਤੰਦਰੁਸਤ ਰੱਖਣ ਵਿਚ ਆਪਣਾ-ਆਪਣਾ ਕੰਮ ਕਰ ਰਹੇ ਹਨ। ਵਿਸ਼ਵ ਜਨਤਕ ਸਿਹਤ-ਪ੍ਰਣਾਲੀ ਅਧੀਨ ਕੰਮ ਕਰ ਰਹੀ ਹਰ ਟੀਮ ਨੂੰ ਆਪਣੀ ਹੈਲਥ ਨੂੰ ਇੱਕ ਪਾਸੇ ਰੱਖ ਕੇ ਵਾਧੂ ਸਟ੍ਰੈੱਸ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਡਾਕਟਰ ਅਤੇ ਮੈਡੀਕਲ ਸਿਖਿਆਰਥੀ ਆਮ ਤੌਰ'ਤੇ ਮਰੀਜ਼ਾਂ ਨੂੰ ਪਹਿਲ ਦਿੰਦੇ ਹਨ, ਭਾਵੇਂ ਕਿ ਪ੍ਰਸ਼ਾਸਨਿਕ ਬੋਝ ਵੱਧ ਰਿਹਾ ਹੈ, ਸਟਾਫ ਦੀ ਕਮੀ, ਕੁੱਝ ਮਾਮਲਿਆਂ ਵਿਚ, ਪਰੇਸ਼ਾਨੀ, ਧੱਕੇਸ਼ਾਹੀ ਅਤੇ ਕੰਮ 'ਤੇ ਨਸਲਵਾਦ ਵੀ ਦੇਖਿਆ ਜਾ ਰਿਹਾ ਹੈ। ਅੱਜ ਜਨਤੱਕ ਸਿਹਤ-ਪ੍ਰਣਾਲੀ ਸਾਹਮਣੇ ਬੇਸ਼ੁਮਾਰ ਚੋਣੌਤੀਆਂ ਵੀ ਹਨ।

ਸੱਭਿਆਚਾਰਕ ਸੁਰੱਖਿਆ, ਅਤੇ ਸਿਹਤ-ਪ੍ਰਣਾਲੀ ਵਿਚ ਅੰਦਰੂਨੀ ਸ਼ਕਤੀ ਅਸੰਤੁਲਨ, ਨਸਲਵਾਦ ਅਤੇ ਵਿਤਕਰੇ ਨੂੰ ਹੱਲ ਕਰਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਸਰੀਰਕ ਸੁਰੱਖਿਆ ਵੱਜੋਂ ਮੈਡੀਕਲ ਟੀਮ ਨੂੰ



ਵੀ ਕਦੇ-ਕਦੇ ਸੱਟ 'ਤੇ ਬਿਮਾਰੀ ਦੀ ਪਛਾਣ ਦੌਰਾਣ ਸਾਹਮਣੇ ਵਾਲੇ ਤੋਂ ਖਤਰਾ ਮਹਿਸੂਸ ਹੁੰਦਾ ਹੈ। ਕਈ ਕਾਰਨਾਂ ਦੌਰਾਣ ਮਾਨਸਿਕ ਅਸੁਰੱਖਿਆ ਵੀ ਦੇਖਣ ਨੂੰ ਮਿਲ ਸਕਦੀ ਹੈ।

## ਰੋਗੀ ਕਿਉਂ ਹਨ ਪਰੇਸ਼ਾਨ ?:

ਕਹਾਵਤ ਸਹੀ ਸੀ ਕਿ ਡਾਕਟਰ ਰੱਬ ਦਾ ਰੂਪ ਹੁੰਦੇ ਹਨ। ਲੇਕਿਨ ਅੱਜ ਇਹ ਪਰਿਭਾਸ਼ਾ ਬਦਲ ਚੁੱਕੀ ਹੈ। ਡਾਕਟਰੀ ਕਿੱਤਾ ਕਮਰਸ਼ੀਅਲ ਹੋ ਚੁੱਕਾ ਹੈ। ਸੁਣਿਆ ਗਿਆ ਹੈ ਕਿ ਦਵਾਈਆਂ ਦੇ ਵਪਾਰੀ ਯਾਨਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਆਪਣੀ ਦਵਾਈ ਬੇਚਣ ਲਈ ਸਰਕਾਰੀ ਗੈਰ-ਸਰਕਾਰੀ ਡਾਕਟਰਾਂ ਨੂੰ ਪ੍ਰਮੋਸ਼ਨਲ ਡਿਸਕਾਊਂਟ ਵਿਚ ਕਈ ਬਾਰ ਲਗਜ਼ਰੀ ਕਾਰਾਂ, ਡਾਇਮੰਡ, ਗੋਲਡ ਦੇ ਮਹਿੰਗੇ ਗਿਫਟ ਅਤੇ ਅੰਤਰਰਾਸ਼ਟਰੀ ਵੇਕੇਸ਼ਨ ਟਰਿੱਪ ਵੀ ਦਿੰਦੇ ਹਨ। ਲਾਲਚ ਵਿਚ ਕੁੱਝ ਮੇਡੀਕਲ ਟੀਮ ਦੇ ਲੋਕ ਅੱਖਾਂ ਬੰਦ ਕਰ ਕੇ ਬੇਲੋੜ ਰੋਗੀਆਂ ਨੂੰ ਵੀ ਦਵਾਈਆਂ ਲਿਖਦੇ ਅਤੇ ਬੇਚਦੇ ਹਨ।

ਕਿਸੇ ਸਮੇਂ ਇਹ ਸੁਣਿਆ ਜਾਂਦਾ ਸੀ ਕਿ ਵਿਦੇਸ਼ਾਂ ਵਿਚ ਇਲਾਜ਼ ਬੜਾ ਵੱਧੀਆ ਹੁੰਦਾ ਹੈ। ਗੱਲ ਹੈ ਵੀ ਸਹੀ ਜਿੱਥੇ ਨਵੀਂ ਤਕਨਤਲੋਜੀ ਉੱਥੇ ਕੁੱਝ ਵੀ ਮੁਮਕਿਨ ਹੈ। ਲੇਕਿਨ ਇਹ ਗੱਲ ਵੀ ਹੁਣ ਫਿੱਕੀ ਦਿਸ ਰਹੀ ਹੈ। ਮੇਰੇ ਕਰੀਬੀ ਜਿਨਾਂ ਨੂੰ ਕੋਵਿਡ ਵੈਕਸੀਨ ਦੇ ਰੀਐਕਸ਼ਨ ਤੋਂ ਬਾਅਦ ਚਮੜੀ ਦੀ ਸਮੱਸਿਆ ਸ਼ੁਰੂ ਹੋ ਗਈ। ਕਈ ਮਹੀਨੇ ਫੈਮਿਲੀ ਡਾਕਟਰ ਦਾ ਇਲਾਜ਼ ਪਰ ਕੋਈ ਫਾਇਦਾ ਨਹੀਂ ਹੋਇਆ। ਦਵਾਈਆਂ ਬਦਲਣ ਅਤੇ ਕਈ ਟੈਸਟਾਂ ਤੋਂ ਬਾਅਦ ਵੀ ਸਮੱਸਿਆ ਉੱਥੇ ਦੀ ਉੱਥੇ। ਵੱਡੇ ਹਸਪਤਾਲਾਂ ਦੀਆਂ ਦਵਾਈਆਂ ਅਤੇ ਕਈ ਦਰਦ ਦੇਣ ਵਾਲੇ ਟੈਸਟਾਂ ਤੋਂ ਬਾਅਦ ਮਾਹਿਰਾਂ ਨੇ ਇਹ ਕਹਿ ਕੇ ਆਪਣਾ ਪਿੱਛਾ ਛੁਡਾ ਲਿਆ ਕਿ ਇਹ ਸਟ੍ਰੈੱਸ ਕਾਰਨ ਹੈ। ਹਰ ਮਾਹਿਰ ਦਾ ਅਲੱਗ ਹੀ ਜਵਾਬ ਮਿਲਿਆ।

ਸਪੈਸ਼ਲਿਸਟ ਦੀ ਅਪੁਆਇੰਟਮੈਂਟ ਲਈ ਕਈ ਮਹੀਨੇ ਇੰਤਜ਼ਾਰ ਅਤੇ ਜੇ ਕੋਈ ਸਰਜਰੀ ਹੈ ਤਾਂ ਸਾਲ ਤੋਂ ਉੱਪਰ ਵੀ ਲੱਗ ਜਾਂਦਾ ਹੈ। ਕਈ ਹਸਪਤਾਲਾਂ ਦੀ ਰੇਪੂਟੀਸ਼ਨ ਚੰਗੀ ਨਾ ਹੋਣ ਕਰਕੇ ਸਰਜ਼ਰੀ ਕਰਾਉਣ ਲਈ ਰੋਗੀ ਵੀ ਇੱਕ ਡਰ ਮਹਿਸੂਸ ਕਰਦੇ ਹਨ ਜੱਦ ਕਈ ਫੈਮਿਲੀ ਡਾਕਟਰ ਉੱਥੇ ਰਿਕਮੈਂਡ ਕਰਦੇ ਹਨ।

ਐਮਰਜੈਂਸੀ ਵਿਚ ਘੱਟ ਤੋਂ ਘੱਟ 7-8 ਘੰਟੇ ਦਾ ਇੰਤਜ਼ਾਰ ਹੁੰਦਾ ਹੈ। ਫਿਰ ਕਿਹਾ ਜਾਂਦਾ ਹੈ ਕਿ ਵਿਦੇਸ਼ਾਂ ਵਿਚ ਇਲਾਜ਼ ਬੜਾ ਵੱਧੀਆ ਹੈ। ਕਈ ਬਾਰ ਫੈਮਿਲੀ ਡਾਕਟਰ ਵੀ ਕੋਈ ਮਰੀਜ਼ ਨਾ ਹੋਣ ਦੇ ਬਾਵਜੂਦ 40 ਤੋਂ 50 ਮਿੰਟ ਇੰਤਜ਼ਾਰ ਕਰਵਾ ਦਿੰਦਾ ਹੈ। ਇਹ ਆਮ ਗੱਲ ਹੋ ਗਈ ਹੈ।

ਸ਼ੁਣਨ ਵਿਚ ਆਇਆ ਹੈ ਕਿ ਅਗਰ ਕਿਸੇ ਦਵਾਈ ਜਾਂ ਇੰਜੈਕਸ਼ਨ ਦਾ ਰੀਐਕਸ਼ਨ ਹੋ ਜਾਵੇ ਤਾਂ ਡਾਕਟਰਾਂ ਨੂੰ ਇੰਸ਼ੋਰੈਂਸ ਕੰਪਨੀਆਂ ਅਤੇ ਕੁਝ ਪ੍ਰੋਫੈਸ਼ਨਲ ਸੰਸਥਾਵਾਂ ਬਚਾ ਲੈਂਦੀਆਂ ਹਨ। ਬਾਅਦ ਵਿਚ ਰੋਗੀ ਤੰਰੁਸਤੀ ਲਈ ਜਾਂ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਇੱਧਰ ਉੱਧਰ ਧੱਕੇ ਖਾ-ਖਾ ਕੇ ਚੁੱਪ ਹੋ ਜਾਂਦਾ ਹੈ। ਸੋ ਸੁਣਵਾਈ ਕੋਈ ਨਹੀਂ ਹੁੰਦੀ।

ਨੋਟ : ਅੱਜਕਲ ਅਣ-ਸੁਲਝੀ ਸਮੱਸਿਆ ਜਾਂ ਪੰਗੇ ਤੋਂ ਛੁਟਕਾਰਾ ਪਾਉਣ ਲਈ ਆਮ ਵਿਅਕਤੀ ਜਸਟਿਸ ਲਈ ਮਹਿੰਗੀ ਨਿਆ ਵਿਵਸਥਾ ਤੱਕ ਨਹੀਂ ਪਹੁੰਚ ਪਾਉਂਦਾ। ਇਹ ਗੱਲ ਸਮੱਸਿਆ ਦੇਣ ਵਾਲੀ ਕੰਪਨੀ ਜਾਂ ਬੰਦਾ ਵੀ ਚੰਗੀ ਤਰਾਂ ਜਾਣਦਾ ਹੈ। ਇਸ ਲਈ ਪ੍ਰੋਫੈਸ਼ਨਲ ਅਤੇ ਅਣ ਪ੍ਰੋਫੈਸ਼ਨਲ ਸਮੱਸਿਆਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਸਰਕਾਰੀ ਗੈਰ-ਸਰਕਾਰੀ ਪੱਧਰ 'ਤੇ ਮੇਡੀਕਲ ਕਿੱਤੇ ਸੰਬੰਧੀ ਸਮੱਸਿਆਵਾਂ ਚੈਲੇਂਜ ਬਣ ਗਈਆਂ ਹਨ। ਰੋਕ ਅਤੇ ਜਾਗਰੁੱਕਤਾ ਜਰੂਰੀ ਹੋ ਗਈ ਹੈ।

# ਪਾਕਿਸਤਾਨੀ ਰੇਡੀਓ ਤੇ ਨਹੀਂ ਚੱਲਣਗੇ ਭਾਰਤੀ ਗਾਣੇ

ਭਾਰਤ ਵੱਲੋਂ ਪਾਕਿਸਤਾਨੀ ਕਲਾਕਾਰਾਂ ਅਤੇ ਮਨੋਰੰਜਨ ਚੈਨਲਾਂ ਤੇ ਪਾਬੰਦੀ ਲਗਾਉਣ ਤੋਂ ਬਾਅਦ ਪਾਕਿਸਤਾਨ ਵੀ ਆਪਣਾ ਰਿਐਕਸ਼ਨ ਦਿਖਾ ਰਿਹਾ ਹੈ। ਪਾਕਿਸਤਾਨ ਨੇ ਆਪਣੇ ਐਫਐਮ ਰੇਡੀਓ ਸਟੇਸ਼ਨਾਂ ਤੇ ਭਾਰਤੀ ਗੀਤਾਂ ਤੇ ਪਾਬੰਦੀ ਲਗਾ ਕੇ ਦਿੱਤੀ ਹੈ। ਇਹ ਫੈਸਲਾ ਪਾਕਿਸਤਾਨ ਬ੍ਰੌਡਕਾਸਟਰਜ਼ ਐਸੋਸੀਏਸ਼ਨ (ਪੀਬੀਏ) ਵੱਲੋਂ ਲਿਆ ਗਿਆ ਸੀ, ਜਿਸ ਦੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਇੱਕ ਰਾਸ਼ਟਰਵਾਦੀ ਕਦਮ ਵਜੋਂ ਸ਼ਲਾਘਾ ਕੀਤੀ ਹੈ। ਦੱਸ ਦੇਈਏ ਕਿ ਭਾਰਤ ਨੇ ਹਾਲ ਹੀ ਵਿੱਚ ਪਾਕਿਸਤਾਨੀ ਕਲਾਕਾਰਾਂ ਅਤੇ ਪ੍ਰੋਡਕਸ਼ਨਾਂ ਦੀ ਸਮੱਗਰੀ ਫ਼ਲਸਤੁੋਤੇ ਪਾਬੰਦੀ ਲਗਾ ਦਿੱਤੀ ਸੀ, ਜਿਸ ਨੂੰ ਪਾਕਿਸਤਾਨ ਨੇ ਇਕਪਾਸੜ ਅਤੇ ਸੱਭਿਆਚਾਰਕ ਹਮਲਾ ਦੱਸਿਆ ਸੀ। ਪਾਕਿਸਤਾਨ ਸਰਕਾਰ ਦੇ ਅਧਿਕਾਰਤ ਪੱਤਰ (ਨੰਬਰ 3(35)/2025-ਐਭ) ਨੇ ਪੁਸ਼ਟੀ ਕੀਤੀ ਹੈ ਕਿ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਪੀਬੀਏ ਵੱਲੋਂ ਭਾਰਤੀ ਗੀਤਾਂ ਫ਼ਲਸਤੁੋਤੇ ਪਾਬੰਦੀ ਲਗਾਉਣ ਦਾ ਫੈਸਲਾ ਰਾਸ਼ਟਰੀ ਏਕਤਾ ਅਤੇ ਪ੍ਰਭੂਸੱਤਾ ਦੇ ਹਿੱਤ ਵਿੱਚ ਹੈ।

## ਮਿੰਨੀ ਕਹਾਣੀ

# ਨਸ਼ੇ ਕਰਨ ਵਾਲੇ



ਕਈ ਸਾਲ ਪਹਿਲਾਂ ਪੰਮੇ ਦੇ ਡੈਡੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ। ਉਸ ਦਾ ਡੈਡੀ ਸਾਬਕਾ ਫੌਜੀ ਸੀ। ਇਸ ਕਰਕੇ ਉਸ ਦੀ ਮੰਮੀ ਨੂੰ ਉਸ ਦੇ ਡੈਡੀ ਵਾਲੀ ਪੈਨਸ਼ਨ ਲੱਗ ਗਈ ਸੀ। ਪੈਨਸ਼ਨ ਨਾਲ ਪੰਮੇ ਤੇ ਉਸ ਦੀ ਮੰਮੀ ਦਾ ਗੁਜ਼ਾਰਾ ਚੱਲੀ ਜਾਂਦਾ ਸੀ। ਪੰਮੇ ਦਾ ਵੱਡਾ ਭਰਾ ਉਨ੍ਹਾਂ ਤੋਂ ਵੱਖ ਰਹਿੰਦਾ ਸੀ। ਮਾੜੀ ਸੰਗਤ ਵਿੱਚ ਪੈ ਕੇ ਪੰਮਾ ਨਸ਼ੇ ਕਰਨ ਲੱਗ ਪਿਆ ਸੀ। ਉਹ ਕੋਈ ਕੰਮ ਵੀ ਨਹੀਂ ਸੀ ਕਰਦਾ। ਉਸ ਦੀ ਮੰਮੀ ਤੇ ਉਸ ਦੇ ਵੱਡੇ ਭਰਾ ਨੇ ਉਸ ਨੂੰ ਬਥੇਰਾ ਸਮਝਾਇਆ ਕਿ ਨਸ਼ੇ ਸਿਹਤ ਲਈ ਹਾਨੀਕਾਰਕ ਹਨ। ਇਹ ਸਰੀਰ ਨੂੰ ਅੰਦਰੋਂ ਖੋਖਲਾ ਕਰ ਦਿੰਦੇ ਹਨ ਪਰ ਉਸ ਨੇ ਦੋਹਾਂ ਦੀ ਇਕ ਨਾ ਸੁਣੀ। ਇਕ ਦਿਨ ਉਸ ਦੀ ਮੰਮੀ ਵੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ। ਮੰਮੀ ਦੇ ਮਰਨ ਨਾਲ ਆਮਦਨ ਦਾ ਇੱਕੋ ਇੱਕ ਜ਼ਰੀਆ ਵੀ ਬੰਦ ਹੋ ਗਿਆ। ਉਸ ਨੇ ਨਸ਼ੇ ਕਰਨ ਲਈ ਬਹਾਨੇ ਮਾਰ ਕੇ ਲੋਕਾਂ ਤੋਂ ਪੈਸੇ 'ਕੱਠੇ ਕਰਨੇ ਸ਼ੁਰੂ ਕਰ ਦਿੱਤੇ ਪਰ ਉਸ ਦੀ ਇਹ ਖੇਡ ਬਹੁਤਾ ਚਿਰ ਨਾ ਚੱਲੀ। ਲੋਕਾਂ ਨੇ ਉਸ ਨੂੰ ਪੈਸੇ ਦੇਣੇ ਉੱਕਾ ਹੀ ਬੰਦ ਕਰ ਦਿੱਤੇ। ਅੱਜ ਉਸ ਨੇ ਰੋਟੀ ਤੇ ਨਸ਼ੇ ਨਾ ਮਿਲਣ ਕਰਕੇ ਪਿੰਡ ਦੇ ਟੋਭੇ ਵਿੱਚ ਛਾਲ ਮਾਰ ਦਿੱਤੀ। ਜਦੋਂ ਤੱਕ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ, ਉਸ ਦੀ ਮੌਤ ਹੋ ਚੁੱਕੀ ਸੀ। ਪਹਿਲਾਂ ਜਦੋਂ ਵੀ ਪਿੰਡ ਵਿੱਚ ਕਿਸੇ ਦੀ ਮੌਤ ਹੁੰਦੀ ਸੀ ਤਾਂ ਪਿੰਡ ਦੇ ਗੁਰਦੁਆਰੇ ਦੇ ਸਪੀਕਰ ਤੋਂ ਇਹ ਅਨਾਊਂਸਮੈਂਟ ਕੀਤੀ ਜਾਂਦੀ ਸੀ ਕਿ ਫਲਾਣੇ ਦਾ ਅੰਤਮ ਸਸਕਾਰ ਹੋਣ ਲੱਗਾ ਆ, ਜਿਸ ਕਿਸੇ ਨੇ ਵੀ ਅੰਤਮ ਸਸਕਾਰ ਵਿੱਚ ਸ਼ਾਮਲ ਹੋਣਾ ਆਂ, ਉਹ ਫਲਾਣੇ ਦੇ ਘਰ ਪਹੁੰਚ ਜਾਵੇ ਪਰ ਅੱਜ ਪਿੰਡ ਦੇ ਗੁਰਦੁਆਰੇ ਦੇ ਸਪੀਕਰ ਤੋਂ ਕੋਈ ਅਨਾਊਂਸਮੈਂਟ ਨਹੀਂ ਹੋਈ। ਪੰਮੇ ਦਾ ਚੁੱਪ ਕਰਕੇ ਅੰਤਮ ਸਸਕਾਰ ਕਰ ਦਿੱਤਾ ਗਿਆ। ਉਹ ਜਿੰਨੀ ਕੁ ਇੱਜ਼ਤ ਦਾ ਹੱਕਦਾਰ ਸੀ, ਪਿੰਡ ਵਾਲਿਆਂ ਨੇ ਉਸ ਨੂੰ ਉੱਨੀ ਕੁ ਇੱਜ਼ਤ ਦੇ ਦਿੱਤੀ।



ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ
ਕੈਨਾਲ ਰੋਡ, ਨਵਾਂ ਸ਼ਹਿਰ-144514

# • ਪੰਜਾਬੀ ਫ਼ਿਲਮ ਦਰਪਣ •

## ਪੱਪੂ ਜੋਗਰ ਤਮੰਨਾ ਫ਼ਿਲਮੀ ਪਲੇਅ ਬੈਕ ਗਾਇਕ ਬਣਨ ਦੀ



ਕਨੇਡਾ ਰਹਿ ਕਿ ਵੀ ਪੰਜਾਬੀ ਗਾਇਕੀ ਨਾਲ ਪੱਪੂ ਜੋਗਰ ਜੁੜਿਆ ਹੋਇਆ ਹੈ ਤੇ ਅਲਬਰਟਾ ਵਿਖੇ ਵੋਇਸ ਆਫ ਅਲਬਰਟਾ ਸ਼ੋ ਨਾਲ ਐਡਮਿੰਟਨ ਤੇ ਕਨੇਡਾ ਦੇ ਨਵੇਂ ਸੁਰ ਓਸ ਉਭਾਰੇ ਹਨ। ਪੱਪੂ ਜੋਗਰ ਨੇ "ਅਲਵਿਦਾ" ਗੀਤ ਨਾਲ ਕਾਫ਼ੀ ਚਰਚਾ ਲਈ ਹੈ। ਓਹ ਆਖਦੇ ਨੇ ਕਿ ਦੇਸ਼ ਭਾਰਤ ਵਿੱਚ ਨਾਮ ਪੂਰਾ ਬਣਿਆ ਤੇ ਕਨੇਡਾ ਆ ਕਿ ਵੀ ਓਸ ਨੇ ਆਪਣੀ ਪ੍ਰਸੰਸਕ ਸੰਖਿਆ ਕਾਫ਼ੀ ਬਣਾਈ ਹੈ। ਪੱਪੂ ਆਖਦੇ ਨੇ ਕਿ ਓਹ ਹੁਣ ਕਿਸੇ ਪੰਜਾਬੀ ਜਾਂ ਹਿੰਦੀ ਫ਼ਿਲਮ ਲਈ ਪਲੇਅ ਬੈਕ ਦੇਣਾ ਚਾਹੁੰਦੇ ਹਨ। ਆਖਦੇ ਨੇ ਜੋਗਰ ਕਿ ਅੱਜ ਕਲ ਸਾਰਾ ਕੁੱਝ ਕੰਪਿਊਟਰ ਤੇ ਹੈ ਤੇ ਹੋ ਸਕਦਾ ਓਸ ਦੇ ਤਾਜ਼ਾ ਗੀਤ ਸੁਣ ਓਸ ਨਾਲ ਨਿਰਮਾਤਾ ਸੰਪਰਕ ਕਰਨ। ਪੱਪੂ ਜੋਗਰ ਦੂਰਦਰਸ਼ਨ ਜਲੰਧਰ ਦੇ ਸਟਾਰ ਕਲਾਕਾਰ ਰਹੇ ਨੇ ਤੇ ਸੁਖੂ ਨੰਗਲ ਦੇ ਗੀਤ ਓਹ ਜਿਆਦਾ ਬੋਲਦੇ ਹਨ। ਆਵਾਜ਼ ਪਿਆਰੀ, ਸੁਭਾਅ ਅੱਛਾ ਤੇ ਕਿਸਮਤ ਦੀ ਰੇਖਾ ਕੰਮ ਕਰ ਗਈ ਤਾਂ ਫ਼ਿਲਮ ਗਾਇਕ ਬਣ ਹੀ ਜਾਣਗੇ ਪੱਪੂ ਜੋਗਰ

## "ਜਦੋਂ ਦਾ ਮੋਬਾਇਲ ਆ ਗਿਆ" ਦਿਲਬਰ ਦੱਸੇ ਕੀ ਕਰਦੇ ਕਰਮਜੀਤ ਅਨਮੋਲ




ਕਰਮਜੀਤ ਅਨਮੋਲ ਲੋਕ ਪ੍ਰਿਯ ਪਾਲੀਵੁੱਡ ਅਦਾਕਾਰ ਨੇ ਤੇ ਓਹ ਸੋਲੋ ਹੀਰੋ ਬਣ ਵੀ ਹਿੱਟ ਹਨ। ਸੌਰਭ ਰਾਣਾ ਦੀ ਨਵੀਂ ਫ਼ਿਲਮ ਓਹ ਕਰ ਰਹੇ ਨੇ ਤੇ ਇਸ ਵਿੱਚ ਓਹਨਾਂ ਦੇ ਬਾਪ ਦੀ ਭੂਮਿਕਾ ਸਰਦਾਰ ਸੋਹੀ ਨਿਭਾ ਰਹੇ ਹਨ। ਇਸ ਫ਼ਿਲਮ ਦਾ ਨਾਮ "ਜਦੋਂ ਦਾ ਮੋਬਾਇਲ ਆ ਗਿਆ" ਹੈ ਤੇ ਇਹ ਮੋਬਾਇਲ ਦੇ ਗੁਣ ਔਗੁਣ ਤੇ ਸ਼ਾਨਦਾਰ ਕਮੇਡੀ ਫ਼ਿਲਮ ਹੈ। ਇਸ ਫ਼ਿਲਮ ਨੂੰ ਨਵਜੀਤ ਸਿੰਘ ਬਵੇਜਾ ਡਾਇਰੈਕਟ ਕਰ ਰਹੇ ਹਨ ਤੇ ਇਹ ਫ਼ਿਲਮ ਜੱਸੀ ਜਸਪ੍ਰੀਤ ਨੇ ਲਿਖੀ ਹੈ। ਫ਼ਿਲਮ ਵਿੱਚ ਖੂਬਸੂਰਤ ਦਿਲਬਰ ਆਰੀਆ ਨੂੰ ਕਰਮਜੀਤ ਅਨਮੋਲ ਨਾਲ ਨਾਇਕਾ ਲਿਆ ਗਿਆ ਹੈ। ਕਰਮਜੀਤ ਅਨਮੋਲ ਆਖਦੇ ਨੇ ਕਿ ਦੇਰ ਬਾਅਦ ਓਹ ਤੇ ਜਗਤਾਰ ਜੱਗੀ ਇੱਕਠੇ ਆ ਰਹੇ ਹਨ। ਰੁਪਿੰਦਰ ਰੂਪੀ ਵੀ ਇਸ ਫ਼ਿਲਮ ਵਿੱਚ ਹੈ। ਕਰਮਜੀਤ ਅਨਮੋਲ ਦੀ ਅਨਮੋਲ ਕਮੇਡੀ ਦੇਖਣ ਵਾਸਤੇ ਥੋੜ੍ਹਾ ਸਮਾਂ ਇੰਤਜ਼ਾਰ ਫਿਰ ਆਏਗੀ "ਜਦੋਂ ਦਾ ਮੋਬਾਇਲ ਆ ਗਿਆ" ਖੁਸ਼ਬੋ ਲਾ ਕਿ।

## "ਪੁੱਤਾਂ ਦੇ ਵਪਾਰੀ" ਕੁਲਵਿੰਦਰ ਤੇ ਪ੍ਰਭਜੋਤ ਆਖਣ ਸੁਪਰ ਸਟੋਰੀ



ਭਗਵੰਤ ਕੰਗ ਚੁਣ ਕਿ ਕਹਾਣੀ ਲਿਆਉਂਦਾ ਹੈ ਤੇ ਚੁਣ ਕਿ ਓਸ ਦੀ ਸਟਾਰ ਕਾਸਟ ਕਰਦਾ ਹੈ। ਹਰਵਿੰਦਰ ਸਿੰਘ ਰੋਡੇ ਦੀ ਕਹਾਣੀ ਤੇ ਓਹ 9 ਕਿਸ਼ਤਾਂ ਦੀ ਵੈੱਬ ਸੀਰੀਜ਼ "ਪੁੱਤਾਂ ਦੇ ਵਪਾਰੀ" ਬਣਾ ਰਿਹਾ ਹੈ। ਰੱਬ ਝੂਠ ਨਾ ਬੁਲਾਏ ਕੁਲਵਿੰਦਰ ਕਸ਼ਯਪ ਤੇ ਪ੍ਰਭਜੋਤ ਰੰਧਾਵਾ ਨੇ ਦੱਸਿਆ ਕਿ ਓਹ ਸੁਪਰ ਸਟੋਰੀ ਵਾਲੀ ਇਸ ਵੈੱਬ ਸੀਰੀਜ਼ ਦਾ ਹਿੱਸਾ ਹਨ। ਕੰਗ ਨੇ ਇਸ ਵਾਰ ਇਸ ਸੀਰੀਜ਼ ਨੂੰ ਮਲਟੀ ਸਟਾਰ ਬਣਾ ਦਿੱਤਾ ਹੈ। ਰਾਣਾ ਸਿੰਘ ਦਰਾਜ ਦੀ ਲਾਟਰੀ ਲੁਆ ਦਿੱਤੀ ਕਿ ਅੰਜਲੀ ਰਾਜਪੂਤ, ਪ੍ਰਭਜੋਤ ਰੰਧਾਵਾ, ਜਸਮੀਨ ਬਰਨਾਲਾ ਆਪਣੀ ਰਸ਼ਮਿਕਾ ਮੰਦਾਨਾ ਇਸ ਵਿੱਚ ਰਾਣੇ ਦੀਆਂ ਰਾਣੀਆਂ ਹਨ ਇਸ ਵੈੱਬ ਸੀਰੀਜ਼ ਵਿੱਚ ਤੇ ਇਸ ਵਾਰ ਕੰਗ ਨਿਰਦੇਸ਼ਨ ਦੇ ਨਾਲ ਨਾਲ ਗੀਤਕਾਰ ਬਣ ਵੀ ਆ ਰਹੇ ਹਨ। ਭਲਾ ਹੋਏ ਜਸਬੀਰ ਰਿਸ਼ੀ, ਸੱਤਿਆ ਸਿੰਘ ਤੇ ਪਰਮਜੀਤ ਸਿੰਘ ਨਾਗਰਾ ਫ਼ਿਲਮ ਦੇ ਨਿਰਮਾਤਾ ਹਨ।

## ਪ੍ਰਵੀਨ ਅਖ਼ਤਰ ਦਾ ਵਿਸ਼ਵਾਸ ਵਾਹਿਦ ਬਣੂ ਸਿਰੇ ਦਾ ਸਟਾਰ ਕਲਾਕਾਰ



ਜਿੰਨੀ ਮਿਹਨਤ ਪ੍ਰਵੀਨ ਅਖ਼ਤਰ ਨੇ ਕੀਤੀ ਹੈ ਓਨੀ ਓਹ ਕੁੜੀ ਹੋ ਕਿ ਕਰਨੀ ਔਖਾ ਕੰਮ ਹੈ ਪਰ ਪ੍ਰਵੀਨ ਐਕਟਿੰਗ ਵੀ ਕਰਦੀ ਰਹੀ ਤੇ ਵੱਡੇ ਸਟਾਰ ਨਾਲ ਮੈਨੇਜਮੈਂਟ ਵੀ ਓਹਨਾਂ ਦੀ ਦ੍ਰਿੜ੍ਹ ਇਰਾਦੇ ਨਾਲ ਦੇਖਦੀ "ਦਿਲ ਲੱਗੀ" "ਲੁਕਣਮੀਚੀ" "ਬੂ ਮੈਂ ਡਰ ਗਈ" ਫ਼ਿਲਮਾਂ ਨੇ ਓਸ ਦੀ ਪਹਿਚਾਣ ਬਣਾਈ। ਪ੍ਰਵੀਨ ਅਖ਼ਤਰ ਨੇ ਆਪਣੇ ਪਰਿਵਾਰ ਨੂੰ ਮਾਂ ਤੇ ਬਾਪ ਖੁਦ ਬਣ ਸਥਾਪਿਤ ਕਰਨ ਲਈ ਫ਼ਿਲਮ ਨਗਰੀ ਵਿੱਚ ਸੰਘਰਸ਼ ਕੀਤਾ ਤੇ ਪ੍ਰਵੀਨ ਦਾ ਬੇਟਾ ਵਾਹਿਦ ਅਖ਼ਤਰ ਸੁਰ ਦਾ ਧਨੀ ਹੈ, ਸਟੇਜ ਦਾ ਜਾਦੂਗਰ ਹੈ। ਪ੍ਰਵੀਨ ਅਖ਼ਤਰ ਤੇ ਖ਼ੁਦਾ ਦੀ ਰਹਿਮਤ ਕਿ ਓਹ ਯੂ ਐਸ ਏ ਫ਼ਿਲਮ ਸ਼ੋ ਕਰ ਰਹੀ ਹੈ ਤੇ ਹਾਲੀਵੁੱਡ ਫ਼ਿਲਮ ਸਟੂਡੀਓ ਵਿਖੇ ਡਾਇਰੈਕਸ਼ਨ ਕੋਰਸ ਵੀ ਕਰ ਰਹੀ ਹੈ। ਪਰ ਆਸਮਾਂ ਨੂੰ ਸਰ ਕਰਨਗੇ ਗਾਇਕ ਬੇਟਾ ਵਾਹਿਦ ਵਾਹ ਵਾਹ ਲੁੱਟਦਾ ਰਹੇਗਾ ਪ੍ਰਵੀਨ ਅਖ਼ਤਰ ਨੂੰ ਵਿਸ਼ਵਾਸ਼ ਹੈ ਤੇ ਪ੍ਰਵੀਨ ਅਖ਼ਤਰ ਜਿਸ ਗੱਲ ਦਾ, ਜਿਸ ਇਨਸਾਨ ਦਾ ਵਿਸ਼ਵਾਸ ਕਰਦੀ ਹੈ,ਵਿਸ਼ਵਾਸ ਤੋੜਦੀ ਨਹੀਂ ਓਸ ਨਾਲ ਸੱਤੇ ਖੈਰਾਂ ਨੇ ਗੋਲ ਗੋਲ ਅੱਖਾਂ ਤੇ ਗੋਲ ਮਟੋਲ ਚਿਹਰੇ ਵਾਲੀ ਕਣਕ ਦੇ ਸੋਨ ਰੰਗੇ ਸਿੱਟਿਆਂ ਜਿਹੀ ਪ੍ਰਵੀਨ ਅਖ਼ਤਰ ਦੀਆਂ ਤੇ ਵਾਹਿਦ ਅਖ਼ਤਰ ਬਣੇ ਸਟਾਰ ਸਿੰਗਰ ਸਾਡੀਆਂ ਸ਼ੁੱਭ ਅਸੀਸ ਵਾਲੀਆਂ ਕਾਮਨਾਵਾਂ ਹਨ।

## ਹਰਦੀਪ ਕੌਰ ਬਹੁਤ ਗੁਣਾਂ ਨਾਲ ਭਰੀ ਹੋਈ ਮੁਟਿਆਰ-ਬਾ ਮੁਲਾਹਜ਼ਾ ਹੋਸ਼ਿਆਰ



ਅੰਮ੍ਰਿਤਸਰੀ ਕੁੜੀ ਹਰਦੀਪ ਕੌਰ ਦੀ ਬਣਤਰ ਰੱਬ ਸੋਹਣੇ ਨੇ ਐਸੀ ਸੋਹਣੀ ਬਣਾਈ ਕਿ ਜਵਾਨ ਹੁੰਦੀ ਨੂੰ ਦੇਖ ਰਾਹ ਜਾਂਦੇ ਰਾਹੀ ਕਹਿਣ ਕਿ ਸੁਪਰ ਫ਼ਿਲਮੀ ਚਿਹਰਾ ਤੇ ਕੁਦਰਤੀ ਓਹ ਮਿਸ ਆਈਕਨਕ ਅਰਥ ਬਣ ਗਈ ਤੇ ਫਿਰ ਪਤਾ ਨਹੀਂ ਕਿੰਨੇ ਕੁ ਐਵਾਰਡ ਓਹ ਵੀ ਚੋਟੀ ਦੇ ਤੇ ਅੱਜ ਹਰਦੀਪ ਕੌਰ ਟੌਪ ਐਕਟ੍ਰੈਸ ਹੈ, ਸੁਪਰ ਮਾਡਲ ਹੈ। ਬਹੁਤ ਕੰਮ ਓਸ ਕੀਤਾ ਹੈ ਤੇ ਸੰਖੇਪ ਵਿੱਚ ਇਹ ਕਿ ਸਰਗੁਣ ਮਹਿਤਾ ਦਾ ਸਬ ਟੀਵੀ ਲਈ ਸੀਰੀਅਲ "ਬਾਦਲ ਪੇ ਪਾਓਂ ਹੈ" ਓਹ ਕਰ ਚੁੱਕੀ ਹੈ, ਪੰਜਾਬੀ ਫ਼ਿਲਮਜ਼ ਵੀ ਤੇ ਹਰ ਇੱਕ ਨੂੰ ਪਿਆਰੀ ਲੱਗਦੀ ਹਰਦੀਪ ਕੌਰ ਹਰ ਕਿਸੇ ਦੇ ਦਿਲ ਵਿੱਚ ਆਪਣੀ ਸੁੰਦਰਤਾ ਤੇ ਅਭਿਨੈ ਦੇ ਦੀਪ ਜਗਾਓਣ ਵਾਲੀ ਹੈ। ਖਾਸ ਗੱਲ ਇਹ ਕਿ ਇੱਕ ਨਹੀਂ ਅਨੇਕ ਗੁਣ ਇਸ ਸੁੰਦਰ ਪਰੀ ਵਿੱਚ ਨੇ ਤੇ ਓਹ "ਰੌਣਕ ਪੰਜਾਬ ਦੀ" ਵਿਦੇਸ਼ ਦੇ ਪੰਜਾਬੀ ਰੇਡੀਓ ਤੇ ਆਪਣੀ ਐਂਕਰਿੰਗ ਦੀ ਰੌਣਕ ਲਗਾਤਾਰ ਲਾਉਂਦੀ ਆ ਰਹੀ ਹੈ। ਲਓ ਕਰ ਲਓ ਗੱਲ ਹਰਦੀਪ ਕੌਰ ਸਟਾਰ ਮੁਟਿਆਰ ਬਣ ਹੀਰ ਸਲੇਟੀ ਦਰਸ਼ਕਾਂ ਨਜ਼ਰਾਂ ਵਿਚ ਬਣੂ ਹੀ ਬਣੂ।




## ਹਰਜੀਤ ਉੱਪਲ ਕਹੇ "ਪੰਜਾਬੀ ਅਮਰੀਕਨ ਫੈਸਟੀਵਲ" ਯੂਬਾ ਸਿਟੀ ਦੇਖਿਓ

ਹਰਜੀਤ ਉੱਪਲ ਹਰ ਜਿੱਤ ਦੀ ਦਾਅਵੇਦਾਰ ਹੁੰਦੀ ਹੈ ਤੇ ਜਿੱਤ ਪ੍ਰਾਪਤ ਕਰਦੀ ਹੈ ਅਮਰੀਕਾ ਦੀ ਬਸ਼ਿੰਦੀ ਹਰਜੀਤ ਸ਼ਾਨਦਾਰ ਸਟੇਜ ਐਂਕਰ ਹੈ। 25 ਮਈ ਨੂੰ ਯੂਬਾ ਸਿਟੀ ਅਮਰੀਕਾ ਵਿੱਚ ਪੰਜਾਬੀ ਅਮਰੀਕਨ ਹੈਰੀਟੇਜ ਸੋਸਾਇਟੀ ਕਰਵਾ ਰਹੀ ਹੈ "ਪੰਜਾਬੀ ਅਮਰੀਕਨ ਫੈਸਟੀਵਲ" ਤੇ ਓਸ ਨੂੰ ਇਸ ਵਾਰ ਪੇਸ਼ ਸੋਹਣਾ ਜਿਹਾ ਲਹਿੰਗੇ ਵਾਲਾ ਸੂਟ ਤਨ ਤੇ ਸਜਾ ਕਿ ਹਰਜੀਤ ਉੱਪਲ ਕਰੇਗੀ। ਓਹ ਆਖਦੀ ਹੈ ਕਿ ਤਮਾਮ ਇਸ ਦੇ ਆਯੋਜਕ ਤੇ ਅਮਰੀਕ ਧੁੱਗਾ ਤੇ ਸਤਨਾਮ ਸਿੰਘ ਟਾਟਲਾ ਦੀ ਮਿਹਨਤ ਨੂੰ ਸਲਾਮ ਨਜ਼ਾਰਾ ਆ ਜਾਏਗਾ। ਜਿੱਥੇ ਹਰਜੀਤ ਹਰਮਨ ਤੇ ਜੀ ਸਿੱਧੂ ਦੀ ਗਾਇਕੀ ਮਜ਼ਾ ਦੇਵੇਗੀ ਓਥੇ ਇਸ਼ਮੀਤ ਨਰੂਲਾ ਵੀ ਬੋਲੇ ਬੱਲੇ ਕਰਵਾਏਗੀ। ਫ਼ਿਲਮ ਨਿਰਮਾਤਾ ਸਤਨਾਮ ਸਿੰਘ ਦੇ ਨਾਲ ਗਿੱਧਾ ਭੰਗੜਾ, ਕਮੇਡੀ ਤੇ ਖ਼ੂਬ ਮਨੋਰੰਜਨ ਤੇ ਹਰਜੀਤ ਉੱਪਲ ਦੀਆਂ ਹਰ ਦਿਲ ਜਿੱਤਣ ਵਾਲੀਆ ਅਦਾਵਾਂ 25 ਮਈ ਨੂੰ ਕੈਲਫੋਰਨੀਆ ਯੂਬਾ ਸਿਟੀ ਯੂ ਐਸ ਏ ਯਾਦਗਾਰੀ ਬਣ ਜਾਣ ਦੁਆਵਾਂ।

-ਅੰਮ੍ਰਿਤ ਪਵਾਰ

## ਕਮਲਾ ਹੈਰਿਸ ਵੱਲੋਂ ਰਾਸ਼ਟਰਪਤੀ ਟਰੰਪ ਵਿਰੁਧ ਇਕਜੁੱਟ ਹੋਣ ਦਾ ਸੱਦਾ




ਸੈਕਾਰਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਾਬਕਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ "ਭਗੌੜੇ ਨਾ ਬਣੋ" ਦਾ ਸੁਨੇਹਾ ਅਮਰੀਕੀਆਂ ਨੂੰ ਦਿੰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਹ ਸੈਨਫਰਾਂਸਿਸਕੋ ਬੇਅ ਖੇਤਰ ਵਿਚ ਅਮੈਰਜ ਅਮੈਰਿਕਾ ਸਮੂੰਹ ਦੁਆਰਾ ਅਯੋਜਿਤ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਾਂਗਰਸ ਤੇ ਅਦਾਲਤਾਂ ਆਪਣੀ ਭੂਮਿਕਾ ਨਿਭਾਉਣ ਵਿਚ ਅਸਫਲ ਰਹੀਆਂ ਤਾਂ ਸੰਵਿਧਾਨਕ ਸੰਕਟ ਪੈਦਾ ਹੋ ਜਾਵੇਗਾ। ਉਨਾਂ ਨੇ ਕਿਹਾ ਕਿ "ਵੱਡੇ ਮਹਾਨ ਵਿਅਕਤੀ ਨੇ ਆਧੁਨਿਕ ਪ੍ਰੈਜੀਡੈਂਸ਼ੀਅਲ ਇਤਿਹਾਸ ਵਿਚ ਆਰਥਕ ਸੰਕਟ ਖੜਾ ਕਰ ਦਿੱਤਾ ਹੈ।" ਹੈਰਿਸ ਨੇ ਵਿਸ਼ੇਸ਼ ਤੌਰ 'ਤੇ ਟਰੰਪ ਦੀਆਂ ਟੈਰਿਫ਼ ਨੀਤੀਆਂ ਦੀ ਨਿੰਦਾ ਕੀਤੀ ਤੇ ਕਿਹਾ ਕਿ ਉਹ ਸਪੱਸ਼ਟ ਤੌਰ 'ਤੇ ਮੰਦੇ ਨੂੰ ਸੱਦਾ ਦੇ ਰਹੇ ਹਨ। ਉਨਾਂ ਦੋਸ਼ ਲਾਇਆ ਕਿ ਟਰੰਪ "ਤੰਗ ਸਵੈ ਸੇਵਾ ਦ੍ਰਿਸ਼ਟੀਕੋਨ" ਨਾਲ ਕੰਮ ਕਰ ਹਨ ਤੇ ਉਹ ਅਮੀਰਾਂ ਦਾ ਸਮਰਥਨ ਕਰ ਰਹੇ ਹਨ। ਹੈਰਿਸ ਨੇ ਹੋਰ ਆਗੂਆਂ ਸਮੇਤ ਸੈਨੇਟਰ ਕੋਰੀ ਬੁਕਰ ਤੇ ਬਰਨੀ ਸੈਂਡਰਜ ਦੀ "ਨੈਤਿਕ ਸਪੱਸ਼ਟਤਾ" ਤੇ ਵਿਖਾਏ ਹੌਸਲੇ ਦੀ ਪ੍ਰਸੰਸਾ ਕੀਤੀ ਤੇ ਹੋਰਨਾਂ ਨੂੰ ਵੀ ਸੱਦਾ ਦਿੱਤਾ ਕਿ ਉਹ ਟਰੰਪ ਵਿਰੁੱਧ ਜੋਰਦਾਰ ਆਵਾਜ਼ ਬੁਲੰਦ ਕਰਨ।